ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ
ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'    ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'    (ਕੁੱਲ ਸਫ਼ੇ 12 Pages 12)

(Tuesday, 17 June, 2025) ਪਟਿਆਲਾ ਮੰਗਲਵਾਰ, 17 ਜੂਨ, 2025, 3 ਹਾੜ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57    ਅੰਕ ਨੰਬਰ (Volume No.) 166    ਮੁੱਲ : 2.00 ਰੁਪਏ    ਫ਼ੋਨ: +91- 92168-07500 Posted at RMS Patiala    www.charhdikala.com    E-mail: news@charhdikala.com

## ਬਣਾਂਵਾਲਾ ਤਾਪਘਰ ਦਾ ਬੰਦ ਪਿਆ ਯੂਨਿਟ ਚਾਲੂ

ਮਾਨਸਾ, 16 ਜੂਨ (ਚੜ੍ਹਦੀਕਲਾ ਬਿਊਰੋ) : ਮਾਨਸਾ ਨੇੜਲੇ ਪਿੰਡ ਬਣਾਂਵਾਲਾ ਵਿਖੇ ਪ੍ਰਾਈਵੇਟ ਭਾਈਵਾਲੀ ਤਹਿਤ ਲੱਗੇ ਉਤਰੀ ਭਾਰਤ ਦੇ ਸਭ ਤੋਂ ਵੱਡੇ ਤਾਪਘਰ ਤਲਵੰਡੀ ਸਾਬੋ ਪਾਵਰ ਲਿਮਟਿਡ (ਟੀ.ਐਸ.ਪੀ.ਐਲ.) ਦਾ ਯੂਨਿਟ ਨੰਬਰ 1 ਅੱਜ ਚਾਲੂ ਹੋ ਗਿਆ ਹੈ। ਤਾਪਘਰ ਦੀ ਮੁਰੰਮਤ ਤੋਂ ਬਾਅਦ ਬਕਾਇਦਾ ਰੂਪ ਵਿਚ ਬਿਜਲੀ ਸਪਲਾਈ ਕਰਨੀ ਆਰੰਭ ਕਰ ਦਿੱਤੀ ਗਈ ਹੈ। ਇਹ ਤਾਪਘਰ ਦਾ ਇੱਕ ਯੂਨਿਟ ਦੋ ਦਿਨ ਪਹਿਲਾਂ ਕਿਸੇ ਤਕਨੀਕੀ ਨੁਕਸ ਕਾਰਨ ਬੰਦ ਹੋ ਗਿਆ ਸੀ।

## ਕੇਂਦਰ ਵੱਲੋਂ 16ਵੀਂ ਮਰਦਮਸ਼ੁਮਾਰੀ ਸੰਬਧੀ ਨੋਟੀਫਿਕੇਸ਼ਨ ਜਾਰੀ

### ਦੋ ਪੜਾਵਾਂ 'ਚ ਹੋਵੇਗੀ ਜਨਗਣਨਾ, ਪਹਿਲਾ ਪੜਾਅ 1 ਅਕਤੂਬਰ 2026 ਤੇ ਦੂਜਾ ਇੱਕ ਮਾਰਚ 2027 ਤੋਂ ਹੋਵੇਗਾ ਸ਼ੁਰ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 16 ਜੂਨ :ਕੇਂਦਰ ਸਰਕਾਰ ਨੇ ਅਗਲੇ ਸਾਲ ਹੋਣ ਵਾਲੀ ਮਰਦਮਸ਼ੁਮਾਰੀ, ਜਿਸ ਵਿਚ ਜਾਤੀ ਜਨਗਣਨਾ ਵੀ ਸ਼ਾਮਲ ਹੋਵੇਗੀ, ਲਈ ਗਜ਼ਟ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਨੋਟੀਫਿਕੇਸ਼ਨ ਮੁਤਾਬਕ ਮਰਦਮਸ਼ੁਮਾਰੀ ਦੋ ਪੜਾਵਾਂ ਵਿਚ ਹੋਵੇਗੀ। ਪਹਿਲਾ ਪੜਾਅ 1 ਅਕਤੂਬਰ 2026 ਤੇ ਦੂਜਾ ਪੜਾਅ 1 ਮਾਰਚ 2027 ਤੋਂ ਸ਼ੁਰੂ ਹੋਵੇਗਾ। ਇਸ ਤੋਂ ਪਹਿਲਾਂ ਮਰਦਮਸ਼ੁਮਾਰੀ ਸਾਲ 2011 ਵਿਚ ਕੀਤੀ ਗਈ ਸੀ।

ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਲੱਦਾਖ ਵਰਗੇ ਬਰਫ਼ ਨਾਲ ਘਿਰੇ ਇਲਾਕਿਆਂ ਵਿੱਚ ਮਰਦਮਸ਼ੁਮਾਰੀ ਦਾ ਅਮਲ 1 ਅਕਤੂਬਰ, 2026 ਤੋਂ ਸ਼ੁਰੂ ਹੋਵੇਗਾ ਜਦੋਂਕਿ ਦੇਸ਼ ਦੇ ਬਾਕੀ ਹਿੱਸਿਆਂ ਵਿੱਚ 1 ਮਾਰਚ, 2027 ਦੀ ਸੰਦਰਭ ਮਿਤੀ ਨਾਲ ਜਨਗਣਨਾ ਕੀਤੀ ਜਾਵੇਗੀ। ਕਾਬਿਲੇਗੌਰ ਹੈ ਕਿ 2021 ਦੀ ਮਰਦਮਸ਼ੁਮਾਰੀ ਦੋ ਪੜਾਵਾਂ- ਅਪਰੈਲ ਤੋਂ ਸਤੰਬਰ 2020 ਤੱਕ ਘਰਾਂ ਦਾ ਸੂਚੀਕਰਨ ਅਤੇ ਫਰਵਰੀ 2021 ਵਿੱਚ ਆਬਾਦੀ ਦੀ ਗਣਨਾ- ਵਿੱਚ ਯੋਜਨਾਬੱਧ ਕੀਤੀ ਗਈ ਸੀ। ਹਾਲਾਂਕਿ ਮੁਕੰਮਲ ਤਿਆਰੀ ਦੇ ਬਾਵਜੂਦ ਕੋਵਿਡ-19 ਮਹਾਮਾਰੀ ਕਰਕੇ ਇਸ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰਨਾ ਪਿਆ ਸੀ।

ਨੋਟੀਫਿਕੇਸ਼ਨ ਵਿਚ ਕਿਹਾ ਗਿਆ, "ਉਕਤ ਜਨਗਣਨਾ ਲਈ ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਅਤੇ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਰਾਜਾਂ ਦੇ ਬਰਫ਼ ਨਾਲ ਜੁੜੇ ਗੈਰ-ਸਮਕਾਲੀ ਖੇਤਰਾਂ ਨੂੰ ਛੱਡ ਕੇ ਸੰਦਰਭ (ਬਾਕੀ ਸਫਾ 2 'ਤੇ)

ਪ੍ਰਧਾਨ ਮੰਤਰੀ ਦਾ ਵਿਦੇਸ਼ ਦੌਰਾ

## ਭਾਰਤ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣਨ ਵੱਲ ਤੇਜ਼ੀ ਨਾਲ ਵੱਧ ਰਿਹੈ: ਮੋਦੀ

ਚੜ੍ਹਦੀਕਲਾ ਬਿਊਰੋ

================



ਨਿਕੋਸੀਆ, 16 ਜੂਨ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਭਾਰਤ ਜਲਦੀ ਹੀ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ। ਉਨ੍ਹਾਂ ਸਾਈਪ੍ਰਸ ਕੰਪਨੀਆਂ ਲਈ ਦੇਸ਼ ਵਿੱਚ ਉਪਲਬਧ ਅਣਗਿਣਤ ਆਰਥਿਕ ਮੌਕਿਆਂ ਦਾ ਵੀ ਜ਼ਿਕਰ ਕੀਤਾ। ਮੋਦੀ ਆਪਣੀ ਤਿੰਨ ਦੇਸ਼ਾਂ ਦੀ ਯਾਤਰਾ ਦੇ ਪਹਿਲੇ ਪੜਾਅ ਵਿੱਚ ਸਾਈਪ੍ਰਸ ਪਹੁੰਚੇ ਹਨ।

ਨਰਿੰਦਰ ਮੋਦੀ ਨੇ ਐਤਵਾਰ ਨੂੰ ਨਿਕੋਸ਼ੀਆ ਵਿੱਚ ਸਾਈਪ੍ਰਸ ਦੇ ਰਾਸ਼ਟਰਪਤੀ ਨਿਕੋਸ ਕ੍ਰਿਸਟੋਡੌਲਾਈਡਜ਼ ਨਾਲ ਇੱਕ ਵਪਾਰਕ ਗੋਲਮੇਜ਼ ਮੀਟਿੰਗ ਵਿੱਚ ਹਿੱਸਾ ਲਿਆ। ਵਿਦੇਸ਼ ਮੰਤਰਾਲੇ ਨੇ ਨਵੀਂ ਦਿੱਲੀ ਵਿੱਚ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਪ੍ਰਧਾਨ ਮੰਤਰੀ ਨੇ ਪਿਛਲੇ 11 ਸਾਲਾਂ ਵਿੱਚ ਭਾਰਤ ਵਿੱਚ ਤੇਜ਼ੀ ਨਾਲ ਆਰਥਿਕ ਤਬਦੀਲੀਆਂ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਦੇਸ਼ ਅਗਲੀ ਪੀੜ੍ਹੀ ਦੇ ਸੁਧਾਰਾਂ, ਨੀਤੀਗਤ ਭਵਿੱਖਬਾਣੀ, ਸਥਿਰ ਰਾਜਨੀਤੀ ਅਤੇ ਕਾਰੋਬਾਰ ਕਰਨ ਵਿੱਚ ਆਸਾਨੀ ਕਾਰਨ ਦੁਨੀਆਂ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਵੱਡੀ ਅਰਥਵਿਵਸਥਾ ਬਣ ਗਿਆ ਹੈ। ਨਵੀਨਤਾ, ਡਿਜੀਟਲ ਕ੍ਰਾਂਤੀ, ਸਟਾਰਟ-ਅੱਪਸ ਅਤੇ ਭਵਿੱਖਮੁਖੀ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਤਰਜੀਹ ਦੇਣ 'ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਭਾਰਤ, ਦੁਨੀਆਂ ਦੀ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ, ਕੁਝ ਸਾਲਾਂ ਵਿੱਚ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਲਈ ਚੰਗੀ ਸਥਿਤੀ ਵਿੱਚ ਹੈ। ਮੋਦੀ ਨੇ ਕਿਹਾ, 'ਭਾਰਤ ਜਲਦੀ ਹੀ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ। ਭਾਰਤ ਸਭ ਤੋਂ ਵੱਡੀਆਂ ਉੱਭਰ ਰਹੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਹੈ। ਅਸੀਂ ਟੈਕਸ ਸੁਧਾਰ, ਵਸਤੂਆਂ ਅਤੇ ਸੇਵਾਵਾਂ ਟੈਕਸ, ਤਰਕਸ਼ੀਲ ਕਾਰਪੋਰੇਟ ਟੈਕਸ, ਅਪਰਾਧੀਕਰਨ ਕਾਨੂੰਨ ਲਾਗੂ ਕੀਤੇ ਹਨ ਅਤੇ (ਬਾਕੀ ਸਫਾ 2 'ਤੇ)

## ਪ੍ਰਧਾਨ ਮੰਤਰੀ ਦਾ ਸਾਈਪ੍ਰਸ ਦੇ ਸਿਖ਼ਰਲੇ ਸਿਵਲੀਅਨ ਐਵਾਰਡ ਨਾਲ ਸਨਮਾਨ



ਨਿਕੋਸੀਆ, , 16 ਜੂਨ (ਚੜ੍ਹਦੀਕਲਾ ਬਿਊਰੋ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੋਮਵਾਰ ਨੂੰ ਸਾਈਪ੍ਰਸ ਦੇ ਚੋਟੀ ਦੇ ਸ਼ਹਿਰੀ ਸਨਮਾਨ ਗ੍ਰੈਂਡ ਕਰਾਸ ਆਫ਼ ਦ ਆਰਡਰ ਆਫ਼ ਮਕਾਰੀਓਸ III ਨਾਲ ਸਨਮਾਨਿਤ ਕੀਤਾ ਗਿਆ। ਪ੍ਰਧਾਨ ਮੰਤਰੀ ਨੇ ਪੁਰਸਕਾਰ ਪ੍ਰਾਪਤ ਕਰਨ ਤੋਂ ਬਾਅਦ ਕਿਹਾ, "ਸਾਈਪ੍ਰਸ ਦਾ 'ਗ੍ਰੈਂਡ ਕਰਾਸ ਆਫ਼ ਦ ਆਰਡਰ ਆਫ਼ ਮਕਾਰੀਓਸ III' ਪ੍ਰਾਪਤ ਕਰਦਿਆਂ ਨਿਰਮਾਣਤਾ ਮਹਿਸੂਸ ਕਰ ਰਿਹਾ ਹਾਂ। ਮੈਂ ਇਸ ਨੂੰ ਸਾਡੇ ਦੋਵਾਂ ਮੁਲਕਾਂ ਵਿਚਕਾਰ ਦੋਸਤੀ ਨੂੰ ਸਮਰਪਿਤ ਕਰਦਾ ਹਾਂ।ਸਾਈਪ੍ਰਸ ਦੇ ਰਾਸ਼ਟਰਪਤੀ ਨਿਕੋਸ ਕ੍ਰਿਸਟੋਡੌਲਾਈਡਜ਼ ਨੇ ਪ੍ਰਧਾਨ ਮੰਤਰੀ ਮੋਦੀ (ਬਾਕੀ ਸਫਾ 2 'ਤੇ)

## ਦੇਸ਼ 'ਚ ਕੋਰੋਨਾ ਦੇ ਸਰਗਰਮ ਮਾਮਲੇ 7383 'ਤੇ ਪੁੱਜੇ, 99 ਮੌਤਾਂ



ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 16 ਜੂਨ : ਦੇਸ਼ ਵਿੱਚ ਕੋਰੋਨਾ ਵਾਇਰਸ ਦੇ ਸਰਗਰਮ ਮਾਮਲਿਆਂ ਦੀ ਗਿਣਤੀ 7383 ਤੱਕ ਪਹੁੰਚ ਗਈ ਹੈ। ਕੇਰਲਾ ਵਿੱਚ ਸਭ ਤੋਂ ਵੱਧ 2007 ਦੇ ਮਾਮਲੇ ਹਨ। ਇਸ ਦੇ ਨਾਲ ਹੀ ਗੁਜਰਾਤ ਵਿੱਚ 1441 ਅਤੇ ਪੱਛਮੀ ਬੰਗਾਲ ਵਿੱਚ 747 ਸਰਗਰਮ ਮਾਮਲੇ ਹਨ। ਮੱਧ ਪ੍ਰਦੇਸ਼ ਦੇ ਜਬਲਪੁਰ ਵਿੱਚ,ਐਤਵਾਰ ਨੂੰ ਬੱਚੇ ਨੂੰ ਜਨਮ ਦੇਣ ਤੋਂ ਇੱਕ ਦਿਨ ਬਾਅਦ ਇੱਕ 27 ਸਾਲਾ ਔਰਤ ਦੀ ਕੋਵਿਡ ਨਾਲ ਮੌਤ ਹੋ ਗਈ। ਮਹਾਰਾਸ਼ਟਰ ਵਿੱਚ ਵੀ ਇੱਕ 47 ਸਾਲਾ ਮਰੀਜ਼ ਦੀ ਜਾਨ ਚਲੀ ਗਈ ਹੈ। ਇੱਥੇ 40 ਨਵੇਂ ਮਾਮਲੇ (ਬਾਕੀ ਸਫਾ 2 'ਤੇ)

ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਥਾਪਨਾ ਦਿਵਸ ਮਨਾਇਆ

## ਸਮੁੱਚੀ ਕੌਮ ਖੁਆਰੀਆਂ 'ਚੋਂ ਨਿਕਲਣ ਲਈ ਗੁਰੂ ਸਿਧਾਂਤਾਂ 'ਤੇ ਪਹਿਰਾ ਦੇਵੇ: ਜਥੇ. ਗੜਗੱਜ

ਬਬਲੂ ਮਹਾਜਨ/ਗੁਰਦਿਆਲ ਸਿੰਘ

================



ਅੰਮ੍ਰਿਤਸਰ, 16 ਜੂਨ :ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਥਾਪਨਾ ਦਿਵਸ ਅੱਜ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਮਾਗਮ ਹੋਇਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਹਜ਼ੂਰੀ ਰਾਗੀ ਭਾਈ ਭੁਪਿੰਦਰ ਸਿੰਘ ਦੇ ਜਥੇ ਨੇ ਪੁਰਾਤਨ ਤੰਤੀ ਸਾਜ਼ਾਂ ਨਾਲ ਗੁਰਬਾਣੀ ਕੀਰਤਨ ਨਾਲ ਸੰਗਤ ਨੂੰ ਜੋੜਿਆ। ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨੇ ਸਰਵਨ ਕਰਵਾਇਆ। ਗਿਆਨੀ ਪਰਵਿੰਦਰਪਾਲ ਸਿੰਘ ਨੇ ਸੰਗਤਾਂ ਨਾਲ ਅੱਜ ਦੇ ਇਤਿਹਾਸ ਦੀ ਸਾਂਝ ਪਾਉਂਦਿਆਂ ਕਿਹਾ ਕਿ ਛੇਵੇਂ ਪਾਤਸ਼ਾਹ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕਰਕੇ ਮੀਰੀ ਪੀਰੀ ਦਾ ਸਿਧਾਂਤ ਦਿੱਤਾ। ਜ਼ੁਲਮ ਨਾਲ ਟੱਕਰ ਲੈਣ ਲਈ ਸਿੱਖਾਂ ਨੂੰ ਸ਼ਸਤਰ ਵਿਦਿਆ ਦਾ ਅਭਿਆਸ ਕਰਵਾ ਕੇ ਕੌਮ ਅੰਦਰ ਬੀਰਰੱਸ ਦੀ ਭਾਵਨਾ ਭਰੀ। ਗੁਰੂ ਸਾਹਿਬ ਨੇ ਤਖਤ ਤੇ ਬਿਰਾਜਮਾਨ ਹੋ ਕੇ ਸਿੱਖ ਸੂਰਮਿਆਂ ਵਿੱਚ ਜੋਸ਼ ਭਰਨ ਲਈ ਢਾਡੀ ਵਾਰਾਂ ਸ਼ੁਰੂ ਕਰਵਾਈਆਂ। ਇਹ ਸਿੱਖ ਇਤਿਹਾਸ ਦਾ ਉਹ ਪੰਨਾ ਹੈ, ਜਿਸ ਨੇ ਕੌਮ ਅੰਦਰ ਅਣਖ, ਜਜ਼ਬਾ ਤੇ ਦ੍ਰਿੜ੍ਹਤਾ ਪੈਦਾ ਕੀਤੀ।ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਪਨਾ ਦਿਵਸ ਦੀ ਕੌਮ ਨੂੰ ਵਧਾਈ ਦਿੰਦਿਆਂ ਆਖਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਇਸ ਲਈ ਕੀਤੀ ਕਿ ਰਾਜਨੀਤੀ ਧਰਮ ਦੇ ਮੁਤਾਬਕ ਹੋਵੇ, ਜਿਸ ਨਾਲ ਰੱਬ ਦੇ ਨਿਆਂ ਵਾਲੇ ਸਮਾਜ ਦੀ ਸਿਰਜਣਾ ਹੋਵੇ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਕਾਲ ਪੁਰਖ ਦਾ ਤਖਤ ਹੈ, ਜਿਸ ਨੂੰ ਗੁਰੂ ਸਾਹਿਬ ਨੇ ਆਪ ਸਿਰਜਿਆ। ਉਨ੍ਹਾਂ ਕਿਹਾ ਕਿ ਸਿੱਖ ਹਮੇਸ਼ਾਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਰਿਹਾ ਹੈ ਅਤੇ ਸਦਾ ਸਮਰਪਿਤ ਰਹੇਗਾ। 18ਵੀਂ ਸਦੀ ਵਿਚ ਜਦੋਂ (ਬਾਕੀ ਸਫਾ 2 'ਤੇ)

## ਹੁਣ ਸਿੰਧੂ ਦਾ ਪਾਣੀ ਪੁੱਜੇਗਾ ਰਾਜਸਥਾਨ, ਪੰਜਾਬ ਤੇ ਹਰਿਆਣਾ, ਸਰਕਾਰ ਨੇ ਬਣਾਈ ਨਵੀਂ ਯੋਜਨਾ

### 113 ਕਿਲੋਮੀਟਰ ਲੰਬੀ ਨਹਿਰ ਕਰੇਗੀ ਕਮਾਲ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 16 ਜੂਨ :ਹੁਣ ਸਰਕਾਰ ਸਿੰਧੂ ਨਦੀ ਦੇ ਸੰਬੰਧ ਵਿੱਚ ਇੱਕ ਵੱਡੀ ਯੋਜਨਾ ਬਣਾਉਣ ਜਾ ਰਹੀ ਹੈ। ਇਸ ਦੇ ਤਹਿਤ, ਭਾਰਤ ਖੁਦ ਸਿੰਧੂ ਨਦੀ ਦੇ ਪਾਣੀ ਦੀ ਬਿਹਤਰ ਅਤੇ ਲੰਬੇ ਸਮੇਂ ਦੀ ਵਰਤੋਂ ਵੱਲ ਇੱਕ ਵੱਡਾ ਕਦਮ ਚੁੱਕ ਰਿਹਾ ਹੈ ਤਾਂ ਜੋ ਪੰਜਾਬ, ਹਰਿਆਣਾ ਅਤੇ ਰਾਜਸਥਾਨ ਇਸ ਤੋਂ ਲਾਭ ਪ੍ਰਾਪਤ ਕਰ ਸਕਣ। ਦਰਅਸਲ, ਸਰਕਾਰ 113 ਕਿਲੋਮੀਟਰ ਲੰਬੀ ਨਹਿਰ ਬਣਾਉਣ ਦੀ ਯੋਜਨਾ ਬਣਾ ਰਹੀ ਹੈ। ਇਸ ਨਾਲ ਜੰਮੂ ਅਤੇ ਕਸ਼ਮੀਰ ਦਾ ਵਾਧੂ ਪਾਣੀ ਪੰਜਾਬ, ਹਰਿਆਣਾ ਅਤੇ ਰਾਜਸਥਾਨ ਤੱਕ ਪਹੁੰਚ ਸਕੇਗਾ।ਇਹ ਨਹਿਰ ਚਨਾਬ ਨਦੀ ਨੂੰ ਰਾਵੀ, ਬਿਆਸ ਅਤੇ ਸਤਲੁਜ ਨਾਲ ਜੋੜੇਗੀ। ਇਸ ਦਾ ਉਦੇਸ਼ ਇਹ ਹੈ ਕਿ ਭਾਰਤ ਪੂਰਬੀ ਨਦੀਆਂ ਰਾਵੀ, ਬਿਆਸ ਅਤੇ ਸਤਲੁਜ ਦੇ ਆਪਣੇ ਹਿੱਸੇ ਦੀ ਪੂਰੀ ਵਰਤੋਂ ਕਰ ਸਕੇ। ਇਸ ਦੇ ਨਾਲ, ਭਾਰਤ ਸਿੰਧੂ ਜਲ ਸੰਧੀ ਦੇ (ਬਾਕੀ ਸਫਾ 2 'ਤੇ)

## ਸੋਨੀਆ ਗਾਂਧੀ ਦੀ ਹਾਲਤ ਸਥਿਰ

ਨਵੀਂ ਦਿੱਲੀ, 16 ਜੂਨ (ਚੜ੍ਹਦੀਕਲਾ ਬਿਊਰੋ) : ਕਾਂਗਰਸ ਸੰਸਦੀ ਦਲ ਦੀ ਚੇਅਰਪਰਸਨ ਸੋਨੀਆ ਗਾਂਧੀ, ਜੋ ਕਿ ਸਰ ਗੰਗਾ ਰਾਮ ਹਸਪਤਾਲ ਵਿੱਚ ਪੇਟ ਨਾਲ ਸਬੰਧਤ ਸਮੱਸਿਆ ਦਾ ਇਲਾਜ ਕਰਵਾ ਰਹੇ ਹਨ, ਦੀ ਹਾਲਤ ਇਸ ਵੇਲੇ ਸਥਿਰ ਹੈ। ਇਹ ਜਾਣਕਾਰੀ ਸੋਮਵਾਰ ਨੂੰ ਇੱਕ ਅਧਿਕਾਰਤ ਬਿਆਨ ਰਾਹੀਂ ਸਾਂਝੀ ਕੀਤੀ ਗਈ। 78 ਸਾਲਾ ਕਾਂਗਰਸ ਆਗੂ ਨੂੰ ਐਤਵਾਰ ਸ਼ਾਮ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਬਿਆਨ ਵਿੱਚ ਸਰ ਗੰਗਾ ਰਾਮ ਹਸਪਤਾਲ ਦੇ ਚੇਅਰਮੈਨ ਡਾ. ਅਜੇ ਸਵਰੂਪ ਨੇ ਕਿਹਾ,"ਉਨ੍ਹਾਂ ਨੂੰ ਪੇਟ ਨਾਲ ਸਬੰਧਤ ਸਮੱਸਿਆ ਲਈ ਸਰਜੀਕਲ ਗੈਸਟ੍ਰੋਐਂਟਰੋਲੋਜੀ ਵਿਭਾਗ ਅਧੀਨ ਕੱਲ੍ਹ (15.06.2025, ਐਤਵਾਰ) ਰਾਤ 9 ਵਜੇ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਦੀ ਹਾਲਤ ਇਸ ਵੇਲੇ ਸਥਿਰ ਹੈ ਅਤੇ ਡਾਕਟਰ ਉਨ੍ਹਾਂ ਦੀ ਸਿਹਤ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਨ।"

## ਹੈਦਰਾਬਾਦ ਆ ਰਹੀ ਲੁਫਥਾਂਸਾ ਏਅਰਲਾਈਨ ਦੀ ਉਡਾਣ ਫਰੈਂਕਫਰਟ ਮੋੜੀ




ਚੜ੍ਹਦੀਕਲਾ ਬਿਊਰੋ

================

ਮੁੰਬਈ,16 ਜੂਨ : ਲੁਫਥਾਂਸਾ ਏਅਰਲਾਈਨ ਦੀ ਫਰੈਂਕਫਰਟ-ਹੈਦਰਾਬਾਦ ਉਡਾਣ ਨੂੰ 'ਬੰਬ ਦੀ ਧਮਕੀ' ਮਿਲਣ ਮਗਰੋਂ ਐਤਵਾਰ ਨੂੰ ਫਰੈਂਕਫਰਟ ਡਾਇਵਰਟ ਕਰ ਦਿੱਤਾ ਗਿਆ ਹੈ। ਏਅਰਲਾਈਨ ਦੇ ਤਰਜਮਾਨ ਨੇ ਇਕ ਬਿਆਨ ਵਿਚ ਕਿਹਾ ਕਿ ਯਾਤਰੀਆਂ ਦੀ ਠਹਿਰ ਲਈ ਫਰੈਂਕਫਰਟ ਵਿਚ ਪ੍ਰਬੰਧ ਕੀਤਾ ਗਿਆ ਹੈ ਤੇ ਉਡਾਣ ਹੁਣ ਸੋਮਵਾਰ ਨੂੰ ਹੈਦਰਾਬਾਦ ਲਈ ਰਵਾਨਾ ਹੋਵੇਗੀ। ਲੁਫਥਾਂਸਾ ਦੇ ਤਰਜਮਾਨ ਨੇ ਇਕ ਬਿਆਨ ਵਿਚ ਕਿਹਾ, "ਸੋਸ਼ਲ ਮੀਡੀਆ ਉੱਤੇ ਇਕ ਪੋਸਟ ਵਿਚ ਮਿਲੀ ਬੰਬ ਦੀ ਧਮਕੀ ਅਥਾਰਿਟੀਜ਼ ਦੇ ਧਿਆਨ ਵਿਚ ਲਿਆਉਣ ਮਗਰੋਂ ਲੁਫਥਾਂਸਾ ਦੀ ਫਰੈਂਕਫਰਟ ਤੋਂ ਹੈਦਰਾਬਾਦ ਜਾ ਰਹੀ ਉਡਾਣ ਐੱਲ.ਐੱਚ.752 ਇਹਤਿਆਤ ਵਜੋਂ ਵਾਪਸ ਫਰੈਂਕਫਰਸਟ ਮੋੜ ਦਿੱਤੀ ਗਈ ਹੈ।" ਇੱਕ ਫਲਾਈਟ ਟਰੈਕਿੰਗ ਵੈੱਬਸਾਈਟ ਮੁਤਾਬਕ ਉਡਾਣ ਐੱਲ.ਐੱਚ.752 ਜੋ ਬੋਇੰਗ 787-9 ਡਰੀਮਲਾਈਨਰ ਏਅਰਕਰਾਫਟ ਹੈ, ਫਰੈਂਕਫਰਟ ਤੋਂ ਆਪਣੇ ਨਿਰਧਾਰਿਤ ਸਮੇਂ ਬਾਅਦ (ਬਾਕੀ ਸਫਾ 2 'ਤੇ)

## ਏਅਰ ਇੰਡੀਆ ਦੀ ਉਡਾਣ ਤਕਨੀਕੀ ਨੁਕਸ ਕਰਕੇ ਹਾਂਗਕਾਂਗ ਪਰਤੀ

ਮੁੰਬਈ, 16 ਜੂਨ (ਚੜ੍ਹਦੀਕਲਾ ਬਿਊਰੋ) : ਏਅਰ ਇੰਡੀਆ ਦੀ ਹਾਂਗਕਾਂਗ ਤੋਂ ਦਿੱਲੀ ਆ ਰਹੀ ਉਡਾਣ ਨੂੰ ਤਕਨੀਕੀ ਨੁਕਸ ਕਰਕੇ ਵਾਪਸ ਮੋੜ ਦਿੱਤਾ ਗਿਆ ਹੈ। ਸੂਤਰਾਂ ਮੁਤਾਬਕ ਜਹਾਜ਼ ਦੇ ਪਾਇਲਟ ਨੂੰ ਤਕਨੀਕੀ ਨੁਕਸ ਦਾ ਖ਼ਦਸ਼ਾ ਹੋਇਆ ਤਾਂ ਫਲਾਈਟ ਨੂੰ ਵਾਪਸ ਹਾਂਗਕਾਂਗ ਡਾਈਵਰਟ ਕਰਨ ਦਾ ਫੈਸਲਾ ਕੀਤਾ ਗਿਆ। ਸੂਤਰਾਂ ਨੇ ਕਿਹਾ ਕਿ ਉਡਾਣ ਹਾਂਗਕਾਂਗ ਹਵਾਈ ਅੱਡੇ 'ਤੇ ਸੁਰੱਖਿਅਤ ਉੱਤਰ ਗਈ। ਯਾਤਰੀਆਂ ਨੂੰ ਉਤਾਰਨ ਮਗਰੋਂ ਜਹਾਜ਼ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। (ਬਾਕੀ ਸਫਾ 2 'ਤੇ)

## ਐਨ.ਪੀ.ਸੀ.ਆਈ. ਲੈਣ-ਦੇਣ ਦੀ ਰਫ਼ਤਾਰ ਹੋਵੇਗੀ ਹੋਰ ਤੇਜ਼

ਨਵੀਂ ਦਿੱਲੀ, 16 ਜੂਨ (ਚੜ੍ਹਦੀਕਲਾ ਬਿਊਰੋ) : ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ਼ ਇੰਡੀਆ (ਐਨ.ਪੀ.ਸੀ.ਆਈ.) ਵੱਲੋਂ ਭੁਗਤਾਨਾਂ ਲਈ ਪ੍ਰਤੀਕਿਰਿਆ ਸਮੇਂ ਨੂੰ 10 ਸਕਿੰਟਾਂ ਤੱਕ ਘਟਾਉਣ ਦੇ ਹੁਕਮ ਦੇ ਨਾਲ ਸੋਮਵਾਰ ਤੋਂ ਯੂ.ਪੀ.ਆਈ. ਮੰਚਾਂ ਰਾਹੀਂ ਲੈਣ-ਦੇਣ ਹੋਰ ਤੇਜ਼ ਹੋਣ ਜਾ ਰਹੇ ਹਨ। ਯੂ.ਪੀ.ਆਈ. ਜਾਂ ਯੂਨੀਫਾਈਡ ਪੇਮੈਂਟਸ ਇੰਟਰਫੇਸ ਇੱਕ ਰੀਅਲ-ਟਾਈਮ (ਵੇਲੇ ਸਿਰ ਨਾਲ ਦੀ ਨਾਲ) ਅਦਾਇਗੀ ਪ੍ਰਣਾਲੀ ਹੈ ਜੋ ਐਨ.ਪੀ.ਸੀ.ਆਈ. ਵੱਲੋਂ ਮੋਬਾਈਲ ਫੋਨਾਂ ਰਾਹੀਂ ਅੰਤਰ-ਬੈਂਕ ਲੈਣ-ਦੇਣ ਦੀ ਸਹੂਲਤ ਲਈ ਵਿਕਸਤ ਕੀਤੀ ਗਈ ਹੈ। ਐਨ.ਪੀ.ਸੀ.ਆਈ. ਦੇ ਇੱਕ ਹਾਲੀਆ ਸਰਕੂਲਰ ਦੇ ਅਨੁਸਾਰ ਪੈਸੇ ਟ੍ਰਾਂਸਫਰ, ਸਥਿਤੀ ਜਾਂਚ ਅਤੇ ਰਿਵਰਸਲ ਸਮੇਤ ਲੈਣ-ਦੇਣ ਹੁਣ 30 ਸਕਿੰਟਾਂ ਦੇ (ਬਾਕੀ ਸਫਾ 2 'ਤੇ)

ਸਰਵਉੱਚ ਅਦਾਲਤ ਤੋਂ 'ਡੰਕੀ' ਏਜੰਟ ਨੂੰ ਨਹੀਂ ਮਿਲੀ ਰਾਹਤ

## ਤੁਹਾਡੇ ਵਰਗਿਆਂ ਕਾਰਨ ਭਾਰਤੀ ਪਾਸਪੋਰਟ ਦੀ ਬਦਨਾਮੀ ਹੋਈ: ਸੁਪਰੀਮ ਕੋਰਟ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 16 ਜੂਨ :ਸੁਪਰੀਮ ਕੋਰਟ ਨੇ ਸੋਮਵਾਰ ਨੂੰ ਇੱਕ ਵਿਅਕਤੀ ਨੂੰ 'ਡੰਕੀ' ਰੂਟ ਰਾਹੀਂ ਅਮਰੀਕਾ ਭੇਜਣ ਦਾ ਵਾਅਦਾ ਕਰ ਕੇ ਠੱਗੀ ਮਾਰਨ ਦੇ ਕੇਸ ਦੇ ਇਕ ਮੁਲਜ਼ਮ ਏਜੰਟ ਨੂੰ ਅਗਾਊਂ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਅਜਿਹੇ ਲੋਕ ਭਾਰਤੀ ਪਾਸਪੋਰਟਾਂ ਦੀ ਬਦਨਾਮੀ ਕਰਦੇ ਹਨ। ਜਸਟਿਸ ਉੱਜਲ ਭੂਈਆਂ ਅਤੇ ਜਸਟਿਸ ਮਨਮੋਹਨ ਦੇ ਬੈਂਚ ਨੇ ਕਿਹਾ, ਤੁਹਾਡੇ ਵਰਗੇ ਲੋਕਾਂ ਕਾਰਨ, ਭਾਰਤੀ ਪਾਸਪੋਰਟ ਦੀ ਬਦਨਾਮੀ ਹੁੰਦੀ ਹੈ। ਸਿਖਰਲੀ ਅਦਾਲਤ ਨੇ ਕਿਹਾ ਕਿ ਕੁਝ ਲੋਕਾਂ ਦੇ ਅਜਿਹੇ ਕੰਮਾਂ ਨਾਲ ਭਾਰਤੀ ਪਾਸਪੋਰਟਾਂ ਦੀ ਬੇਕਦਰੀ ਹੁੰਦੀ ਹੈ। ਡੰਕੀ ਰੂਟ ਜਾਂ ਡੰਕੀ ਯਾਤਰਾ ਪਰਵਾਸ ਦੇ ਇੱਕ ਗੈਰ-ਕਾਨੂੰਨੀ ਢੰਗ ਨੂੰ ਦਰਸਾਉਂਦਾ ਹੈ, ਜੋ ਆਮ ਤੌਰ 'ਤੇ ਅਮਰੀਕਾ ਜਾਂ ਬਰਤਾਨੀਆ ਵਰਗੇ ਮੁਲਕਾਂ ਵਿੱਚ ਦਾਖਲ ਹੋਣ ਲਈ ਵਰਤਿਆ ਜਾਂਦਾ ਹੈ। ਇਹ ਕਾਰਵਾਈ ਮਨੁੱਖੀ ਤਸਕਰਾਂ ਵੱਲੋਂ ਕਾਨੂੰਨੀ ਇਮੀਗ੍ਰੇਸ਼ਨ ਪ੍ਰਕਿਰਿਆਵਾਂ ਨੂੰ ਬਾਈਪਾਸ ਕਰਦਿਆਂ ਅਮਲ ਵਿਚ ਲਿਆਂਦੀ ਜਾਂਦੀ ਹੈ, ਜਿਸ ਤਹਿਤ ਵੱਖ-ਵੱਖ ਦੇਸ਼ਾਂ ਵਿੱਚੋਂ ਲੰਘਣਾ ਅਤੇ ਅਕਸਰ ਔਖੇ ਤੇ ਖ਼ਤਰਨਾਕ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ। (ਬਾਕੀ ਸਫਾ 2 'ਤੇ)

## ਯੂ.ਪੀ. ਦੀ ਪਟਾਕਾ ਫ਼ੈਕਟਰੀ ਵਿੱਚ ਧਮਾਕੇ ਕਾਰਨ 4 ਦੀ ਮੌਤ, 9 ਜ਼ਖ਼ਮੀ

ਅਮਰੋਹਾ, 16 ਜੂਨ : ਉੱਤਰ ਪ੍ਰਦੇਸ਼ ਵਿਚ ਅਮਰੋਹਾ ਜ਼ਿਲ੍ਹੇ ਦੇ ਰਜਬਪੁਰ ਇਲਾਕੇ 'ਚ ਸੋਮਵਾਰ ਦੁਪਹਿਰ ਨੂੰ ਇਕ ਪਟਾਕਾ ਫੈਕਟਰੀ 'ਚ ਜ਼ੋਰਦਾਰ ਧਮਾਕਾ ਹੋਣ ਨਾਲ ਫੈਕਟਰੀ ਦੀ ਛੱਤ ਉੱਡ ਗਈ ਅਤੇ ਇਕ ਬਾਲਗ ਸਮੇਤ 11 ਕੰਮ ਕਰਨ ਵਾਲੀਆਂ ਔਰਤਾਂ ਝੁਲਸ ਕੇ ਮਲਬੇ ਹੇਠ ਦੱਬ ਗਈਆਂ। ਇਨ੍ਹਾਂ ਵਿਚੋਂ 4 ਔਰਤਾਂ ਦੀ ਮੌਤ ਹੋ ਗਈ, ਜਦਕਿ ਕਿਸ਼ੋਰ ਸਮੇਤ 9 ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਤੁਰੰਤ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਜਿੱਥੇ ਨਾਜ਼ੁਕ ਹਾਲਤ ਦੇ ਚੱਲਦੇ ਔਰਤਾਂ ਅਤੇ ਕਿਸ਼ੋਰ ਦੀ ਜ਼ਿੰਦਗੀ ਅਤੇ ਮੌਤ ਵਿਚਾਲੇ ਜੂਝ ਰਹੇ ਹਨ। ਹਾਦਸੇ ਦੀ ਜਾਣਕਾਰੀ ਮਿਲਣ 'ਤੇ ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀਮਤੀ ਨਿਧੀ ਗੁਪਤਾ ਵਤਸ ਅਤੇ ਪੁਲਿਸ ਸੁਪਰਡੈਂਟ ਅਮਿਤ ਕੁਮਾਰ ਆਨੰਦ ਮੌਕੇ 'ਤੇ ਪਹੁੰਚੇ ਅਤੇ ਨਿਰੀਖਣ ਕੀਤਾ। ਪੁਲਿਸ ਸੁਪਰਡੈਂਟ ਅਮਿਤ ਕੁਮਾਰ ਆਨੰਦ ਨੇ (ਬਾਕੀ ਸਫਾ 2 'ਤੇ)

ਏਅਰ ਇੰਡੀਆ ਹਵਾਈ ਜਹਾਜ਼ ਹਾਦਸਾ

## ਡੀ.ਐਨ.ਏ. ਟੈਸਟ 'ਚ 80 ਲੋਕਾਂ ਦੀ ਹੋਈ ਪਛਾਣ, 33 ਲਾਸ਼ਾਂ ਰਿਸ਼ਤੇਦਾਰਾਂ ਨੂੰ ਸੌਂਪੀਆਂ

ਚੜ੍ਹਦੀਕਲਾ ਬਿਊਰੋ

================



ਅਹਿਮਦਾਬਾਦ, 16 ਜੂਨ : ਅਹਿਮਦਾਬਾਦ ਵਿੱਚ ਏਅਰ ਇੰਡੀਆ ਦੀ ਉਡਾਣ ਏ.ਆਈ.-171 ਦੇ ਹਾਦਸੇ ਤੋਂ ਤਿੰਨ ਦਿਨ ਬਾਅਦ, ਹਸਪਤਾਲ ਦੇ ਅਧਿਕਾਰੀਆਂ ਨੇ ਡੀਐਨਏ ਮੈਚਿੰਗ ਰਾਹੀਂ 80 ਲੋਕਾਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਵਿੱਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ ਵੀ ਸ਼ਾਮਲ ਹਨ। ਹਾਦਸੇ ਵਿੱਚ 270 ਲੋਕਾਂ ਦੀ ਮੌਤ ਹੋ ਗਈ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਹੁਣ ਤੱਕ 33 ਲੋਕਾਂ ਦੀਆਂ ਲਾਸ਼ਾਂ ਪਰਿਵਾਰਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ। ਰੂਪਾਨੀ ਉਨ੍ਹਾਂ 242 ਯਾਤਰੀਆਂ ਅਤੇ ਚਾਲਕ ਦਲ ਦੇ ਮੈਂਬਰਾਂ ਵਿੱਚ ਸ਼ਾਮਲ ਸਨ ਜੋ ਲੰਡਨ ਜਾਣ ਵਾਲੀ ਏਅਰ ਇੰਡੀਆ ਦੀ ਉਡਾਣ ਨੰਬਰ ਏ.ਆਈ.-171 ਵਿੱਚ ਸਵਾਰ ਸਨ। ਵੀਰਵਾਰ ਨੂੰ ਉਡਾਣ ਭਰਨ ਤੋਂ ਕੁਝ ਮਿੰਟ ਬਾਅਦ ਹੀ ਜਹਾਜ਼ ਹਾਦਸਾਗ੍ਰਸਤ ਹੋ ਗਿਆ।ਗੁਜਰਾਤ ਸਰਕਾਰ ਨੇ ਸੋਮਵਾਰ ਨੂੰ ਰੂਪਾਨੀ ਲਈ ਰਾਜਕੀ ਸੋਗ ਦਾ ਐਲਾਨ (ਬਾਕੀ ਸਫਾ 2 'ਤੇ)

## ਈਰਾਨ ਟੈਲੀਵਿਜ਼ਨ 'ਤੇ ਇਜ਼ਰਾਈਲ ਦਾ ਮਿਜ਼ਾਇਲ ਹਮਲਾ

### ਈਰਾਨ ਦੀ ਸਟੇਟ ਟੈਲੀਵਿਜ਼ਨ ਆਵਾਜ਼ ਨੂੰ ਬੰਦ ਕਰਨ ਦਾ ਘਿਣਾਉਣਾ ਯਤਨ

ਪ੍ਰੋ. ਡਾ. ਕਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਣ

================



ਇਜ਼ਰਾਈਲ ਦੀਆਂ ਮਿਜ਼ਾਇਲਾਂ ਨੇ ਈਰਾਨ ਦੀ ਸਟੇਟ ਟੈਲੀਵਿਜ਼ਨ ਸਰਵਿਸ ਤੇ ਟੀਵੀ ਸਟੇਸ਼ਨ ਨੂੰ ਤਬਾਹ ਕਰ ਦਿੱਤਾ ਹੈ। ਚਲਦੇ ਟੈਲੀਵਿਜ਼ਨ ਬੁਲੇਟਿਨ ਵਿੱਚ ਹੀ ਹਮਲੇ ਦੀ ਇਹ ਘਟਨਾ ਵਾਪਰੀ ਹੈ ਜਿਸਨੇ ਪੂਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ।

ਇਜ਼ਰਾਈਲ ਈਰਾਨ ਯੁੱਧ ਵਿੱਚ ਭਾਰੀ ਤਬਾਹੀ ਦੇ ਦ੍ਰਿਸ਼ ਦੇਖਣ ਨੂੰ ਮਿਲ ਰਹੇ ਹਨ ਦੋਨਾਂ ਦੇਸ਼ਾਂ ਵੱਲੋਂ ਮਿਜ਼ਾਈਲਾਂ ਦੇ ਨਾਲ ਮਿਲਟਰੀ ਤੇ ਸਿਵਲੀਅਨ ਟਾਰਗੇਟ ਕੀਤੇ ਜਾ ਰਹੇ ਹਨ ਜਿਨ੍ਹਾਂ ਵਿੱਚ ਹਜ਼ਾਰਾਂ ਦੀ ਤਾਦਾਦ ਵਿੱਚ ਕੈਜ਼ੂਇਲਟੀ ਹੋਈ ਹੈ । ਇਜ਼ਰਾਈਲ ਵੱਲੋਂ ਤਾਜ਼ਾ ਹਮਲਾ ਈਰਾਨ ਦੇ ਟੈਲੀਵਿਜ਼ਨ ਸਟੇਟ ਟੈਲੀਵਿਜ਼ਨ ਸੈਂਟਰ 'ਤੇ ਕੀਤਾ ਗਿਆ ਹੈ ਜਿਸ ਨਾਲ ਪੂਰੀ ਬਿਲਡਿੰਗ ਤਬਾਹ ਹੋ ਗਈ ਹੈ ਅਤੇ ਚਲਦੇ ਨਿਊਜ਼ ਬੁਲੇਟਿਨ ਦੇ ਵਿੱਚ ਨਿਊਜ਼ ਰੀਡਰ ਜਿਸ ਤਰਾਂ ਸਟੂਡੀਓ ਦੇ ਵਿੱਚ ਤਬਾਹੀ ਹੋਈ ਹੈ ਉਸਦਾ ਮੰਜ਼ਰ ਦੇਖਿਆ ਜਾ ਸਕਦਾ ਹੈ। ਇਨਸਾਨੀ ਤਬਾਹੀ ਅਤੇ ਸੂਚਨਾ ਦੇ ਸਾਰੇ ਕੇਂਦਰਾਂ ਨੂੰ ਤਬਾਹ ਕਰਨ ਦਾ ਇਹ ਹੈਰਾਨ ਕਰਨ ਵਾਲਾ ਮੰਜ਼ਰ ਹੈ ਜਿਸ 'ਤੇ ਅਮਰੀਕਾ ਅਤੇ ਇਜ਼ਰਾਇਲ ਆਪਣੀ ਟੇਕ ਰੱਖ ਰਹੇ ਹਨ ਕਿ ਕੋਈ ਵੀ ਸੂਚਨਾ ਇਜ਼ਰਾਈਲ ਤੇ ਅਮਰੀਕਾ ਦੇ ਬਾਰੇ ਦੇ ਵਿੱਚ ਈਰਾਨੀ ਲੋਕਾਂ ਤੱਕ ਨਾ ਪਹੁੰਚ ਸਕੇ ।

ਇਸੇ ਕਰਕੇ ਹੀ ਇਹਨਾਂ ਨੂੰ ਟੈਲੀਵਿਜ਼ਨ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਮੇਰੀ ਆਪਣੀ ਸੂਚਨਾ ਤੇ ਸੂਤਰਾਂ ਦੇ ਅਨੁਸਾਰ ਹੀ ਟੈਲੀਵਿਜ਼ਨ ਦੁਨੀਆਂ ਦੇ ਉਹਨਾਂ ਟੈਲੀਵਿਜ਼ਨ ਸੈਂਟਰਾਂ ਵਿੱਚੋਂ ਇੱਕ ਹੈ ਜਿੱਥੇ ਇਸਲਾਮ ਦੀ ਵਿਸ਼ੇਸ਼ ਕਰਕੇ ਰਹਿਤ ਵਿੱਚ ਰਹਿ ਕੇ ਅਤੇ ਸਹੀ ਧਾਰਨਾ ਦੇ ਨਾਲ ਸਟੇਟ ਟੈਲੀਵਿਜ਼ਨ ਤੇ ਸਰਕਾਰ ਪੱਕੀ ਖ਼ਬਰਾਂ ਦਾ (ਬਾਕੀ ਸਫਾ 2 'ਤੇ)

## ਸੰਜੇ ਭੰਡਾਰੀ ਨਾਲ ਜੁੜੇ ਪੀ.ਐਮ.ਐਲ.ਏ. ਮਾਮਲੇ 'ਚ ਰਾਬਰਟ ਵਾਡਰਾ ਨੂੰ ਮੁੜ ਸੰਮਨ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 16 ਜੂਨ : ਅਧਿਕਾਰਤ ਸੂਤਰਾਂ ਨੇ ਸੋਮਵਾਰ ਨੂੰ ਦੱਸਿਆ ਕਿ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ. ) ਨੇ ਕਾਂਗਰਸ ਸੰਸਦ ਮੈਂਬਰ ਪ੍ਰਿਯੰਕਾ ਗਾਂਧੀ ਵਾਡਰਾ ਦੇ ਕਾਰੋਬਾਰੀ ਪਤੀ ਰਾਬਰਟ ਵਾਡਰਾ ਨੂੰ ਯੂਕੇ ਸਥਿਤ ਹਥਿਆਰ ਸਲਾਹਕਾਰ ਸੰਜੇ ਭੰਡਾਰੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਪੁੱਛਗਿੱਛ ਲਈ ਨਵਾਂ ਸੰਮਨ ਜਾਰੀ ਕੀਤਾ ਹੈ।

ਸੂਤਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਮਨੀ ਲਾਂਡਰਿੰਗ ਰੋਕਥਾਮ ਐਕਟ (ਪੀ.ਐਮ.ਐਲ.ਏ.) ਦੇ ਤਹਿਤ ਜਾਂਚ ਅਧੀਨ ਇਸ ਮਾਮਲੇ ਵਿੱਚ ਆਪਣਾ ਬਿਆਨ ਦਰਜ ਕਰਾਉਣ ਲਈ 17 ਜੂਨ ਨੂੰ ਇੱਥੇ ਸੰਘੀ ਜਾਂਚ ਏਜੰਸੀ ਦੇ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਗ਼ੌਰਤਲਬ ਹੈ ਕਿ 56 ਸਾਲਾ ਵਾਡਰਾ ਨੂੰ 10 ਜੂਨ ਨੂੰ ਇਸ ਮਾਮਲੇ ਵਿੱਚ ਪੁੱਛਗਿੱਛ ਲਈ ਬੁਲਾਇਆ ਗਿਆ ਸੀ ਪਰ ਉਨ੍ਹਾਂ ਇਹ ਕਹਿੰਦਿਆਂ ਹਾਜ਼ਰ ਹੋਣ ਤੋਂ ਅਸਮਰੱਥਾ ਜ਼ਾਹਰ ਕੀਤੀ ਸੀ ਕਿ ਉਨ੍ਹਾਂ ਨੂੰ 9 ਜੂਨ ਨੂੰ ਫਲੂ ਵਰਗੇ ਲੱਛਣ ਸਨ ਅਤੇ ਪ੍ਰੋਟੋਕੋਲ ਅਨੁਸਾਰ ਉਨ੍ਹਾਂ ਨੇ ਕੋਵਿਡ ਟੈਸਟ ਕਰਵਾਇਆ ਸੀ। ਉਨ੍ਹਾਂ ਦੇ (ਬਾਕੀ ਸਫਾ 2 'ਤੇ)

### ਪ੍ਰਮਾਣੂ ਜੰਗ ਦਾ ਖ਼ਤਰਾ !

# ਈਰਾਨ ਵੱਲੋਂ ਐਨ.ਪੀ.ਟੀ. ਤੋਂ ਬਾਹਰ ਨਿਕਲਣ ਦੇ ਐਲਾਨ ਮਗਰੋਂ ਦੁਨੀਆਂ ਭਰ 'ਚ ਵਧੀ ਚਿੰਤਾ



ਤਹਿਰਾਨ, 16 ਜੂਨ (ਚ.ਨ.ਸ.) : ਇਜ਼ਰਾਈਲ ਤੇ ਈਰਾਨ ਵਿਚਕਾਰ ਚੱਲ ਰਿਹਾ ਫੌਜੀ ਟਕਰਾਅ ਹੁਣ ਇੱਕ ਖ਼ਤਰਨਾਕ ਮੋੜ 'ਤੇ ਪਹੁੰਚ ਗਿਆ ਹੈ। ਦੋਵਾਂ ਦੇਸ਼ਾਂ ਵਿਚਕਾਰ ਚੌਥੇ ਦਿਨ ਵੀ ਮਿਜ਼ਾਈਲ ਤੇ ਹਵਾਈ ਹਮਲੇ ਜਾਰੀ ਹਨ। ਇਸ ਦੌਰਾਨ, ਈਰਾਨ ਵੱਲੋਂ ਇੱਕ ਕਦਮ ਚੁੱਕਿਆ ਜਾ ਰਿਹਾ ਹੈ, ਜਿਸ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਚਿੰਤਾ ਅਤੇ ਤਣਾਅ ਹੋਰ ਵਧ ਗਿਆ ਹੈ। ਈਰਾਨ ਹੁਣ ਪ੍ਰਮਾਣੂ ਅਪ੍ਰਸਾਰ ਸੰਧੀ (ਐਨ.ਪੀ.ਟੀ.) ਤੋਂ ਬਾਹਰ ਨਿਕਲਣ ਦੀ ਤਿਆਰੀ ਕਰ ਰਿਹਾ ਹੈ। ਈਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਾਘਾਈ ਹਮਾਨੇ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ ਈਰਾਨੀ ਸੰਸਦ ਜਲਦੀ ਹੀ ਐਨ.ਪੀ.ਟੀ. ਤੋਂ ਪਿੱਛੇ ਹਟਣ ਲਈ ਇੱਕ ਬਿੱਲ ਪੇਸ਼ ਕਰਨ ਦੀ ਯੋਜਨਾ ਬਣਾ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਈਰਾਨ ਸਮੂਹਿਕ ਵਿਨਾਸ਼ ਦੇ ਹਥਿਆਰਾਂ ਦੇ ਵਿਰੁੱਧ ਹੈ ਅਤੇ ਉਨ੍ਹਾਂ ਦਾ ਦੇਸ਼ ਪ੍ਰਮਾਣੂ ਹਥਿਆਰ ਬਣਾਉਣ ਦੇ ਹੱਕ ਵਿੱਚ ਨਹੀਂ ਹੈ। ਹਾਲਾਂਕਿ, ਉਨ੍ਹਾਂ ਸਪੱਸ਼ਟ ਕੀਤਾ ਕਿ ਈਰਾਨ ਪ੍ਰਮਾਣੂ ਊਰਜਾ ਅਤੇ ਖੋਜ ਦੇ ਆਪਣੇ ਅਧਿਕਾਰ ਦੀ ਪਾਲਣਾ ਜਾਰੀ ਰੱਖੇਗਾ। ਇਸ ਤੋਂ ਪਹਿਲਾਂ, ਰਾਸ਼ਟਰਪਤੀ ਮਸੂਦ ਪਜ਼ਸ਼ਕੀਅਨ ਨੇ ਇਹ ਵੀ ਕਿਹਾ ਸੀ ਕਿ ਈਰਾਨ ਪ੍ਰਮਾਣੂ ਹਥਿਆਰ ਵਿਕਸਤ ਕਰਨ ਦਾ ਇਰਾਦਾ ਨਹੀਂ ਰੱਖਦਾ, ਪਰ ਇਹ ਪ੍ਰਮਾਣੂ ਤਕਨਾਲੋਜੀ ਅਤੇ ਖੋਜ ਵਿੱਚ ਪਿੱਛੇ ਨਹੀਂ ਹਟੇਗਾ। ਉਨ੍ਹਾਂ ਨੇ ਦੇਸ਼ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਮੇਨੀ ਦੇ ਫਤਵੇ ਨੂੰ ਦੁਹਰਾਇਆ, ਜਿਸ ਵਿੱਚ ਪ੍ਰਮਾਣੂ ਹਥਿਆਰਾਂ ਦੇ ਨਿਰਮਾਣ ਨੂੰ ਇਸਲਾਮ ਦੇ ਵਿਰੁੱਧ ਐਲਾਨਿਆ ਗਿਆ ਸੀ।ਈਰਾਨ ਦਾ ਇਹ ਪ੍ਰਤੀਕਰਮ ਅਜਿਹੇ ਸਮੇਂ ਆਇਆ ਹੈ ਜਦੋਂ ਇਜ਼ਰਾਈਲ ਨੇ ਆਪਣੇ ਕਈ ਫੌਜੀ ਠਿਕਾਣਿਆਂ ਦੇ ਨਾਲ-ਨਾਲ ਪ੍ਰਮਾਣੂ ਸਥਾਨਾਂ 'ਤੇ ਹਮਲੇ ਸ਼ੁਰੂ ਕਰ ਦਿੱਤੇ ਹਨ। ਇਜ਼ਰਾਈਲ ਪਹਿਲਾਂ ਹੀ ਇਨ੍ਹਾਂ ਖੇਤਰਾਂ ਦੇ ਆਲੇ-ਦੁਆਲੇ ਰਹਿਣ ਵਾਲੇ ਲੋਕਾਂ ਨੂੰ ਇਲਾਕਾ ਖਾਲੀ ਕਰਨ ਦੀ ਚੇਤਾਵਨੀ ਜਾਰੀ ਕਰ ਚੁੱਕਾ ਹੈ। ਮੰਨਿਆ ਜਾ ਰਿਹਾ ਹੈ ਕਿ ਇਜ਼ਰਾਈਲ ਨੇ ਈਰਾਨ ਦੇ ਪ੍ਰਮਾਣੂ ਸਥਾਨਾਂ ਦੀ ਇੱਕ ਲੰਬੀ ਸੂਚੀ ਨਿਸ਼ਾਨਾ ਵਜੋਂ ਤਿਆਰ ਕੀਤੀ ਹੈ। ਐਤਵਾਰ ਰਾਤ ਤੋਂ ਸੋਮਵਾਰ ਸਵੇਰ ਤੱਕ ਦੋਵਾਂ ਦੇਸ਼ਾਂ ਨੇ ਇੱਕ ਦੂਜੇ 'ਤੇ ਮਿਜ਼ਾਈਲਾਂ ਦਾਗੀਆਂ। ਅੰਤਰਰਾਸ਼ਟਰੀ ਅਪੀਲਾਂ ਦੇ ਬਾਵਜੂਦ ਕੋਈ ਜੰਗਬੰਦੀ ਨਹੀਂ ਹੋਈ। ਰਿਪੋਰਟਾਂ ਅਨੁਸਾਰ, ਇਜ਼ਰਾਈਲ ਨੇ ਆਪਣੇ ਹਮਲਿਆਂ 'ਚ ਈਰਾਨ ਦੇ ਕਈ ਉੱਚ ਫੌਜੀ ਅਧਿਕਾਰੀਆਂ ਅਤੇ ਪ੍ਰਮਾਣੂ ਵਿਗਿਆਨੀਆਂ ਨੂੰ ਮਾਰ ਦਿੱਤਾ ਹੈ। ਜਵਾਬ 'ਚ, ਈਰਾਨ ਨੇ ਤੇਲ ਅਵੀਵ ਅਤੇ ਮੱਧ ਇਜ਼ਰਾਈਲ 'ਤੇ ਬੰਬਾਰੀ ਕੀਤੀ। ਹੁਣ ਤੱਕ ਇਨ੍ਹਾਂ ਹਮਲਿਆਂ 'ਚ ਈਰਾਨ 'ਚ 400 ਤੋਂ ਵੱਧ ਲੋਕ ਮਾਰੇ ਗਏ ਹਨ, ਜਦੋਂ ਕਿ ਇਜ਼ਰਾਈਲ ਵਿੱਚ 16 ਲੋਕਾਂ ਦੀ ਮੌਤ ਹੋ ਗਈ ਹੈ। ਇਜ਼ਰਾਈਲ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਈਰਾਨ ਦੇ ਮਿਜ਼ਾਈਲ ਸਿਸਟਮ ਦਾ 30 ਫੀਸਦੀ ਹਿੱਸਾ ਤਬਾਹ ਕਰ ਦਿੱਤਾ ਹੈ। ਈਰਾਨ ਦਾ ਪ੍ਰਮਾਣੂ ਪ੍ਰੋਗਰਾਮ 1957 ਵਿੱਚ ਅਮਰੀਕਾ ਦੀ ਮਦਦ ਨਾਲ ਸ਼ੁਰੂ ਹੋਇਆ ਸੀ। ਅਸਲ ਮਕਸਦ ਊਰਜਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਸੀ। ਪਰ ਸਮੇਂ ਦੇ ਨਾਲ, ਅਮਰੀਕਾ ਨੂੰ ਸ਼ੱਕ ਸੀ ਕਿ ਈਰਾਨ ਇਸ ਪ੍ਰੋਗਰਾਮ ਨੂੰ ਹਥਿਆਰਾਂ ਲਈ ਵਰਤ ਸਕਦਾ ਹੈ। ਇਸ ਤੋਂ ਬਾਅਦ, ਅਮਰੀਕਾ ਨੇ ਸਹਿਯੋਗ ਵਾਪਸ ਲੈ ਲਿਆ ਅਤੇ ਈਰਾਨ 'ਤੇ ਐਨ.ਪੀ.ਟੀ.ਦੀ ਉਲੰਘਣਾ ਕਰਨ ਦਾ ਦੋਸ਼ ਲੱਗਣ ਲੱਗਾ। 2018 ਵਿੱਚ, ਤਤਕਾਲੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਈਰਾਨ ਨਾਲ ਪ੍ਰਮਾਣੂ ਸਮਝੌਤੇ ਤੋਂ ਪਿੱਛੇ ਹਟ ਗਏ। ਉਦੋਂ ਤੋਂ, ਈਰਾਨ ਨੇ ਯੂਰੇਨੀਅਮ ਸੰਸ਼ੋਧਨ ਦੀ ਪ੍ਰਕਿਰਿਆ ਨੂੰ ਤੇਜ਼ ਕਰ ਦਿੱਤਾ ਹੈ। ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (ਆਈ.ਏ.ਈ.ਏ.) ਦੇ ਅਨੁਸਾਰ, ਈਰਾਨ ਕੋਲ ਹੁਣ ਇੰਨਾ ਜ਼ਿਆਦਾ ਭਰਪੂਰ ਯੂਰੇਨੀਅਮ ਹੈ ਕਿ ਉਹ ਬਹੁਤ ਸਾਰੇ ਪ੍ਰਮਾਣੂ ਹਥਿਆਰ ਬਣਾ ਸਕਦਾ ਹੈ। ਪਰਮਾਣੂ ਅਪ੍ਰਸਾਰ ਸੰਧੀ (ਐਨ.ਪੀ.ਟੀ.) ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਦੁਨੀਆ ਵਿੱਚ ਪ੍ਰਮਾਣੂ ਹਥਿਆਰ ਨਾ ਫੈਲਣ। ਈਰਾਨ ਨੇ ਇਸ ਸੰਧੀ 'ਤੇ ਦਸਤਖਤ ਕੀਤੇ ਸਨ ਅਤੇ ਵਾਅਦਾ ਕੀਤਾ ਸੀ ਕਿ ਉਹ ਪ੍ਰਮਾਣੂ ਹਥਿਆਰ ਨਹੀਂ ਬਣਾਏਗਾ। ਜੇਕਰ ਈਰਾਨ ਹੁਣ ਅਧਿਕਾਰਤ ਤੌਰ 'ਤੇ ਇਸ ਤੋਂ ਬਾਹਰ ਆ ਜਾਂਦਾ ਹੈ ਤਾਂ ਉਸ ਲਈ ਪ੍ਰਮਾਣੂ ਹਥਿਆਰ ਬਣਾਉਣਾ ਆਸਾਨ ਹੋ ਜਾਵੇਗਾ ਅਤੇ ਇਸ ਨਾਲ ਪੱਛਮੀ ਏਸ਼ੀਆ ਵਿੱਚ ਪ੍ਰਮਾਣੂ ਯੁੱਧ ਦੀ ਸੰਭਾਵਨਾ ਵੱਧ ਸਕਦੀ ਹੈ।

# ਈ.ਪੀ.ਐਫ.ਓ. ਨੇ ਮੈਂਬਰਾਂ ਨੂੰ ਆਨਲਾਈਨ ਸੇਵਾਵਾਂ ਲਈ ਏਜੰਟਾਂ ਦੀ ਮੱਦਦ ਲੈਣ ਤੋਂ ਬਚਣ ਦੀ ਦਿੱਤੀ ਸਲਾਹ




ਨਵੀਂ ਦਿੱਲੀ, 16 ਜੂਨ (ਚ.ਨ.ਸ.) : ਰਿਟਾਇਰਮੈਂਟ ਫੰਡ ਸੰਸਥਾ ਈ.ਪੀ.ਐਫ.ਓ. ਨੇ ਸੋਮਵਾਰ ਨੂੰ ਆਪਣੇ ਮੈਂਬਰਾਂ ਨੂੰ ਤੀਜੀ-ਧਿਰ ਏਜੰਟਾਂ ਤੋਂ ਮੱਦਦ ਲੈਣ ਵਿਰੁੱਧ ਖ਼ਬਰਦਾਰ ਕੀਤਾ ਹੈ ਅਤੇ ਆਪਣੇ ਮੁੱਖ ਵੇਰਵਿਆਂ ਸਬੰਧੀ ਜੋਖਮ ਤੋਂ ਬਚਣ ਲਈ ਆਪਣੇ ਪ੍ਰਾਵੀਡੈਂਟ ਖ਼ਾਤਿਆਂ ਨਾਲ ਸਬੰਧਤ ਸੇਵਾਵਾਂ ਵਾਸਤੇ ਔਨਲਾਈਨ ਪੋਰਟਲ ਦੀ ਵਰਤੋਂ ਕਰਨ ਦੀ ਅਤੇ ਏਜੰਟਾਂ ਰਾਹੀਂ ਕੰਮ ਕਰਾਉਣ ਤੋਂ ਗੁਰੇਜ਼ ਕਰਨ ਦੀ ਸਲਾਹ ਦਿੱਤੀ ਹੈ।

ਕੇਂਦਰੀ ਕਿਰਤ ਮੰਤਰਾਲੇ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਐਂਪਲਾਈਜ਼ ਪ੍ਰਾਵੀਡੈਂਟ ਫੰਡ ਆਰਗੇਨਾਈਜ਼ੇਸ਼ਨ ਨੇ ਆਪਣੇ ਸਾਰੇ ਹਿੱਸੇਦਾਰਾਂ ਲਈ ਸੇਵਾਵਾਂ ਨੂੰ ਤੇਜ਼, ਪਾਰਦਰਸ਼ੀ ਅਤੇ ਖ਼ਪਤਕਾਰ ਪੱਖੀ ਅਨੁਕੂਲ ਬਣਾਉਣ ਲਈ ਕਈ ਸੁਧਾਰ ਕੀਤੇ ਹਨ।

ਗ਼ੌਰਤਲਬ ਹੈ ਕਿ ਈ.ਪੀ.ਐਫ.ਓ. ਦੇ 7 ਕਰੋੜ ਤੋਂ ਵੱਧ ਮੈਂਬਰ ਹਨ ਜੋ ਵੱਖ-ਵੱਖ ਨਿੱਜੀ ਅਤੇ ਜਨਤਕ ਖੇਤਰ ਦੇ ਉੱਦਮਾਂ ਦੇ ਮੌਜੂਦਾ ਜਾਂ ਸਾਬਕਾ ਮੁਲਾਜ਼ਮ ਹਨ। ਦੇਖਿਆ ਗਿਆ ਹੈ ਕਿ ਕਈ ਸਾਈਬਰ ਕੈਫੇ ਆਪਰੇਟਰ/ਫਿਨਟੈਕ ਕੰਪਨੀਆਂ ਈ.ਪੀ.ਐਫ.ਓ. ਮੈਂਬਰਾਂ ਤੋਂ ਅਧਿਕਾਰਤ ਤੌਰ 'ਤੇ ਮੁਫਤ ਸੇਵਾਵਾਂ ਲਈ ਵੱਡੀ ਰਕਮ ਵਸੂਲ ਰਹੀਆਂ ਹਨ। ਬਹੁਤ ਸਾਰੇ ਮਾਮਲਿਆਂ ਵਿੱਚ, ਇਹ ਆਪਰੇਟਰ ਸਿਰਫ਼ ਈ.ਪੀ.ਐਫ.ਓ. ਦੇ ਔਨਲਾਈਨ ਸ਼ਿਕਾਇਤ ਪੋਰਟਲ ਦੀ ਵਰਤੋਂ ਕਰਦੇ ਹਨ, ਜੋ ਕੋਈ ਵੀ ਮੈਂਬਰ ਆਪਣੇ ਆਪ ਮੁਫ਼ਤ ਕਰ ਸਕਦਾ ਹੈ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਮੈਂਬਰਾਂ/ਹਿੱਸੇਦਾਰਾਂ ਨੂੰ ਈ.ਪੀ.ਐਫ.ਓ. ਨਾਲ ਸਬੰਧਤ ਸੇਵਾਵਾਂ ਲਈ ਤੀਜੀ-ਧਿਰ ਕੰਪਨੀਆਂ ਜਾਂ ਏਜੰਟਾਂ ਕੋਲ ਜਾਣ ਜਾਂ ਉਨ੍ਹਾਂ ਨਾਲ ਜੁੜਨ ਤੋਂ ਚੌਕਸ ਕੀਤਾ ਜਾਂਦਾ ਹੈ ਕਿਉਂਕਿ ਇਹ ਉਨ੍ਹਾਂ ਦੇ ਵਿੱਤੀ ਡੇਟਾ ਦਾ ਖੁਲਾਸਾ ਕਰ ਸਕਦਾ ਹੈ, ਇਹ ਬਾਹਰੀ ਸੰਸਥਾਵਾਂ ਈ.ਪੀ.ਐਫ.ਓ. ਦੁਆਰਾ ਅਧਿਕਾਰਤ ਨਹੀਂ ਹਨ।

ਬਿਆਨ ਵਿੱਚ ਹੋਰ ਕਿਹਾ ਗਿਆ ਹੈ ਕਿ ਈ.ਪੀ.ਐਫ.ਓ. ਕੋਲ ਮਜ਼ਬੂਤ ਸ਼ਿਕਾਇਤ ਨਿਗਰਾਨੀ ਅਤੇ ਨਿਬੇੜਾ ਪ੍ਰਣਾਲੀ ਹੈ, ਜਿੱਥੇ ਮੈਂਬਰਾਂ ਦੀਆਂ ਸ਼ਿਕਾਇਤਾਂ ਸੀਪੀਗ੍ਰਾਮਸ ਜਾਂ ਈਪੀਐਫਆਈਜੀਐਮਐਸ ਪੋਰਟਲਾਂ 'ਤੇ ਰਜਿਸਟਰ ਕੀਤੀਆਂ ਜਾਂਦੀਆਂ ਹਨ ਅਤੇ ਸਮਾਂਬੱਧ ਢੰਗ ਨਾਲ ਉਨ੍ਹਾਂ ਦੇ ਹੱਲ ਹੋਣ ਤੱਕ ਨਿਗਰਾਨੀ ਕੀਤੀ ਜਾਂਦੀ ਹੈ। ਇਸ ਮੁਤਾਬਕ ਮਾਲੀ ਸਾਲ 2025 (ਐਫ.ਵਾਈ.ਬੀ.ਈ.) ਵਿੱਚ ਈ.ਪੀ.ਐਫ.ਆਈ. ਜੀ.ਐਮ.ਐਸ. ਵਿੱਚ ਕੁੱਲ 16,01,202 ਸ਼ਿਕਾਇਤਾਂ ਅਤੇ ਸੀਪੀਗ੍ਰਾਮਸ ਵਿੱਚ 1,74,328 ਸ਼ਿਕਾਇਤਾਂ ਪ੍ਰਾਪਤ ਹੋਈਆਂ।

ਇਹਨਾਂ ਵਿੱਚੋਂ 98 ਫ਼ੀਸਦੀ ਸ਼ਿਕਾਇਤਾਂ ਦਾ ਸਮਾਂ ਸੀਮਾ ਦੇ ਅੰਦਰ ਨਿਬੇੜਾ ਕੀਤਾ ਗਿਆ। ਈ.ਪੀ.ਐਫ.ਓ. ਆਪਣੇ ਸਾਰੇ ਮੈਂਬਰਾਂ, ਮਾਲਕਾਂ ਅਤੇ ਪੈਨਸ਼ਨਰਾਂ ਨੂੰ ਈ.ਪੀ.ਐਫ.ਓ. ਪੋਰਟਲ ਅਤੇ ਉਮੰਗ ਐਪ ਰਾਹੀਂ ਉਪਲਬਧ ਔਨਲਾਈਨ ਸੇਵਾਵਾਂ ਦੀ ਵਰਤੋਂ ਕਰਨ ਦੀ ਜ਼ੋਰਦਾਰ ਸਲਾਹ ਦਿੰਦਾ ਹੈ। ਇਸ ਤੋਂ ਇਲਾਵਾ, ਮੈਂਬਰ ਕਿਸੇ ਵੀ ਮੁੱਦੇ ਲਈ ਅਧਿਕਾਰਤ ਵੈੱਬਸਾਈਟ (www.epfindia.gov.in) 'ਤੇ ਸੂਚੀਬੱਧ ਖੇਤਰੀ ਦਫ਼ਤਰਾਂ ਵਿੱਚ ਈ.ਪੀ.ਐਫ.ਓ. ਹੈਲਪਡੈਸਕ/ਪ੍ਰੋ ਨਾਲ ਸੰਪਰਕ ਕਰ ਸਕਦੇ ਹਨ।

## ਕੇਂਦਰ ਵੱਲੋਂ 16ਵੀਂ ਮਰਦਮਸ਼ੁਮਾਰੀ

ਮਿਤੀ 1 ਮਾਰਚ, 2027 ਦੇ 00.00 ਘੰਟੇ ਹੋਵੇਗੀ। ਇਸ ਵਿੱਚ ਕਿਹਾ ਗਿਆ ਹੈ ਕਿ ਲੱਦਾਖ ਅਤੇ ਜੰਮੂ-ਕਸ਼ਮੀਰ ਦੇ ਕੇਂਦਰ ਸ਼ਾਸਿਤ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਰਾਜਾਂ ਦੇ ਬਰਫ਼ ਨਾਲ ਜੁੜੇ ਗੈਰ-ਸਮਕਾਲੀ ਖੇਤਰਾਂ ਦੇ ਸਬੰਧ ਵਿੱਚ, ਹਵਾਲਾ ਮਿਤੀ 1 ਅਕਤੂਬਰ, 2026 ਦੇ 00:00 ਘੰਟੇ ਹੋਵੇਗੀ।

ਦੇਸ਼ ਭਰ ਤੋਂ ਆਬਾਦੀ ਨਾਲ ਸਬੰਧਤ ਡੇਟਾ ਦੇਣ ਦੀ ਇਹ ਵੱਡੀ ਕਵਾਇਦ ਕਰੀਬ 34 ਲੱਖ ਗਿਣਤੀਕਾਰਾਂ ਅਤੇ ਸੁਪਰਵਾਈਜ਼ਰਾਂ ਅਤੇ ਡਿਜੀਟਲ ਡਿਵਾਈਸਾਂ ਨਾਲ ਲੈਸ ਕਰੀਬ 1.3 ਲੱਖ ਜਨਗਣਨਾ ਕਾਮਿਆਂ ਵੱਲੋਂ ਪੂਰੀ ਕੀਤੀ ਜਾਵੇਗੀ। ਇੱਕ ਸਰਕਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਮਰਦਮਸ਼ੁਮਾਰੀ ਵਿੱਚ ਜਾਤੀ ਜਨਗਣਨਾ ਵੀ ਕੀਤੀ ਜਾਵੇਗੀ। ਲੋਕਾਂ ਲਈ ਸਵੈ-ਗਣਨਾ ਦੀ ਵਿਵਸਥਾ ਵੀ ਉਪਲਬਧ ਕਰਵਾਈ ਜਾਵੇਗੀ।ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਐਤਵਾਰ ਨੂੰ ਮਰਦਮਸ਼ੁਮਾਰੀ ਅਮਲ ਬਾਰੇ ਗਜ਼ਟ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਪਹਿਲਾਂ ਤਿਆਰੀਆਂ ਦੀ ਸਮੀਖਿਆ ਕਰਦੇ ਹੋਏ। ਫੋਟੋ: ਪੀਟੀਆਈਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਨੂੰ ਇੱਥੇ ਕੇਂਦਰੀ ਗ੍ਰਹਿ ਸਕੱਤਰ, ਰਜਿਸਟਰਾਰ ਜਨਰਲ ਅਤੇ ਭਾਰਤ ਦੇ ਜਨਗਣਨਾ ਕਮਿਸ਼ਨਰ ਮ੍ਰਿਤੁੰਜਯ ਕੁਮਾਰ ਨਾਰਾਇਣ ਅਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਮਰਦਮਸ਼ੁਮਾਰੀ ਦੀ ਤਿਆਰੀ ਬਾਰੇ ਸਮੀਖਿਆ ਕੀਤੀ।ਮਰਦਮਸ਼ੁਮਾਰੀ ਦੋ ਪੜਾਵਾਂ ਵਿੱਚ ਕੀਤੀ ਜਾਵੇਗੀ। ਪਹਿਲੇ ਪੜਾਅ ਵਿੱਚ- ਹਾਊਸ ਲਿਸਟਿੰਗ ਆਪ੍ਰੇਸ਼ਨ (ਐਚ.ਐਲ.ਓ.)- ਹਰੇਕ ਘਰ ਦੀ ਰਿਹਾਇਸ਼ੀ ਹਾਲਤ, ਸੰਪਤੀਆਂ ਅਤੇ ਸਹੂਲਤਾਂ ਬਾਰੇ ਵੇਰਵੇ ਇਕੱਤਰ ਕੀਤੇ ਜਾਣਗੇ। ਜਦੋਂਕਿ ਦੂਜੇ ਪੜਾਅ ਵਿੱਚ- ਆਬਾਦੀ ਦੀ ਗਿਣਤੀ ਭਾਵ ਹਰੇਕ ਘਰ ਦੇ ਹਰੇਕ ਜੀਅ ਦੀ ਗਿਣਤੀ, ਸਮਾਜਿਕ-ਆਰਥਿਕ, ਸੱਭਿਆਚਾਰਕ ਅਤੇ ਹੋਰ ਵੇਰਵੇ ਇਕੱਠੇ ਕੀਤੇ ਜਾਣਗੇ।ਸਰਕਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਮਰਦਮਸ਼ੁਮਾਰੀ ਦੀ ਮਸ਼ਕ ਸ਼ੁਰੂ ਹੋਣ ਤੋਂ ਬਾਅਦ ਇਹ 16ਵੀਂ ਅਤੇ ਆਜ਼ਾਦੀ ਤੋਂ ਬਾਅਦ ਅੱਠਵੀਂ ਜਨਗਣਨਾ ਹੈ। ਬਿਆਨ ਵਿੱਚ ਕਿਹਾ ਗਿਆ ਸੀ ਕਿ ਜਾਣਕਾਰੀ ਇਕੱਤਰ ਕਰਨ, ਸੰਚਾਰ ਅਤੇ ਸਟੋਰੇਜ ਸਮੇਂ ਡੇਟਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਬਹੁਤ ਸਖ਼ਤ ਡੇਟਾ ਸੁਰੱਖਿਆ ਉਪਾਅ ਰੱਖੇ ਜਾਣਗੇ।

## ਭਾਰਤ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ

ਕਾਰੋਬਾਰ ਕਰਨ ਦੀ ਸੌਖ ਦੇ ਨਾਲ-ਨਾਲ 'ਕਾਰੋਬਾਰ ਕਰਨ ਦੇ ਵਿਸ਼ਵਾਸ' 'ਤੇ ਧਿਆਨ ਕੇਂਦਰਿਤ ਕਰ ਰਹੇ ਹਾਂ।' ਬਿਆਨ ਅਨੁਸਾਰ, ਮੋਦੀ ਨੇ ਕਿਹਾ ਕਿ ਭਾਰਤ ਦੇ ਸਿਵਲ ਹਵਾਬਾਜ਼ੀ, ਬੰਦਰਗਾਹਾਂ, ਜਹਾਜ਼ ਨਿਰਮਾਣ, ਡਿਜੀਟਲ ਭੁਗਤਾਨ ਅਤੇ ਹਰੇ ਵਿਕਾਸ ਖੇਤਰਾਂ ਵਿੱਚ ਸਥਿਰ ਵਿਕਾਸ ਨੇ ਸਾਈਪ੍ਰਸ ਕੰਪਨੀਆਂ ਲਈ ਭਾਰਤ ਨਾਲ ਭਾਈਵਾਲੀ ਕਰਨ ਦੇ ਅਣਗਿਣਤ ਮੌਕੇ ਖੋਲ੍ਹੇ ਹਨ। ਪ੍ਰਧਾਨ ਮੰਤਰੀ ਨੇ ਕਿਹਾ,'23 ਸਾਲਾਂ ਵਿੱਚ ਪਹਿਲੀ ਵਾਰ, ਕਿਸੇ ਭਾਰਤੀ ਪ੍ਰਧਾਨ ਮੰਤਰੀ ਨੇ ਸਾਈਪ੍ਰਸ ਦਾ ਦੌਰਾ ਕੀਤਾ ਹੈ ਅਤੇ ਪਹਿਲਾ ਪ੍ਰੋਗਰਾਮ ਇੱਕ ਵਪਾਰਕ ਗੋਲਮੇਜ਼ ਦੇ ਰੂਪ ਵਿੱਚ ਆਯੋਜਿਤ ਕੀਤਾ ਗਿਆ ਹੈ। ਇਹ ਭਾਰਤ-ਸਾਈਪ੍ਰਸ ਸਬੰਧਾਂ ਵਿੱਚ ਵਪਾਰਕ ਦਿੱਗਜਾਂ ਦੀ ਮਹੱਤਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ ਭਾਰਤ ਦੀ ਹੁਨਰਮੰਦ ਪ੍ਰਤਿਭਾ ਅਤੇ ਸਟਾਰਟ-ਅੱਪ ਈਕੋਸਿਸਟਮ ਦੀ ਮਜ਼ਬੂਤੀ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਨੇ ਨਿਰਮਾਣ, ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.), ਕੁਆਂਟਮ, ਸੈਮੀਕੰਡਕਟਰ ਅਤੇ ਮਹੱਤਵਪੂਰਨ ਖਣਿੱਜਾਂ ਨੂੰ ਭਾਰਤ ਦੀ ਵਿਕਾਸ ਕਹਾਣੀ ਵਿੱਚ ਯੋਗਦਾਨ ਪਾਉਣ ਵਾਲੇ ਨਵੇਂ ਅਤੇ ਉੱਭਰ ਰਹੇ ਖੇਤਰਾਂ ਵਜੋਂ ਦੱਸਿਆ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਸਾਈਪ੍ਰਸ ਭਾਰਤ ਲਈ ਇੱਕ ਮਹੱਤਵਪੂਰਨ ਆਰਥਿਕ ਭਾਈਵਾਲ ਹੈ, ਖਾਸ ਕਰ ਕੇ ਵਿਦੇਸ਼ੀ ਸਿੱਧੇ ਨਿਵੇਸ਼ ਦੇ ਖੇਤਰ ਵਿੱਚ। ਉਨ੍ਹਾਂ ਨੇ ਭਾਰਤੀ ਅਰਥਵਿਵਸਥਾ ਵਿੱਚ ਨਵੇਂ ਨਿਵੇਸ਼ਾਂ ਵਿੱਚ ਸਾਈਪ੍ਰਸ ਦੀ ਡੂੰਘੀ ਦਿਲਚਸਪੀ ਦਾ ਸਵਾਗਤ ਕੀਤਾ। ਮੋਦੀ ਨੇ ਦੁਵੱਲੇ ਸਬੰਧਾਂ ਵਿੱਚ 'ਵਿਕਾਸ ਦੀ ਵਿਸ਼ਾਲ ਸੰਭਾਵਨਾ' ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਸਾਈਪ੍ਰਸ ਲੰਬੇ ਸਮੇਂ ਤੋਂ 'ਭਾਰਤ ਦਾ ਭਰੋਸੇਯੋਗ ਭਾਈਵਾਲ' ਰਿਹਾ ਹੈ। ਸਾਈਪ੍ਰਸ ਨੂੰ ਇੱਕ 'ਪ੍ਰਸਿੱਧ ਸੈਰ-ਸਪਾਟਾ ਸਥਾਨ' ਦੱਸਦਿਆਂ, ਮੋਦੀ ਨੇ ਕਿਹਾ ਕਿ ਭਾਰਤ ਵੀ ਸੈਰ-ਸਪਾਟਾ ਸਥਾਨ ਦੇ ਵਿਕਾਸ ਅਤੇ ਪ੍ਰਬੰਧਨ 'ਤੇ ਧਿਆਨ ਕੇਂਦਰਿਤ ਕਰ ਰਿਹਾ ਹੈ ਅਤੇ ਇਸ ਲਈ 'ਸਾਡੇ ਯਾਤਰਾ ਸੰਚਾਲਕਾਂ ਵਿਚਕਾਰ ਨਜ਼ਦੀਕੀ ਸਹਿਯੋਗ ਦੋਵਾਂ ਪਾਸਿਆਂ ਲਈ ਲਾਭਦਾਇਕ ਹੈ। ਉਨ੍ਹਾਂ ਕਿਹਾ ਕਿ ਕਈ ਹੋਰ ਖੇਤਰਾਂ ਵਿੱਚ ਵੀ ਅਜਿਹੇ ਸਹਿਯੋਗ ਦੀ ਸੰਭਾਵਨਾ ਹੈ।

## ਪ੍ਰਧਾਨ ਮੰਤਰੀ ਦਾ ਸਾਈਪ੍ਰਸ ਦੇ

ਨੂੰ ਪੁਰਸਕਾਰ ਪ੍ਰਦਾਨ ਕੀਤਾ। ਇਹ ਐਵਾਰਡ ਮੁਲਕ ਦੇ ਪਹਿਲੇ ਰਾਸ਼ਟਰਪਤੀ ਆਰਕਬਿਸ਼ਪ ਮਕਾਰੀਓਸ ਦੇ ਨਾਂ 'ਤੇ ਦੇਸ਼ ਵੱਲੋਂ ਦਿੱਤਾ ਜਾਂਦਾ ਸੀਨੀਅਰ ਆਰਡਰ ਆਫ਼ ਨਾਈਟਹੁੱਡ ਹੈ।

ਮੋਦੀ ਨੇ ਪੁਰਸਕਾਰ ਭਾਰਤ ਦੇ 1.4 ਅਰਬ ਲੋਕਾਂ ਨੂੰ ਸਮਰਪਿਤ ਕਰਦਿਆਂ ਕਿਹਾ ਕਿ ਇਹ ਭਰੋਸੇਮੰਦ ਭਾਰਤ-ਸਾਈਪ੍ਰਸ ਦੋਸਤੀ ਲਈ ਇੱਕ ਇਨਾਮ ਹੈ।

ਉਨ੍ਹਾਂ ਕਿਹਾ, ਮੈਨੂੰ ਵਿਸ਼ਵਾਸ ਹੈ ਕਿ ਆਉਣ ਵਾਲੇ ਸਮੇਂ ਵਿੱਚ, ਸਾਡੀ ਸਰਗਰਮ ਸਾਂਝੇਦਾਰੀ ਨਵੀਆਂ ਉਚਾਈਆਂ ਨੂੰ ਛੂਹੇਗੀ। ਇਕੱਠੇ ਮਿਲ ਕੇ, ਅਸੀਂ ਨਾ ਸਿਰਫ ਆਪਣੇ ਦੋਵਾਂ ਦੇਸ਼ਾਂ ਦੀ ਤਰੱਕੀ ਨੂੰ ਮਜ਼ਬੂਤ ਕਰਾਂਗੇ ਬਲਕਿ ਇੱਕ ਸ਼ਾਂਤੀਪੂਰਨ ਅਤੇ ਸੁਰੱਖਿਅਤ ਦੁਨੀਆ ਬਣਾਉਣ ਵਿੱਚ ਵੀ ਯੋਗਦਾਨ ਪਾਵਾਂਗੇ।

ਇਸ ਸਬੰਧੀ ਵਿਦੇਸ਼ ਮੰਤਰਾਲੇ ਨੇ ਐਕਸ 'ਤੇ ਪੋਸਟ ਕੀਤਾ, ਰਾਸ਼ਟਰਪਤੀ @Christodulides ਨੇ PM @narendramodi ਨੂੰ ਸਾਈਪ੍ਰਸ ਦੇ 'ਗ੍ਰੈਂਡ ਕਰਾਸ ਆਫ਼ ਦ ਆਰਡਰ ਆਫ਼ ਮਕਾਰੀਓਸ ਨਾਲ ਸਨਮਾਨਿਤ ਕੀਤਾ।

ਇਹ ਸਨਮਾਨ ਸਥਾਈ ਭਾਰਤ-ਸਾਈਪ੍ਰਸ ਦੁਵੱਲੀ ਭਾਈਵਾਲੀ ਅਤੇ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਸਾਂਝੇ ਦ੍ਰਿਸ਼ਟੀਕੋਣ ਲਈ ਇਕੱਠੇ ਕੰਮ ਕਰਨ ਦੀ ਸਾਂਝੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

## ਹੁਣ ਸਿੰਧੂ ਦਾ ਪਾਣੀ ਪਹੁੰਚੇਗਾ ਰਾਜਸਥਾਨ,

ਤਹਿਤ ਪ੍ਰਾਪਤ ਸਿੰਧੂ, ਜੇਹਲਮ ਅਤੇ ਚਨਾਬ ਵਰਗੀਆਂ ਪੱਛਮੀ ਨਦੀਆਂ ਦਾ ਵੀ ਪੂਰਾ ਲਾਭ ਲੈ ਸਕਦਾ ਹੈ।

ਇਸ ਨਾਲ ਪਾਕਿਸਤਾਨ ਜਾਣ ਵਾਲੇ ਵਾਧੂ ਪਾਣੀ ਨੂੰ ਰੋਕ ਦਿੱਤਾ ਜਾਵੇਗਾ। ਟੂਆਈ ਦੀ ਰਿਪੋਰਟ ਅਨੁਸਾਰ, ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ਨੀਵਾਰ ਨੂੰ ਕਿਹਾ ਕਿ ਅਗਲੇ ਤਿੰਨ ਸਾਲਾਂ ਦੇ ਅੰਦਰ, ਸਿੰਧ ਤੋਂ ਪਾਣੀ ਨਹਿਰਾਂ ਰਾਹੀਂ ਰਾਜਸਥਾਨ ਦੇ ਸ੍ਰੀ ਗੰਗਾਨਗਰ ਤੱਕ ਪਹੁੰਚਾਇਆ ਜਾਵੇਗਾ। ਇਸ ਨਾਲ ਦੇਸ਼ ਦੇ ਇੱਕ ਵੱਡੇ ਹਿੱਸੇ ਵਿੱਚ ਸਿੰਚਾਈ ਸਹੂਲਤਾਂ ਵਧ ਜਾਣਗੀਆਂ, ਜਦੋਂ ਕਿ ਪਾਕਿਸਤਾਨ ਨੂੰ ਹਰ ਬੂੰਦ ਲਈ ਤਰਸਣਾ ਪਵੇਗਾ।

ਰਿਪੋਰਟ ਅਨੁਸਾਰ, ਇਹ ਚਨਾਬ, ਰਾਵੀ, ਬਿਆਸ, ਸਤਲੁਜ ਲਿੰਕ ਇਸ ਤਰੀਕੇ ਨਾਲ ਤਿਆਰ ਕੀਤਾ ਜਾ ਰਿਹਾ ਹੈ ਕਿ ਇਸ ਨੂੰ ਜੰਮੂ, ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ 13 ਵੱਖ-ਵੱਖ ਥਾਵਾਂ 'ਤੇ ਪਹਿਲਾਂ ਤੋਂ ਮੌਜੂਦ ਨਹਿਰਾਂ ਨਾਲ ਜੋੜਿਆ ਜਾ ਸਕੇ। ਇਸ ਨਾਲ ਸਿੱਧਾ ਇੰਦਰਾ ਗਾਂਧੀ ਨਹਿਰ (ਸਤਲੁਜ-ਬਿਆਸ) ਵਿੱਚ ਪਾਣੀ ਆਵੇਗਾ।

# ਪਹਿਲੇ ਸਫ਼ੇ ਦੀ ਬਾਕੀ

## ਸਮੁੱਚੀ ਕੌਮ ਖੁਆਰੀਆਂ 'ਚੋਂ ਨਿਕਲਣ ਲਈ

ਹਕੂਮਤਾਂ ਨੇ ਸਿੱਖਾਂ ਦਾ ਖੁਰਾਖੋਜ ਮਿਟਾਉਣ ਦਾ ਐਲਾਨ ਕੀਤਾ, ਤਾਂ ਕੌਮ ਨੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਗਵਾਈ ਲੈ ਅਬਦਾਲੀ ਨੂੰ ਗਜਨੀ ਤੱਕ ਭਜਾਇਆ। ਉਨ੍ਹਾਂ ਸਿੱਖ ਜਵਾਨੀ ਨੂੰ ਖਾਸ ਤੌਰ ਤੇ ਅਪੀਲ ਕੀਤੀ ਕਿ ਅੱਜ ਸਾਨੂੰ ਗੁਰੂ ਨਾਲੋਂ ਤੋੜਨ ਲਈ ਲਚਰਤਾ ਫੈਲਾਈ ਜਾ ਰਹੀ ਹੈ, ਉਨ੍ਹਾਂ ਕਿਹਾ ਕਿ ਸਾਰੇ ਆਪਣੀ ਜ਼ੁੰਮੇਵਾਰੀ ਸਮਝੀਏ ਅਤੇ ਅਜਿਹੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਲਈ ਬੱਚਿਆਂ ਨੂੰ ਧਰਮ ਨਾਲ ਜੋੜੀਏ। ਉਨ੍ਹਾਂ ਸਮੁੱਚੀ ਕੌਮ ਨੂੰ ਖੁਆਰੀਆਂ ਵਿਚੋਂ ਨਿਕਲਣ ਲਈ ਗੁਰੂ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਸਾਇਆ ਹੇਠ ਇਕੱਤਰ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਬਿਜੈ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਸ. ਕੁਲਦੀਪ ਸਿੰਘ ਰੋਡੇ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ ਤੇ ਸ. ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਨਰਿੰਦਰ ਸਿੰਘ, ਸ. ਜਸਪਾਲ ਸਿੰਘ ਢੱਡੇ, ਮੀਤ ਮੈਨੇਜਰ ਸ. ਗੁਰਤਿੰਦਰਪਾਲ ਸਿੰਘ ਅਤੇ ਸੰਗਤਾਂ ਮੌਜੂਦ ਸਨ।

## ਦੇਸ਼ 'ਚ ਕੋਰੋਨਾ ਦੇ ਸਰਗਰਮ

ਵੀ ਦਰਜ ਕੀਤੇ ਗਏ ਹਨ। ਸਿਹਤ ਵਿਭਾਗ ਦੇ 15 ਜੂਨ ਸਵੇਰੇ 8 ਵਜੇ ਤੱਕ ਦੇ ਅੰਕੜਿਆਂ ਅਨੁਸਾਰ ਜਨਵਰੀ, 2025 ਤੋਂ ਹੁਣ ਤੱਕ ਦੇਸ਼ ਵਿੱਚ 97 ਮਰੀਜ਼ਾਂ ਦੀ ਮੌਤ ਹੋ ਚੁੱਕੀ ਹੈ। ਸ਼ਨੀਵਾਰ ਨੂੰ ਹੀ 10 ਲੋਕਾਂ ਦੀ ਜਾਨ ਗਈ ਹੈ। ਇਹ ਨਵੇਂ ਵੇਰੀਐਂਟ ਕਾਰਨ ਇੱਕ ਦਿਨ ਵਿੱਚ ਹੋਈਆਂ ਮੌਤਾਂ ਦਾ ਸਭ ਤੋਂ ਵੱਧ ਅੰਕੜਾ ਹੈ।

## ਹੈਦਰਾਬਾਦ ਆ ਰਹੀ ਲੁਫਥਾਂਸਾ ਏਅਰਲਾਈਨ

ਦੁਪਹਿਰ 1:05 ਵਜੇ ਦੀ ਥਾਂ 2:29 ਵਜੇ ਰਵਾਨਾ ਹੋਇਆ ਸੀ। ਵੈੱਬਸਾਈਟ ਮੁਤਾਬਕ ਉਡਾਣ ਨੇ ਹੈਦਰਾਬਾਦ ਵਿਚ ਵੱਡੇ ਤੜਕੇ 1:20 ਵਜੇ ਲੈਂਡ ਕਰਨਾ ਸੀ।

**ਹੱਜ ਯਾਤਰੀਆਂ ਨੂੰ ਲੈ ਕੇ ਪੁੱਜੀ ਸਾਊਦੀ ਏਅਰਲਾਈਨ 'ਚ ਆਈ ਖਰਾਬੀ** : ਸਾਊਦੀ ਏਅਰਲਾਈਨ ਦੇ 242 ਹੱਜ ਯਾਤਰੀਆਂ ਨੂੰ ਲੈ ਕੇ ਜੇਦਾਹ ਤੋਂ ਲਖਨਊ ਪੁੱਜੇ ਜਹਾਜ਼ ਦੀ ਲੈਂਡਿੰਗ ਮੌਕੇ ਪਹੀਆਂ ਵਿਚੋਂ ਚੰਗਿਆੜੇ ਨਿਕਲਣ ਕਰਕੇ ਇਥੇ ਹਵਾਈ ਅੱਡੇ 'ਤੇ ਅਲਾਰਮ ਵੱਜ ਗਿਆ। ਇਹ ਘਟਨਾ ਐਤਵਾਰ ਸਵੇਰ ਨੂੰ ਚੌਧਰੀ ਚਰਨ ਸਿੰਘ ਕੌਮਾਂਤਰੀ ਹਵਾਈ ਅੱਡੇ ਦੀ ਹੈ ਤੇ ਸਾਰੇ ਯਾਤਰੀਆਂ ਨੂੰ ਸੁਰੱਖਿਅਤ ਉਤਾਰ ਲਿਆ ਗਿਆ। ਜਹਾਜ਼ ਨੂੰ ਵੀ ਕੋਈ ਨੁਕਸਾਨ ਨਹੀਂ ਪੁੱਜਾ। ਸੂਤਰਾਂ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ,ਜੇਦਾਹ ਤੋਂ 242 ਹੱਜ ਯਾਤਰੀਆਂ ਨੂੰ ਵਾਪਸ ਲੈ ਕੇ ਆ ਰਹੇ ਸਾਊਦੀ ਏਅਰਲਾਈਨ ਦੇ ਜਹਾਜ਼ ਦੇ ਪਹੀਆਂ ਵਿਚੋਂ ਧੂੰਆਂ ਨਿਕਲਦਾ ਦੇਖਿਆ ਗਿਆ। ਉਨ੍ਹਾਂ ਕਿਹਾ,"ਜਹਾਜ਼ ਬਚਾਅ ਤੇ ਫਾਇਰ ਬ੍ਰਿਗੇਡ ਟੀਮ ਮੌਕੇ 'ਤੇ ਪੁੱਜੀ। ਸਾਊਦੀ ਟੀਮ ਨਾਲ ਮਿਲ ਕੇ ਧੂੰਏਂ 'ਤੇ ਕਾਬੂ ਪਾਇਆ ਤੇ ਜਹਾਜ਼ ਨੂੰ ਹੋਣ ਵਾਲਾ ਨੁਕਸਾਨ ਟਲ ਗਿਆ। ਉਨ੍ਹਾਂ ਕਿਹਾ ਕਿ ਇਸ ਘਟਨਾ ਨਾਲ ਹਵਾਈ ਅੱਡੇ ਦੇ ਸੰਚਾਲਨ 'ਤੇ ਕੋਈ ਅਸਰ ਨਹੀਂ ਪਿਆ। ਸੂਤਰਾਂ ਨੇ ਕਿਹਾ ਕਿ ਖਾਲੀ ਜਹਾਜ਼ ਅੱਜ ਆਪਣੀ ਵਾਪਸੀ ਲਈ ਰਵਾਨਾ ਹੋਵੇਗਾ।

## ਏਅਰ ਇੰਡੀਆ ਦੀ ਉਡਾਣ ਤਕਨੀਕੀ ਨੁਕਸ

ਏਅਰ ਇੰਡੀਆ ਦੀ ਉਡਾਣ ਸਥਾਨਕ ਸਮੇਂ ਮੁਤਾਬਕ ਬਾਅਦ ਦੁਪਹਿਰ 12:16 ਵਜੇ ਰਵਾਨਾ ਹੋਈ ਸੀ ਤੇ ਇਸ ਨੇ ਭਾਰਤੀ ਸਮੇਂ ਮੁਤਾਬਕ ਦਿੱਲੀ ਵਿਚ ਬਾਅਦ ਦੁਪਹਿਰ 12:20 ਵਜੇ ਉਤਰਨਾ ਸੀ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਲੁਫਥਾਂਸਾ ਏਅਰਲਾਈਨ ਦੀ ਫਰੈਂਕਫਰਟ ਤੋਂ ਹੈਦਰਾਬਾਦ ਆ ਰਹੀ ਉਡਾਣ ਨੂੰ ਬੰਬ ਦੀ ਧਮਕੀ ਮਗਰੋਂ ਵਾਪਸ ਮੋੜ ਦਿੱਤਾ ਗਿਆ ਸੀ।

## ਐਨ.ਪੀ.ਸੀ.ਆਈ. ਲੈਣ-ਦੇਣ ਦੀ ਰਫ਼ਤਾਰ

ਮੁਕਾਬਲੇ 10 ਤੋਂ 15 ਸਕਿੰਟਾਂ ਵਿੱਚ ਪੂਰੇ ਕੀਤੇ ਜਾਇਆ ਕਰਨਗੇ। 16 ਜੂਨ ਤੋਂ ਪ੍ਰਭਾਵੀ, ਯੂ.ਪੀ.ਆਈ. ਭੁਗਤਾਨ ਵਿੱਚ ਪਤੇ ਨੂੰ ਪ੍ਰਮਾਣਿਤ ਕਰਨ ਲਈ ਲੱਗਣ ਵਾਲਾ ਸਮਾਂ ਹੁਣ ਪਹਿਲਾਂ 15 ਸਕਿੰਟ ਦੇ ਮੁਕਾਬਲੇ ਸਿਰਫ਼ 10 ਸਕਿੰਟ ਲਵੇਗਾ। ਐਨ.ਪੀ.ਸੀ.ਆਈ. ਨੇ ਕਿਹਾ ਕਿ ਜਵਾਬ ਸਮੇਂ ਵਿੱਚ ਸੋਧਾਂ ਦਾ ਉਦੇਸ਼ ਗਾਹਕ ਤਜਰਬੇ ਨੂੰ ਬਿਹਤਰ ਬਣਾਉਣਾ ਹੈ। ਐਨ.ਪੀ.ਸੀ.ਆਈ. ਦੇ ਇੱਕ ਹੋਰ ਸਰਕੂਲਰ ਦੇ ਅਨੁਸਾਰ, ਗਾਹਕ ਜਲਦੀ ਹੀ ਆਪਣੇ ਯੂ.ਪੀ.ਆਈ. ਐਪਸ ਰਾਹੀਂ ਦਿਨ ਵਿੱਚ 50 ਵਾਰ ਆਪਣੇ ਖਾਤੇ ਦੇ ਬਕਾਏ ਦੀ ਜਾਂਚ ਕਰਨ ਦੇ ਯੋਗ ਹੋਣਗੇ।

## ਤੁਹਾਡੇ ਵਰਗਿਆਂ ਕਾਰਨ ਭਾਰਤੀ ਪਾਸਪੋਰਟ

ਮਾਮਲੇ ਦੇ ਤੱਥਾਂ ਦਾ ਹਵਾਲਾ ਦਿੰਦੇ ਹੋਏ ਬੈਂਚ ਨੇ ਕਿਹਾ ਕਿ ਮੁਲਜ਼ਮ ਨੇ ਨਾ ਸਿਰਫ਼ ਵਿਅਕਤੀ ਨੂੰ ਧੋਖਾ ਦਿੱਤਾ, ਸਗੋਂ ਉਸਨੂੰ ਅਮਰੀਕਾ ਵਿਚ ਗ਼ੈਰਕਾਨੂੰਨੀ ਢੰਗ ਨਾਲ ਦਾਖ਼ਲ ਕਰਾਉਣ ਲਈ ਉਥੋਂ ਦੀ ਸਰਹੱਦ ਨਾਲ ਲੱਗਦੇ ਕਈ ਦੇਸ਼ਾਂ ਵਿੱਚ ਅਣਮਨੁੱਖੀ ਹਾਲਾਤ ਵਿੱਚ ਯਾਤਰਾ ਕਰਨ ਲਈ ਮਜਬੂਰ ਕੀਤਾ। ਬੈਂਚ ਨੇ ਦੋਸ਼ਾਂ ਨੂੰ ਬਹੁਤ ਗੰਭੀਰਕਰਾਰ ਦਿੱਤਾ ਅਤੇ ਹਰਿਆਣਾ ਦੇ ਰਹਿਣ ਵਾਲੇ ਓਮ ਪ੍ਰਕਾਸ਼ ਦੀ ਅਗਾਊਂ ਜ਼ਮਾਨਤ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ। ਇਹ ਪਟੀਸ਼ਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਉਸ ਹੁਕਮ ਖ਼ਿਲਾਫ਼ ਦਾਇਰ ਕੀਤੀ ਗਈ ਸੀ, ਜਿਸ ਵਿੱਚ ਉਸ ਨੂੰ ਰਾਹਤ ਦੇਣ ਤੋਂ ਇਨਕਾਰ ਕੀਤਾ ਗਿਆ ਸੀ। ਐਫ.ਆਈ.ਆਰ. ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਪ੍ਰਕਾਸ਼ ਮੁੱਖ ਮੁਲਜ਼ਮ ਏਜੰਟ ਦਾ ਸਾਥੀ ਸੀ, ਜਿਸ ਨੇ ਸ਼ਿਕਾਇਤਕਰਤਾ ਨੂੰ ਭਰੋਸਾ ਦਿੱਤਾ ਸੀ ਕਿ ਉਹ ਉਸ ਨੂੰ 43 ਲੱਖ ਰੁਪਏ ਦੀ ਅਦਾਇਗੀ 'ਤੇ ਜਾਇਜ਼ ਤਰੀਕਿਆਂ ਨਾਲ ਅਮਰੀਕਾ ਭੇਜਿਆ ਜਾਵੇਗਾ, ਪਰ ਅਜਿਹਾ ਨਹੀਂ ਹੋਇਆ। ਉਸ ਨੂੰ ਡੰਕੀ ਰੂਟ ਰਾਹੀਂ ਅਮਰੀਕਾ ਦਾਖ਼ਲ ਕਰਵਾਇਆ ਗਿਆ, ਜਿਥੇ ਉਹ ਫੜਿਆ ਗਿਆ ਤੇ ਅਮਰਕੀ ਵੱਲੋਂ 16 ਫਰਵਰੀ, 2025 ਨੂੰ ਉਸ ਨੂੰ ਹੋਰ ਲੋਕਾਂ ਨਾਲ ਡਿਪੋਰਟ ਕਰ ਕੇ ਭਾਰਤ ਭੇਜ ਦਿੱਤਾ ਗਿਆ।

## ਯੂ.ਪੀ. ਦੀ ਪਟਾਕਾ ਫੈਕਟਰੀ ਵਿੱਚ

ਦੱਸਿਆ ਕਿ ਥਾਣਾ ਰਜਬਪੁਰ ਖੇਤਰ ਅਧੀਨ ਪਿੰਡ ਅਤਰਾਸੀ ਵਿਚ ਕੋਤਵਾਲੀ ਹਾਪੁੜ ਖੇਤਰ ਦੇ 1248/02 ਭੰਡਾ ਪੱਟੀ ਦੇ ਨਿਵਾਸੀ ਸੈਫੁਰਰਹਿਮਾਨ ਵੱਲੋਂ ਇਕ ਲਾਇਸੈਂਸਸ਼ੁਦਾ ਪਟਾਕਿਆਂ ਦੀ ਫੈਕਟਰੀ ਚਲਾਈ ਜਾ ਰਹੀ ਹੈ। ਅੱਜ ਦੁਪਹਿਰ 12 ਵਜੇ ਦੇ ਕਰੀਬ ਪਟਾਕਿਆਂ ਦੀ ਫੈਕਟਰੀ ਵਿਚ ਅਚਾਨਕ ਹੋਏ ਜ਼ੋਰਦਾਰ ਧਮਾਕੇ ਕਾਰਨ ਫੈਕਟਰੀ ਦੀ ਛੱਤ ਉੱਡ ਗਈ। ਫੈਕਟਰੀ ਵਰਕਰ ਕਿਸ਼ੋਰ, ਵਿਸ਼ਾਲ, ਪੂਜਾ ਧੀ ਅਮਿਤ, ਪੂਜਾ ਧੀ ਗਿਰੀਸ਼ ਚੰਦਰ (27), ਮੋਨਾ (26), ਸੋਨੀਆ (37), ਪੂਜਾ ਪਤਨੀ ਰਾਜੇਸ਼ (32), ਰੂਮਾ, ਪ੍ਰਵੇਸ਼, ਸਲੋਨੀ, ਇੰਦਰਾਵਤੀ, ਰੁਖਸਾਨਾ, ਸ਼ਹਿਨਾਜ਼ ਬੁਰੀ ਤਰ੍ਹਾਂ ਸੜ ਗਏ। ਫੈਕਟਰੀ ਦੇ ਮਲਬੇ ਹੇਠ ਕਈ ਮਜ਼ਦੂਰ ਦੱਬੇ ਗਏ। ਜਿਨ੍ਹਾਂ ਵਿੱਚੋਂ ਚਾਰ ਔਰਤਾਂ ਜਿਨ੍ਹਾਂ ਵਿਚ ਦਾਨਵੀਰ ਦੀ ਪਤਨੀ ਰੂਮਾ (27), ਸ਼੍ਰੀਮਤੀ ਪ੍ਰਵੇਸ਼, ਰੁਖਸਾਨਾ ਅਤੇ ਸ਼੍ਰੀਮਤੀ ਸ਼ਹਿਨਾਜ਼ ਸ਼ਾਮਲ ਸਨ, ਦੀ ਮੌਕੇ 'ਤੇ ਹੀ ਮੌਤ ਹੋ ਗਈ। ਮੌਕੇ 'ਤੇ ਐਂਬੂਲੈਂਸ ਅਤੇ ਪੁਲਿਸ ਵੱਲੋਂ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ ਗਿਆ। ਮਲਬੇ ਹੇਠ ਦੱਬੀਆਂ ਔਰਤਾਂ ਅਤੇ ਬੱਚਿਆਂ ਨੂੰ ਜ਼ਖਮੀ ਹਾਲਤ ਵਿਚ ਬਾਹਰ ਕੱਢਿਆ ਗਿਆ ਅਤੇ ਤੁਰੰਤ ਇਲਾਜ ਲਈ ਹਸਪਤਾਲ ਭੇਜਿਆ ਗਿਆ। ਲਾਸ਼ਾਂ ਨੂੰ ਪੋਸਟਮਾਰਟਮ ਹਾਊਸ ਭੇਜ ਦਿੱਤਾ ਗਿਆ। ਜ਼ਿਲ੍ਹਾ ਮੈਜਿਸਟ੍ਰੇਟ ਅਤੇ ਐੱਸ.ਪੀ. ਹਸਪਤਾਲ ਪਹੁੰਚੇ ਅਤੇ ਡਾਕਟਰਾਂ ਨੂੰ ਜ਼ਖਮੀਆਂ ਦਾ ਸਹੀ ਇਲਾਜ ਕਰਨ ਦੇ ਨਿਰਦੇਸ਼ ਦਿੱਤੇ।

## ਸੰਜੇ ਭੰਡਾਰੀ ਨਾਲ ਜੁੜੇ ਪੀ.ਐਮ.ਐਲ.ਏ.

ਵਕੀਲ ਨੇ ਫਿਰ ਕਿਹਾ ਸੀ ਕਿ ਵਾਡਰਾ ਦਾ ਸੰਮਨ ਤੋਂ ਬਚਣ ਦਾ ਕੋਈ ਇਰਾਦਾ ਨਹੀਂ ਹੈ ਅਤੇ ਉਹ ਇਸ ਮਹੀਨੇ ਦੇ ਅੰਤ ਵਿੱਚ ਆਪਣੀ ਵਿਦੇਸ਼ ਯਾਤਰਾ ਤੋਂ ਪਹਿਲਾਂ ਜਾਂ ਬਾਅਦ ਵਿੱਚ ਕਿਸੇ ਵੀ ਸਮੇਂ ਈ.ਡੀ. ਦੇ ਸਾਹਮਣੇ ਪੇਸ਼ ਹੋਣ ਲਈ ਤਿਆਰ ਹਨ। ਸਮਝਿਆ ਜਾਂਦਾ ਹੈ ਕਿ ਏਜੰਸੀ ਨੇ ਵਾਡਰਾ ਨੂੰ ਪੀ.ਐਮ.ਐਲ.ਏ. ਅਧੀਨ ਆਪਣਾ ਬਿਆਨ ਦਰਜ ਕਰਵਾਉਣ ਲਈ ਤਲਬ ਕੀਤਾ ਹੈ ਅਤੇ ਬਾਅਦ ਵਿੱਚ ਇਸ ਮਾਮਲੇ ਵਿੱਚ ਚਾਰਜਸ਼ੀਟ ਦਾਇਰ ਕੀਤੀ ਹੈ।

## ਈਰਾਨ ਟੈਲੀਵਿਜ਼ਨ 'ਤੇ ਇਜ਼ਰਾਈਲ

ਇਕ ਤਰਫਾ ਪ੍ਰਸ਼ਾਰਨ ਕੀਤਾ ਜਾਂਦਾ ਹੈ।

ਇਜਰਾਇਲ ਅਤੇ ਅਮਰੀਕਾ ਦੁਆਰਾ ਹਮੇਸ਼ਾ ਇਹ ਕਿਹਾ ਹੈ ਕਿ ਉਹ ਆਪਣੀ ਸੂਚਨਾ ਤੰਤਰ ਅਤੇ ਉਸਨੂੰ ਕਾਊਂਟਰ ਕਰਨ ਵਾਸਤੇ ਪੱਛਮੀ ਦੇਸ਼ਾਂ ਤੇ ਅਮਰੀਕਾ ਦੇ ਚੈਨਲਾਂ ਨੂੰ ਵਰਤਨ ਪਰਸ਼ੀਅਨ ਜੁਬਾਨ ਵਿੱਚ ਈਰਾਨ ਟੈਲੀਵਿਜ਼ਨ ਤੇ ਹਮਲਾ ਇਹ ਦੱਸਦਾ ਹੈ ਤੇ ਦੋਨਾਂ ਦੇਸ਼ਾਂ ਦੇ ਵਿੱਚ ਪ੍ਰਚਾਰ ਪ੍ਰਸਾਰ ਦੇ ਰੇਂਜ ਨੂੰ ਬੰਦ ਕਰਨਾ ਅਤੇ ਮੀਡੀਆ ਦੀ ਤਾਕਤ ਨੂੰ ਬੰਦ ਕਰਨਾ ਹੈ।

ਇਹ ਉਸ ਫੈਸਲੇ ਦਾ ਵੀ ਉਲੰਘਣ ਹੈ ਜਿੱਥੇ ਅੰਤਰਰਾਸ਼ਟਰੀ ਬਰਾਡਕਾਸਟਿੰਗ ਨਿਯਮ ਲਾਗੂ ਹੁੰਦੇ ਹਨ ਪਰੰਤ ਇਜਰਾਇਲ ਈਰਾਨ ਦੀ ਲੜਾਈ ਦੇ ਵਿੱਚ ਸਾਰੇ ਨਿਯਮ ਤੋੜੇ ਗਏ ਹਨ। ? ਆਉਣ ਵਾਲੇ ਦਿਨਾਂ ਦੇ ਵਿੱਚ ਵੱਡੀ ਤਬਾਹੀ ਦੇ ਸੰਕੇਤ ਮਿਲ ਰਹੇ ਹਨ।

ਈਰਾਨੀ ਟੈਲੀਵਿਜ਼ਨ ਬਿਲਕੁਲ ਤਬਾਹ ਹੋ ਗਿਆ ਹੈ ਅਤੇ ਇੱਥੇ ਵਰਨਣ ਜੋਗ ਹੈ ਕਿ ਇੱਥੇ ਈਰਾਨ ਰੇਡੀਓ ਦਾ ਕੇਂਦਰ ਹੈ ਜਿੱਥੋਂ ਪੂਰੇ ਈਰਾਨ ਵਿੱਚ ਪਰਸ਼ੀਅਨ ਬਰਾਡਕਾਸਟਿੰਗ ਸੇਵਾ ਚੱਲਦੀ ਹੈ।

## ਡੀ.ਐਨ.ਏ. ਟੈਸਟ 'ਚ 80 ਲੋਕਾਂ ਦੀ ਹੋਈ

ਕੀਤਾ। ਉਨ੍ਹਾਂ ਦਾ ਅੰਤਿਮ ਸਸਕਾਰ ਸ਼ਾਮ ਨੂੰ ਰਾਜਕੋਟ ਵਿੱਚ ਕੀਤਾ ਜਾਵੇਗਾ।ਲੰਡਨ ਜਾਣ ਵਾਲੇ ਬੋਇੰਗ 787-8 (ਏ.ਆਈ.-171) ਵਿੱਚ 242 ਲੋਕ ਸਵਾਰ ਸਨ, ਜਿਨ੍ਹਾਂ ਵਿੱਚ ਯਾਤਰੀ ਅਤੇ ਚਾਲਕ ਦਲ ਦੇ ਮੈਂਬਰ ਸ਼ਾਮਲ ਸਨ, ਜਿਨ੍ਹਾਂ ਵਿੱਚੋਂ 241 ਦੀ ਮੌਤ ਹੋ ਗਈ। ਹਾਦਸੇ ਵਿੱਚ ਸਿਰਫ਼ ਇੱਕ ਵਿਅਕਤੀ ਬਚ ਗਿਆ। ਇਸ ਘਟਨਾ ਵਿੱਚ ਮੈਡੀਕਲ ਕਾਲਜ ਦੇ ਪੰਜ ਵਿਦਿਆਰਥੀਆਂ ਸਮੇਤ 29 ਹੋਰ ਲੋਕਾਂ ਦੀ ਵੀ ਮੌਤ ਹੋ ਗਈ।

ਵਧੀਕ ਸਿਵਲ ਸੁਪਰਡੈਂਟ ਡਾ: ਰਜਨੀਸ਼ ਪਟੇਲ ਨੇ ਪੱਤਰਕਾਰਾਂ ਨੂੰ ਦੱਸਿਆ, 'ਡੀਐਨਏ ਮੈਚਿੰਗ ਰਾਹੀਂ ਹੁਣ ਤੱਕ ਕੁੱਲ 80 ਮ੍ਰਿਤਕਾਂ ਦੀ ਪਛਾਣ ਕੀਤੀ ਗਈ ਹੈ। ਇਨ੍ਹਾਂ ਵਿੱਚੋਂ 33 ਦੀਆਂ ਲਾਸ਼ਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ।' ਸੌਂਪੀਆਂ ਗਈਆਂ ਲਾਸ਼ਾਂ ਅਹਿਮਦਾਬਾਦ, ਵਡੋਦਰਾ, ਖੇੜਾ, ਬੋਟਾਦ ਅਤੇ ਹੋਰ ਥਾਵਾਂ ਤੋਂ ਹਨ।

ਸਰਕਾਰੀ ਬੀ.ਜੇ. ਮੈਡੀਕਲ ਕਾਲਜ ਦੇ ਸਰਜਰੀ ਦੇ ਪ੍ਰੋਫੈਸਰ ਡਾ: ਪਟੇਲ ਨੇ ਕਿਹਾ ਕਿ ਘਟਨਾ ਵਿੱਚ ਜ਼ਖ਼ਮੀ ਹੋਏ 51 ਲੋਕਾਂ ਵਿੱਚੋਂ 38 ਨੂੰ ਛੁੱਟੀ ਦੇ ਦਿੱਤੀ ਗਈ ਹੈ, ਜਦੋਂ ਕਿ 13 ਦਾ ਅਜੇ ਵੀ ਇਲਾਜ ਚੱਲ ਰਿਹਾ ਹੈ।

ਬੀ.ਜੇ. ਮੈਡੀਕਲ ਕਾਲਜ ਜੂਨੀਅਰ ਡਾਕਟਰ ਐਸੋਸੀਏਸ਼ਨ ਦੇ ਪ੍ਰਧਾਨ ਡਾ: ਧਵਲ ਗਾਮੇਤੀ ਦੇ ਅਨੁਸਾਰ, ਹਾਦਸੇ ਵਾਲੀ ਥਾਂ ਤੋਂ ਲਗਭਗ 270 ਲਾਸ਼ਾਂ ਅਹਿਮਦਾਬਾਦ ਸਿਵਲ ਹਸਪਤਾਲ ਲਿਆਂਦੀਆਂ ਗਈਆਂ।

ਰਾਜ ਰਾਹਤ ਕਮਿਸ਼ਨਰ ਅਲੋਕ ਕੁਮਾਰ ਪਾਂਡੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜਹਾਜ਼ ਹਾਦਸੇ ਵਿੱਚ ਮਾਰੇ ਗਏ ਸਾਰੇ 230 ਯਾਤਰੀਆਂ ਦੇ ਪਰਿਵਾਰਾਂ ਨਾਲ ਸੰਪਰਕ ਕੀਤਾ ਗਿਆ ਹੈ।

ਪਾਂਡੇ ਨੇ ਕਿਹਾ, 'ਸਿਰਫ਼ ਤਿੰਨ ਯਾਤਰੀ ਮੈਂਬਰਾਂ ਨੇ ਹੁਣ ਤੱਕ ਆਪਣੇ ਡੀ.ਐਨ.ਏ. ਨਮੂਨੇ ਨਹੀਂ ਦਿੱਤੇ ਹਨ ਕਿਉਂਕਿ ਉਹ ਵਿਦੇਸ਼ਾਂ ਵਿੱਚ ਰਹਿੰਦੇ ਹਨ। ਉਨ੍ਹਾਂ ਦੇ ਕੱਲ੍ਹ ਸ਼ਾਮ ਤੱਕ ਪਹੁੰਚਣ ਦੀ ਉਮੀਦ ਹੈ। ਲਾਸ਼ਾਂ ਦੇ ਨਾਲ, ਅਸੀਂ ਪਰਿਵਾਰਾਂ ਨੂੰ ਮੌਤ ਦੇ ਸਰਟੀਫਿਕੇਟ ਵੀ ਸੌਂਪ ਰਹੇ ਹਾਂ ਤਾਂ ਜੋ ਉਨ੍ਹਾਂ ਨੂੰ ਬਾਅਦ ਵਿੱਚ ਕੋਈ ਸਮੱਸਿਆ ਨਾ ਆਵੇ।

ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (ਏ.ਏ.ਆਈ.ਬੀ.) ਹਾਦਸੇ ਦੇ ਕਾਰਨਾਂ ਦੀ ਡੂੰਘਾਈ ਨਾਲ ਜਾਂਚ ਕਰ ਰਿਹਾ ਹੈ। ਰਾਜ ਪੁਲਿਸ ਸਮੇਤ ਵੱਖ-ਵੱਖ ਕੇਂਦਰੀ ਅਤੇ ਰਾਜ ਸਰਕਾਰੀ ਏਜੰਸੀਆਂ ਮੇਘਨੀਨਗਰ ਵਿੱਚ ਹਾਦਸੇ ਵਾਲੀ ਥਾਂ 'ਤੇ ਏ.ਏ.ਆਈ.ਬੀ. ਟੀਮ ਦੀ ਸਹਾਇਤਾ ਕਰ ਰਹੀਆਂ ਹਨ।

ਸੂਤਰਾਂ ਨੇ ਕਿਹਾ ਕਿ ਕੇਂਦਰ ਦੁਆਰਾ ਗਠਿਤ ਉੱਚ-ਪੱਧਰੀ ਬਹੁ-ਅਨੁਸ਼ਾਸਨੀ ਕਮੇਟੀ ਸੋਮਵਾਰ ਨੂੰ ਨਵੀਂ ਦਿੱਲੀ ਵਿੱਚ ਆਪਣੀ ਪਹਿਲੀ ਮੀਟਿੰਗ ਕਰੇਗੀ।

ਕੇਂਦਰ ਸਰਕਾਰ ਨੇ ਸ਼ਨੀਵਾਰ ਨੂੰ ਜਹਾਜ਼ ਹਾਦਸੇ ਦੇ 'ਮੂਲ ਕਾਰਨ' ਦਾ ਪਤਾ ਲਗਾਉਣ ਅਤੇ ਕਿਸੇ ਵੀ ਯੋਗਦਾਨ ਪਾਉਣ ਵਾਲੇ ਕਾਰਕਾਂ - ਜਿਵੇਂ ਕਿ ਮਕੈਨੀਕਲ ਅਸਫ਼ਲਤਾ, ਮਨੁੱਖੀ ਗਲਤੀ ਅਤੇ ਰੈਗੂਲੇਟਰੀ ਪਾਲਣਾ ਦਾ ਮੁਲਾਂਕਣ ਕਰਨ ਲਈ ਇੱਕ ਉੱਚ-ਪੱਧਰੀ ਬਹੁ-ਅਨੁਸ਼ਾਸਨੀ ਕਮੇਟੀ ਦਾ ਗਠਨ ਕੀਤਾ।

ਗ੍ਰਹਿ ਸਕੱਤਰ ਗੋਵਿੰਦ ਮੋਹਨ ਦੀ ਅਗਵਾਈ ਵਾਲੀ ਕਮੇਟੀ ਨੂੰ ਤਿੰਨ ਮਹੀਨਿਆਂ ਦੇ ਅੰਦਰ ਆਪਣੀ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਘਟਨਾ ਵਿੱਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਤਾਲਮੇਲ ਬਣਾਉਣ ਲਈ 230 ਟੀਮਾਂ ਬਣਾਈਆਂ ਗਈਆਂ ਹਨ।

ਚੱਲ ਰਹੇ ਯਤਨਾਂ ਦੇ ਹਿੱਸੇ ਵਜੋਂ, ਮ੍ਰਿਤਕਾਂ ਦੇ ਪਰਿਵਾਰਾਂ ਨਾਲ ਤਾਲਮੇਲ ਬਣਾਉਣ ਲਈ 230 ਟੀਮਾਂ ਬਣਾਈਆਂ ਗਈਆਂ ਹਨ।

ਅਹਿਮਦਾਬਾਦ ਫਾਇਰ ਡਿਪਾਰਟਮੈਂਟ ਦੇ ਅਧਿਕਾਰੀਆਂ ਨੇ ਕਿਹਾ ਕਿ ਜਾਂਚ ਅਧਿਕਾਰੀਆਂ ਦੀ ਸਹਾਇਤਾ ਲਈ ਐਤਵਾਰ ਨੂੰ ਤਿੰਨ ਵਫ਼ਦਾਂ, ਜਿਨ੍ਹਾਂ ਵਿੱਚ ਕੁਝ ਵਿਦੇਸ਼ੀ ਵੀ ਸ਼ਾਮਲ ਸਨ, ਨੇ ਹਾਦਸੇ ਵਾਲੀ ਥਾਂ ਦਾ ਦੌਰਾ ਕੀਤਾ।

ਇਸ ਦੌਰਾਨ, ਏਅਰ ਇੰਡੀਆ ਨੇ ਐਤਵਾਰ ਨੂੰ ਕਿਹਾ ਕਿ ਉਹ ਜਹਾਜ਼ ਹਾਦਸੇ ਦੇ ਪੀੜਤਾਂ ਦੇ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਟਾਟਾ ਗਰੁੱਪ ਦੀਆਂ ਹੋਰ ਕੰਪਨੀਆਂ ਨਾਲ ਮਿਲ ਕੇ ਕੰਮ ਕਰ ਰਹੀ ਹੈ। ਏਅਰਲਾਈਨ ਨੇ ਇੱਕ ਬਿਆਨ ਵਿੱਚ ਇਹ ਵੀ ਕਿਹਾ ਕਿ ਯਾਤਰੀਆਂ ਦੇ 400 ਤੋਂ ਵੱਧ ਪਰਿਵਾਰਕ ਮੈਂਬਰ ਅਹਿਮਦਾਬਾਦ ਪਹੁੰਚ ਗਏ ਹਨ ਅਤੇ ਵੱਖ-ਵੱਖ ਟੀਮਾਂ ਦੁਆਰਾ ਉਨ੍ਹਾਂ ਦੀ ਮਦਦ ਕੀਤੀ ਜਾ ਰਹੀ ਹੈ।

ਸਥਿਤੀ ਦਾ ਜਾਇਜ਼ਾ ਲੈਣ ਲਈ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰਮੁੱਖ ਸਕੱਤਰ ਪੀ.ਕੇ. ਮਿਸ਼ਰਾ ਨੇ ਐਤਵਾਰ ਨੂੰ ਹਾਦਸੇ ਵਾਲੀ ਥਾਂ ਅਤੇ ਸਿਵਲ ਹਸਪਤਾਲ ਦਾ ਦੌਰਾ ਕੀਤਾ। ਉਨ੍ਹਾਂ ਨੇ ਘਟਨਾਕ੍ਰਮ ਦਾ ਜਾਇਜ਼ਾ ਲਿਆ ਅਤੇ ਜ਼ਖ਼ਮੀਆਂ ਨਾਲ ਗੱਲਬਾਤ ਕੀਤੀ।ਰਾਜ ਸਰਕਾਰ ਦੇ ਅਧਿਕਾਰੀਆਂ ਨੇ ਮਿਸ਼ਰਾ ਨੂੰ ਹਾਦਸੇ ਦੇ ਵਿਕਾਸ ਬਾਰੇ ਜਾਣਕਾਰੀ ਦਿੱਤੀ, ਜੋ ਕਿ ਦਹਾਕਿਆਂ ਵਿੱਚ ਦੇਸ਼ ਦਾ ਸਭ ਤੋਂ ਭਿਆਨਕ ਹਵਾਬਾਜ਼ੀ ਹਾਦਸਾ ਹੈ। ਮਿਸ਼ਰਾ ਜ਼ਖ਼ਮੀਆਂ ਦੀ ਹਾਲਤ ਬਾਰੇ ਪੁੱਛਗਿੱਛ ਕਰਨ ਤੋਂ ਬਾਅਦ ਹਸਪਤਾਲ ਦੇ ਮੁਰਦਾਘਰ ਗਏ।

ਮਿਸ਼ਰਾ ਨੇ ਪੱਤਰਕਾਰਾਂ ਨੂੰ ਕਿਹਾ, 'ਮੈਂ ਇਸ ਦੁਖਾਂਤ ਦੀ ਗੰਭੀਰਤਾ ਤੋਂ ਬਹੁਤ ਦੁਖੀ ਹਾਂ। ਹਰ ਕੋਈ ਦੁਖੀ ਹੈ। ਪੀੜਤਾਂ ਦੇ ਦੁੱਖ ਨੂੰ ਸਾਂਝਾ ਕਰਨਾ ਅਤੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਨਾ ਸਾਡਾ ਫਰਜ਼ ਹੈ।ਅਹਿਮਦਾਬਾਦ ਨਗਰ ਨਿਗਮ (ਏਐਮਸੀ) ਦੇ ਕਮਿਸ਼ਨਰ ਬੀ. ਨਿਧੀ ਪਾਨੀ ਨੇ ਕਿਹਾ ਕਿ 'ਬਲੈਕ ਬਾਕਸ' ਦੀ ਬਰਾਮਦਗੀ ਜਾਂਚ ਪ੍ਰਕਿਰਿਆ ਦਾ ਇੱਕ ਬਹੁਤ ਮਹੱਤਵਪੂਰਨ ਹਿੱਸਾ ਸੀ।

# ਰੀਲ ਬਣਾਉਣ ਲਈ ਸੱਪ ਨੂੰ ਚੁੰਮਣ ਦੀ ਕੋਸ਼ਿਸ਼ ਦੌਰਾਨ ਡੰਗੇ ਜਾਣ ਕਾਰਨ ਹਸਪਤਾਲ ਪੁੱਜਾ ਵਿਅਕਤੀ



ਮੁਰਾਦਾਬਾਦ, 16 ਜੂਨ (ਚ.ਨ.ਸ.) : ਲੋਕ ਸ਼ੋਸ਼ਲ ਮੀਡੀਆ 'ਤੇ ਵਾਇਰਲ ਹੋਣ ਲਈ ਅਨੋਖੀਆਂ ਰੀਲਾਂ ਬਣਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਕਈ ਤਰ੍ਹਾਂ ਦੇ ਜ਼ੋਖਮ ਭਰੇ ਕੰਮ ਕਰਦੇ ਦਿਖਾਈ ਦਿੰਦੇ ਹਨ। ਅਮਰੋਹਾ ਜ਼ਿਲ੍ਹੇ ਦੇ ਹੈਬਤਪੁਰ ਪਿੰਡ ਤੋਂ ਇਸੇ ਤਰ੍ਹਾਂ ਦਾ ਇੱਕ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। ਜਿੱਥੇ ਇਕ ਵਿਅਕਤੀ ਨੇ ਕਥਿਤ ਤੌਰ 'ਤੇ ਰੀਲ ਬਣਾਉਣ ਲਈ ਸੱਪ ਨੂੰ ਚੁੰਮਣ ਦੀ ਕੋਸ਼ਿਸ਼ ਕੀਤੀ। ਪਰ ਇਸ ਦੌਰਾਨ ਸੱਪ ਨੇ ਉਸ ਦੀ ਜੀਭ 'ਤੇ ਡੰਗ ਮਾਰ ਦਿੱਤਾ, ਜਿਸ ਤੋਂ ਬਾਅਦ ਵਿਅਕਤੀ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵੱਡੇ ਪੱਧਰ 'ਤੇ ਵਾਇਰਲ ਹੋ ਰਹੀ ਹੈ, ਜਿਸ ਦੀ ਲੋਕਾਂ ਨੇ ਤਿੱਖੀ ਆਲੋਚਨਾ ਵੀ ਕੀਤੀ ਹੈ। ਜਾਣਕਾਰੀ ਅਨੁਸਾਰ ਇਹ ਘਟਨਾ ਸ਼ੁੱਕਰਵਾਰ ਸ਼ਾਮ ਨੂੰ ਅਮਰੋਹਾ ਜ਼ਿਲ੍ਹੇ ਦੇ ਹੈਬਤਪੁਰ ਪਿੰਡ ਵਿੱਚ ਵਾਪਰੀ, ਜਿੱਥੇ ਕਿਸਾਨ ਜਤਿੰਦਰ ਕੁਮਾਰ (50) ਨੇ ਸੱਪ ਨੂੰ ਫੜਨ ਤੋਂ ਬਾਅਦ ਉਸ ਨਾਲ ਇੱਕ ਵੀਡੀਓ ਬਣਾਉਣ ਦਾ ਫੈਸਲਾ ਕੀਤਾ।ਕੁਮਾਰ ਨੇ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਸੱਪ ਦੇ ਨਾਲ ਫੋਟੋ ਖਿੱਚਵਾਈ ਅਤੇ ਰੀਲ ਬਣਵਾਈ, ਜਿਸ ਨੂੰ ਉੱਥੇ ਮੌਜੂਦ ਕਈ ਲੋਕਾਂ ਨੇ ਰਿਕਾਰਡ ਵੀ ਕੀਤਾ। ਸਥਾਨਕ ਲੋਕਾਂ ਅਨੁਸਾਰ ਕੁਮਾਰ ਉਸ ਸਮੇਂ ਨਸ਼ੇ ਵਿੱਚ ਸੀ ਅਤੇ ਸਿਗਰਟ ਪੀ ਰਿਹਾ ਸੀ।

ਕਥਿਤ ਵੀਡੀਓ ਵਿੱਚ ਕੁਮਾਰ ਸੱਪ ਨੂੰ ਆਪਣੀ ਗਰਦਨ ਦੇ ਆਲੇ-ਦੁਆਲੇ ਲਪੇਟਦੇ ਹੋਏ ਅਤੇ ਹੌਲੀ-ਹੌਲੀ ਉਸ ਦੇ ਸਿਰ ਨੂੰ ਆਪਣੇ ਮੂੰਹ ਵੱਲ ਲਿਆਉਂਦੇ ਹੋਏ ਦੇਖਿਆ ਜਾ ਸਕਦਾ ਹੈ। ਜਿਵੇਂ ਹੀ ਉਸ ਨੇ ਆਪਣੀ ਜੀਭ ਸੱਪ ਵੱਲ ਵਧਾਈ ਤਾਂ ਉਸ ਨੇ ਅਚਾਨਕ ਹਮਲਾ ਕੀਤਾ ਅਤੇ ਕੱਟ ਲਿਆ। ਸੱਪ ਦੇ ਡੱਸਣ ਤੋਂ ਬਾਅਦ ਕੁਮਾਰ ਦੀ ਹਾਲਤ ਵਿਗੜ ਗਈ। ਜਿਸ ਉਪਰੰਤ ਉਸ ਨੂੰ ਨੇੜਲੇ ਇੱਕ ਹਸਪਤਾਲ ਵਿੱਚ ਲਿਜਾਇਆ ਗਿਆ ਅਤੇ ਉਸ ਨੂੰ ਅੱਗੇ ਲਈ ਰੈਫਰ ਕਰ ਦਿੱਤਾ ਗਿਆ।

### ਰਾਜਾ ਰਘੂਵੰਸ਼ੀ ਕਤਲ ਮਾਮਲਾ

# ਪੀੜਤ ਦੇ ਰਿਸ਼ਤੇਦਾਰਾਂ ਨੇ ਸੋਨਮ ਦੇ ਪਰਿਵਾਰਕ ਮੈਂਬਰਾਂ ਦੇ ਨਾਰਕੋ ਟੈਸਟ ਦੀ ਮੰਗ ਕੀਤੀ



ਇੰਦੌਰ, 16 ਜੂਨ (ਚ.ਨ.ਸ.) : ਮੇਘਾਲਿਆ ਵਿੱਚ ਹਨੀਮੂਨ ਦੌਰਾਨ ਕਤਲ ਕੀਤੇ ਗਏ ਇੰਦੌਰ ਦੇ ਟਰਾਂਸਪੋਰਟ ਕਾਰੋਬਾਰੀ ਰਾਜਾ ਰਘੂਵੰਸ਼ੀ ਦੇ ਵੱਡੇ ਭਰਾ ਨੇ ਸੋਮਵਾਰ ਨੂੰ ਮੁੱਖ ਦੋਸ਼ੀ ਸੋਨਮ ਦੇ ਮਾਤਾ-ਪਿਤਾ ਦੇ ਨਾਰਕੋ-ਐਨਾਲਿਸਿਸ ਟੈਸਟ ਦੀ ਮੰਗ ਕੀਤੀ ਅਤੇ ਕਿਹਾ ਕਿ ਪਰਿਵਾਰ ਨੂੰ ਕਤਲ ਵਿੱਚ ਹੋਰ ਲੋਕਾਂ ਦੇ ਸ਼ਾਮਲ ਹੋਣ ਦਾ ਸ਼ੱਕ ਹੈ।

ਪੁਲਿਸ ਨੇ 29 ਸਾਲਾ ਕਾਰੋਬਾਰੀ ਦੇ ਪਿਛਲੇ ਮਹੀਨੇ ਹੋਏ ਕਤਲ ਵਿੱਚ ਕਥਿਤ ਤੌਰ 'ਤੇ ਸ਼ਾਮਲ ਹੋਣ ਦੇ ਦੋਸ਼ ਵਿੱਚ ਰਾਜਾ ਰਘੂਵੰਸ਼ੀ ਦੀ ਪਤਨੀ ਸੋਨਮ (25) ਅਤੇ ਉਸ ਦੇ ਕਥਿਤ ਪ੍ਰੇਮੀ ਰਾਜ ਕੁਸ਼ਵਾਹਾ (20) ਸਮੇਤ ਪੰਜ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਹ ਮੇਘਾਲਿਆ ਪੁਲਿਸ ਦੀ ਹਿਰਾਸਤ ਵਿੱਚ ਹਨ ਅਤੇ ਇੱਕ ਐੱਸਆਈਟੀ ਮਾਮਲੇ ਦੀ ਜਾਂਚ ਕਰ ਰਹੀ ਹੈ।

ਇੱਥੇ ਰਘੂਵੰਸ਼ੀ ਦੀ ਤੇਰਵੀਂ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਸ ਦੇ ਵੱਡੇ ਭਰਾ ਵਿਪਨ ਰਘੂਵੰਸ਼ੀ ਨੇ ਕਿਹਾ, "ਅਸੀਂ ਸੋਨਮ, ਉਸ ਦੇ ਮਾਤਾ-ਪਿਤਾ, ਭਰਾ ਗੋਵਿੰਦ ਅਤੇ ਭਰਜਾਈ ਦੇ ਨਾਰਕੋ-ਐਨਲਿਸਿਸ ਟੈਸਟ ਦੀ ਮੰਗ ਕਰਦੇ ਹਾਂ। ਵਿਪਨ ਰਘੂਵੰਸ਼ੀ ਨੇ ਕਿਹਾ, ਕਤਲ ਨਾਲ ਸਬੰਧਤ ਨਵੇਂ ਵੀਡੀਓ ਇੱਕ ਤੋਂ ਬਾਅਦ ਇੱਕ ਸਾਹਮਣੇ ਆ ਰਹੇ ਹਨ। ਸਾਡਾ ਮੰਨਣਾ ਹੈ ਕਿ ਮੇਰੇ ਛੋਟੇ ਭਰਾ ਦੇ ਕਤਲ ਵਿੱਚ ਹੋਰ ਲੋਕ ਵੀ ਸ਼ਾਮਲ ਹੋ ਸਕਦੇ ਹਨ। ਉਸ ਨੇ ਇਹ ਵੀ ਮੰਗ ਕੀਤੀ ਕਿ ਜਿਨ੍ਹਾਂ ਲੋਕਾਂ ਨੇ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਪੋਸਟ ਕੀਤੇ ਹਨ, ਉਨ੍ਹਾਂ ਤੋਂ ਵੀ ਪੁੱਛਗਿੱਛ ਕੀਤੀ ਜਾਵੇ ਅਤੇ ਪੁੱਛਿਆ ਜਾਵੇ ਕਿ ਉਨ੍ਹਾਂ ਨੇ ਪਹਿਲਾਂ ਇਹ ਫੁਟੇਜ ਕਿਉਂ ਜਾਰੀ ਨਹੀਂ ਕੀਤੀ।

ਹਾਲਾਂਕਿ ਉਸ ਨੇ ਮੇਘਾਲਿਆ ਪੁਲਿਸ ਦੀ ਜਾਂਚ 'ਤੇ ਤਸੱਲੀ ਪ੍ਰਗਟਾਈ। ਇਸ ਦੌਰਾਨ ਸੋਨਮ ਦਾ ਭਰਾ ਗੋਵਿੰਦ ਤੇਰਵੀਂ ਰਸਮ ਵਿੱਚ ਸ਼ਾਮਲ ਹੋਇਆ, ਪਰ ਰਘੂਵੰਸ਼ੀ ਦੇ ਪਰਿਵਾਰ ਨੇ ਕਿਹਾ ਕਿ ਉਸ ਨੂੰ ਸੱਦਾ ਨਹੀਂ ਦਿੱਤਾ ਗਿਆ ਸੀ।

ਗੋਵਿੰਦ ਨੇ ਕਿਹਾ, ਮੈਂ ਇੱਥੇ ਮੁਆਫੀ ਮੰਗਣ ਆਇਆ ਹਾਂ। ਜੇ ਕਿਸੇ ਨੂੰ ਸਾਡੇ 'ਤੇ ਸ਼ੱਕ ਹੈ, ਤਾਂ ਅਸੀਂ ਜਾਂਚ ਕਰਵਾਉਣ ਲਈ ਤਿਆਰ ਹਾਂ। ਅਸੀਂ ਰਾਜਾ ਰਘੂਵੰਸ਼ੀ ਦੇ ਪਰਿਵਾਰ ਦੇ ਨਾਲ ਖੜ੍ਹੇ ਹਾਂ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਪੰਜਾਬ ਕੈਬਨਿਟ ਸਬ-ਕਮੇਟੀ ਵੱਲੋਂ 12 ਮੁਲਾਜ਼ਮ ਯੂਨੀਅਨਾਂ ਨਾਲ ਮੀਟਿੰਗਾਂ, ਜਾਇਜ਼ ਮੰਗਾਂ 'ਤੇ ਜਲਦੀ ਕਾਰਵਾਈ ਦਾ ਦਿੱਤਾ ਭਰੋਸਾ



ਚੰਡੀਗੜ੍ਹ, 16 ਜੂਨ, (ਚ.ਨ.ਸ.) : ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਾਲੀ ਕੈਬਨਿਟ ਸਬ-ਕਮੇਟੀ ਨੇ ਅੱਜ ਇੱਥੇ ਲੱਗਭੱਗ ਇੱਕ ਦਰਜਨ ਮੁਲਾਜਮ ਯੂਨੀਅਨਾਂ ਨਾਲ ਵਿਆਪਕ ਵਿਚਾਰ-ਵਟਾਂਦਰਾ ਕਰਦਿਆਂ ਉਨ੍ਹਾਂ ਦੀਆਂ ਮੰਗਾਂ ਅਤੇ ਮੁੱਦਿਆਂ ਬਾਰੇ ਚਰਚਾ ਕੀਤੀ। ਇਸ ਮੌਕੇ ਕਮੇਟੀ ਨੇ ਸਬੰਧਤ ਵਿਭਾਗਾਂ ਨੂੰ ਜਾਇਜ਼ ਮੁੱਦਿਆਂ ਨੂੰ ਸਮਾਂਬੱਧ ਢੰਗ ਨਾਲ ਹੱਲ ਕਰਨ ਲਈ ਲੋੜੀਂਦੀਆਂ ਕਾਰਵਾਈਆਂ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ।

ਪੰਜਾਬ ਸਿਵਲ ਸਕੱਤਰੇਤ ਵਿਖੇ ਵਿੱਤ ਮੰਤਰੀ ਦੇ ਦਫ਼ਤਰ ਵਿਖੇ ਲੱਗਭੱਗ ਚਾਰ ਘੰਟੇ ਚੱਲੀਆਂ ਮੀਟਿੰਗਾਂ ਨੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਕੁਲਦੀਪ ਸਿੰਘ ਧਾਲੀਵਾਲ ਅਤੇ ਡਾ. ਰਵਜੋਤ ਸਿੰਘ ਵੱਲੋਂ ਵੱਖ-ਵੱਖ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਕੀਤੇ ਗਏ ਉਸਾਰੂ ਵਿਚਾਰ-ਵਟਾਂਦਰੇ ਦੀ ਗਵਾਹੀ ਭਰੀ।

ਮੀਟਿੰਗ ਵਿੱਚ ਹਿੱਸਾ ਲੈਣ ਵਾਲੀਆਂ ਮੁਲਾਜ਼ਮ ਯੂਨੀਅਨਾਂ ਵਿੱਚ ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ, ਸੈਂਟਰ ਆਫ ਟਰੇਡ ਯੂਨੀਅਨ, ਸਰਵ ਸਿੱਖਿਆ ਅਭਿਆਨ/ ਮਿਡ ਡੇਅ ਮੀਲ ਦਫ਼ਤਰੀ ਕਰਮਚਾਰੀ ਯੂਨੀਅਨ, ਪੀ.ਐਸ. ਟੈਟ ਪਾਸ ਡੀ.ਪੀ.ਈ ਯੂਨੀਅਨ, ਬੇਰੋਜ਼ਗਾਰ ਪੀ.ਐਸ.ਟੈਟ ਆਰਟ ਐਂਡ ਕਰਾਫਟ ਸੰਘਰਸ਼ ਯੂਨੀਅਨ, ਡੈਮੋਕੈਟਿਕ ਟੀਚਰਜ਼ ਫਰੰਟ, ਆਦਰਸ਼ ਸਕੂਲ ਟੀਚਿੰਗ ਤੇ ਨਾਨ-ਟੀਚਿੰਗ ਮੁਲਾਜ਼ਮ ਯੂਨੀਅਨ, ਪਾਵਰ ਕਾਮ ਟਰਾਂਸਕੋ ਆਊਟਸੋਰਸ ਵਰਕਰ ਯੂਨੀਅਨ, ਮਾਣਭੱਤਾ ਵਰਕਰ ਸਾਂਝਾ ਮੋਰਚਾ, ਪੰਜਾਬ ਸਟੇਟ ਮਨਿਸਟਰੀਅਲ ਸਰਵਿਸ ਯੂਨੀਅਨ, ਜੁਆਇੰਟ ਐਕਸ਼ਨ ਕਮੇਟੀ ਆਫ਼ ਵੈਟਸ ਫੌਰ ਪੇਅ ਪੈਰਿਟੀ ਅਤੇ ਪੰਜਾਬ ਰੋਡਵੇਜ ਸਟੇਟ ਟਰਾਂਸਪੋਰਟ ਵਰਕਰਜ਼ ਯੂਨੀਅਨ ਸ਼ਾਮਿਲ ਸਨ।

ਮੀਟਿੰਗਾਂ ਦੌਰਾਨ ਕੈਬਨਿਟ ਸਬ-ਕਮੇਟੀ ਨੇ ਯੂਨੀਅਨ ਆਗੂਆਂ ਵੱਲੋਂ ਸੌਂਪੇ ਗਏ ਮੰਗ ਪੱਤਰਾਂ ਵਿੱਚ ਸ਼ਾਮਲ ਨੁਕਤਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਬੰਧਤ ਵਿਭਾਗਾਂ ਨੂੰ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਦੇ ਹੱਲ ਲਈ ਲੋੜੀਂਦੀ ਕਾਰਵਾਈ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਪਸ਼ੂ ਪਾਲਣ ਵਿਭਾਗ ਦੇ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ, ਸਕੱਤਰ ਖਰਚਾ ਵੀ.ਐਨ. ਜ਼ਾਦੇ, ਸਕੱਤਰ ਟਰਾਂਸਪੋਰਟ ਵਰੁਣ ਰੂਜਮ, ਸਕੱਤਰ ਪ੍ਰਸੋਨਲ ਗੁਰਪ੍ਰੀਤ ਕੌਰ ਸਪਰਾ ਅਤੇ ਸਕੱਤਰ ਸਿੱਖਿਆ ਅਨਿੰਦਿਤਾ ਮਿੱਤਰਾ ਨੂੰ ਉਨ੍ਹਾਂ ਦੇ ਵਿਭਾਗਾਂ ਨਾਲ ਸਬੰਧਤ ਜਾਇਜ਼ ਮੰਗਾਂ ਦੇ ਹੱਲ ਲਈ ਸਮਾਂਬੱਧ ਢੰਗ ਨਾਲ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

ਵਿੱਤ ਮੰਤਰੀ ਨੇ ਮੁਲਾਜ਼ਮ ਯੂਨੀਅਨਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਮੰਗਾਂ 'ਤੇ ਹਮਦਰਦੀ ਨਾਲ ਵਿਚਾਰ ਕੀਤਾ ਜਾਵੇਗਾ ਅਤੇ ਇਨ੍ਹਾਂ ਨੂੰ ਨਿਰਪੱਖ ਢੰਗ ਨਾਲ ਸਮੇਂ ਸਿਰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਆਪਣੇ ਮੁਲਾਜਮਾਂ ਦੇ ਮਸਲਿਆਂ ਨੂੰ ਰਚਨਾਤਮਕ ਗੱਲਬਾਤ ਰਾਹੀਂ ਹੱਲ ਕਰਨ ਅਤੇ ਸਮੇਂ ਸਿਰ ਕਾਰਵਾਈ ਰਾਹੀਂ ਉਨ੍ਹਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਇਆ।

ਮੀਟਿੰਗ ਵਿੱਚ ਸ਼ਿਰਕਤ ਕਰਨ ਵਾਲੇ ਯੂਨੀਅਨ ਮੈਂਬਰਾਂ ਵਿੱਚ ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਤੋਂ ਜੌਲੀ ਸਿੰਗਲਾ, ਕੁਲਦੀਪ ਸਿੰਘ, ਕੁਲਵਿੰਦਰ ਸਿੰਘ, ਸੈਂਟਰ ਆਫ ਟਰੇਡ ਯੂਨੀਅਨ ਤੋਂ ਦੇਵ ਰਾਜ ਵਰਮਾ, ਮੱਖਣ ਸਿੰਘ, ਜਸਮੇਰ ਕੌਰ, ਸਰਵ ਸਿੱਖਿਆ ਅਭਿਆਨ/ ਮਿਡ ਡੇਅ ਮੀਲ ਦਫ਼ਤਰੀ ਕਰਮਚਾਰੀ ਯੂਨੀਅਨ ਤੋਂ ਰਜਿੰਦਰ ਸਿੰਘ, ਪਰਵੀਨ ਸ਼ਰਮਾ, ਜਗਮੋਹਨ ਸਿੰਘ, ਪੀ.ਐਸ. ਟੈਟ ਪਾਸ ਡੀ.ਪੀ.ਈ ਯੂਨੀਅਨ ਤੋਂ ਰਮਨਪ੍ਰੀਤ ਸਿੰਘ, ਮਲਕੀਅਤ ਸਿੰਘ, ਹਰਦੀਪ ਸਿੰਘ, ਬੇਰੋਜਗਾਰ ਪੀ.ਐਸ.ਟੈਟ ਪਾਸ ਆਰਟ ਐਂਡ ਕਰਾਫਟ ਸੰਘਰਸ਼ ਯੂਨੀਅਨ ਤੋਂ ਰਾਕੇਸ਼ ਕੁਮਾਰ, ਹਰਬੰਸ ਸਿੰਘ, ਕਿਰਨਦੀਪ ਕੌਰ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਤੋਂ ਵਿਕਰਮ ਦੇਵ ਸਿੰਘ, ਮਹਿੰਦਰ ਕੁਮਾਰ, ਡਾ. ਟੀਨਾ, ਆਦਰਸ਼ ਸਕੂਲ ਟੀਚਿੰਗ ਤੋਂ ਨਾਨ-ਟੀਚਿੰਗ ਮੁਲਾਜ਼ਮ ਯੂਨੀਅਨ ਤੋਂ ਜਸਬੀਰ ਸਿੰਘ, ਅਮਰਜੋਤ ਜੋਸ਼ੀ, ਸੁਖਦੀਪ ਕੌਰ, ਪਾਵਰ ਕਾਮ ਟਰਾਂਸਕੋ ਆਊਟਸੋਰਸ ਵਰਕਰ ਯੂਨੀਅਨ ਤੋਂ ਹਰਵਿੰਦਰ ਸ਼ਰਮਾ, ਮਨਦੀਪ ਸਿੰਘ, ਮਨਦੀਪ ਕੌਰ, ਮਾਣਭੱਤਾ ਵਰਕਰ ਸਾਂਝਾ ਮੋਰਚਾ ਤੋਂ ਮਮਤਾ ਸ਼ਰਮਾ, ਮਨਦੀਪ ਕੌਰ, ਸ਼ਕੁੰਤਲਾ ਸ਼ਰਮਾ, ਪੰਜਾਬ ਸਟੇਟ ਮਨਿਸਟਰੀਅਲ ਸਰਵਿਸ ਯੂਨੀਅਨ ਤੋਂ ਗੁਰਨਾਮ ਸਿੰਘ ਵਿਰਕ, ਤਰਸੇਮ ਸਿੰਘ, ਅਨੁਜ ਕੁਮਾਰ, ਜੁਆਇੰਟ ਐਕਸ਼ਨ ਕਮੇਟੀ ਆਫ਼ ਵੈਟਸ ਫੌਰ ਪੇਅ ਪੈਰਿਟੀ ਤੋਂ ਡਾ. ਜਤਿੰਦਰ ਸਿੰਘ, ਡਾ. ਪੁਨੀਤ, ਡਾ. ਜਸਲੀਨ ਕੌਰ ਅਤੇ ਪੰਜਾਬ ਰੋਡਵੇਜ ਸਟੇਟ ਟਰਾਂਸਪੋਰਟ ਵਰਕਰਜ਼ ਯੂਨੀਅਨ ਤੋਂ ਹਰਮਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀ ਸ਼ਾਮਿਲ ਸਨ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਪਨਾ ਦਿਵਸ ਮੌਕੇ ਬਾਬਾ ਬਲਬੀਰ ਸਿੰਘ ਨੇ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੱਥਾ ਟੇਕਿਆ

## ਜਥੇਦਾਰਾਂ ਦੀ ਨਿਯੁਕਤੀ ਲਈ ਇਕ ਢੁਕਵੀਂ ਪ੍ਰਕਿਰਿਆ ਅਪਣਾਉਣੀ ਚਾਹੀਦੀ : ਬਾਬਾ ਬਲਬੀਰ ਸਿੰਘ



ਅੰਮ੍ਰਿਤਸਰ, 16 ਜੂਨ, (ਬਬਲੂ ਮਹਾਜਨ) : ਸੱਚਖੰਡ ਸ੍ਰੀ ਹਰਿੰਦਰ ਸਾਹਿਬ ਵਿਖੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖੀ ਬਾਬਾ ਬਲਬੀਰ ਸਿੰਘ ਨਤਮਸਤਕ ਹੋਏ। ਚੜ੍ਹਦੀਕਲਾ ਟਾਈਮ ਟੀਵੀ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਪਨਾ ਦਿਵਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋਣ ਪਹੁੰਚੇ ਸਨ। ਅੰਮ੍ਰਿਤਪਾਲ ਸਿੰਘ ਮਹਿਰੋਂ ਬਾਰੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਅੱਜ ਹਰ ਘਰ ਵਿੱਚ ਮੋਬਾਈਲ ਫੋਨਾਂ ਦੀ ਬਹੁਤ ਜ਼ਿਆਦਾ ਵਰਤੋਂ ਹੁੰਦੀ ਹੈ ਅਤੇ ਬੱਚੇ ਇਨ੍ਹਾਂ ਵਿੱਚ ਜੁੜੇ ਹਨ। ਹਾਲਾਂ ਕਿ ਖਾਲਸਾ ਪੰਥ ਕਿਸੇ ਵੀ ਨਿਹੱਥੇ ਵਿਅਕਤੀ 'ਤੇ ਹਮਲਾ ਨਹੀਂ ਕਰਦਾ, ਖਾਸ ਕਰਕੇ ਔਰਤ 'ਤੇ ਬਿੱਲਕੁਲ ਨਹੀਂ। ਜਦੋਂ ਵੀ ਕੋਈ ਕੁਝ ਗਲਤ ਕਰ ਰਿਹਾ ਹੁੰਦਾ ਹੈ, ਤਾਂ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਉਸ ਵਿਅਕਤੀ ਨੂੰ ਦਿਲਾਸਾ ਦਈਏ ਅਤੇ ਉਸ ਨੂੰ ਸਹੀ ਰਸਤੇ 'ਤੇ ਵਾਪਸ ਲਿਆਈਏ। ਨਿਹੱਥੀ ਔਰਤ 'ਤੇ ਹਮਲਾ ਕਰਨਾ ਖਾਲਸਾ ਦਾ ਤਰੀਕਾ ਨਹੀਂ ਹੈ। ਮਾਮਲਾ ਇਸ ਵੇਲੇ ਜਾਂਚ ਅਧੀਨ ਹੈ ਅਤੇ ਬਾਅਦ ਵਿਚ ਹੋਰ ਟਿੱਪਣੀ ਕਰ ਸਕਦੇ ਹਾਂ। ਉਨ੍ਹਾਂ ਨੂੰ ਟਕਸਾਲ ਵੱਲੋਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਵਿਰੋਧ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਕਿਸੇ ਨਾਲ ਕੋਈ ਨਿੱਜੀ ਵਿਰੋਧ ਨਹੀਂ ਹੈ, ਪਰ ਜਿਸ ਤਰੀਕੇ ਨਾਲ ਜਥੇਦਾਰ ਨਿਯੁਕਤ ਕੀਤਾ ਗਿਆ ਸੀ। ਉਹ ਪੰਥ ਦੇ ਵਿਚਾਰ ਤੋਂ ਬਿਨਾਂ ਸੀ, ਉਹ ਬਹੁਤ ਨਿੰਦਣਯੋਗ ਸੀ। ਅਸੀਂ ਇਹ ਵੀ ਮੰਨਦੇ ਹਾਂ ਕਿ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਜਥੇਦਾਰਾਂ ਦੀ ਨਿਯੁਕਤੀ ਲਈ ਇਕ ਢੁਕਵੀਂ ਪ੍ਰਕਿਰਿਆ ਅਪਣਾਉਣੀ ਚਾਹੀਦੀ ਹੈ।

ਅੱਜ ਮੋਬਾਈਲ ਪਲੇਟਫਾਰਮਾਂ 'ਤੇ ਵੀ ਅਸ਼ਲੀਲਤਾ ਫੈਲਾਈ ਜਾ ਰਹੀ ਹੈ ਅਤੇ ਸਾਨੂੰ ਆਪਣੇ ਬੱਚਿਆਂ ਨੂੰ ਇੰਟਰਨੈੱਟ 'ਤੇ ਅਜਿਹੀ ਨੁਕਸਾਨਦੇਹ ਸਮੱਗਰੀ ਤੋਂ ਬਚਾਉਣਾ ਚਾਹੀਦਾ ਹੈ।

# ਕਮਲ ਕੌਰ ਦੇ ਕਤਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਨੇ ਕਿਹਾ ਜਾਇਜ਼



ਅੰਮ੍ਰਿਤਸਰ, 16 ਜੂਨ, (ਬਬਲੂ ਮਹਾਜਨ) : ਕਮਲ ਕੌਰ (ਕੰਚਨ ਕੁਮਾਰੀ) ਦੇ ਕਤਲ ਮਗਰੋਂ ਅੰਮ੍ਰਿਤਪਾਲ ਸਿੰਘ ਮਹਿਰੋਂ ਦੇ ਹੱਕ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਵੀ ਨਿੱਤਰੇ ਹਨ। ਇਸ ਤੋਂ ਪਹਿਲਾਂ ਵੀ ਕੁਝ ਜਥੇ ਬੰਦੀਆਂ ਖੜ੍ਹੀਆਂ ਅਤੇ ਕੁਝ ਉਸ ਦੇ ਖਿਲਾਫ਼ ਚੱਲ ਰਹੀਆਂ ਹਨ। ਹੈੱਡ ਗ੍ਰੰਥੀ ਮਲਕੀਤ ਸਿੰਘ ਨੇ ਕਮਲ ਕੌਰ (ਕੰਚਨ ਕੁਮਾਰੀ) ਦੇ ਕਤਲ ਨੂੰ ਸਹੀ ਦੱਸਿਆ ਹੈ। ਉਨ੍ਹਾਂ ਕਿਹਾ ਕਿ ਕੌਮ ਨੂੰ ਬਦਨਾਮ ਕਰਨ ਵਾਲਿਆਂ ਨਾਲ ਅਜਿਹਾ ਹੀ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕੁਝ ਵੀ ਗਲਤ ਨਹੀਂ ਹੋਇਆ ਪਹਿਲਾਂ ਵੀ ਇਸ ਤਰ੍ਹਾਂ ਹੁੰਦਾ ਆਇਆ ਹੈ। ਉਨ੍ਹਾਂ ਕਿਹਾ ਲੋਕਾਂ ਨੂੰ ਲੱਚਰਤਾ ਭਰੇ ਗੀਤਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਸਿਰਫ਼ ਸਿੱਖਾਂ ਨੂੰ ਹੀ ਨਹੀਂ ਸਗੋਂ ਸਮੁੱਚੇ ਸਮਾਜ ਦੇ ਨੌਜਵਾਨ ਨੂੰ ਅਜਿਹੇ ਗੀਤ ਨਹੀਂ ਸੁਣਨੇ ਚਾਹੀਦੇ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਸਿੱਖ ਕੌਮ ਨੂੰ ਬਦਨਾਮ ਕਰਨ ਲਈ ਅਜਿਹਾ ਕਾਰਜ ਕਰਦੇ ਹਨ ਅਤੇ ਆਪਣਾ ਨਾਂ ਬਦਲਦੇ ਹਨ, ਉਨ੍ਹਾਂ ਨਾਲ ਇੰਝ ਹੀ ਹੋਣਾ ਚਾਹੀਦਾ ਹੈ।

# 'ਯੁੱਧ ਨਸ਼ਿਆਂ ਵਿਰੁੱਧ' ਦੇ 107ਵੇਂ ਦਿਨ ਪੰਜਾਬ ਪੁਲਿਸ ਵੱਲੋਂ 102 ਨਸ਼ਾ ਤਸਕਰ ਗ੍ਰਿਫ਼ਤਾਰ; 688 ਗ੍ਰਾਮ ਹੈਰੋਇਨ ਅਤੇ 26 ਹਜ਼ਾਰ ਦੀ ਡਰੱਗ ਮਨੀ ਬਰਾਮਦ

ਚੰਡੀਗੜ੍ਹ, 16 ਜੂਨ, (ਚ.ਨ.ਸ.) : ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਵਿੱਢੇ ਗਏ "ਯੁੱਧ ਨਸ਼ਿਆਂ ਵਿਰੁੱਧ"ਦੇ 107ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 102 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 688 ਗ੍ਰਾਮ ਹੈਰੋਇਨ, 105 ਕਿਲੋ ਭੁੱਕੀ, 2164 ਨਸ਼ੀਲੀਆਂ ਗੋਲੀਆਂ ਅਤੇ 26910 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ਼ 107 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 17,749 ਹੋ ਗਈ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਆਪਰੇਸ਼ਨ ਦੇ ਵੇਰਵੇ ਦਿੰਦਿਆਂ ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 95 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1400 ਤੋਂ ਵੱਧ ਪੁਲਿਸ ਕਰਮਚਾਰੀਆਂ ਦੀ ਸ਼ਮੂਲੀਅਤ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ 'ਚ 479 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚੱਲਦਿਆਂ ਸੂਬੇ ਭਰ ਵਿੱਚ 76 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 504 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 55 ਵਿਅਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਮੁੰਬਈ-ਹਜ਼ੂਰ ਸਾਹਿਬ ਨਾਂਦੇੜ ਵੰਦੇ ਭਾਰਤ ਐਕਸਪ੍ਰੈੱਸ ਮਹਾਰਾਸ਼ਟਰ ਦੇ ਸਿੱਖ ਭਾਈਚਾਰੇ ਨੂੰ ਇੱਕ ਹੋਰ ਵੱਡਾ ਤੋਹਫ਼ਾ : ਗਿਆਨੀ ਹਰਨਾਮ ਸਿੰਘ ਖ਼ਾਲਸਾ



ਚੌਂਕ ਮਹਿਤਾ, 16 ਜੂਨ, (ਬਲਜਿੰਦਰ ਸਿੰਘ ਰੰਧਾਵਾ) : ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਪੀਲ 'ਤੇ, ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਸ਼ਤਾਬਦੀ ਸਰਕਾਰੀ ਪੱਧਰ 'ਤੇ ਮਨਾਉਣ ਦੇ ਹਾਲ ਹੀ 'ਚ ਕੀਤੇ ਗਏ ਐਲਾਨ ਨਾਲ ਜਿੱਥੇ ਮਹਾਰਾਸ਼ਟਰ ਦਾ ਸਿੱਖ ਭਾਈਚਾਰਾ ਉਤਸ਼ਾਹ ਦੀ ਸਥਿਤੀ ਵਿੱਚ ਹੈ, ਉੱਥੇ ਹੀ ਕੇਂਦਰੀ ਰੇਲਵੇ ਮੰਤਰਾਲੇ ਨੇ ਮੁੰਬਈ ਤੋਂ ਹਜ਼ੂਰ ਸਾਹਿਬ, ਨਾਂਦੇੜ ਤੱਕ ਵੰਦੇ ਭਾਰਤ ਐਕਸਪ੍ਰੈੱਸ ਚਲਾਉਣ ਦੀ ਇਜਾਜ਼ਤ ਦੇ ਕੇ ਗੁਰੂ ਨਾਨਕ ਲੇਵਾ ਸੰਗਤ ਅਤੇ ਮਹਾਰਾਸ਼ਟਰ ਦੇ ਸਿੱਖ ਭਾਈਚਾਰੇ ਨੂੰ ਇੱਕ ਹੋਰ ਵੱਡਾ ਤੋਹਫ਼ਾ ਦਿੱਤਾ ਹੈ। ਵੰਦੇ ਭਾਰਤ ਰੇਲਗੱਡੀ ਨੰਬਰ 20705 ਨਾਂਦੇੜ ਤੋਂ ਸਵੇਰੇ 5 ਵਜੇ ਰਵਾਨਾ ਹੋਵੇਗੀ ਅਤੇ ਦੁਪਹਿਰ 2.25 ਵਜੇ ਮੁੰਬਈ ਪਹੁੰਚੇਗੀ। ਜਦੋਂ ਕਿ ਰੇਲਗੱਡੀ ਨੰਬਰ 20706 ਮੁੰਬਈ ਤੋਂ ਦੁਪਹਿਰ 1.10 ਵਜੇ ਰਵਾਨਾ ਹੋਵੇਗੀ ਅਤੇ ਰਾਤ 10.50 ਵਜੇ ਨਾਂਦੇੜ ਪਹੁੰਚੇਗੀ।

ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ, ਜੋ ਕਿ ਸਿੱਖ ਸਮਾਜ ਮਹਾਰਾਸ਼ਟਰ ਦੇ ਸੰਸਥਾਪਕ ਵੀ ਹਨ, ਨੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਇਹ ਮਹਾਰਾਸ਼ਟਰ ਅਤੇ ਪੂਰੇ ਭਾਰਤ ਦੇ ਸਿੱਖ ਭਾਈਚਾਰੇ ਲਈ ਬਹੁਤ ਮਾਣ ਅਤੇ ਖ਼ੁਸ਼ੀ ਦਾ ਪਲ ਹੈ। ਨਾਂਦੇੜ, ਜੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਜੋਤੀ ਜੋਤਿ ਸਥਾਨ ਹੈ। ਸਿੱਖਾਂ ਲਈ ਬਹੁਤ ਹੀ ਅਧਿਆਤਮਿਕ, ਸਭਿਆਚਾਰਕ ਅਤੇ ਇਤਿਹਾਸਕ ਮਹੱਤਵ ਰੱਖਦਾ ਹੈ ਅਤੇ ਸਿੱਖ ਧਰਮ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਖ਼ਾਸ ਕਰਕੇ ਮਹਾਰਾਸ਼ਟਰ ਦੇ ਸਿੱਖ ਭਾਈਚਾਰੇ ਦੀਆਂ ਚਿੰਤਾਵਾਂ, ਲੋੜਾਂ ਅਤੇ ਅਕਾਂਖਿਆਵਾਂ ਦੀ ਪੂਰਤੀ ਲਈ ਦਲੇਰਾਨਾ ਅਤੇ ਦੂਰ-ਦਰਸ਼ੀ ਕਦਮ ਚੁੱਕਣ ਲਈ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਦੇ ਸਿੱਖ ਭਾਈਚਾਰੇ ਲਈ ਇੱਕ ਨਵਾਂ ਅਧਿਆਇ ਸ਼ੁਰੂ ਹੋਇਆ ਹੈ। ਸਾਡੇ ਵਿਸ਼ਵਾਸ, ਇਤਿਹਾਸ ਅਤੇ ਯੋਗਦਾਨ ਨੂੰ ਉੱਚ ਪੱਧਰ 'ਤੇ ਮਾਨਤਾ ਦਿੱਤੀ ਜਾ ਰਹੀ ਹੈ। ਫੜਨਵੀਸ ਸਰਕਾਰ ਦੀ ਇਹ ਵਚਨਬੱਧਤਾ ਰਾਜ ਭਰ ਵਿੱਚ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਉੱਚਾ ਚੁੱਕੇਗੀ। ਉਨ੍ਹਾਂ ਕਿਹਾ ਕਿ ਇਸ ਹਾਈ-ਸਪੀਡ, ਸੈਮੀ-ਬੁਲੇਟ ਟ੍ਰੇਨ ਵੰਦੇ ਭਾਰਤ ਐਕਸਪ੍ਰੈਸ ਸੇਵਾ ਦੀ ਸ਼ੁਰੂਆਤ ਸ਼ਰਧਾਲੂਆਂ, ਸੈਲਾਨੀਆਂ ਅਤੇ ਸਥਾਨਕ ਨਿਵਾਸੀਆਂ ਲਈ ਆਰਾਮ ਅਤੇ ਸੰਪਰਕ ਵਧਾਉਣ ਲਈ ਇੱਕ ਜੀਵਨ ਰੇਖਾ ਹੋਵੇਗੀ।

ਨਵੀਂ ਮੁੰਬਈ ਦੇ ਗੁਰਦੁਆਰਿਆਂ ਦੀ ਸੁਪਰੀਮ ਕੌਂਸਲ ਦੇ ਚੇਅਰਮੈਨ ਅਤੇ 11 ਮੈਂਬਰੀ ਸਿੱਖ ਤਾਲਮੇਲ ਕਮੇਟੀ ਦੇ ਮੁਖੀ ਜਸਪਾਲ ਸਿੰਘ ਸਿੱਧੂ, ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕੈਡਮੀ ਦੇ ਕਾਰਜਕਾਰੀ ਚੇਅਰਮੈਨ ਮਲਕੀਤ ਸਿੰਘ ਬਲ, ਮਹਾਰਾਸ਼ਟਰ ਰਾਜ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਚਰਨਦੀਪ ਸਿੰਘ ਹੈਪੀ, ਸਿੱਖ ਤਾਲਮੇਲ ਕਮੇਟੀ ਸਰਬਜੀਤ ਸਿੰਘ ਸੈਣੀ, ਸਰਬਜੀਤ ਸਿੰਘ ਸੰਧੂ ਅਤੇ ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਰੇਲਵੇ ਮੰਤਰਾਲੇ ਵੱਲੋਂ ਵੰਦੇ ਭਾਰਤ ਐਕਸਪ੍ਰੈੱਸ ਨੂੰ ਮੁੰਬਈ-ਹਜ਼ੂਰ ਸਾਹਿਬ ਨਾਂਦੇੜ ਤੱਕ ਵਧਾਉਣ ਦੀ ਪ੍ਰਵਾਨਗੀ ਦੇਣ ਲਈ ਕੇਂਦਰ ਅਤੇ ਰਾਜ ਸਰਕਾਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਕਦਮ ਨਾਲ ਸਿੱਖ ਭਾਈਚਾਰੇ ਵਿੱਚ ਖ਼ੁਸ਼ੀ ਦੀ ਲਹਿਰ ਹੈ ਕਿਉਂਕਿ ਹੁਣ ਉਨ੍ਹਾਂ ਲਈ ਸਿੱਖ ਧਰਮ ਦੇ ਪ੍ਰਮੁੱਖ ਤੀਰਥ ਸਥਾਨ ਹਜ਼ੂਰ ਸਾਹਿਬ ਦੀ ਯਾਤਰਾ ਕਰਨਾ ਆਸਾਨ ਹੋ ਜਾਵੇਗਾ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਡਿਪਟੀ ਕਮਿਸ਼ਨਰ ਅਤੇ ਪੁਲਿਸ ਕਮਿਸ਼ਨਰ ਨੂੰ ਵੋਟਿੰਗ ਤੋਂ ਪਹਿਲਾਂ ਦੇ 72 ਘੰਟਿਆਂ ਦੌਰਾਨ ਵਾਧੂ ਚੌਕਸੀ ਯਕੀਨੀ ਬਣਾਉਣ ਨਿਰਦੇਸ਼




ਚੰਡੀਗੜ੍ਹ, 16 ਜੂਨ, (ਚ.ਨ.ਸ.) : ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਪੰਜਾਬ ਵਿਧਾਨ ਸਭਾ ਦੀ 64-ਲੁਧਿਆਣਾ ਪੱਛਮੀ ਸੀਟ ਦੀ ਜ਼ਿਮਨੀ ਚੋਣ ਦੇ ਪ੍ਰਬੰਧਾਂ ਦੀ ਸਮੀਖਿਆ ਲਈ ਸੋਮਵਾਰ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ- ਕਮ-ਜ਼ਿਲ੍ਹਾ ਚੋਣ ਅਧਿਕਾਰੀ ਹਿਮਾਂਸ਼ੂ ਜੈਨ, ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਅਤੇ ਰਿਟਰਨਿੰਗ ਅਫ਼ਸਰ ਰੁਪਿੰਦਰ ਪਾਲ ਸਿੰਘ ਨਾਲ ਵੀਡਿਓ ਕਾਨਫਰੰਸਿੰਗ ਰਾਹੀਂ ਮੀਟਿੰਗ ਕੀਤੀ ਗਈ। ਜ਼ਿਮਨੀ ਚੋਣ ਪ੍ਰਕਿਰਿਆ ਦੇ ਅੰਤਿਮ ਪੜਾਅ ਉੱਤੇ ਮੁੱਖ ਚੋਣ ਅਧਿਕਾਰੀ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਵਧੇਰੇ ਚੌਕਸੀ ਵਰਤਣ ਦੇ ਨਿਰਦੇਸ਼ ਜਾਰੀ ਕੀਤੇ ਹਨ।

ਮੀਟਿੰਗ ਦੌਰਾਨ ਸਿਬਿਨ ਸੀ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਵੋਟਾਂ ਤੋਂ ਪਹਿਲਾਂ ਦੇ 72, 48 ਅਤੇ 24 ਘੰਟਿਆਂ ਤੋਂ ਲੈ ਕੇ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਚੌਕਸੀ ਹੋਰ ਵਧਾਉਣ ਦੇ ਆਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਹਲਕੇ ਤੋਂ ਬਾਹਰਲੇ ਵੋਟਰਾਂ ਅਤੇ ਲੀਡਰਾਂ ਨੂੰ 17 ਜੂਨ ਸ਼ਾਮ 6 ਵਜੇ ਚੋਣ ਪ੍ਰਚਾਰ ਦੀ ਸਮਾਪਤੀ ਤੋਂ ਬਾਅਦ ਹਲਕਾ ਛੱਡਣ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਸੀਸੀਟੀਵੀ ਰਾਹੀਂ 24 ਘੰਟੇ ਨਿਗਰਾਨੀ ਨੂੰ ਹੋਰ ਮਜ਼ਬੂਤ ਕੀਤਾ ਜਾਵੇ ਤਾਂ ਜੋ ਸ਼ਰਾਬ, ਨਕਦੀ, ਡਰੱਗ ਅਤੇ ਹੋਰ ਸਮਾਨ ਦੀ ਗੈਰ-ਕਾਨੂੰਨੀ ਤਸਕਰੀ ਜਾਂ ਵੰਡ ਨੂੰ ਰੋਕਿਆ ਜਾ ਸਕੇ।

ਉਨ੍ਹਾਂ ਅੱਗੇ ਕਿਹਾ ਕਿ ਵੋਟਰਾਂ ਨੂੰ ਭਰਮਾਉਣ ਲਈ ਜੇਕਰ ਨਕਦੀ ਜਾਂ ਹੋਰ ਕਿਸੇ ਵੀ ਤਰ੍ਹਾਂ ਦਾ ਸਮਾਨ ਵੰਡੇ ਜਾਣ ਦੀ ਸ਼ਿਕਾਇਤ ਮਿਲਦੀ ਹੈ ਤਾਂ ਇਸ ਉੱਤੇ ਤੁਰੰਤ ਸਖ਼ਤ ਕਾਰਵਾਈ ਕੀਤੀ ਜਾਵੇ।

ਮੁੱਖ ਚੋਣ ਅਧਿਕਾਰੀ ਨੇ ਗਰਮੀ ਦੇ ਮੱਦੇਨਜ਼ਰ ਵੋਟਰਾਂ ਦੀ ਸਹੂਲਤ ਲਈ ਸਾਰੇ ਪ੍ਰਬੰਧ ਕਰਨ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਕਿਹਾ ਕਿ ਪੋਲਿੰਗ ਬੂਥਾਂ 'ਤੇ ਪੀਣ ਵਾਲੇ ਪਾਣੀ, ਛਬੀਲ, ਵੇਟਿੰਗ ਏਰੀਆ, ਪਖਾਨਿਆਂ ਅਤੇ ਸ਼ੈੱਡ ਸਮੇਤ ਵੋਟਰਾਂ ਦੀ ਸਹੂਲਤ ਲਈ ਸਾਰੇ ਪ੍ਰਬੰਧ ਕੀਤੇ ਜਾਣ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਕੋਵਿਡ 19 ਸਬੰਧੀ ਜਾਰੀ ਕੀਤੀ ਗਈ ਐਡਵਾਇਜ਼ਰੀ ਦੀ ਪਾਲਣਾ ਲਈ ਵੀ ਲੋਕਾਂ ਨੂੰ ਪ੍ਰੇਰਿਤ ਕੀਤਾ ਜਾਵੇ।

ਸਿਬਿਨ ਸੀ ਨੇ ਰੀਅਲ-ਟਾਈਮ ਮਾਨੀਟਰਿੰਗ ਲਈ ਪੋਲਿੰਗ ਸਟੇਸ਼ਨਾਂ ਦੀ 100 ਫੀਸਦ ਲਾਈਵ ਵੈਬਕਾਸਟਿੰਗ, ਪੋਲਿੰਗ ਬੂਥਾਂ, ਸਟਰਾਂਗ ਰੂਮਾਂ, ਕਾਊਂਟਿੰਗ ਹਾਲ ਅਤੇ ਮੈਡੀਕਲ ਸਹੂਲਤਾਂ ਬਾਰੇ ਵੀ ਸਾਰੀ ਜਾਣਕਾਰੀ ਹਾਸਿਲ ਕੀਤੀ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਉੱਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸਮੇਂ ਸਿਰ ਕਾਰਵਾਈ ਕੀਤੀ ਜਾਵੇ।

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ ਅਤੇ ਪੁਲਿਸ ਕਮਿਸ਼ਨਰ ਨੇ ਮੁੱਖ ਚੋਣ ਅਧਿਕਾਰੀ ਨੂੰ ਦੱਸਿਆ ਕਿ ਜ਼ਿਮਨੀ ਚੋਣ ਲਈ ਹਰ ਪ੍ਰਕਾਰ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਹੈ ਅਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਚੋਣਾਂ ਨੂੰ ਨੇਪਰੇ ਚਾੜ੍ਹਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੇ ਵੀ ਨਿਰਦੇਸ਼ ਅੱਜ ਵਾਲੀ ਮੀਟਿੰਗ ਵਿੱਚ ਦਿੱਤੇ ਗਏ ਹਨ, ਉਨ੍ਹਾਂ ਨੂੰ ਸਮੇਂ ਸਿਰ ਪੂਰਾ ਕਰ ਲਿਆ ਜਾਵੇਗਾ।

ਮੀਟਿੰਗ ਦੌਰਾਨ ਐਡੀਸ਼ਨਲ ਸੀਈਓ ਹਰੀਸ਼ ਨਈਅਰ, ਜੁਆਇੰਟ ਸੀਈਓ ਸਕੱਤਰ ਸਿੰਘ ਬੱਲ, ਚੋਣ ਅਧਿਕਾਰੀ ਅੰਜੂ ਬਾਲਾ ਤੋਂ ਇਲਾਵਾ ਸੀਈਓ ਦਫ਼ਤਰ ਦੇ ਹੋਰ ਅਧਿਕਾਰੀ ਹਾਜ਼ਰ ਸਨ।

ਹਲਕੇ ਦੇ ਕੁੱਲ ਵੋਟਰਾਂ, ਸੰਵੇਦਨਸ਼ੀਲ ਅਤੇ ਪੋਲਿੰਗ ਬੂਥਾਂ ਦੀ ਗਿਣਤੀ

ਸਿਬਿਨ ਸੀ ਨੇ ਦੱਸਿਆ ਕਿ ਲੁਧਿਆਣਾ ਪੱਛਮੀ ਸੀਟ ਦੇ ਕੁੱਲ ਵੋਟਰਾਂ ਦੀ ਗਿਣਤੀ 1 ਲੱਖ 74 ਹਜ਼ਾਰ 437 ਹੈ, ਜਿਨ੍ਹਾਂ ਵਿੱਚੋਂ ਮਰਦ ਵੋਟਰਾਂ ਦੀ ਗਿਣਤੀ 89 ਹਜ਼ਾਰ 602, ਔਰਤ ਵੋਟਰਾਂ ਦੀ ਗਿਣਤੀ 84 ਹਜ਼ਾਰ 825 ਅਤੇ ਤੀਜੇ ਲਿੰਗ ਵਜੋਂ ਪਛਾਣੇ ਜਾਣ ਵਾਲੇ 10 ਵੋਟਰ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ ਜ਼ਿਮਨੀ ਚੋਣ ਲਈ 66 ਥਾਵਾਂ ਉੱਤੇ ਕੁੱਲ 194 ਪੋਲਿੰਗ ਬੂਥ ਬਣਾਏ ਗਏ ਹਨ, ਜਿਨ੍ਹਾਂ ਵਿੱਚ 10 ਮਾਡਲ ਪੋਲਿੰਗ ਬੂਥ, ਇੱਕ ਔਰਤਾਂ ਵੱਲੋਂ ਸੰਚਾਲਿਤ ਕੀਤਾ ਜਾਣ ਵਾਲਾ ਪੋਲਿੰਗ ਬੂਥ, ਇੱਕ ਵਾਤਾਵਰਣ ਅਨੁਕੂਲ ਹਰਾ ਪੋਲਿੰਗ ਬੂਥ ਅਤੇ ਇੱਕ ਪੀ.ਡਬਲਯੂ.ਡੀ ਸਟਾਫ ਵੱਲੋਂ ਸੰਚਾਲਿਤ ਕੀਤਾ ਜਾਣ ਵਾਲਾ ਪੋਲਿੰਗ ਬੂਥ ਸ਼ਾਮਲ ਹੈ। ਇਸ ਤੋਂ ਇਲਾਵਾ 13 ਪੋਲਿੰਗ ਬੂਥਾਂ ਨੂੰ ਸੰਵੇਦਨਸ਼ੀਲ ਪੋਲਿੰਗ ਬੂਥ ਐਲਾਨਿਆ ਗਿਆ ਹੈ, ਜਿੱਥੇ ਅਰਧ ਸੈਨਿਕ ਬਲਾਂ ਦੀ ਤਾਇਨਾਤੀ ਕੀਤੀ ਜਾਵੇਗੀ।

ਉਨ੍ਹਾਂ ਅੱਗੇ ਦੱਸਿਆ ਕਿ ਬਜ਼ੁਰਗ, ਦਿਵਿਆਂਗ ਅਤੇ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਨਾਲ ਪੀੜਤ ਵੋਟਰਾਂ ਦੀ ਸਹੂਲਤ ਲਈ ਉਨ੍ਹਾਂ ਦੇ ਘਰਾਂ ਵਿੱਚ ਜਾ ਕੇ ਵੋਟਿੰਗ ਕਰਵਾਈ ਗਈ ਹੈ, ਜਿਸ ਵਿੱਚ ਕੁੱਲ 239 ਵੋਟਰਾਂ ਨੇ ਹਿੱਸਾ ਲਿਆ। ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ 19 ਜੂਨ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਵੋਟਿੰਗ ਹੋਵੇਗੀ ਅਤੇ 23 ਜੂਨ ਨੂੰ ਸਵੇਰੇ 8 ਵਜੇ ਵੋਟਾਂ ਦੀ ਗਿਣਤੀ ਸ਼ੁਰੂ ਹੋ ਜਾਵੇਗੀ ਜਿਸ ਲਈ ਖਾਲਸਾ ਕਾਲਜ ਫਾਰ ਵੂਮੈਨ, ਲਧਿਆਣਾ ਨੂੰ ਕਾਊਂਟਿੰਗ ਸੈਂਟਰ ਬਣਾਇਆ ਗਿਆ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਪੂਰੇ ਹਲਕੇ ਵਿੱਚ 54 ਥਾਵਾਂ ਉੱਤੇ ਨਾਕਾਬੰਦੀ ਕੀਤੀ ਗਈ ਹੈ ਅਤੇ ਸੁਰੱਖਿਆ ਬਲਾਂ ਵੱਲੋਂ ਹਰ ਗਤੀਵਿਧੀ ਉੱਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ।

# ਪ੍ਰਮੁੱਖ ਅਕਾਲੀ ਆਗੂ ਕਾਂਗਰਸ ਵਿੱਚ ਸ਼ਾਮਲ

## ਆਉਂਦੇ ਦਿਨਾਂ ਦੌਰਾਨ ਅਜਿਹੇ ਹੋਰ ਮਾਮਲੇ ਦੇਖਣ ਨੂੰ ਮਿਲਣਗੇ : ਬਘੇਲ



ਚੰਡੀਗੜ੍ਹ, 16 ਜੂਨ, (ਅੰਮ੍ਰਿਤਪਾਲ ਸਿੰਘ) : ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਤਿੰਨ ਪ੍ਰਮੁੱਖ ਆਗੂ ਅੱਜ ਕਾਂਗਰਸ ਵਿੱਚ ਸ਼ਾਮਲ ਹੋ ਗਏ। ਇਨ੍ਹਾਂ ਵਿੱਚ ਸੁਨਾਮ ਤੋਂ ਰਜਿੰਦਰ ਦੀਪਾ, ਮੁਕੇਰੀਆਂ ਤੋਂ ਸਰਬਜੋਤ ਸਿੰਘ ਸਾਬੀ ਅਤੇ ਅਨਿਲ ਠਾਕੁਰ ਸ਼ਾਮਲ ਹਨ।

ਉਨ੍ਹਾਂ ਨੂੰ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਇੰਚਾਰਜ ਪੰਜਾਬ ਭੂਪੇਸ਼ ਬਘੇਲ ਨੇ ਸੂਬਾ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਹੋਰ ਸੀਨੀਅਰ ਪਾਰਟੀ ਆਗੂਆਂ ਦੀ ਮੌਜੂਦਗੀ ਵਿੱਚ ਪਾਰਟੀ ਵਿੱਚ ਸ਼ਾਮਲ ਕੀਤਾ।

ਇਸ ਮੌਕੇ ਇਨ੍ਹਾਂ ਆਗੂਆਂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ, ਬਘੇਲ ਨੇ ਕਿਹਾ ਕਿ ਇਹ ਕਾਂਗਰਸ ਲਈ ਇੱਕ ਸਵਾਗਤਯੋਗ ਘਟਨਾ ਹੈ, ਕਿਉਂਕਿ ਪੰਜਾਬ ਭਰ ਵਿੱਚ ਕਾਂਗਰਸ ਦੀ ਸੱਤਾ ਵਿਚ ਵਾਪਿਸੀ ਦਾ ਮਾਹੌਲ ਬਣਿਆ ਹੋਇਆ ਹੈ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਦੌਰਾਨ ਵਾਪਰਨ ਵਾਲੀਆਂ ਘਟਨਾਵਾਂ ਦਾ ਪਰਛਾਵਾਂ ਹੁਣ ਤੋਂ ਨਜ਼ਰ ਆਉਣ ਲੱਗਾ ਹੈ। ਇਸ ਲੜੀ ਹੇਠ, ਆਉਂਦੇ ਦਿਨਾਂ ਦੌਰਾਨ ਕਈ ਸਿਆਸੀ ਪਾਰਟੀਆਂ ਦੇ ਸੀਨੀਅਰ ਆਗੂ ਕਾਂਗਰਸ ਵਿੱਚ ਸ਼ਾਮਲ ਹੋਣ ਲਈ ਉਤਸੁਕ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਅਜਿਹੇ ਹੋਰ ਆਗੂ ਵੀ ਪਾਰਟੀ ਵਿਚ ਸ਼ਾਮਲ ਹੋਣਗੇ।

ਇਸ ਮੌਕੇ ਸੰਬੋਧਨ, ਪੰਜਾਬ ਕਾਂਗਰਸ ਦੇ ਪ੍ਰਧਾਨ ਵੜਿੰਗ ਨੇ ਕਿਹਾ ਕਿ ਇਹ ਗੱਲ ਕੰਧ 'ਤੇ ਲਿਖੀ ਹੋਈ ਹੈ ਕਿ ਕਾਂਗਰਸ ਸੱਤਾ ਵਿਚ ਵਾਪਸ ਆ ਰਹੀ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਹੋਰ ਪਾਰਟੀਆਂ ਦੇ ਕਈ ਆਗੂ ਉਨ੍ਹਾਂ ਦੇ ਸੰਪਰਕ ਵਿੱਚ ਹਨ ਅਤੇ ਪਾਰਟੀ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ। ਜਿਨ੍ਹਾਂ ਆਗੂਆਂ ਨੂੰ ਜਲਦੀ ਹੀ ਪਾਰਟੀ ਵਿੱਚ ਸ਼ਾਮਲ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਇਹ ਤਾਂ ਸਿਰਫ਼ ਸ਼ੁਰੂਆਤ ਹੈ, ਕਿਉਂਕਿ ਪੰਜਾਬ ਵਿੱਚ ਬਦਲਾਅ ਦੀਆਂ ਹਵਾਵਾਂ ਵਗਣ ਲੱਗ ਪਈਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਮੌਜੂਦਾ 'ਆਪ' ਸਰਕਾਰ ਤੋਂ ਤੰਗ ਆ ਚੁੱਕੇ ਹਨ ਅਤੇ ਉਹ ਕਾਂਗਰਸ ਵੱਲ ਉਮੀਦਾਂ ਨਾਲ ਦੇਖ ਰਹੇ ਹਨ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਪਨਾ ਦਿਵਸ ਮੌਕੇ ਜਥੇਦਾਰ ਭੁਪਿੰਦਰ ਸਿੰਘ ਖਾਲਸਾ ਯੂ.ਐਸ.ਏ. ਨੇ ਦਿੱਤੀ ਸੰਗਤਾਂ ਨੂੰ ਵਧਾਈ



ਅੰਮ੍ਰਿਤਸਰ, 16 ਜੂਨ, (ਬਬਲੂ ਮਹਾਜਨ) : ਸ੍ਰੀ ਅਕਾਲ ਤਖਤ ਸਾਹਿਬ ਦੇ ਸਥਾਪਨਾ ਦਿਵਸ ਮੌਕੇ ਜਿੱਥੇ ਸੰਗਤਾ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਨਤਮਸਤਕ ਹੋਣ ਲਈ ਵਡੀ ਗਿਣਤੀ ਵਿਚ ਪਹੁੰਚਿਆ ਉੱਥੇ ਹੀ ਜਥੇਦਾਰ ਭੁਪਿੰਦਰ ਸਿੰਘ ਖਾਲਸਾ ਵੱਲੋਂ ਇਸ ਪਾਵਨ ਪਵਿੱਤਰ ਦਿਹਾੜੇ ਦੀ ਵਧਾਈ ਦਿੱਤੀ ਉੱਥੇ ਹੀ ਉਹਨਾਂ ਦੇਸ਼ਾਂ ਵਿਦੇਸ਼ਾਂ ਵਿਚ ਵਸਦੀ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਅਤੇ ਸਿਖ ਕੌਮ ਨੂੰ ਇਕ ਮੰਚ 'ਤੇ ਇਕਠੇ ਹੋ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਇੱਕਜੁਟਤਾ ਦਿਖਾਉਣ ਦੀ ਗੱਲ ਆਖੀ ਉਹਨਾਂ ਕਿਹਾ ਕਿ ਅਸੀ ਚਾਹੇ ਵਿਦੇਸ਼ ਵਿਚ ਰਹਿਣੇ ਹਾਂ, ਪਰ ਆਪਣੇ ਧਰਮ ਆਪਣੀ ਸਿਖ ਕੌਮ ਦੇ ਭਲਾਈ ਕਾਰਜਾਂ ਅਤੇ ਪ੍ਰਚਾਰ ਪ੍ਰਸਾਰ ਲਈ ਹਰ ਸਮੇ ਤਿਆਰ ਰਹਿਣੇ ਹਾਂ ਪਰ ਸਾਡੇ ਦੇਸ਼ ਵਿਚ ਸਾਡੇ ਸਿਖ ਭਾਈਚਾਰੇ ਦੇ ਲੋਕ ਇਕਜੁਟ ਨਹੀ ਹਨ। ਜਿਸ ਨਾਲ ਧਰਮ ਪਰਿਵਰਤਨ, ਬੇਅਦਬੀ ਅਤੇ ਹੋਰ ਕਈ ਗੰਭੀਰ ਸਿਆਸੀ ਅਤੇ ਰਾਜਨੀਤਿਕ ਮੁੱਦਿਆਂ ਵਿਚ ਸਿੱਖ ਕੌਮ ਫਸੀ ਹੋਈ ਹੈ ਜੋ ਕਿ ਸਾਡੇ ਲਈ ਮੰਦਭਾਗਾ ਵਿਸ਼ਾ ਹੈ।ਉੱਧਰ ਦੂਜੇ ਪਾਸੇ ਨਿਹੰਗ ਸਿੰਘ ਬਾਣੇ ਵਿਚ ਮਹਿਲਾਵਾਂ ਦਾ ਸੋਧਾ ਲਾਉਣ ਅਤੇ ਧਮਕਾਉਣ ਦੀ ਗਲ ਸਾਹਮਣੇ ਆਉਣਾ ਮੰਦਭਾਗਾ ਹੈ ਸਮਾਜ ਅਤੇ ਧਰਮ ਦੇ ਖੇਤਰ ਵਿਚ ਗੰਭੀਰਤਾ ਦੇ ਵਿਸ਼ੇ ਵਿਚ ਹੋਰ ਵੀ ਕਈ ਤਰੀਕੇ ਨਾਲ ਬਦਲਾਅ ਲਿਆਣਾ ਚਾਹੀਦਾ ਹੈ ਨਾ ਕੀ ਕਿਸੇ ਨੂੰ ਖਤਮ ਕਰਨਾ ।ਪੰਜਾਬ ਵਿਚ ਅਜਿਹੀਆਂ ਘਟਨਾਵਾਂ ਦਾ ਪੂਰੇ ਦੇਸ਼ ਵਿਚ ਵਡੇ ਪਧਰ ਤੇ ਵਿਰੋਧ ਜਤਾਇਆ ਜਾ ਰਿਹਾ ਹੈ ਜੋ ਕਿ ਗਲਤ ਸੰਕੇਤ ਹੈ।

# ਪੰਜਾਬ ਸਰਕਾਰ ਨੇ ਆਰ.ਸੀ. ਅਤੇ ਡੀ.ਐਲ. ਦੇ ਬੈਕਲਾਗ ਸਬੰਧੀ ਲਿਆ ਵੱਡਾ ਫ਼ੈਸਲਾ; ਰਜਿਸਟ੍ਰੇਸ਼ਨ ਦੇ ਅਧਿਕਾਰ ਖੇਤਰੀ ਅਧਿਕਾਰੀਆਂ ਨੂੰ ਦਿੱਤੇ

ਚੰਡੀਗੜ੍ਹ, 16 ਜੂਨ, (ਚ.ਨ.ਸ.) : ਪੰਜਾਬ ਸਰਕਾਰ ਨੇ ਵੱਡਾ ਫੈਸਲਾ ਲੈਂਦਿਆਂ ਰਜਿਸਟ੍ਰੇਸ਼ਨ ਸਰਟੀਫਿਕੇਟਾਂ (ਆਰ.ਸੀ.) ਅਤੇ ਡਰਾਈਵਿੰਗ ਲਾਇਸੰਸਾਂ (ਡੀ.ਐਲ.) ਦੀ ਰਜਿਸਟ੍ਰੇਸ਼ਨ ਅਤੇ ਰੀਨਿਊਅਲ ਦੇ ਅਧਿਕਾਰ ਖੇਤਰੀ ਅਧਿਕਾਰੀਆਂ ਨੂੰ ਦੇ ਦਿੱਤੇ ਹਨ ਤਾਂ ਜੋ ਆਰ.ਸੀ. ਅਤੇ ਡੀ.ਐਲ. ਦੀ ਰਜਿਸਟ੍ਰੇਸ਼ਨ ਅਤੇ ਰੀਨਿਊਅਲ ਸਬੰਧੀ ਪਿਛਲੇ ਕਈ ਸਾਲਾਂ ਦੇ ਬੈਕਲਾਗ ਦਾ ਕੰਮ ਪੂਰਾ ਕੀਤਾ ਜਾ ਸਕੇ ਅਤੇ ਆਮ ਲੋਕਾਂ ਨੂੰ ਰਾਹਤ ਦਿੱਤੀ ਜਾ ਸਕੇ।

ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬੇ ਦੇ ਨਾਗਰਿਕ ਇੱਕ ਨਿਰਧਾਰਿਤ ਪ੍ਰਕਿਰਿਆ ਅਪਣਾ ਕੇ ਇਸ ਰਾਹਤ ਦਾ ਲਾਭ ਲੈ ਸਕਣਗੇ। ਉਨ੍ਹਾਂ ਦੱਸਿਆ ਕਿ ਹੁਣ ਬਿਨੈਕਾਰ ਆਪਣੇ ਪੁਰਾਣੇ ਵਹੀਕਲ ਅਤੇ ਡਰਾਈਵਿੰਗ ਲਾਇਸੰਸ ਨੂੰ ਆਨਲਾਈਨ ਕਰਵਾ ਸਕਦੇ ਹਨ ਅਤੇ ਸਬੰਧਤ ਦਸਤਾਵੇਜਾਂ ਨੂੰ ਰੀਨਿਊ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਪੁਰਾਣੇ ਆਰ.ਸੀ. ਅਤੇ ਡੀ.ਐਲ. ਨੂੰ ਰੀਨਿਊ ਕਰਨ ਸਬੰਧੀ ਦਸਤਾਵੇਜਾਂ ਦੀਆਂ ਪ੍ਰਵਾਨਗੀਆਂ ਅਤੇ ਆਨਲਾਈਨ ਨਾ ਹੋਣਾ ਵੱਡੀ ਰੁਕਾਵਟ ਬਣਿਆ ਹੋਇਆ ਸੀ।

ਮੰਤਰੀ ਨੇ ਦੱਸਿਆ ਕਿ ਬੈਕਲਾਗ ਦੇ ਕਾਰਜ ਨੂੰ ਪਾਰਦਰਸ਼ੀ ਢੰਗ ਨਾਲ ਮੁਕੰਮਲ ਕਰਨ ਲਈ ਵਿਭਾਗ ਦਾ ਪੱਕਾ ਕਰਮਚਾਰੀ ਬਿਨੈਕਾਰ ਵੱਲੋਂ ਡਰਾਈਵਿੰਗ ਲਾਇਸੰਸ/ਆਰ.ਸੀ. ਨਾਲ ਸਬੰਧਤ ਬੈਕਲਾਗ ਦੀ ਐਂਟਰੀ ਦਫਤਰ ਵਿੱਚ ਦਰਜ ਕਰਕੇ, ਉਸਨੂੰ ਪਰਿਵਾਹਨ ਪੋਰਟਲ 'ਤੇ ਵੈਰੀਫਾਈ ਕਰਨਗੇ ਅਤੇ ਇਸਦੇ ਉਪਰੰਤ ਸਬੰਧਤ ਅਥਾਰਟੀ ਵੱਲੋਂ ਉਸਦੀ ਅਪਰੂਵਲ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕਿਸ ਵੀ ਗਲਤ ਐਂਟਰੀ ਦੀ ਨਿਰੋਲ ਜ਼ਿੰਮੇਵਾਰੀ ਸਬੰਧਤ ਰਜਿਸਟ੍ਰੇਸ਼ਨ ਅਤੇ ਲਾਈਸੰਸਿੰਗ ਅਥਾਰਟੀ ਦੀ ਹੋਵੇਗੀ। ਉਨ੍ਹਾਂ ਦੱਸਿਆ ਕਿ ਸਬੰਧਤ ਅਥਾਰਟੀਜ਼ ਆਰ.ਸੀ. ਅਤੇ ਡੀ.ਐਲ. ਦੇ ਬੈਕਲਾਗ ਅਪਰੂਵਲ ਦੀ ਰੋਜ਼ਾਨਾ ਰਿਪੋਰਟ ਮੁੱਖ ਦਫਤਰ ਨੂੰ ਨਿਰਧਾਰਤ ਪ੍ਰੋਫਾਰਮੇ 'ਚ ਭੇਜਣਾ ਯਕੀਨੀ ਬਣਾਉਣਗੇ।

# ਐਡਵੋਕੇਟ ਧਾਮੀ ਦੀ ਕਾਰਗੁਜ਼ਾਰੀ ਸ਼੍ਰੋਮਣੀ ਕਮੇਟੀ ਦਾ ਸੁਨਹਿਰੀ ਦੌਰ : ਜਥੇ: ਗਿਆਨੀ ਰਣਜੀਤ ਸਿੰਘ



ਅੰਮ੍ਰਿਤਸਰ, 16 ਜੂਨ, (ਬਬਲੂ ਮਹਾਜਨ) : ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਪਟਨਾ ਸਾਹਿਬ ਵਾਲਿਆਂ ਨੇ ਕਿਹਾ ਹੈ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਕਾਰਗੁਜਾਰੀ ਸ਼੍ਰੋਮਣੀ ਕਮੇਟੀ ਦਾ ਸੁਨਹਿਰੀ ਦੌਰ ਕਹਿ ਲਿਆ ਜਾਵੇ ਤਾਂ ਅਤਿਕਥਨੀ ਨਹੀ ਹੈ। ਅੱਜ ਜਾਰੀ ਬਿਆਨ ਵਿਚ ਜਥੇਦਾਰ ਗੌਹਰ-ਏ-ਮਸਕੀਨ ਨੇ ਕਿਹਾ ਕਿ ਐਡਵੋਕੇਟ ਧਾਮੀ ਦੇ ਕਾਰਜਕਾਲ ਦੌਰਾਨ ਸ਼੍ਰੋਮਣੀ ਕਮੇਟੀ ਨੇ ਨਵੀਆਂ ਬੁਲੰਦੀਆਂ ਨੂੰ ਸਰ ਕੀਤਾ ਹੈ। ਐਡਵੋਕੇਟ ਧਾਮੀ ਇਕ ਪੜੇ ਲਿਖੇ, ਸੂਝਵਾਨ, ਮਿਲਣਸਾਰ ਤੇ ਦੂਰ ਅੰਦੇਸ਼ ਪੰਥ ਸੇਵਕ ਵਿਅਕਤੀ ਹਨ, ਜਿਨਾਂ ਦੀ ਲਿਆਕਤ ਦੇ ਕਾਰਨ ਹੀ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੀ ਸੇਵਾ ਸੌਂਪੀ ਸੀ। ਅੱਜ ਉਨ੍ਹਾਂ ਦੀ ਦੂਰ ਅੰਦੇਸ਼ੀ ਦਾ ਹੀ ਨਤੀਜਾ ਹੈ ਕਿ ਪੰਜਾਬ ਦੇ ਅਨੇਕਾਂ ਵਿਦਿਆਰਥੀ ਸਿਵਲ ਸਰਵਸਿਜ਼ ਦੀ ਪੜ੍ਹਾਈ ਕਰ ਰਹੇ ਹਨ ਤੇ ਇਨ੍ਹਾਂ ਵਿਦਿਆਰਥੀਆਂ ਵਿੱਚੋਂ ਜਲਦ ਹੀ ਕਈ ਬੱਚੇ ਉੱਚ ਆਹੁਦਿਆਂ ਤੇ ਤੈਨਾਤ ਹੋਣਗੇ। ਜਥੇਦਾਰ ਗੌਹਰ-ਏ-ਮਸਕੀਨ ਨੇ ਕਿਹਾ ਕਿ ਐਡਵੋਕੇਟ ਧਾਮੀ ਦੀ ਅਗਵਾਈ ਜਹੀ ਅਗਵਾਈ ਗੁਰੂ ਮੇਹਰ ਨਾਲ ਹੀ ਮਿਲ ਸਕਦੀ। ਬੀਤੇ ਵਿਚ ਜਦ ਐਡਵੋਕੇਟ ਧਾਮੀ ਨੇ ਕੁਝ ਕਾਰਨਾ ਕਰਕੇ ਆਪਣੇ ਅਹੁਦੇ ਤੋ ਅਸਤੀਫਾ ਦੇ ਦਿੱਤਾ ਸੀ ਤਾਂ ਜਥੇਦਾਰ ਸਿਰੀ ਅਕਾਲ ਤਖਤ ਸਾਹਿਬ-ਬਹੁਤਾਤ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਅਕਾਲੀ ਦਲ ਦੇ ਆਗੂ ਉਨ੍ਹਾਂ ਨੂੰ ਮੁੜ ਸੇਵਾ ਸੰਭਾਲਣ ਵਾਸਤੇ ਮਨਾਉਣ ਲਈ ਉਨ੍ਹਾਂ ਦੇ ਘਰ ਤਕ ਗਏ ਸਨ। ਇਹ ਉਨ੍ਹਾਂ ਦੀ ਸ਼ਖਸ਼ੀਅਤ ਦਾ ਹੀ ਪ੍ਰਭਾਵ ਕਿਹਾ ਜਾ ਸਕਦਾ ਹੈ। ਜਥੇਦਾਰ ਗੌਹਰ-ਏ-ਮਸਕੀਨ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਚਾਹੀਦਾ ਹੈ ਕਿ ਪੰਥ ਦੀ ਚੜ੍ਹਦੀਕਲਾ ਲਈ ਐਡਵੋਕੇਟ ਧਾਮੀ ਨੂੰ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਅਵਤਾਰ ਸਿੰਘ ਮੱਕੜ ਵਾਂਗ ਲੰਮੇ ਸਮੇਂ ਤਕ ਸ਼੍ਰੋਮਣੀ ਕਮੇਟੀ ਦੀਆਂ ਸੇਵਾਵਾਂ ਪ੍ਰਾਪਤ ਰਹਿਣ।ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਬਾਰੇ ਗੱਲ ਕਰਦਿਆਂ ਜਥੇਦਾਰ ਗੌਹਰ-ਏ-ਮਸਕੀਨ ਨੇ ਕਿਹਾ ਕਿ ਜਦ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੇਸ਼ ਹੋ ਕੇ ਸੇਵਾ ਲਗਵਾ ਕੇ ਪੂਰੀ ਵੀ ਕਰ ਲਈ ਹੈ ਤਾਂ ਫਿਰ ਉਨ੍ਹਾਂ ਤੇ ਕਿਸੇ ਪ੍ਰਕਾਰ ਦੀ ਟੀਕਾ ਟਿੱਪਣੀ ਕਰਨੀ ਜਾਇਜ਼ ਨਹੀਂ ਹੈ। ਜਿਹੜੇ ਵਿਅਕਤੀ ਅੱਜ ਬਾਦਲ ਦੀ ਅਗਵਾਈ 'ਤੇ ਕਿੰਤੂ ਕਰ ਰਹੇ ਹਨ, ਉਹ ਇਹ ਭੁੱਲ ਗਏ ਹਨ ਕਿ ਉਨ੍ਹਾਂ ਨੂੰ ਲੋਕ ਸਭਾ, ਰਾਜ ਸਭਾ ਤੇ ਵਿਧਾਨ ਸਭਾ ਦੀਆਂ ਪੌੜੀਆਂ ਸੁਖਬੀਰ ਸਿੰਘ ਬਾਦਲ ਨੇ ਹੀ ਚੜ੍ਹਾਈਆਂ ਸਨ।ਜੇਕਰ ਪਾਰਟੀ ਬੀਤੇ ਸਮੇਂ ਵਿਚ ਚੋਣਾ ਹਾਰ ਗਈ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਸੁਖਬੀਰ ਸਿੰਘ ਬਾਦਲ ਵਿਚ ਲੀਡਰਸ਼ਿਪ ਦੇ ਗੁਣ ਘੱਟ ਹਨ ।ਜੇਕਰ ਬਾਦਲ ਨੂੰ ਸਿਰਫ ਇਸ ਕਾਰਨ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ ਕਿ ਉਨਾਂ ਦੀ ਅਗਵਾਈ ਵਿਚ ਲੜੀਆਂ ਚੋਣਾ ਪਾਰਟੀ ਹਾਰ ਗਈ ਤਾਂ ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਵੀ ਕਈ ਵਾਰ ਚੋਣਾਂ ਹਾਰ ਚੁੱਕੀਆਂ ਹਨ ਤੇ ਉਨ੍ਹਾਂ ਪਾਰਟੀਆਂ ਦੇ ਵਰਕਰਾਂ ਨੇ ਹਾਰ ਤੋਂ ਬਾਅਦ ਕਦੇ ਵੀ ਆਪਣੀ ਲੀਡਰਸ਼ਿਪ 'ਤੇ ਸਵਾਲ ਨਹੀ ਕੀਤੇ। ਸ੍ਰ. ਬਾਦਲ ਦੀ ਪ੍ਰਧਾਨਗੀ ਤੇ ਇਤਰਾਜ ਕਰਨ ਵਾਲਿਆਂ ਨੂੰ ਜਵਾਬ ਦਿੰਦੇ ਜਥੇਦਾਰ ਗੌਹਰ-ਏ-ਮਸਕੀਨ ਨੇ ਕਿਹਾ ਸੁਖਬੀਰ ਸਿੰਘ ਬਾਦਲ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਡੈਲੀਗੇਟਸ ਨੇ ਚੁਣਿਆ ਹੈ ਤੇ ਸ੍ਰ: ਬਾਦਲ ਸਵਿਧਾਨਕ ਤੌਰ ਤੇ ਇਸ ਵਿਚ ਕੋਈ ਦੁਬਿਧਾ ਨਹੀਂ ਕਿ ਸਰਦਾਰ ਸੁਖਬੀਰ ਸਿੰਘ ਬਾਦਲ ਸੰਵਿਧਾਨਿਕ ਤੌਰ 'ਤੇ ਪੂਰਨ ਰੂਪ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹਨ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ ਵਿੱਚ ਰਹੋ !!

## ਸੰਪਾਦਕੀ

# ਇਜ਼ਰਾਈਲ-ਈਰਾਨ ਯੁੱਧ ਦੇ ਪ੍ਰਭਾਵ

ਇਜ਼ਰਾਈਲ ਨੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਠਿਕਾਣਿਆਂ'ਤੇ ਅਚਾਨਕ ਹਮਲਾ ਕਰਕੇ ਨਾ ਸਿਰਫ਼ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ, ਸਗੋਂ ਪੂਰੇ ਖੇਤਰ ਨੂੰ ਅਨਿਸ਼ਚਿਤਤਾ ਦੇ ਭਾਂਬੜ ਵਿੱਚ ਸੁੱਟ ਦਿੱਤਾ ਹੈ। ਅਮਰੀਕਾ ਨੇ ਤੁਰੰਤ ਸਪੱਸ਼ਟ ਕਰ ਦਿੱਤਾ ਕਿ ਉਹ ਇਸ ਕਾਰਵਾਈ ਵਿੱਚ ਸ਼ਾਮਲ ਨਹੀਂ ਹੈ। ਇਸ ਦੇ ਨਾਲ ਹੀ, ਇਹ ਲਗਭਗ ਤੈਅ ਹੈ ਕਿ ਈਰਾਨ ਬਦਲਾ ਲਵੇਗਾ। ਇਜ਼ਰਾਈਲ ਨੇ ਈਰਾਨ ਵਿਰੁੱਧ ਆਪਣੀ ਕਾਰਵਾਈ ਨੂੰ ਆਪ੍ਰੇਸ਼ਨ ਰਾਈਜ਼ਿੰਗ ਲਾਇਨ ਦਾ ਨਾਮ ਦਿੱਤਾ ਹੈ, ਜੋ ਦਰਸਾਉਂਦਾ ਹੈ ਕਿ ਇਹ ਸਿਰਫ਼ ਆਪਣੇ ਆਪ ਵਿੱਚ ਇੱਕ ਕਾਰਵਾਈ ਨਹੀਂ ਹੈ, ਸਗੋਂ ਇੱਕ ਨਵੀਂ ਲੜੀ ਹੋ ਸਕਦੀ ਹੈ। ਹਮਲਿਆਂ ਦੀ ਵਿਆਪਕ ਪ੍ਰਕਿਰਤੀ ਇਸਦੀ ਗੰਭੀਰਤਾ ਨੂੰ ਵੀ ਸਪੱਸ਼ਟ ਕਰਦੀ ਹੈ। ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਠਿਕਾਣਿਆਂ ਨੂੰ ਘੱਟੋ-ਘੱਟ ਛੇ ਦੌਰ ਦੇ ਹਵਾਈ ਹਮਲਿਆਂ ਵਿੱਚ ਨਿਸ਼ਾਨਾ ਬਣਾਇਆ ਗਿਆ ਸੀ। ਈਰਾਨ ਨੇ ਮੰਨਿਆ ਹੈ ਕਿ ਇਨ੍ਹਾਂ ਹਮਲਿਆਂ ਵਿੱਚ ਉਸਦੇ ਘੱਟੋ-ਘੱਟ ਛੇ ਪ੍ਰਮਾਣੂ ਵਿਗਿਆਨੀ ਮਾਰੇ ਗਏ ਸਨ। ਇੰਨਾ ਹੀ ਨਹੀਂ, ਈਰਾਨ ਦੇ ਸਭ ਤੋਂ ਉੱਚ ਫੌਜੀ ਅਧਿਕਾਰੀ, ਇਸਲਾਮਿਕ ਰੈਵੋਲਿਊਸ਼ਨਰੀ ਗਾਰਡਜ਼ ਕੋਰ ਦੇ ਮੁਖੀ, ਹੁਸੈਨ ਸਲਾਮੀ ਦੇ ਵੀ ਮਾਰੇ ਜਾਣ ਦੀ ਖ਼ਬਰ ਹੈ। ਈਰਾਨ ਪਹਿਲਾਂ ਹੀ ਬਦਲਾ ਲੈਣ ਦਾ ਆਪਣਾ ਇਰਾਦਾ ਜ਼ਾਹਰ ਕਰ ਚੁੱਕਾ ਹੈ, ਇਜ਼ਰਾਈਲੀ ਸਰਕਾਰ ਨੇ ਖੁਦ ਵੀ ਆਪਣੇ ਨਾਗਰਿਕਾਂ ਨੂੰ ਅਗਲੇ ਕੁਝ ਦਿਨਾਂ ਲਈ ਆਪਣੇ ਘਰਾਂ ਦੇ ਅੰਦਰ ਰਹਿਣ ਅਤੇ ਖਾਣ-ਪੀਣ ਦੀਆਂ ਚੀਜ਼ਾਂ ਇਕੱਠੀਆਂ ਕਰਨ ਲਈ ਕਿਹਾ ਹੈ। ਇਜ਼ਰਾਈਲੀ ਕਾਰਵਾਈ ਦੇ ਵਿਸ਼ਵਵਿਆਪੀ ਮਾੜੇ ਪ੍ਰਭਾਵਾਂ ਦਾ ਸੰਕੇਤ ਇਸ ਤੱਥ ਤੋਂ ਮਿਲਦਾ ਹੈ ਕਿ ਪਹਿਲੇ ਹਮਲੇ ਦੇ ਕੁਝ ਘੰਟਿਆਂ ਦੇ ਅੰਦਰ, ਅੰਤਰਰਾਸ਼ਟਰੀ ਬਾਜ਼ਾਰ ਵਿੱਚ ਤੇਲ ਦੀਆਂ ਕੀਮਤਾਂ ਵਿੱਚ 13% ਦਾ ਵਾਧਾ ਹੋਇਆ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਜ਼ਰਾਈਲ ਲੰਬੇ ਸਮੇਂ ਤੋਂ ਕਹਿੰਦਾ ਆ ਰਿਹਾ ਹੈ ਕਿ ਈਰਾਨ ਨੂੰ ਹਰ ਕੀਮਤ 'ਤੇ ਪ੍ਰਮਾਣੂ ਹਥਿਆਰ ਵਿਕਸਤ ਕਰਨ ਤੋਂ ਰੋਕਿਆ ਜਾਣਾ ਚਾਹੀਦਾ ਹੈ ਅਤੇ ਜੇਕਰ ਲੋੜ ਪਈ ਤਾਂ ਇਸ ਲਈ ਤਾਕਤ ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ। ਇਸ ਵਿੱਚ ਕਿਹਾ ਗਿਆ ਹੈ ਕਿ ਈਰਾਨ ਅਜਿਹੀ ਸਥਿਤੀ ਵਿੱਚ ਪਹੁੰਚ ਗਿਆ ਸੀ ਕਿ ਉਹ ਕੁਝ ਦਿਨਾਂ ਵਿੱਚ 15 ਪ੍ਰਮਾਣੂ ਬੰਬ ਬਣਾ ਸਕਦਾ ਹੈ। ਇਜ਼ਰਾਈਲ ਦੇ ਇਨ੍ਹਾਂ ਦੋਸ਼ਾਂ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ। ਇਹ ਵੀ ਸੱਚ ਹੈ ਕਿ ਈਰਾਨ ਇਸ ਮੁੱਦੇ 'ਤੇ ਅਮਰੀਕਾ ਨਾਲ ਗੱਲਬਾਤ ਕਰ ਰਿਹਾ ਸੀ। ਦੋਵਾਂ ਧਿਰਾਂ ਵਿਚਕਾਰ ਗੱਲਬਾਤ ਦਾ ਅਗਲਾ ਦੌਰ ਐਤਵਾਰ ਨੂੰ ਹੋਣਾ ਸੀ। ਅਜਿਹੀ ਸਥਿਤੀ ਵਿੱਚ, ਇਜ਼ਰਾਈਲ ਵੱਲੋਂ ਕੀਤੀ ਗਈ ਇਸ ਅਚਾਨਕ ਕਾਰਵਾਈ ਤੋਂ ਬਾਅਦ ਸਾਰੀਆਂ ਧਿਰਾਂ ਇਸ ਗੱਲ 'ਤੇ ਨਜ਼ਰ ਰੱਖ ਰਹੀਆਂ ਹਨ ਕਿ ਭਵਿੱਖ ਵਿੱਚ ਘਟਨਾਵਾਂ ਕਿਵੇਂ ਵਾਪਰਦੀਆਂ ਹਨ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਈਰਾਨ ਦੇ ਬਦਲੇ ਦਾ ਰੂਪ ਕੀ ਹੈ ਅਤੇ ਇਸਦਾ ਦਾਇਰਾ ਕਿੰਨਾ ਵੱਡਾ ਹੈ। ਇਹ ਆਪਣੇ ਆਪ ਨੂੰ ਇਜ਼ਰਾਈਲ ਵਿਰੁੱਧ ਪ੍ਰਤੀਕਾਤਮਕ ਕਾਰਵਾਈ ਤੱਕ ਸੀਮਤ ਕਰਦਾ ਹੈ ਜਾਂ ਅਮਰੀਕੀ ਦੂਤਾਵਾਸਾਂ ਅਤੇ ਹੋਰ ਸਥਾਨਾਂ ਨੂੰ ਨਿਸ਼ਾਨਾ ਬਣਾਉਂਦਾ ਹੈ ਜੋ ਹੋਰਮੁਜ਼ ਜਲਡਮਰੂ ਨੂੰ ਪਾਰ ਕਰਦੇ ਹਨ, ਜਿੱਥੋਂ 21% ਵਿਸ਼ਵਵਿਆਪੀ ਤੇਲ ਸਪਲਾਈ ਲੰਘਦੀ ਹੈ। ਇਸ ਯੁੱਧ ਨੇ ਬਾਕੀ ਮੁਲਕਾਂ ਨੂੰ ਚਿੰਤਾ ਵਿਚ ਪਾ ਦਿੱਤਾ ਹੈ। ਭਾਰਤ ਵੀ ਯੁੱਧ ਤੋਂ ਪ੍ਰਭਾਵਿਤ ਹੋ ਰਿਹਾ ਹੈ। ਭਾਰਤ ਵੱਲੋਂ ਦੁਨੀਆ ਭਰ ਵਿੱਚ ਚਾਵਲ ਸਪਲਾਈ ਕੀਤਾ ਜਾਂਦਾ ਹੈ। ਜਿਹੜਾ ਚਾਵਲ ਮਿਡਲ ਈਸਟ ਵਿੱਚ ਜਾਂਦਾ ਹੈ, ਉਸ ਵਿਚੋਂ 25 ਫ਼ੀਸਦੀ ਈਰਾਨ ਨੂੰ ਜਾਂਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਮੁਲਕਾਂ ਵਿਚ ਸਾਡੇ ਕਾਮੇ ਅਤੇ ਵਿਦਿਆਰਥੀ ਵੀ ਹਨ, ਉਨ੍ਹਾਂ ਦੀ ਸਲਾਮਤੀ ਬਹੁਤ ਵੱਡਾ ਮੁੱਦਾ ਹੈ।

-ਜਗਜੀਤ ਸਿੰਘ ਦਰਦੀ

### ਹੋ ਗਿਆ ਜਾਤੀ ਮਰਦਮਸ਼ੁਮਾਰੀ ਦਾ ਐਲਾਨ

# 2029 ਦੀਆਂ ਚੋਣਾਂ ਵਿੱਚ ਬਦਲ ਜਾਏਗਾ ਭਾਰਤ ਦਾ ਸਿਆਸੀ ਤਾਣਾ-ਬਾਣਾ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ



ਭਾਰਤ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਅੱਜ ਭਾਰਤ ਵਿੱਚ ਜਾਤੀ ਮਰਦਮ ਸ਼ੁਮਾਰੀ ਦੀਆਂ ਤਰੀਕਾਂ ਦਾ ਐਲਾਨ ਕਰਕੇ ਭਾਰਤ ਦੇ ਨਵੇਂ ਜਾਤੀਗਤ ਬਣਤਰ ਢਾਂਚੇ ਦੀ ਨਵੀਂ ਵਿਆਖਿਆ ਦਾ ਰਸਤਾ ਖੋਲ੍ਹ ਦਿੱਤਾ ਹੈ। ਗਜਟ ਨੋਟੀਫਿਕੇਸ਼ਨ ਆਫ਼ ਇੰਡੀਆ ਦੀ ਸੂਚਨਾ ਅਨੁਸਾਰ 2027 ਦੇ ਅੰਤ ਤੱਕ ਇਹ ਜਨਗਣਨਾ ਅਰਥਾਤ ਜਾਤੀ ਮੁਰਦਮ ਸ਼ੁਮਾਰੀ ਦਾ ਕੈਲੰਡਰ ਤੇ ਪੂਰਾ ਡਾਟਾ ਤਿਆਰ ਹੋ ਜਾਏਗਾ।

ਹੁਣ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ 2029 ਦੀਆਂ ਲੋਕ ਸਭਾ ਦੀਆਂ ਚੋਣਾਂ ਤੱਕ ਅਸੀਂ ਦੇਸ਼ ਦਾ ਜਾਤੀ ਅਧਾਰਤ ਅਲੱਗ ਅਲੱਗ ਸਮੁਦਾਇ ਦਾ ਵੰਡਿਆ ਹੋਇਆ ਰਾਜਨੀਤਕ ਤਾਣਾ ਬਾਣਾ ਦੇਖ ਸਕਦੇ ਹੋ ਤੇ ਜਿਹੜਾ ਲੋਕ ਸਭਾ ਦੇ ਨਤੀਜਿਆਂ ਨੂੰ ਵੀ ਕਿਤੇ ਨਾ ਕਿਤੇ ਪ੍ਰਭਾਵਿਤ ਸਿੱਧੇ ਰੂਪ ਵਿੱਚ ਕਰੇਗਾ ਤੇ ਆਉਣ ਵਾਲੇ ਦਿਨਾਂ ਦੇ ਵਿੱਚ ਰਿਜ਼ਰਵੇਸ਼ਨ ਅਤੇ ਜਾਤੀ ਅਧਾਰਤ ਕੋਟੇ ਦੀਆਂ ਸਮੱਸਿਆਵਾਂ ਵੀ ਵੱਧ ਸਕਦੀਆਂ ਹਨ। ਅਸਲ 'ਚ ਜਾਤੀ ਮਰਦਮ ਸ਼ੁਮਾਰੀ ਹੁਣ ਇੱਕ ਵੱਡਾ ਰਾਜਨੀਤਿਕ ਬਦਲਾਵ ਲੈ ਕੇ ਆਈ ਹੈ ਅਤੇ ਇਸ ਦੇ ਬਦਲਾਵ ਦੇ ਕਾਰਨਾਂ ਕਰਕੇ ਪਿਛੋਕੜ, ਪ੍ਰਭਾਵ ਅਤੇ ਰਾਜਨੀਤਕ ਮਹੱਤਵ (2029 ਦੀਆਂ ਚੋਣਾਂ ਅਤੇ ਪੰਜਾਬ ਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਸੰਦਰਭ ਵਿੱਚ ਦਿਲਚਸਪ ਹੋ ਸਕਦੀ ਹੈ।

**ਆਓ ਵੇਖਦੇ ਹਾਂ, ਪਿਛੋਕੜ:** ਭਾਰਤ ਵਿੱਚ ਜਾਤੀ ਜਨਗਣਨਾ ਦਾ ਮੁੱਦਾ ਲੰਬੇ ਸਮੇਂ ਤੋਂ ਸਿਆਸੀ ਅਤੇ ਸਮਾਜਿਕ ਵਿਵਾਦ ਦਾ ਵਿਸ਼ਾ ਰਿਹਾ ਹੈ। ਸੁਤੰਤਰਤਾ ਤੋਂ ਬਾਅਦ 1951 ਤੋਂ 2011 ਤੱਕ ਹਰ ਜਨਗਣਨਾ ਵਿੱਚ ਜਾਤੀ-ਆਧਾਰਿਤ ਅੰਕੜੇ ਇਕੱਤਰ ਨਹੀਂ ਕੀਤੇ ਗਏ ਸਨ, ਸਿਰਫ਼ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੀ ਜਾਣਕਾਰੀ ਹੀ ਸ਼ਾਮਲ ਕੀਤੀ ਜਾਂਦੀ ਸੀ। 2011 ਵਿੱਚ, ਸਮਾਜਿਕ-ਆਰਥਿਕ ਅਤੇ ਜਾਤੀ ਜਨਗਣਨਾ ਦੀ ਸ਼ੁਰੂਆਤ ਹੋਈ, ਪਰ ਇਸ ਦੇ ਅੰਕੜੇ ਜਨਤਕ ਨਹੀਂ ਕੀਤੇ ਗਏ ਅਤੇ ਇਸ ਦੀ ਸਟੀਕਤਾ ਉੱਤੇ ਸਵਾਲ ਵੀ ਉਠੇ।

ਹਾਲ ਹੀ ਦੇ ਸਾਲਾਂ ਵਿੱਚ, ਜਾਤੀ ਜਨਗਣਨਾ ਦੀ ਮੰਗ ਖਾਸ ਕਰਕੇ ਅਨੁਸੂਚਿਤ ਜਾਤੀਆਂ, ਪਿਛੜੀਆਂ ਸ਼੍ਰੇਣੀਆਂ ਅਤੇ ਹੋਰ ਸਮਾਜਿਕ ਸਮੂਹਾਂ ਦੀਆਂ ਸਿਆਸੀ ਪਾਰਟੀਆਂ ਵੱਲੋਂ ਤੇਜ਼ ਹੋਈ ਹੈ। ਇਸ ਦੀ ਮੁੱਖ ਵਜ੍ਹਾ ਸਮਾਜਿਕ ਨਿਆਂ, ਅਰਕਸ਼ਣ (ਰਾਖਵਾਂਕਰਨ) ਨੀਤੀਆਂ ਨੂੰ ਮਜ਼ਬੂਤ ਕਰਨਾ ਅਤੇ ਸਰਕਾਰੀ ਸਕੀਮਾਂ ਦੀ ਸਹੀ ਵੰਡ ਨੂੰ ਯਕੀਨੀ ਬਣਾਉਣਾ ਹੈ।

2021 ਦੀ ਜਨਗਣਨਾ ਕੋਵਿਡ-19 ਮਹਾਂਮਾਰੀ ਕਾਰਨ ਮੁਲਤਵੀ ਹੋਈ, ਪਰ 2026/27 ਵਿੱਚ ਪੂਰੀ ਹੋਣ ਦੀ ਸੰਭਾਵਨਾ ਹੈ ਅਤੇ ਜਾਤੀ ਜਨਗਣਨਾ ਦੀ ਸੰਭਾਵਨਾ ਨੇ ਸਿਆਸੀ ਮਾਹੌਲ ਨੂੰ ਗਰਮ ਕਰ ਦਿੱਤਾ ਹੈ।

**ਅੱਜ ਜਾਤੀ ਜਨਗਣਨਾ ਦਾ ਐਲਾਨ ਅਤੇ ਇਸ ਦੇ ਪ੍ਰਭਾਵ:**

ਜਾਤੀ ਜਨਗਣਨਾ ਦਾ ਐਲਾਨ ਭਾਰਤੀ ਸਮਾਜ ਅਤੇ ਰਾਜਨੀਤੀ ਵਿੱਚ ਵੱਡੇ ਬਦਲਾਵਾਂ ਦਾ ਕਾਰਨ ਬਣ ਸਕਦਾ ਹੈ। ਇਸ ਦੇ ਮੁੱਖ ਪ੍ਰਭਾਵ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ।

ਸਮਾਜਿਕ ਨਿਆਂ ਅਤੇ ਅਰਕਸ਼ਣ ਨੀਤੀਆਂ ਕਾਰਨ ਜਾਤੀ ਜਨਗਣਨਾ ਦੇ ਅੰਕੜਿਆਂ ਦੀ ਮਦਦ ਨਾਲ ਸਰਕਾਰ ਨੂੰ OBC, SC ਅਤੇ ST ਸਮੂਹਾਂ ਦੀ ਸਹੀ ਅਬਾਦੀ ਦਾ ਪਤਾ ਲੱਗ ਸਕਦਾ ਹੈ। ਇਸ ਨਾਲ ਅਰਕਸ਼ਣ ਦੀ ਸੀਮਾ (ਜੋ ਅਜੇ 50% ਦੀ ਸੁਪਰੀਮ ਕੋਰਟ ਦੀ ਸੀਮਾ ਅਧੀਨ ਹੈ) ਨੂੰ ਮੁੜ ਵਿਚਾਰਿਆ ਜਾ ਸਕਦਾ ਹੈ। ਉਦਾਹਰਣ ਵਜੋਂ, ਜੇਕਰ OBCs ਦੀ ਅਬਾਦੀ ਮੌਜੂਦਾ ਅੰਦਾਜ਼ਿਆਂ (ਮੰਡਲ ਕਮਿਸ਼ਨ ਦੇ 52%) ਨਾਲੋਂ ਵੱਧ ਜਾਂ ਘੱਟ ਨਿਕਲਦੀ ਹੈ, ਤਾਂ ਅਰਕਸ਼ਣ ਨੀਤੀਆਂ ਵਿੱਚ ਸੋਧ ਹੋ ਸਕਦੀ ਹੈ।

ਸਮਾਜਿਕ ਧਰੁਵੀਕਰਨ ਤੇ ਜਾਤੀ ਜਨਗਣਨਾ ਜਾਤੀਆਂ ਵਿਚਕਾਰ ਤਣਾਅ ਨੂੰ ਵਧਾ ਸਕਦੀ ਹੈ, ਖਾਸ ਕਰਕੇ ਜੇਕਰ ਕੁਝ ਜਾਤੀ ਸਮੂਹਾਂ ਨੂੰ ਲੱਗੇ ਕਿ ਉਨ੍ਹਾਂ ਦੀ ਅਬਾਦੀ ਨੂੰ ਘੱਟ ਜਾਂ ਵੱਧ ਦਿਖਾਇਆ ਗਿਆ ਹੈ। ਇਸ ਨਾਲ ਸਮਾਜਿਕ ਅਸਮਾਨਤਾ ਅਤੇ ਵਿਵਾਦ ਵੱਧ ਸਕਦੇ ਹਨ।

**ਸਰਕਾਰੀ ਸਕੀਮਾਂ ਦੀ ਵੰਡ:** ਜਾਤੀ-ਆਧਾਰਿਤ ਅੰਕੜੇ ਸਰਕਾਰੀ ਸਕੀਮਾਂ (ਜਿਵੇਂ ਸਿੱਖਿਆ, ਰੁਜ਼ਗਾਰ, ਅਤੇ ਸਿਹਤ ਸੰਭਾਲ) ਨੂੰ ਵਧੇਰੇ ਸਹੀ ਢੰਗ ਨਾਲ ਨਿਸ਼ਾਨਾ ਬਣਾਉਣ ਵਿੱਚ ਮਦਦ ਕਰ ਸਕਾਂਗੇ। ਇਹ ਸਮਾਜ ਦੇ ਹਾਸ਼ੀਏ 'ਤੇ ਰਹਿੰਦੇ ਸਮੂਹਾਂ ਲਈ ਲਾਭਕਾਰੀ ਹੋ ਸਕਦਾ ਹੈ।

ਆਉਣ ਵਾਲੀਆਂ 2029 ਦੀਆਂ ਚੋਣਾਂ 'ਤੇ ਜਾਤੀ ਜਨਗਣਨਾ ਦਾ ਪ੍ਰਭਾਵ ਵੇਖਦੇ ਹੋਏ 2029 ਦੀਆਂ ਲੋਕ ਸਭਾ ਚੋਣਾਂ ਵਿੱਚ ਜਾਤੀ ਜਨਗਣਨਾ ਇੱਕ ਪ੍ਰਮੁੱਖ ਸਿਆਸੀ ਮੁੱਦਾ ਬਣ ਸਕਦੀ ਹੈ। ਇਸ ਦੇ ਸੰਭਾਵਿਤ ਪ੍ਰਭਾਵ ਹਨ:

ਜਾਤੀ-ਆਧਾਰਿਤ ਸਿਆਸਤ ਦਾ ਉਭਾਰ ਹੋਵੇਗਾ ਅਤੇ ਜਾਤੀ ਜਨਗਣਨਾ ਦੇ ਅੰਕੜੇ ਸਿਆਸੀ ਪਾਰਟੀਆਂ ਨੂੰ ਜਾਤੀ-ਆਧਾਰਿਤ ਵੋਟ ਬੈਂਕ ਨੂੰ ਟਾਰਗੇਟ ਕਰਨ ਦਾ ਮੌਕਾ ਦੇਣਗੇ। ਖਾਸ ਕਰਕੇ, OBC ਅਤੇ SC/ST-ਕੇਂਦਰਿਤ ਪਾਰਟੀਆਂ ਜਿਵੇਂ ਸਮਾਜਵਾਦੀ ਪਾਰਟੀ (SP), ਬਹੁਜਨ ਸਮਾਜ ਪਾਰਟੀ (BSP) ਅਤੇ ਰਾਸ਼ਟਰੀ ਜਨਤਾ ਦਲ (RJD) ਇਸ ਮੁੱਦੇ ਨੂੰ ਭੁਲਾਉਣ ਦੀ ਕੋਸ਼ਿਸ਼ ਕਰਨਗੀਆਂ।

**ਭਾਜਪਾ ਅਤੇ ਕਾਂਗਰਸ ਦੀ ਰਣਨੀਤੀ:** ਭਾਰਤੀ ਜਨਤਾ ਪਾਰਟੀ (ਭਾਜਪਾ), ਜੋ ਹਿੰਦੂ ਰਾਸ਼ਟਰਵਾਦ 'ਤੇ ਜ਼ੋਰ ਦਿੰਦੀ ਹੈ, ਨੂੰ ਜਾਤੀ ਜਨਗਣਨਾ ਦੇ ਮੁੱਦੇ ਨੂੰ ਸੰਭਾਲਣ ਵਿੱਚ ਸਾਵਧਾਨੀ ਵਰਤਣੀ ਪਵੇਗੀ। ਜਾਤੀ ਜਨਗਣਨਾ ਦੇ ਅੰਕੜਿਆਂ ਨਾਲ ਜੇਕਰ OBC ਜਾਂ SC/ST ਅਰਕਸ਼ਣ ਵਧਾਉਣ ਦੀ ਮੰਗ ਉੱਠਦੀ ਹੈ ਤਾਂ ਭਾਜਪਾ ਨੂੰ ਆਪਣੀ ਸਬਕਾ ਸਾਥ, ਸਬਕਾ ਵਿਕਾਸ ਦੀ ਨੀਤੀ ਨੂੰ ਜਾਤੀ ਸਿਆਸਤ ਨਾਲ ਸੰਤੁਲਿਤ ਕਰਨਾ ਪਵੇਗਾ। ਦੂਜੇ ਪਾਸੇ, ਕਾਂਗਰਸ ਜਾਤੀ ਜਨਗਣਨਾ ਦਾ ਸਮਰਥਨ ਕਰਕੇ OBC ਅਤੇ ਹੋਰ ਪਿਛੜੇ ਸਮੂਹਾਂ ਦੇ ਵੋਟ ਬੈਂਕ ਨੂੰ ਮੁੜ ਹਾਸਲ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ।

**ਰਾਜਨੀਤਕ ਧਰੁਵੀਕਰਨ:** ਜਾਤੀ ਜਨਗਣਨਾ ਦੇ ਅੰਕੜਿਆਂ ਦੀ ਵਰਤੋਂ ਨਾਲ ਸਿਆਸੀ ਪਾਰਟੀਆਂ ਵਿਚਕਾਰ ਧਰੁਵੀਕਰਨ ਵੱਧ ਸਕਦਾ ਹੈ। ਉਦਾਹਰਣ ਵਜੋਂ, ਜੇਕਰ ਅੰਕੜਿਆਂ ਨਾਲ ਸਪੱਸ਼ਟ ਹੁੰਦਾ ਹੈ ਕਿ ਕੁਝ ਜਾਤੀਆਂ ਦੀ ਅਬਾਦੀ ਘੱਟ ਜਾਂ ਵੱਧ ਹੈ, ਤਾਂ ਇਸ ਨਾਲ ਨਵੇਂ ਸਿਆਸੀ ਗਠਜੋੜ ਅਤੇ ਵਿਵਾਦ ਪੈਦਾ ਹੋ ਸਕਦੇ ਹਨ।

**ਖੇਤਰੀ ਪਾਰਟੀਆਂ ਦਾ ਉਭਾਰ:** ਉੱਤਰ ਪ੍ਰਦੇਸ਼, ਬਿਹਾਰ ਅਤੇ ਮਹਾਰਾਸ਼ਟਰ ਵਰਗੇ ਰਾਜਾਂ ਵਿੱਚ, ਜਿੱਥੇ ਜਾਤੀ ਸਿਆਸਤ ਪਹਿਲਾਂ ਹੀ ਪ੍ਰਮੁੱਖ ਹੈ, ਜਾਤੀ ਜਨਗਣਨਾ ਦੇ ਅੰਕੜੇ ਖੇਤਰੀ ਪਾਰਟੀਆਂ ਨੂੰ ਹੋਰ ਮਜ਼ਬੂਤ ਕਰ ਸਕਦੇ ਹਨ।

ਪੰਜਾਬ ਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਾਤੀ ਦਾ ਅਸਰ ਰਹੇਗਾ। ਪਹਿਲਾਂ ਵੀ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਜਾਤੀ ਨੇ ਮਹੱਤਵਪੂਰਨ ਭੂਮਿਕਾ ਨਿਭਾਈ, ਹਾਲਾਂਕਿ ਪੰਜਾਬ ਦੀ ਸਿਆਸਤ ਵਿੱਚ ਧਰਮ ਅਤੇ ਖੇਤਰੀ ਮੁੱਦੇ ਵੀ ਅਹਿਮ ਰਹੇ ਹਨ।

2027 ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਗਠਜੋੜ ਜਿੱਤ ਹਾਸਲ ਕਰ ਸਕਦਾ ਹੈ, ਜਦਕਿ ਕਾਂਗਰਸ ਨੂੰ ਹਾਰ ਦਾ ਸਾਹਮਣਾ ਕਰਨਾ ਹੋਵੇਗਾ। ਪੰਜਾਬ ਵਿੱਚ ਦੋਆਬਾ ਟਰਨਿੰਗ ਪੁਆਇੰਟ ਰਹੇਗਾ ਜਾਤੀ ਦੀ ਭੂਮਿਕਾ ਨੂੰ ਹੇਠ ਲਿਖੇ ਨੁਕਤਿਆਂ ਵਿੱਚ ਸਮਝਿਆ ਜਾ ਸਕਦਾ ਹੈ।

**ਪੰਜਾਬ ਵਿੱਚ ਜੱਟ ਸਿੱਖਾਂ ਦਾ ਪ੍ਰਭਾਵ:** ਪੰਜਾਬ ਵਿੱਚ ਜੱਟ ਸਿੱਖ ਸਮੁਦਾਇ, ਜੋ ਅਕਾਲੀ ਦਲ ਦਾ ਮੁੱਖ ਵੋਟ ਬੈਂਕ ਹੈ, ਨੇ 2007 ਦੀਆਂ ਚੋਣਾਂ ਵਿੱਚ ਵੱਡੀ ਭੂਮਿਕਾ ਨਿਭਾਈ ਸੀ। ਜੱਟ ਸਿੱਖ, ਜੋ ਮੁੱਖ ਤੌਰ 'ਤੇ ਖੇਤੀਬਾੜੀ ਨਾਲ ਜੁੜੇ ਹਨ, ਨੇ ਅਕਾਲੀ ਦਲ ਦੀਆਂ ਖੇਤੀ-ਕੇਂਦਰਿਤ ਨੀਤੀਆਂ ਅਤੇ ਸਿੱਖ ਪਛਾਣ ਨੂੰ ਸਮਰਥਨ ਦਿੱਤਾ।

**ਅਨੁਸੂਚਿਤ ਜਾਤੀਆਂ ਦੀ ਸਿਆਸਤ:** ਪੰਜਾਬ ਵਿੱਚ ਅਨੁਸੂਚਿਤ ਜਾਤੀਆਂ (SCs), ਜਿਵੇਂ ਕਿ ਰਵਿਦਾਸੀਆ ਅਤੇ ਵਾਲਮੀਕਿ ਸਮੁਦਾਇ, ਦੀ ਅਬਾਦੀ ਕਾਫੀ ਹੈ। 2007 ਵਿੱਚ, ਕਾਂਗਰਸ ਨੇ SC ਵੋਟਰਾਂ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਅਕਾਲੀ ਦਲ ਨੇ ਵੀ SC ਸਮੁਦਾਇਆਂ ਨੂੰ ਸਕੀਮਾਂ ਅਤੇ ਵਾਅਦਿਆਂ ਰਾਹੀਂ ਆਪਣੇ ਨਾਲ ਜੋੜਿਆ।

**ਸ਼ਹਿਰੀ-ਪੇਂਡੂ ਵੰਡ:** ਜਾਤੀ ਦੇ ਨਾਲ-ਨਾਲ, 2007 ਦੀਆਂ ਚੋਣਾਂ ਵਿੱਚ ਸ਼ਹਿਰੀ ਅਤੇ ਪੇਂਡੂ ਵੋਟਰਾਂ ਦੀ ਵੰਡ ਵੀ ਮਹੱਤਵਪੂਰਨ ਸੀ। ਭਾਜਪਾ ਨੇ ਸ਼ਹਿਰੀ ਹਿੰਦੂ ਅਤੇ ਵਪਾਰੀ ਵਰਗ (ਖਾਸ ਕਰਕੇ ਖੱਤਰੀ ਅਤੇ ਅਰੋੜਾ ਸਮੁਦਾਇ) ਨੂੰ ਅਕਰਸ਼ਿਤ ਕੀਤਾ, ਜਦਕਿ ਅਕਾਲੀ ਦਲ ਨੇ ਪੇਂਡੂ ਜੱਟ ਸਿੱਖ ਵੋਟਰਾਂ 'ਤੇ ਪਕੜ ਬਣਾਈ ਸੀ।

ਪੰਜਾਬ ਵਿੱਚ ਜਾਤੀ ਅਤੇ ਧਰਮ ਦਾ ਸੁਮੇਲ ਹੈ। ਪੰਜਾਬ ਵਿੱਚ ਜਾਤੀ ਅਤੇ ਧਰਮ ਅਕਸਰ ਇਕੱਠੇ ਜੁੜ ਜਾਂਦੇ ਹਨ। 2007 ਵਿੱਚ, ਅਕਾਲੀ ਦਲ ਨੇ ਸਿੱਖ ਪਛਾਣ ਅਤੇ ਜੱਟ ਸਮੁਦਾਇ ਦੀਆਂ ਮੰਗਾਂ ਨੂੰ ਮਿਲਾ ਕੇ ਇੱਕ ਮਜ਼ਬੂਤ ਰਣਨੀਤੀ ਬਣਾਈ, ਜਿਸ ਨਾਲ ਉਨ੍ਹਾਂ ਦੀ ਜਿੱਤ ਸੰਭਵ ਹੋਈ। 2027 ਦੀਆਂ ਚੋਣਾਂ ਵਿੱਚ ਪੰਜਾਬ ਵਿੱਚ ਜਾਤੀ ਦਾ ਰੋਲ ਅਹਿਮ ਰਹੇਗਾ।

ਅੱਜ ਜਾਤੀ ਜਨਗਣਨਾ ਦੇ ਐਲਾਨ ਨਾਲ ਭਾਰਤੀ ਰਾਜਨੀਤੀ ਵਿੱਚ ਇੱਕ ਮਹੱਤਵਪੂਰਨ ਮੋੜ ਹੋ ਸਕਦਾ ਹੈ, ਜੋ 2029 ਦੀਆਂ ਚੋਣਾਂ ਵਿੱਚ ਜਾਤੀ-ਆਧਾਰਿਤ ਸਿਆਸਤ ਨੂੰ ਹੋਰ ਤੇਜ਼ ਕਰ ਸਕਦਾ ਹੈ। ਇਹ ਸਮਾਜਿਕ ਨਿਆਂ ਅਤੇ ਅਰਕਸ਼ਣ ਨੀਤੀਆਂ ਨੂੰ ਮਜ਼ਬੂਤ ਕਰਨ ਦਾ ਮੌਕਾ ਦੇ ਸਕਦਾ ਹੈ, ਪਰ ਨਾਲ ਹੀ ਸਮਾਜਿਕ ਅਤੇ ਰਾਜਨੀਤਕ ਧਰੁਵੀਕਰਨ ਨੂੰ ਵੀ ਵਧਾ ਸਕਦਾ ਹੈ।

ਪੰਜਾਬ ਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਜਾਤੀ ਸਿਆਸਤ, ਖਾਸ ਕਰਕੇ ਜੱਟ ਸਿੱਖ ਅਤੇ SC ਸਮੁਦਾਇਆਂ ਦੀ ਭੂਮਿਕਾ, ਪੰਜਾਬ ਵਿੱਚ ਹਮੇਸ਼ਾ ਮਹੱਤਵਪੂਰਨ ਰਹੀ ਹੈ। ਜੇਕਰ ਜਾਤੀ ਜਨਗਣਨਾ ਦੇ ਅੰਕੜੇ ਜਨਤਕ ਹੁੰਦੇ ਹਨ ਤਾਂ ਪੰਜਾਬ ਵਿੱਚ ਵੀ ਜਾਤੀ-ਆਧਾਰਿਤ ਵੋਟ ਬੈਂਕ ਨੂੰ ਟਾਰਗੇਟ ਕਰਨ ਦੀਆਂ ਸਿਆਸੀ ਰਣਨੀਤੀਆਂ ਵਿੱਚ ਵੱਡਾ ਬਦਲਾਅ ਆ ਸਕਦਾ ਹੈ।

ਇਸ ਤਰ੍ਹਾਂ, ਜਾਤੀ ਜਨਗਣਨਾ ਨਾ ਸਿਰਫ ਸਮਾਜਿਕ ਨਿਆਂ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਹੋ ਸਕਦੀ ਹੈ, ਸਗੋਂ 2029 ਦੀਆਂ ਚੋਣਾਂ ਅਤੇ ਖੇਤਰੀ ਸਿਆਸਤ, ਜਿਵੇਂ ਕਿ ਪੰਜਾਬ ਵਿੱਚ, ਨੂੰ ਨਵਾਂ ਰੰਗ ਦੇ ਸਕਦੀ ਹੈ।

# ਲੁਧਿਆਣਾ ਚੋਣ: ਕਾਂਗਰਸੀ ਹਾਲੇ ਵੀ ਆਪਸ ਵਿੱਚ ਤੜਿੰਗ

ਕਮਲਜੀਤ ਸਿੰਘ ਬਨਵੈਤ
98147 34035



- ਚੋਣ ਪ੍ਰਚਾਰ ਅੱਜ ਹੋ ਜਾਵੇਗਾ ਬੰਦ, ਵੋਟਾਂ 19 ਨੂੰ ਅਤੇ ਨਤੀਜੇ ਦਾ ਐਲਾਨ ਹੋਵੇਗਾ 23 ਜੂਨ ਨੂੰ
- ਲੁਧਿਆਣਾ ਪੱਛਮੀ ਹਲਕੇ ਵਿੱਚ ਵੋਟਰਾਂ ਦੀ ਗਿਣਤੀ 1 ਲੱਖ 74 ਹਜ਼ਾਰ ਦੇ ਕਰੀਬ
- ਉਮੀਦਵਾਰ ਅਤੇ ਉਨ੍ਹਾਂ ਦੇ ਹਮਾਇਤੀ ਲੋਕਾਂ ਦੇ ਧੱਕਿਆਂ ਅਤੇ ਧੌਂਸ ਤੋਂ ਅੱਕੇ
- ਆਪ ਦੇ ਵਿਧਾਇਕ ਗੁਰਪ੍ਰੀਤ ਸਿੰਘ ਗੋਗੀ ਦੇ ਅਕਾਲ ਚਲਾਣੇ ਤੋਂ ਬਾਅਦ ਹੋਈ ਸੀ ਸੀਟ ਖ਼ਾਲੀ
- ਸ਼੍ਰੋਮਣੀ ਅਕਾਲੀ ਦਲ ਦੀ ਦੌੜ ਵੋਟਾਂ ਦੀ ਗਿਣਤੀ ਤੱਕ ਸੀਮਤ
- ਭਾਜਪਾ ਦਾ ਹੱਥ ਨਹੀਂ ਪੈਂਦਾ ਤਾਂ ਆਪ ਦੀ ਜਿੱਤ ਆਵੇਗੀ ਰਾਸ

ਲੁਧਿਆਣਾ ਪੱਛਮੀ ਦੀ ਉਪ ਚੋਣ ਲਈ ਕੱਲ ਨੂੰ ਚੋਣ ਪ੍ਰਚਾਰ ਬੰਦ ਹੋ ਜਾਵੇਗਾ ਪਰ ਉਸ ਤੋਂ ਪਹਿਲਾਂ ਚੋਣ ਮਾਹੌਲ ਪੂਰੀ ਤਰ੍ਹਾਂ ਦਿਲਚਸਪ ਬਣ ਗਿਆ ਹੈ। ਕਾਂਗਰਸ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਐਂਡ ਕੰਪਨੀ ਹਾਲੇ ਵੀ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਸਾਥੀਆਂ ਨਾਲ ਤੜਿੰਗ ਹਨ। ਸੱਤਾਧਾਰੀ ਆਮ ਆਦਮੀ ਪਾਰਟੀ ਨੂੰ ਇਹ ਰਾਸ ਆ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਵੋਟਾਂ ਦੀ ਗਿਣਤੀ ਦੀ ਲੜਾਈ ਲੜ ਰਿਹਾ ਹੈ। ਭਾਰਤੀ ਜਨਤਾ ਪਾਰਟੀ ਟੱਕਰ ਦੇਣ ਲਈ ਮੈਦਾਨ ਵਿੱਚ ਡਟੀ ਹੋਈ ਹੈ। ਸੱਤਾਧਾਰੀ ਪਾਰਟੀ ਲਈ ਲੁਧਿਆਣਾ ਪੱਛਮੀ ਦੀ ਇਹ ਚੋਣ ਮੁੱਛ ਦਾ ਸਵਾਲ ਬਣੀ ਹੋਈ ਹੈ। ਆਪ ਦੇ ਉਮੀਦਵਾਰ ਸੰਜੀਵ ਅਰੋੜਾ ਝੰਡੀ ਵਾਲੀ ਕਾਰ ਦੀ ਉਮੀਦ ਲਾਈ ਬੈਠੇ ਹਨ ਜਦ ਕਿ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦਾ ਰਾਜ ਸਭਾ ਦੀ ਸੀਟ ਨੂੰ ਹੱਥ ਪੈਂਦਾ ਲੱਗਦਾ ਹੈ। ਭਾਰਤੀ ਜਨਤਾ ਪਾਰਟੀ ਨੂੰ ਕਾਂਗਰਸ ਦੀ ਹਾਰ ਵਾਰਾ ਖਾਂਦੀ ਲੱਗਦੀ ਹੈ। ਭਾਜਪਾ ਇਹ ਨਹੀਂ ਚਾਹੁੰਦੀ ਕਿ ਕਾਂਗਰਸ ਜਿੱਤ ਕੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਜਿੱਤ ਦੀਆਂ ਥਾਪੀਆਂ ਲਾਉਣ ਲੱਗ ਪਵੇ।

ਆਮ ਆਦਮੀ ਪਾਰਟੀ ਨੇ ਆਪਣੀ ਪੂਰੀ ਤਾਕਤ ਝੋਕ ਰੱਖੀ ਹੈ। ਸ਼ੰਭੂ ਅਤੇ ਖਨੌਰੀ ਬਾਰਡਰ ਤੋਂ ਕਿਸਾਨਾਂ ਨੂੰ ਜ਼ਬਰੀ ਉਠਾਉਣ ਤੋਂ ਲੈ ਕੇ ਹੁਣ ਤੱਕ ਜ਼ਿਆਦਾਤਰ ਫੈਸਲੇ ਵਪਾਰੀ ਵਰਗ ਨੂੰ ਖੁਸ਼ ਕਰਨ ਲਈ ਕੀਤੇ ਜਾ ਰਹੇ ਹਨ। ਚਰਚਾ ਹੈ ਕਿ ਇਹ ਸੀਟ ਸੱਤਾਧਾਰੀ ਪਾਰਟੀ ਦੀ ਝੋਲੀ ਪੈਂਦੀ ਹੈ। ਹਾਲਾਤ ਇਸ ਤਰ੍ਹਾਂ ਦੇ ਦਿਸਣ ਵੀ ਲੱਗੇ ਹਨ। ਦੂਜੇ ਬੰਨੇ ਆਮ ਆਦਮੀ ਪਾਰਟੀ ਸਰਕਾਰੀ ਮਸ਼ੀਨਰੀ ਦਾ ਪੱਕੇ ਤੌਰ 'ਤੇ ਲਾਹਾ ਲਵੇਗੀ। ਬਦਲਾਅ ਤਾਂ ਨਾਂ ਦਾ ਸੀ। ਕੰਮ ਤਾਂ ਰਵਾਇਤੀ ਪਾਰਟੀਆਂ ਵਾਲੇ ਹੀ ਹਨ। ਆਪ ਦੇ ਵਲੰਟੀਅਰ ਹਾਈ ਕਮਾਂਡ ਤੋਂ ਨਾਰਾਜ਼ ਦਿਸ ਰਹੇ ਹਨ, ਜਿਸ ਦੇ ਚਲਦਿਆਂ ਪਾਰਟੀ ਨੇ ਦਿੱਲੀ ਦੇ ਵਰਕਰਾਂ ਉੱਤੇ ਜ਼ਿਆਦਾ ਟੇਕ ਲਾ ਰੱਖੀ ਹੈ। ਆਪ ਨੇ ਸਾਰੇ ਦੇ ਸਾਰੇ ਵਿਧਾਇਕ ਅਤੇ ਮੰਤਰੀ ਲੜਾਈ ਵਿੱਚ ਝੋਕ ਰੱਖੇ ਹਨ।

ਭਾਰਤੀ ਜਨਤਾ ਪਾਰਟੀ ਦੀ ਗੱਲ ਕਰੀਏ ਤਾਂ ਲੁਧਿਆਣਾ ਪੱਛਮੀ ਤੋਂ ਲੋਕ ਸਭਾ ਦੀਆਂ ਚੋਣਾਂ ਵੇਲੇ ਰਵਨੀਤ ਸਿੰਘ ਬਿੱਟੂ ਜਿੱਤੇ ਸਨ। ਲੁਧਿਆਣਾ ਸ਼ਹਿਰ ਦਾ ਇਹ ਪੌਸ਼ ਏਰੀਆ ਹੈ। ਜ਼ਿਆਦਾਤਰ ਲੋਕ ਵੋਟਾਂ ਪਾਉਣ ਵਿੱਚ ਦਿਲਚਸਪੀ ਨਹੀਂ ਲੈਣਗੇ। ਭਾਜਪਾ ਦੇ ਉਮੀਦਵਾਰ ਧੁਰ ਅੰਦਰੋਂ ਆਰਐਸਐਸ ਨਾਲ ਜੁੜੇ ਹੋਏ ਹਨ ਅਤੇ ਆਰਐਸਐਸ ਹੇਠਲੇ ਪੱਧਰ 'ਤੇ ਆਪਣੇ ਉਮੀਦਵਾਰ ਨੂੰ ਜਿਤਾਉਣ ਲਈ ਪੂਰਾ ਜ਼ੋਰ ਲਾ ਰਹੀ ਹੈ। ਪਿਛਲੇ ਦਿਨੀਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਵੀ ਲੁਧਿਆਣਾ ਦਾ ਗੇੜਾ ਲਾਇਆ। ਭਾਜਪਾ ਦੇ ਦੋਵਾਂ ਨੇਤਾਵਾਂ ਨੇ ਵਿਰੋਧੀਆਂ ਉੱਤੇ ਸੂਈ ਧਰੀ ਰੱਖੀ ਸੀ। ਸਿਆਸੀ ਮਾਹਿਰ ਮੰਨਦੇ ਹਨ ਕਿ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਫੇਰੀ ਪਾਰਟੀ ਨੂੰ ਜ਼ਿਆਦਾ ਖੱਟ ਕਮਾ ਕੇ ਨਹੀਂ ਦੇ ਸਕੇਗੀ। ਨਾਇਬ ਸਿੰਘ ਸੈਣੀ ਉਸ ਸੂਬੇ ਦੇ ਮੁੱਖ ਮੰਤਰੀ ਹਨ, ਜਿਸ ਨਾਲ ਪੰਜਾਬ ਦਾ ਪੇਚਾ ਲਗਾਤਾਰ ਪੈਂਦਾ ਆ ਰਿਹਾ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਮੰਨੇ ਅਣਮੰਨੇ ਮਨ ਨਾਲ ਭਾਰਤ ਭੂਸ਼ਨ ਆਸ਼ੂ ਕੋਲ ਗੇੜਾ ਮਾਰ ਗਏ ਸਨ। ਚੋਣਾਂ ਦੇ ਐਲਾਨ ਵੇਲੇ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਦੇ ਸੀਨੀਅਰ ਲੀਡਰ ਪਰਤਾਪ ਸਿੰਘ ਬਾਜਵਾ ਵਿਦੇਸ਼ ਗਏ ਹੋਏ ਸਨ। ਉਹ 7 ਜੂਨ ਨੂੰ ਵਾਪਸ ਆ ਗਏ ਸਨ ਪਰ ਹਾਲੇ ਤੱਕ ਲੁਧਿਆਣਾ ਪੱਛਮੀ ਹਲਕੇ ਦੀ ਜੂਹ ਵਿੱਚ ਪੈਰ ਨਹੀਂ ਧਰਿਆ ਹੈ। ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ, ਲੋਕ ਸਭਾ ਦੇ ਮੈਂਬਰ ਅਤੇ ਰਾਜਸਥਾਨ ਕਾਂਗਰਸ ਦੇ ਇੰਚਾਰਜ ਸੁਖਜਿੰਦਰ ਸਿੰਘ ਰੰਧਾਵਾ ਵੀ ਦੂਰੀ ਬਣਾ ਕੇ ਚੱਲ ਰਹੇ ਹਨ। ਹੁਣ ਤਾਂ ਇੰਝ ਲੱਗਣ ਲੱਗਾ ਹੈ ਕਿ ਲੁਧਿਆਣਾ ਵਾਲਿਆਂ ਨੇ ਇਹਨਾਂ ਨੇਤਾਵਾਂ ਨੂੰ ਉਡੀਕਣਾ ਵੀ ਛੱਡ ਦਿੱਤਾ ਹੈ। ਦੂਜੇ ਬੰਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸਾਬਕਾ ਮੰਤਰੀ ਅਤੇ ਵਿਧਾਇਕ ਰਾਣਾ ਗੁਰਜੀਤ ਸਿੰਘ, ਵਿਧਾਇਕ ਪ੍ਰਗਟ ਸਿੰਘ ਆਦਿ ਦਾ ਕਾਂਗਰਸ ਦੇ ਉਮੀਦਵਾਰ ਨੂੰ ਜਿਤਾਉਣ ਲਈ ਅੱਡੀ ਚੋਟੀ ਦਾ ਜ਼ੋਰ ਲੱਗਾ ਹੋਇਆ ਹੈ। ਕਾਂਗਰਸ ਪਾਰਟੀ ਇਸ ਵਾਰ ਵੀ ਚੋਣ ਹਾਰਦੀ ਹੈ ਤਾਂ ਇਹ ਗੱਲ ਮੁੜ ਸਿੱਧ ਹੋ ਜਾਵੇਗੀ ਕਿ ਭਾਰਤ ਭੂਸ਼ਨ ਆਸ਼ੂ ਨੂੰ ਬਾਹਰਲੇ ਦੁਸ਼ਮਣਾਂ ਦੀ ਲੋੜ ਨਹੀਂ ਪਈ ਹੈ। ਕਾਂਗਰਸ ਦੀਆਂ ਦੋਨਾਂ ਧਿਰਾਂ ਦੇ ਦਰਮਿਆਨ ਡੂੰਘੀ ਲਕੀਰ ਖਿੱਚੀ ਗਈ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਪਾਰਟੀ ਹਾਈਕਮਾਂਡ ਵੀ ਦਖ਼ਲ ਨਹੀਂ ਦੇ ਰਹੀ ਜਾਂ ਦਖ਼ਲ ਦੇਣ ਤੋਂ ਘਬਰਾਉਣ ਲੱਗੀ ਹੈ। ਕਾਂਗਰਸ ਹਾਈ ਕਮਾਂਡ ਦੀ ਆਪਣੀ ਰੀੜ ਦੀ ਹੱਡੀ ਮਜ਼ਬੂਤ ਨਹੀਂ ਰਹੀ ਲੱਗਦੀ ਹੈ। ਇਹੋ ਵਜ੍ਹਾ ਹੈ ਕਿ ਪਾਰਟੀ ਦੇ ਸੂਬਾਈ ਲੀਡਰ ਹਾਈਕਮਾਂਡ ਦਾ ਭੈਅ ਮੰਨਣ ਤੋਂ ਹਟਣ ਲੱਗੇ ਹਨ।

ਸ਼੍ਰੋਮਣੀ ਅਕਾਲੀ ਦਲ ਨੇ ਕਈ ਚਿਰ ਪਹਿਲਾਂ ਵਕੀਲ ਪਰਉਪਕਾਰ ਸਿੰਘ ਨੂੰ ਮੈਦਾਨ ਵਿੱਚ ਉਤਾਰ ਦਿੱਤਾ ਸੀ। ਪਹਿਲਾਂ ਪਹਿਲ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਚੋਣ ਪ੍ਰਚਾਰ ਤੋਂ ਦੂਰ ਰਹੀ ਪਰ ਪਿਛਲੇ ਕਈ ਦਿਨਾਂ ਤੋਂ ਪ੍ਰਧਾਨ ਸੁਖਬੀਰ ਸਿੰਘ ਬਾਦਲ ਆ ਡਟੇ ਹਨ। ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵੀ ਪੂਰੀ ਤਰ੍ਹਾਂ ਸਰਗਰਮ ਦਿਸ ਰਹੇ ਹਨ। ਅਕਾਲੀ ਦਲ ਦੇ ਵੱਖ ਵੱਖ ਹਲਕਿਆਂ ਤੋਂ ਲੀਡਰਾਂ ਨੇ ਵੀ ਉੱਥੇ ਡੇਰੇ ਲਾ ਰੱਖੇ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਹੁਣ ਤੱਕ ਲੜੀ ਜਾ ਰਹੀ ਲੜਾਈ ਤੋਂ ਇਹ ਲੱਗਦਾ ਹੈ ਕਿ ਵੋਟ ਗਿਣਤੀ ਵਧਾਉਣ ਤੱਕ ਹੀ ਦੌੜ ਹੈ। ਦੂਜੇ ਬੰਨੇ ਸ਼੍ਰੋਮਣੀ ਅਕਾਲੀ ਦਲ ਤੋਂ ਅੱਡ ਹੋਏ ਸੁਧਾਰ ਲਹਿਰ ਨੇ ਚੋਣਾਂ ਤੋਂ ਦੂਰੀ ਬਣਾ ਰੱਖੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਤੋਂ ਟਾਲਾ ਵੱਟਣਾ ਵੀ ਸੁਖਬੀਰ ਸਿੰਘ ਬਾਦਲ ਨੂੰ ਮਹਿੰਗਾ ਪੈ ਸਕਦਾ ਹੈ। ਦੂਜੇ ਬੰਨੇ ਸੁਧਾਰ ਲਹਿਰ ਅੰਦਰ ਵੀ ਕਿੜ ਕਿੜ ਸ਼ੁਰੂ ਹੋਣ ਦੀ ਚਰਚਾ ਕਈ ਪਾਸਿਆਂ ਤੋਂ ਕਰਨੀ ਪੈਣ ਲੱਗੀ ਹੈ। ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਇਸ ਵੇਲੇ ਟੱਕਰ ਤੋਂ ਦੂਰ ਲੱਗਦੇ ਹਨ ਜਦਕਿ ਕਾਂਗਰਸ ਵੀ ਥੱਕ ਗਈ ਲੱਗਦੀ ਹੈ। ਲੁਧਿਆਣਾ ਪੱਛਮੀ ਉਪ ਚੋਣ ਲਈ ਵੋਟਾਂ 19 ਜੂਨ ਨੂੰ ਪੈਣਗੀਆਂ ਅਤੇ ਨਤੀਜੇ ਦਾ ਐਲਾਨ 23 ਜੂਨ ਨੂੰ ਕੀਤਾ ਜਾਵੇਗਾ। ਇਸ ਹਲਕੇ ਵਿੱਚ ਵੋਟਰਾਂ ਦੀ ਗਿਣਤੀ ਇਕ ਲੱਖ 74 ਹਜ਼ਾਰ ਦੇ ਕਰੀਬ ਦੱਸੀ ਜਾ ਰਹੀ ਹੈ। ਇਹ ਸੀਟ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਪ੍ਰੀਤ ਸਿੰਘ ਗੋਗੀ ਦੇ ਅਕਾਲ ਚਲਾਣੇ ਤੋਂ ਬਾਅਦ ਖਾਲੀ ਹੋਈ ਸੀ

ਇੱਕ ਪਾਸੇ ਚੋਣ ਪ੍ਰਚਾਰ ਸਿਖਰਾਂ 'ਤੇ ਹੈ ਦੂਜੇ ਪਾਸੇ ਅਸਮਾਨ ਵਿੱਚੋਂ ਡਿੱਗਦੀ ਅੱਗ ਦੀ ਤਪਸ਼ ਵੱਧ ਰਹੀ ਹੈ। ਲੁਧਿਆਣਾ ਪੱਛਮੀ ਪੌਸ਼ ਏਰੀਆ ਹੈ ਅਤੇ ਲੋਕ ਚੋਣ ਪ੍ਰਚਾਰ ਵਿੱਚ ਦਿਲਚਸਪੀ ਨਹੀਂ ਲੈ ਰਹੇ ਹਨ। ਰਿਪੋਰਟਾਂ ਅਨੁਸਾਰ ਪਾਰਟੀਆਂ ਦੇ ਉਮੀਦਵਾਰ ਅਤੇ ਉਹਨਾਂ ਦੇ ਹਮਾਇਤੀ ਚੋਣ ਪ੍ਰਚਾਰ ਦੌਰਾਨ ਲੋਕਾਂ ਦੇ ਧੱਕੇ, ਸੂਰਜ ਦੀ ਧੁੱਪ, ਵੋਟਰਾਂ ਦੀ ਧੌਂਸ ਅਤੇ ਸੜਕਾਂ ਦੀ ਧੂੜ ਤੋਂ ਪਰੇਸ਼ਾਨ ਆ ਚੁੱਕੇ ਹਨ। ਰਿਪੋਰਟ ਤਾਂ ਇਹ ਵੀ ਹਨ ਕਿ ਵੱਡੇ ਲੋਕ ਦੁਪਹਿਰ ਵਕਤ ਆਰਾਮ ਫਰਮਾਉਂਦੇ ਹਨ। ਉਹਨਾਂ ਦਾ ਸਿਆਸਤ ਨਾਲ ਬਹੁਤਾ ਲਗਾਓ ਨਹੀਂ ਹੈ, ਜਿਸ ਕਰਕੇ ਉਹ ਉਮੀਦਵਾਰ ਵੱਲੋਂ ਘਰ ਦੀ ਘੰਟੀ ਮਾਰਨ ਦੇ ਬਾਵਜੂਦ ਬਾਹਰ ਨਿਕਲਣਾ ਪਸੰਦ ਨਹੀਂ ਕਰਦੇ ਹਨ। ਇਥੋਂ ਤੱਕ ਕਿ ਕਈਆਂ ਨੇ ਤਾਂ ਘਰਾਂ ਦੇ ਬਾਹਰਲੇ ਵੇਹੜੇ ਵਿੱਚ ਕੁੱਤੇ ਛੱਡ ਰੱਖੇ ਹਨ। ਕਈ ਦੂਜਿਆਂ ਨੇ ਘਰ ਦੀ ਬਿਜਲੀ ਬੰਦ ਕਰ ਦਿੱਤੀ ਹੈ। ਲੁਧਿਆਣਾ ਪੱਛਮੀ ਉਪ ਚੋਣ ਦੇ ਮੌਜੂਦਾ ਮਾਹੌਲ ਉੱਤੇ ਘੋਖਵੀਂ ਨਜ਼ਰ ਮਾਰੀਏ ਇੰਝ ਲੱਗਣ ਲੱਗ ਪੈਂਦਾ ਹੈ ਕਿ ਕਿਧਰੇ ਵਿਰੋਧੀ ਤਰ੍ਹਾਂ ਸਤਾਧਾਰੀ ਪਾਰਟੀ ਨੂੰ ਜਿੱਤ ਥਾਲੀ ਵਿੱਚ ਪਰੋਸ ਕੇ ਤਾਂ ਨਹੀਂ ਦੇ ਦੇਣਗੀਆਂ। ਪਰ ਇੱਕ ਗੱਲ ਪੱਕੀ ਹੈ ਕਿ ਆਮ ਆਦਮੀ ਪਾਰਟੀ ਵਾਸਤੇ ਵੀ ਜਿੱਤ ਦਾ ਰਾਹ ਸੁਖਾਲਾ ਨਹੀਂ ਹੈ। ਪੰਜਾਬੀ ਆਪ ਸਰਕਾਰ ਤੋਂ ਨਿਰਾਸ਼ ਹਨ। ਦਿੱਲੀ ਵਾਲਿਆਂ ਨੂੰ ਦੇਖ ਕੇ ਪੰਜਾਬੀਆਂ ਨੂੰ ਵੱਟ ਚੜ੍ਹਦਾ ਹੈ। ਬਾਵਜੂਦ ਦਿਸਦੇ ਜ਼ਿਆਦਾ ਵੋਟਰ ਅਗਲੇ ਡੇਢ ਸਾਲ ਲਈ ਦੁਬਾਰਾ ਤੋਂ ਮੌਕਾ ਦੇਣ ਦਾ ਮਨ ਬਣਾਈ ਬੈਠੇ ਦਿਸਦੇ ਹਨ।

# ਉਡੱਦੀਆਂ ਉਮੀਦਾਂ ਦਾ ਡਿੱਗਣਾ: ਹਵਾਈ ਜਹਾਜ਼ ਹਾਦਸਿਆਂ ਦੀ ਦੁਖਭਰੀ ਕਹਾਣੀ



ਵਿੰਕਲਜੀਤ ਸਿੰਘ ਸਰਾ
(ਪਟਿਆਲਾ)
9501477889

ਜਦੋਂ ਇੱਕ ਹਵਾਈ ਜਹਾਜ਼ ਹਵਾ ਨੂੰ ਚੀਰ ਕੇ ਆਪਣਾ ਰਾਹ ਬਣਾਉਂਦਾ ਹੈ, ਤਾਂ ਅੰਦਰ ਬੈਠੇ ਯਾਤਰੀਆਂ ਦੀਆਂ ਉਮੀਦਾਂ, ਖ਼ੁਸ਼ੀਆਂ, ਸੁਪਨੇ ਤੇ ਪਰਿਵਾਰ ਦੀਆਂ ਪ੍ਰਾਰਥਨਾਵਾਂ ਵੀ ਨਾਲ ਉਡ ਰਹੀਆਂ ਹੁੰਦੀਆਂ ਹਨ। ਪਰ ਜਦੋਂ ਉਹੀ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਜਾਵੇ ਤਾਂ ਨਾ ਸਿਰਫ ਧਰਤੀ 'ਤੇ ਲੋਹਾ ਡਿੱਗਦਾ ਹੈ, ਸਗੋਂ ਕਈ ਪਰਿਵਾਰਾਂ ਦੀਆਂ ਜ਼ਿੰਦਗੀਆਂ ਵੀ ਟੁੱਟ ਜਾਂਦੀਆਂ ਹਨ। ਇੱਕ ਹੋਰ ਹਵਾਈ ਜਹਾਜ਼ ਹਾਦਸੇ ਦਾ ਸ਼ਿਕਾਰ ਹੋਇਆ। ਕਈ ਕੱਚੇ ਉਮਰਾਂ ਦੇ ਸੁਪਨੇ, ਮਾਂਵਾਂ ਦੇ ਕਲੇਜੇ, ਬਾਪੂਆਂ ਦੀਆਂ ਉਮੀਦਾਂ, ਪਤਨੀ ਦੀਆਂ ਪ੍ਰਾਰਥਨਾਵਾਂ, ਬੱਚਿਆਂ ਦੇ ਹੱਸਣ ਵਾਲੇ ਚਿਹਰੇ-ਸਭ ਕੁਝ ਮਿੰਟਾਂ 'ਚ ਮਿਟੀ ਵਿੱਚ ਮਿਲ ਗਿਆ।

ਇਹ ਹਫ਼ਤਾ ਦੁਖਦਾਈ ਸੀ। 12 ਜੂਨ 2025 ਨੂੰ ਏਅਰ ਇੰਡੀਆ ਦੀ ਫਲਾਈਟ 19171, ਇੱਕ 12 ਸਾਲ ਪੁਰਾਣਾ ਬੋਇੰਗ 787-8 ਡ੍ਰਿਮਲਾਇਨਰ, ਤੋਂ ਲੰਦਨ ਗੇਟਵਿਕ ਵੱਲ ਉਡਦਿਆਂ ਤੁਰੰਤ ਹੀ ਮੀਂਹਗਨੀ ਨਗਰ ਨੇੜੇ ਇੱਕ ਮੈਡੀਕਲ ਕਾਲਜ ਹੋਸਟਲ 'ਚ ਡਿੱਗ ਗਿਆ ਅਤੇ ਅੱਗ ਦੀਆਂ ਲਾਟਾਂ ਵਿੱਚ ਬਦਲ ਗਿਆ 242 ਜਹਾਜ਼ 'ਤੇ, 38 ਜ਼ਮੀਨ 'ਤੇ, ਕੁੱਲ ਕਰੀਬ 279 ਲੋਕਾਂ ਦੀ ਜਾਨ ਦਾ ਨੁਕਸਾਨ ਹੋਇਆ। ਇਹ ਭਾਰਤ ਦਾ ਸਭ ਤੋਂ ਵੱਡਾ ਹਾਦਸਾ ਬਣਿਆ ਅਤੇ ਬੋਈਂਗ 787 ਵਿੱਚ ਪ੍ਰਥਮ ਮੌਤ ਦਾ ਇਕ ਹਾਦਸਾ ਰਿਹਾ। ਜਿਸ ਵਿੱਚ ਵਿਸ਼ਵਾਸ਼ ਕੁਮਾਰ ਰਮੇਸ਼, ਇੱਕ 42 ਸਾਲਾ ਬ੍ਰਿਟਿਸ਼-ਭਾਰਤੀ, ਸੀਟ 11ਏ 'ਚ ਬੈਠਾ ਸੀ ਸ਼ਿਰਫ ਉਹ ਇਕੱਲਾ ਜ਼ਿੰਦਾ ਬਚਿਆ/ ।

**ਹੋਰ ਹਵਾਈ ਹਾਦਸੇ:** Uttarakhand Helicopter Crash, 15 ਜੂਨ 2025: Aryan Aviation Bell 206 ਹੈਲੀਕਾਪਟਰ ਕੇਦਾਰਨਾਥ ਤੋਂ ਉੱਡਦਿਆਂ ਡਿੱਗਿਆ, ਪਾਇਲਟ ਸਹਿਤ 7 ਯਾਤਰੀਆਂ ਦੀ ਮੌਤ ਹੋਈ। ਇਹ ਯਾਤਰੀ ਸ਼ਿਵਲਿੰਗ ਸੁਖ ਆਕੇ ਆਪਣੀ ਆਤਮਿਕ ਯਾਤਰਾ 'ਚ ਸੀ ਹੁਣ ਉਹ ਵੀ ਇਸ ਦੁੱਖ ਭਰੇ ਹਾਦਸੇ ਵਿੱਚ ਖਤਮ ਹੋ ਗਏ।

Potomac River mid-air Collision, 29 ਜਨਵਰੀ 2025: American Eagle CRJ 700 ਇੱਕ UH-60 Black Hawk ਨਾਲ ਟਕਰਾਇਆ, ਦੋਹਾਂ ਉਡਾਣਾਂ ਵਿਚੋਂ ਕੁੱਲ 67 ਜਾਨਾਂ ਗਈਆਂ, (64+3) ਜਾਨਾਂ ਦਾ ਨੁਕਸਾਨ ਇਸ ਵਿੱਚ 28 ਅਮਰੀਕੀ ਫਿਗਰ ਸਕੇਟਿੰਗ ਟੀਮ ਦੇ ਮੈਂਬਰ ਵੀ ਸ਼ਾਮਿਲ ਸਨ—ਉਮੀਦਾਂ ਦੇ ਸਪਨੇ ਸੜਕ 'ਤੇ ਡਿੱਗ ਗਏ।

Med Jets Flight 056, 31 ਜਨਵਰੀ 2025, ਫਿਲਡੈਲਫੀਆ: ਇੱਕ Learjet 55 ਐਮਬੂਲੈਂਸ ਜਹਾਜ਼ ਨੇ ਉਡਦਿਆਂ ਹੀ ਘੱਟ ਉਚਾਈ ਸਹਿਤ 6 ਯਾਤਰੀ/ਟੀਮ ਮੈਂਬਰਾਂ ਦੀ ਮੌਤ ਅਤੇ ਜ਼ਮੀਨ 'ਤੇ 2 ਮੌਤਾਂ 23 ਇੰਜਰੀਜ਼। ਇੱਕ ਮਾਂ-ਬੱਚੇ ਦੀ ਜੋੜੀ ਆਪਣੀਆਂ ਉਮੀਦਾਂ ਨਾਲ ਫੈਲਾਈਟ ਵਿੱਚ ਬੈਠੀ ਸੀ—ਹੁਣ ਜਿਨ੍ਹਾਂ ਨੂੰ ਸਿਰਫ਼ ਯਾਦਾਂ ਮਿਲਦੀਆਂ ਹਨ।

Light Air Services Beechcraft 1900, 29 ਜਨਵਰੀ 2025, ਦੱਖਣੀ ਸੁਡਾਨ: 21 ਯਾਤਰੀਆਂ ਵਿੱਚੋਂ 20 ਦੀ ਮੌਤ, ਕੇਵਲ ਇੱਕ ਇੰਜੀਨੀਅਰ ਬਚਿਆ। ਇਹ ਜਹਾਜ਼ ਤੇ ਅਮੀਰੋਈਨ ਦਾ ਉਸਿਨਾ ਸੀ ਪਰ ਯਕੀਨ ਨਹੀਂ ਟਿਕਿਆ, ਸੰਭਾਵਤ ਤਕਨੀਕੀ ਅਸਫਲਤਾ?

Aerolínea Lanhsa Flight 018, 17 ਮਾਰਚ 2025, ਹੋਂਡੁਰਾਸ: British Aerospace Jetstream ਨੇ ਟੇਕ-ਆਫ ਸਮੇ 13 ਜਾਨਾਂ ਦਾ ਨੁਕਸਾਨ ਹਇਆ, ਜਿਨ੍ਹਾਂ 'ਚ 5 ਬੱਚੇ।ਸੀ ਲੋਕ ਆਜ਼ਾਦੀ ਦੇ ਸੁਪਨੇ ਸੰਭਾਲ ਕੇ ਬੈਠੇ ਸਨ

Air Panama Flight 982, 16 ਮਈ 2025: ਬੇਦ ਤੱਕ ਰਨਵੇ ਤੋਂ ਨਿਕਲ ਗਿਆ, ਸਰਗਰਮ ਹਾਦਸਾ, 12 ਜ਼ਖ਼ਮੀ, ਕਿੰਤੂ ਸਾਰੀਆਂ 38 ਜਾਨਾਂ ਬਚ ਗਈਆਂ। ਇੱਕ ਛੋਟਾ ਹਾਦਸਾ ਪਰ ਯਾਤਰੀਆਂ ਦੇ ਦਿਲ 'ਤੇ ਡਰ?

**ਅਸਲ ਵਿਚ ਇਨ੍ਹਾਂ ਹਾਦਸਿਆਂ ਦੇ ਪਿੱਛੇ ਕਾਰਣ ਕੀ ਹਨ?** ਕੀ ਇਹ ਮਾਨਵ ਭੁੱਲ ਸੀ? ਤਕਨਾਲੋਜੀ ਫੇਲ੍ਹ ਹੋਈ? ਜਾਂ ਇਹ ਸਿਰਫ ਲਾਪਰਵਾਹੀ ਦਾ ਨਤੀਜਾ ਸੀ? ਕਿਉਂਕਿ ਜਿਹੜੀਆਂ ਜ਼ਿੰਦਗੀਆਂ ਗੁਆਚ ਗਈਆਂ ਹਨ, ਉਹ ਕਦੇ ਮੁੜ ਕੇ ਨਹੀਂ ਆਉਣਗੀਆਂ। ਕੀ ਇਹ ਸਿਸਟਮ, ਇਹ ਏਅਰਲਾਈਨ, ਜਾਂ ਇਹ ਸਰਕਾਰ ਕਿਸੇ ਦੀ ਜ਼ਿੰਮੇਵਾਰੀ ਲੈਣਗੀਆਂ?

**ਕੌਣ ਭਰੇਗਾ ਇਹ ਖਾਲੀਪਣ?** ਉਹ ਮਾਂ ਜੋ ਆਪਣੇ ਪੁੱਤਰ ਦੀ ਵਾਪਸੀ ਲਈ ਰੋਟੀ ਬਣਾਉਂਦੀ ਰਹਿ ਗਈ। ਉਹ ਅਰਜੁਨ ਪਟੋੜੀਆ, ਜੋ ਹਾਲ ਹੀ 'ਚ ਆਪਣੀ ਪਤਨੀ ਦੀਆਂ ਅਸਥੀਆਂ ਤਾਰਨ ਲਈ ਭਾਰਤ ਆਇਆ ਸੀ, ਹੁਣ ਆਪਣੀਆਂ 4 ਅਤੇ 8 ਸਾਲ ਦੀਆਂ ਦੋ ਧੀਆਂ ਨੂੰ ਇੱਕ ਪਿਆਰੇ ਪਿਤਾ ਤੋਂ ਖ਼ਾਲੀ ਮਿਲੀ ਹੈ/ । ਉਹ ਬੱਚੀ ਜੋ ਹਰ ਰਾਤ "ਪਿਓ ਦੇ ਆਵਾਜ਼" ਵਿੱਚ ਸੁੰਮਦੀ ਸੀ, ਹੁਣ ਆਵਾਜ਼ ਰਹਿਤ ਹੈ। ਉਹ ਪਤਨੀ ਜੋ ਰੋਜ਼ ਦੁਆ ਕਰਦੀ ਸੀ ਕਿ "ਉਹ ਸਲਾਮਤ ਘਰ ਆ ਜਾਵੇ"- ਹੁਣ ਇਹ ਸਾਰੇ ਸਵਾਲ ਉਨ੍ਹਾਂ ਦੀ ਜ਼ਿੰਦਗੀ ਵਿਚ ਇਕ ਅਧੂਰਾ ਚਿਹਰਾ ਛੱਡ ਗਏ ਹਨ।

**ਇਹ ਕਦ ਤੱਕ ਚੱਲੇਗਾ?** ਕੀ ਹਰੇਕ ਹਾਦਸੇ ਤੋਂ ਬਾਅਦ ਸਿਰਫ ਇਕ ਇਨਕੁਆਇਰੀ ਬੋਰਡ ਬਣ ਜਾਵੇਗਾ? ਕੀ ਸਿਰਫ ਟੀਵੀ ਚੈਨਲਾਂ 'ਤੇ ਇਕ ਦਿਨ ਦੇ ਵਿਸ਼ੇ ਵਜੋਂ ਇਹ ਹਾਦਸਾ ਚੱਲੇਗਾ ਤੇ ਫਿਰ ਭੁੱਲ ਜਾਵੇਗਾ? ਕੀ ਸਾਡੇ ਸਿਸਟਮ, ਜ਼ਿੰਮੇਵਾਰ ਅਧਿਕਾਰੀ ਅਤੇ ਏਅਰਲਾਈਨ ਮਾਲਕ ਸਿਰਫ ਅਫ਼ਸੋਸ ਕਰਕੇ ਆਪਣੇ ਹੱਥ ਧੋ ਲੈਣਗੇ?

**ਕੀ ਇਹ ਰੁਕ ਸਕਦਾ ਹੈ?** ਜੇ ਇਮਾਨਦਾਰੀ, ਤਕਨੀਕੀ ਜਾਂਚ ਅਤੇ ਮਨੁੱਖੀ ਜ਼ਿੰਮੇਵਾਰੀ ਦੀ ਭਾਵਨਾ ਹੋਵੇ ਤਾਂ ਇਹ ਹਾਦਸੇ ਰੋਕੇ ਜਾ ਸਕਦੇ ਹਨ। ਪਰ ਜੇ ਸਿਰਫ ਮੁਨਾਫਾ ਹੀ ਮਕਸਦ ਹੋਵੇ, ਜਦ ਤਕ ਹਰੇਕ ਮੌਤ ਸਿਰਫ ਇਕ ਅੰਕ ਬਣੀ ਰਹੇਗੀ, ਤਦ ਤਕ ਇਹ ਹਾਦਸੇ ਕਦੇ ਨਹੀਂ ਰੁਕਣਗੇ।

**ਇਨ੍ਹਾਂ ਹਾਦਸਿਆਂ ਵਿੱਚ ਇੰਨੀ ਲਾਪਰਵਾਹੀ ਕਿਉਂ?** ਜਿਸ ਤਕਨਾਲੋਜੀ ਤੇ ਅਸੀਂ ਭਰੋਸਾ ਕਰਦੇ ਹਾਂ ਜੇ ਉਹੀ ਨਿਗਰਾਨੀ ਤੋਂ ਵਾਂਝੀ ਹੋਵੇ, ਜੇ ਪਾਇਲਟ ਤੇ ਏਅਰ ਟਰੈਫਿਕ ਕੰਟਰੋਲ ਵਿਚ ਸਮਨਵੈ ਦੀ ਘਾਟ ਹੋਵੇ, ਜੇ ਰੱਖ-ਰਖਾਅ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਵੇ - ਤਾਂ ਇਹ ਮੌਤਾਂ ਸਿਰਫ ਹਾਦਸੇ ਨਹੀਂ, ਸਾਡੀ ਵਿਵਸਥਾ ਦੀ ਨਾਕਾਮੀ ਬਣ ਜਾਂਦੀਆਂ ਹਨ।

**ਸੰਵੇਦਨਸ਼ੀਲਤਾ, ਹਮਦਰਦੀ ਅਤੇ ਨਿਆਂ ਦੀ ਲੋੜ ਹੈ:** ਅਸੀਂ ਇੱਕ ਸਮਾਜ ਵਜੋਂ ਕਦ ਤੱਕ ਚੁੱਪ ਰਹਾਂਗੇ ? ਕਦ ਤੱਕ ਇਹ ਹਾਦਸੇ ਸਾਡੀ ਜ਼ਿੰਦਗੀ ਵਿਚ ਸਿਰਫ ਇਕ ਖ਼ਬਰ ਬਣ ਕੇ ਰਹਿਣਗੇ ? ਸਾਡੀ ਮੰਗ ਹੈ ਕਿ -

ਹਰੇਕ ਹਾਦਸੇ ਦੀ ਖੁੱਲ੍ਹੀ ਤੇ ਇਮਾਨਦਾਰ ਜਾਂਚ ਹੋਵੇ।

ਪਰਿਵਾਰਾਂ ਨੂੰ ਸਿਰਫ ਮੁਆਵਜ਼ਾ ਨਹੀਂ, ਨਿਆਂ ਮਿਲੇ।

ਜ਼ਿੰਮੇਵਾਰ ਲੋਕਾਂ ਨੂੰ ਕਾਨੂੰਨੀ ਸਜ਼ਾ ਮਿਲੇ ਅਤੇ ਸਾਰੀਆਂ ਏਅਰਲਾਈਨ ਕੰਪਨੀਆਂ ਨੂੰ ਮਨੁੱਖੀ ਜਾਨ ਦੀ ਮਹੱਤਤਾ ਸਮਝਾਈ ਜਾਵੇ।

**ਇਹ ਲਹੂ ਦੀ ਕਹਾਣੀ ਰੁਕਣੀ ਚਾਹੀਦੀ ਹੈ :** ਸਾਨੂੰ ਜ਼ਿੰਮੇਵਾਰੀ ਲੈਣੀ ਪਏਗੀ। ਕਈ ਪਰਿਵਾਰ, ਜੋ ਕਦੇ ਵੀ ਮੁੜ ਨਹੀਂ ਭਰ ਸਕਦੇ,ਦੋ ਯਤੀਮ ਧੀਆਂ ਸੋਹੈਣ-ਸੋਹਣ, ਨੂਰਾਤ ਜਿਸ ਦੀ ਆਖ਼ਰੀ ਫੋਨ ਕਾਲ "ਸੁਆਦ ਬਣੀ"ਰਹਿ ਗਈ ਉਹ ਸਾਡੀ ਸੁਣਵਾਈ ਦੇ ਉਡੀਕ ਵਿਚ ਹਨ। ਅਸੀਂ ਕਦ ਤੱਕ ਦੇਖਦੇ ਰਹਾਂਗੇ ਤੇ ਰੋਜ਼ ਮਰਦੇ ਰਹਾਂਗੇ? ਇਹ ਲੇਖ ਸਿਰਫ ਸ਼ੋਕ ਵਿਅਕਤ ਕਰਨ ਲਈ ਨਹੀਂ, ਸਗੋਂ ਸਵਾਲ ਪੈਦਾ ਕਰਨ ਲਈ ਹੈ। ਜੇ ਅਸੀਂ ਅੱਜ ਵੀ ਨਹੀਂ ਜਾਗੇ, ਤਾਂ ਕੱਲ੍ਹ ਹੋਰ ਕੋਈ ਮਾਂ ਆਪਣੇ ਪੁੱਤਰ ਦੇ ਸੰਦੂਕ ਨੂੰ ਗਲ ਲਾ ਕੇ ਰੋ ਰਹੀ ਹੋਵੇਗੀ।

**ਇਹ ਸਵਾਲ ਅਜੇ ਵੀ ਅਣਉੱਤਰਤ:** ਇਹ ਇਮਾਨਦਾਰੀ ਕਦ ਆਏਗੀ? ਕਦ ਤੱਕ ਇਹ ਜਾਨਾਂ ਲੈਣ ਵਾਲੇ ਅੰਦਰੂਨੀ ਮੁਗਾਫਲੇ ਜਾਰੀ ਰਹਿਣਗੇ?

**ਇਹ ਲੇਖ ਸਿਰਫ ਸ਼ੋਕ ਨਹੀਂ, ਸਵਾਲ ਹੈ: ਕਦ ਤੱਕ ਇਹ ਹਾਦਸੇ ਸਿਰਫ਼ ਨੰਬਰ ਬਣ ਕੇ ਰਹਿਣਗੇ? ਕੀ ਅਸੀਂ ਅਸਲ ਜਵਾਬ ਲਿਆਵਾਂਗੇ?**

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਪਨਾ ਦਿਵਸ ਮੌਕੇ ਅੰਮ੍ਰਿਤ ਵੇਲੇ ਸਮਾਗਮ ਦੇ 20 ਦਿਨ ਨਿਰਵਿਘਨਤਾ ਸਹਿਤ ਹੋਏ ਸੰਪੂਰਨ




ਅੰਮ੍ਰਿਤਸਰ, 16 ਜੂਨ, (ਬਬਲੂ ਮਹਾਜਨ) : ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਦੇ ਮੁੱਖ ਸੇਵਾਦਾਰ ਗੁਰਇਕਬਾਲ ਸਿੰਘ ਅਤੇ ਭਾਈ ਅਮਨਦੀਪ ਸਿੰਘ ਜੀ ਵੱਲੋਂ ਅੰਮ੍ਰਿਤ ਵੇਲਾ ਸਮਾਗਮ 28 ਮਈ ਤੋਂ 6 ਜੁਲਾਈ ਤੱਕ ਗੁਰਦਵਾਰਾ ਬੀਬੀ ਕੌਲਾਂ ਜੀ ਕੌਲਸਰ ਸਾਹਿਬ ਵਿੱਖੇ ਕਰਵਾਏ ਜਾ ਰਹੇ ਹਨ । ਅੱਜ 'ਅੰਮ੍ਰਿਤ ਵੇਲਾ' ਸਮਾਗਮ ਦਾ 20ਵਾਂ ਦਿਨ ਸੀ।ਜਿਸ ਵਿੱਚ ਸਮਾਗਮ ਦੀ ਆਰੰਭਤਾ ਬਾਬਾ ਦੀਪ ਸਿੰਘ ਗੁਰਮਤਿ ਗਿਆਨ ਸੰਗੀਤ ਅਕੈਡਮੀ ਦੇ ਵਿਦਿਆਰਥੀਆਂ ਨੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰ ਕੇ ਕੀਤੀ। ਉਪਰੰਤ ਗੁਰੂ ਘਰ ਦੇ ਕੀਰਤਨੀਏ ਭਾਈ ਅਮਨਦੀਪ ਸਿੰਘ ਜੀ ਬੀਬੀ ਕੌਲਾਂ ਵਾਲਿਆਂ ਨੇ ਵਾਹਿਗੁਰੂ ਗੁਰਮੰਤਰ ਦੇ ਜਾਪ ਅਤੇ ਅੰਮ੍ਰਿਤ ਵੇਲੇ ਦੀ ਮਹਾਨਤਾ ਦੇ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਅਮਨਦੀਪ ਸਿੰਘ ਜੀ ਨੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਸਥਾਪਨਾ ਦਿਵਸ 'ਤੇ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਅਤੇ ਇਤਿਹਾਸ ਦੀ ਸਾਂਝ ਪਾਉਂਦਿਆਂ ਕਿਹਾ ਕਿ ਛੇਵੇਂ ਪਾਤਸ਼ਾਹ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਨਾ ਕਰਕੇ ਮੀਰੀ ਪੀਰੀ ਦਾ ਸਿਧਾਂਤ ਦਿੱਤਾ। ਜੁਲਮ ਨਾਲ ਟੱਕਰ ਲੈਣ ਲਈ ਸਿੱਖਾਂ ਨੂੰ ਸ਼ਸਤਰ ਵਿੱਦਿਆ ਦਾ ਅਭਿਆਸ ਕਰਵਾ ਕੇ ਕੌਮ ਅੰਦਰ ਬੀਰਰੱਸ ਦੀ ਭਾਵਨਾ ਭਰੀ। ਗੁਰੂ ਸਾਹਿਬ ਨੇ ਤਖਤ ਤੇ ਬਿਰਾਜਮਾਨ ਹੋ ਕੇ ਸਿੱਖ ਸੂਰਮਿਆਂ ਵਿੱਚ ਜੋਸ਼ ਭਰਨ ਲਈ ਢਾਡੀ ਵਾਰਾਂ ਸ਼ੁਰੂ ਕਰਵਾਈਆਂ। ਇਹ ਸਿੱਖ ਇਤਿਹਾਸ ਦਾ ਉਹ ਪੰਨਾ ਹੈ, ਜਿਸ ਨੇ ਕੌਮ ਅੰਦਰ ਅਣਖ, ਜਜ਼ਬਾ ਤੇ ਦ੍ਰਿੜ੍ਹਤਾ ਪੈਦਾ ਕੀਤੀ।ਭਾਈ ਸਾਹਿਬ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਅਤੇ ਦੂਰ-ਦੁਰੇਡੇ ਤੋਂ ਆਈਆਂ ਸੰਗਤਾਂ ਨੂੰ ਜੀ ਆਇਆਂ ਆਖਿਆ। ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਸਮਾਗਮ ਵਿੱਚ ਪਹੁੰਚ ਕੇ ਅਤੇ ਆਪਣੇ ਘਰਾਂ ਵਿੱਚ ਯੂਟਿਊਬ ਚੈਨਲ ਦੇ ਮਾਧਿਅਮ ਰਾਹੀਂ ਆਨੰਦ ਮਾਣਿਆ। ਮੀਡੀਆ ਦੇ ਰੂ-ਬ-ਰੂ ਗੱਲਬਾਤ ਕਰਦਿਆਂ ਭਾਈ ਅਮਨਦੀਪ ਸਿੰਘ ਜੀ ਨੇ ਦੱਸਿਆ ਅੱਜ ਅੰਮ੍ਰਿਤ ਵੇਲਾ ਸਮਾਗਮ ਦਾ 20 ਵਾਂ ਦਿਨ ਸੀ। ਉਨ੍ਹਾਂ ਦੱਸਿਆ *ਅੰਮ੍ਰਿਤ ਵੇਲਾ* ਸਮਾਗਮ 6 ਜੁਲਾਈ ਤੱਕ ਰੋਜ਼ਾਨਾ 3.00 ਵਜੇ ਤੋਂ 5.30 ਵਜੇ ਤੱਕ ਹੋ ਹੋਣਗੇ।ਉਨ੍ਹਾਂ ਨੇ ਸੰਗਤਾਂ ਨੂੰ ਬੇਨਤੀ ਕੀਤੀ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਭਾਈ ਸਾਹਿਬ ਨੇ ਸੰਗਤਾਂ ਨੂੰ ਬੇਨਤੀ ਕੀਤੀ ਸਮਾਗਮ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਭਾਈ ਅਮਨਦੀਪ ਸਿੰਘ ਨੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮੈਨੇਜਰ ਸ਼੍ਰੀ ਦਰਬਾਰ ਸਾਹਿਬ, ਹੈਡ ਗ੍ਰੰਥੀ ਗੁਰਦੁਆਰਾ ਬੀਬੀ ਕੌਲਾਂ ਜੀ ਅਤੇ ਸਮੂਹ ਸੇਵਾਦਾਰਾਂ ਦਾ ਵਿਸ਼ੇਸ਼ ਤੌਰ 'ਤੇ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਇਸ ਮੌਕੇ ਭਾਈ ਅੰਮ੍ਰਤੇਸ਼ਵਰ ਸਿੰਘ, ਭਾਈ ਰੋਬਿਨ ਸਿੰਘ, ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਭਾਈ ਸ਼ਮਸ਼ੇਰ ਸਿੰਘ, ਭਾਈ ਸਿਮਰਨਜੀਤ ਸਿੰਘ ਆਦਿ ਹਾਜ਼ਰ ਸਨ।

## ਐਡਵੋਕੇਟ ਧਾਮੀ ਵੱਲੋਂ ਕੇਂਦਰੀ ਮੰਤਰੀ ਸੁਕਾਂਤਾ ਮੂਜਮਦਾਰ ਵੱਲੋਂ ਸਿੱਖ ਦੀ ਦਸਤਾਰ 'ਤੇ ਚੱਪਲ ਸੁੱਟਣ ਦੀ ਨਿੰਦਾ



ਅੰਮ੍ਰਿਤਸਰ, 16 ਜੂਨ, (ਗੁਰਦਿਆਲ ਸਿੰਘ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੋਲਕਾਤਾ ਵਿਖੇ ਕੇਂਦਰੀ ਮੰਤਰੀ ਸੁਕਾਂਤਾ ਮਜੂਮਦਾਰ ਵੱਲੋਂ ਇੱਕ ਸਿੱਖ ਦੀ ਦਸਤਾਰ 'ਤੇ ਚੱਪਲ ਸੁੱਟਣ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਘਟਨਾ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਹੈ। ਉਨ੍ਹਾਂ ਆਖਿਆ ਕਿ ਦਸਤਾਰ ਸਿੱਖ ਧਰਮ ਦਾ ਅਟੁੱਟ ਅੰਗ ਅਤੇ ਸਿੱਖ ਪਛਾਣ ਦਾ ਪ੍ਰਤੀਕ ਹੈ, ਜਿਸ ਦੀ ਅਜਿਹੀਆਂ ਹਰਕਤਾਂ ਨਾਲ ਬੇਅਦਬੀ ਕਰਨਾ ਸਮੁੱਚੀ ਸਿੱਖ ਕੌਮ ਦੇ ਜਜ਼ਬਾਤਾਂ ਨੂੰ ਸੱਟ ਮਾਰਨ ਦੇ ਬਰਾਬਰ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕੇਂਦਰ ਦੇ ਮੰਤਰੀਆਂ ਦਾ ਫਰਜ਼ ਹੈ ਕਿ ਉਹ ਹਰ ਧਰਮ ਦੇ ਲੋਕਾਂ ਦਾ ਸਤਿਕਾਰ ਅਤੇ ਇਜ਼ਤਮਾਣ ਕਰਨ ਅਤੇ ਸਮਾਜ ਵਿਰੋਧੀ ਅਜਿਹੀਆਂ ਹਰਕਤਾਂ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ। ਪਰ ਜਦੋਂ ਸਿਖਰਲੇ ਅਹੁਦਿਆਂ 'ਤੇ ਬੈਠੇ ਲੋਕ ਹੀ ਅਜਿਹੀਆਂ ਨਿੰਦਣਯੋਗ ਹਰਕਤਾਂ ਕਰਨਗੇ, ਤਾਂ ਆਮ ਲੋਕਾਂ ਦਾ ਸਰਕਾਰ ਅਤੇ ਸਮਾਜਿਕ ਨਿਆਂ 'ਤੇ ਭਰੋਸਾ ਕਿਵੇਂ ਕਾਇਮ ਰਹੇਗਾ? ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਨਾ ਸਿਰਫ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ, ਸਗੋਂ ਸਮੁੱਚੇ ਸਮਾਜ ਵਿੱਚ ਵਿਸ਼ਵਾਸ ਅਤੇ ਸਦਭਾਵਨਾ ਨੂੰ ਵੀ ਕਮਜ਼ੋਰ ਕਰਦੀਆਂ ਹਨ।

ਉਨ੍ਹਾਂ ਕਿਹਾ ਕਿ ਦੁਨੀਆਂ ਭਰ ਵਿੱਚ ਸਿੱਖ ਭਾਈਚਾਰੇ ਨੇ ਆਪਣੀਆਂ ਸੇਵਾਵਾਂ ਨਾਲ ਮਨੁੱਖਤਾ ਦੀ ਭਲਾਈ ਲਈ ਮਿਸਾਲੀ ਯੋਗਦਾਨ ਪਾਇਆ। ਪਰੰਤੂ ਦੁੱਖ ਦੀ ਗੱਲ ਹੈ ਕਿ ਦੇਸ਼ ਦੇ ਇਕ ਜ਼ਿੰਮੇਵਾਰ ਤੇ ਸੰਵਿਧਾਨਕ ਅਹੁਦੇ 'ਤੇ ਬੈਠੇ ਵਿਅਕਤੀ ਵੱਲੋਂ ਨਫ਼ਰਤੀ ਸੋਚ ਦਾ ਪ੍ਰਗਟਾਵਾ ਕਰਕੇ ਸਿੱਖਾਂ ਦੀਆਂ ਭਾਵਨਾਵਾਂ ਆਹਤ ਕੀਤੀਆਂ ਗਈਆਂ ਹਨ। ਅਜਿਹੇ ਵਿਅਕਤੀ ਖਿਲਾਫ਼ ਸਰਕਾਰ ਨੂੰ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ, ਤਾਂ ਜੋ ਭਵਿੱਖ ਅੰਦਰ ਕੋਈ ਵੀ ਅਜਿਹੀ ਮਾਨਵ ਵਿਰੋਧੀ ਹਰਕਤ ਨਾ ਕਰੇ।

## ਨਸ਼ਿਆਂ ਦੀ ਜੜ੍ਹ ਪੁੱਟਣ ਲਈ ਪਿੰਡਾਂ ਤੇ ਸ਼ਹਿਰੀ ਵਾਰਡ ਵਾਸੀਆਂ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਚ ਸਰਕਾਰ ਸਰਗਰਮ ਸਹਿਯੋਗ ਲਵੇਗੀ : ਧਾਲੀਵਾਲ



ਅਜਨਾਲਾ, 16 ਜੂਨ, (ਸੁਖਦੇਵ ਸਿੰਘ ਖਾਲਸਾ) : ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਕੌਮੀ ਰਾਜਨੀਤੀ ਦੇ ਮਹਾਂਨਾਇਕ ਅਰਵਿੰਦ ਕੇਜਰੀਵਾਲ ਦੀ ਅਗਵਾਈ 'ਚ ਪੰਜਾਬ ਭਰ 'ਚ ਯੁੱਧ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ 'ਤੇ ਵਿਰੋਧੀ ਰਾਜਸੀ ਪਾਰਟੀਆਂ ਵੱਲੋਂ ਉਠਾਏ ਜਾ ਰਹੇ ਨਾਕਾਰਤਮਿਕ ਸੁਆਲਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਨਸ਼ਿਆਂ ਦੀ ਜੜ੍ਹ ਪੁੱਟਣ ਲਈ ਮੁਹਿੰਮ ਨੂੰ ਵਿਰਾਮ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਅਤੇ 1 ਮਾਰਚ ਤੋਂ ਵਿੱਢੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੌਰਾਨ ਪਿਛਲੇ 108 ਦਿਨਾਂ 'ਚ ਸਾਢੇ 17 ਹਜਾਰ ਤੋਂ ਵਧੇਰੇ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ 10 ਕਰੋੜ ਰੁਪਏ ਤੋਂ ਵੱਧ ਡਰੱਗ ਮਨੀ ਜ਼ਬਤ ਕਰਨ ਸਮੇਤ 120 ਦੇ ਕਰੀਬ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ 'ਤੇ ਬੁਲਡੋਜ਼ਰ ਚਲਾ ਕੇ ਨਸ਼ਟ ਕੀਤਾ ਗਿਆ। ਅਰਬਾਂ ਰੁਪਏ ਦੀ ਹੈਰੋਇਨ, ਅਫੀਮ ਤੇ ਹੋਰ ਨਸ਼ੇ ਵੀ ਬਰਾਮਦ ਕੀਤੇ ਗਏ ਹਨ। ਜਦੋਂਕਿ ਅੱਜ ਵੀ ਰੋਜ਼ਾਨਾਂ ਪੰਜਾਬ ਪੁਲਿਸ ਦੇ 100 ਦੇ ਕਰੀਬ ਗਜ਼ਟਿਡ ਅਫਸਰਾਂ, 1500 ਦੇ ਕਰੀਬ ਪੁਲਿਸ ਮੁਲਾਜ਼ਮਾਂ ਦੀਆਂ ਟੀਮਾਂ 500 ਦੇ ਕਰੀਬ ਥਾਵਾਂ 'ਤੇ ਅਚਨਚੇਤ ਛਾਪਾਮਾਰੀ ਕਰਕੇ ਨਸ਼ਾ ਤਸਕਰਾਂ ਨੂੰ ਰੰਗੇ ਹੱਥੀਂ ਗ੍ਰਿਫਤਾਰ ਅਤੇ ਨਸ਼ਾ ਛੱਡਣ ਵਾਲਿਆਂ ਨੂੰ ਨਸ਼ਾ ਛੁਡਾਊ ਕੇਂਦਰਾਂ 'ਚ ਮੁਫਤ ਇਲਾਜ ਲਈ ਭਰਤੀ ਕਰਾ ਰਹੀਆਂ ਹਨ। ਕੈਬਨਿਟ ਮੰਤਰੀ ਧਾਲੀਵਾਲ ਨੇ ਇਹ ਵੀ ਕਿਹਾ ਕਿ ਨਸ਼ਾ ਮੁਕਤੀ ਯਾਤਰਾਵਾਂ ਨੂੰ ਸੂਬੇ ਭਰ 'ਚ ਪਿੰਡ ਤੇ ਸ਼ਹਿਰੀ ਖੇਤਰ ਦੇ ਵਾਰਡਾਂ ਨੂੰ ਇਕਾਈ ਮੰਨ ਕੇ ਨਸ਼ਿਆਂ ਨੂੰ ਜੜੋਂ ਪੁੱਟਣ ਲਈ ਪਿੰਡ ਤੇ ਸ਼ਹਿਰੀ ਵਾਰਡ ਵਾਸੀਆਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਲਈ ਕਦਮ ਪੁੱਟੇ ਜਾਣਗੇ ਅਤੇ ਇਸ ਮੁਹਿੰਮ ਤਹਿਤ ਪੇਂਡੂ ਤੇ ਸ਼ਹਿਰੀ ਵਸਨੀਕਾਂ ਕੋਲੋਂ ਗੁਪਤ ਰੂਪ 'ਚ ਨਸ਼ਾ ਤਸਕਰਾਂ ਦੀਆਂ ਗਤੀਵਿਧੀਆਂ 'ਤੇ ਪੁਲਿਸ ਰਾਹੀਂ ਕਾਬੂ ਪਾਉਣ ਦੇ ਢੰਗ ਤਰੀਕਿਆਂ ਬਾਰੇ ਹਾਸਲ ਕੀਤੀਆਂ ਜਾਣਕਾਰੀਆਂ ਨੂੰ ਅਮਲੀ ਰੂਪ 'ਚ ਲਾਗੂ ਕਰਨ ਲਈ ਸਿਵਲ ਤੇ ਪੁਲਿਸ ਪ੍ਰਸ਼ਾਸ਼ਨ ਵੱਲੋਂ ਬਕਾਇਦਾ ਅਧਿਐਨ ਕੀਤਾ ਜਾ ਰਿਹਾ ਹੈ।ਉਨ੍ਹਾਂ ਨੇ ਪੁਰਾਣੀਆਂ ਕਾਂਗਰਸ ਤੇ ਅਕਾਲੀ ਭਾਜਪਾ ਗਠਜੋੜ ਸਰਕਾਰਾਂ ਨੂੰ ਰਾਜਸੀ ਤੌਰ 'ਤੇ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਇਨ੍ਹਾਂ ਪਿਛਲੀਆਂ ਸਰਕਾਰਾਂ ਦੀਆਂ ਨਸ਼ਿਆਂ ਤੇ ਭ੍ਰਿਸ਼ਟਾਚਾਰ ਨੂੰ ਕਥਿਤ ਤੌਰ 'ਤੇ ਉਤਸ਼ਾਹਿਤ ਕਰਨ ਦੀ ਨੀਤੀਆਂ ਤੋਂ ਬੁਰੀ ਤਰਾਂ ਸਤਾਏ ਹੋਏ ਪੰਜਾਬ ਦੇ ਸੂਝਵਾਨ ਵੋਟਰ ਚੋਣਾਂ 'ਚ ਬਿਸਤਰਾ ਗੋਲ ਕਰਦੇ ਰਹੇ ਹਨ। ਪਰ ਇਨ੍ਹਾਂ ਰਵਾਇਤੀ ਸਾਬਕਾ ਸਰਕਾਰਾਂ ਨੇ ਉੱਤਰ ਕਾਟੋ ਮੈਂ ਚੜ੍ਹਾਂ ਦੀ ਆਪਸੀ ਖਿਚੜੀ ਪਕਾ ਕੇ ਨਸ਼ਿਆਂ ਨੂੰ ਖਤਮ ਕਰਨ ਲਈ ਕੋਈ ਉਚਿਤ ਕਾਰਵਾਈ ਇਸ ਕਰਕੇ ਨਹੀਂ ਸੀ ਕਰਦੀਆਂ ਕਿ ਇਸ ਵੇਰ ਵੋਟਰਾਂ ਵੱਲੋਂ ਕਾਂਗਰਸ ਨੂੰ ਨਕਾਰੇ ਜਾਣ ਪਿੱਛੋਂ ਅਗਲੀਆਂ ਚੋਣਾਂ 'ਚ ਵੋਟਰਾਂ ਵਲੋਂ ਅਕਾਲੀ ਭਾਜਪਾ ਗਠਜੋੜ ਦੇ ਹੱਕ 'ਚ ਫਤਵਾ ਦੇਣਾ ਮਜਬੂਰੀ ਹੋਵੇਗਾ।

## ਚੀਫ਼ ਖ਼ਾਲਸਾ ਦੀਵਾਨ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਜਨਾ ਦਿਵਸ ਮੌਕੇ ਪੰਥਕ ਏਕਤਾ ਅਤੇ ਚੜ੍ਹਦੀਕਲਾ ਲਈ ਅਰਦਾਸ



ਅੰਮ੍ਰਿਤਸਰ, 16 ਜੂਨ, (ਬਬਲੂ ਮਹਾਜਨ) : ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਸਾਜਨਾ ਦਿਵਸ ਮੌਕੇ ਅੱਜ ਚੀਫ ਖਾਲਸਾ ਦੀਵਾਨ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਵੱਲੋਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਅਰਦਾਸ ਕੀਤੀ ਗਈ, ਜਿਨ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਾਜਨਾ ਕਰਕੇ ਮੀਰੀ ਪੀਰੀ ਸਿਧਾਂਤ ਰਾਹੀਂ ਭਗਤੀ ਤੇ ਸ਼ਕਤੀ ਦਾ ਸੁਮੇਲ ਕੀਤਾ ਅਤੇ ਪੰਥ ਨੂੰ ਇੱਕ ਨਵੀਂ ਦਿਸ਼ਾ ਅਤੇ ਮਾਰਗਦਰਸ਼ਨ ਦਿੱਤਾ। ਦੀਵਾਨ ਮੈਂਬਰ ਸਾਹਿਬਾਨ ਨੇ ਅਕਾਲ ਪੁਰਖ ਸਨਮੁੱਖ ਹੱਕ, ਸੱਚ, ਨਿਆ ਦੇ ਰਸਤੇ 'ਤੇ ਤੁਰਨ ਦੀ ਸਮਰੱਥਾ ਬਖ਼ਸ਼ਣ ਅਤੇ ਸਿੱਖ ਕੌਮ ਦੀ ਏਕਤਾ ਤੇ ਚੜ੍ਹਦੀ ਕਲਾ ਲਈ ਬਹੁਤ ਸ਼ਰਧਾ ਭਾਵਨਾ ਨਾਲ ਅਰਦਾਸ ਕੀਤੀ ।

ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਡਾ ਇੰਦਰਬੀਰ ਸਿੰਘ ਨਿੱਜਰ ਨੇ ਇਸ ਪਾਵਨ ਦਿਹਾੜੇ ਸੰਗਤਾਂ ਨੂੰ ਆਪਣੇ ਇਤਿਹਾਸ, ਮੂਲ ਪੰਥਕ ਅਸੂਲਾਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੱਤਾ। ਦੀਵਾਨ ਦੇ ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਰਮਣੀਕ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਸਿੱਖੀ ਦੀ ਮਰਿਆਦਾ ਤੇ ਅਧਿਆਤਮਕ ਸ਼ਕਤੀ ਦਾ ਕੇਂਦਰ ਹੀ ਨਹੀਂ ਸਗੋਂ ਖਾਲਸੇ ਦੀ ਸੁਤੰਤਰ ਨਿਆਰੀ ਹੋਂਦ, ਪੰਥਕ ਏਕਤਾ, ਸਾਂਝੀ ਸੋਚ ਅਤੇ ਆਤਮਿਕ ਉਚਾਈ ਨੂੰ ਬਣਾਈ ਰੱਖਣ ਵਾਲਾ ਕੇਂਦਰ ਵੀ ਹੈ। ਐਡੀਸ਼ਨਲ ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ ਅਤੇ ਐਡੀਸ਼ਨਲ ਆਨਰੇਰੀ ਸਕੱਤਰ/ ਮੁੱਖ ਦਫਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ ਨੇ ਰਾਜ ਅਤੇ ਧਰਮ ਦੀ ਸਾਂਝ ਨੂੰ ਸਮਰਪਿਤ ਸ੍ਰੀ ਅਕਾਲ ਤਖਤ ਸਾਹਿਬ ਦੀ ਇਤਿਹਾਸਿਕ ਮਹਾਨਤਾ 'ਤੇ ਰੋਸ਼ਨੀ ਪਾਉਂਦਿਆਂ ਕਿਹਾ ਕਿ ਕੌਮ ਦੀ ਸਰਬ ਉੱਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਨੂੰ ਚੀਫ ਖਾਲਸਾ ਦੀਵਾਨ ਹਮੇਸ਼ਾ ਤੋਂ ਹੀ ਸਮਰਪਿਤ ਰਿਹਾ ਹੈ ਅਤੇ ਰਹੇਗਾ।

ਇਸ ਮੌਕੇ ਦੀਵਾਨ ਦੇ ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਰਮਣੀਕ ਸਿੰਘ, ਐਡੀਸ਼ਨਲ ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀਸ਼ਨਲ ਆਨਰੇਰੀ ਸਕੱਤਰ /ਮੁੱਖ ਦਫਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ, ਆਨਰੇਰੀ ਜਾਇੰਟ ਸਕੱਤਰ ਇੰਜੀਨੀਅਰ ਜਸਪਾਲ ਸਿੰਘ, ਡਾ ਆਤਮਜੀਤ ਸਿੰਘ ਬਸਰਾ, ਹਰਮਨਜੀਤ ਸਿੰਘ, ਆਦਰਸ਼ਪਿੰਦਰ ਸਿੰਘ ਮਾਨ, ਸਰਜੋਤ ਸਿੰਘ ਸਾਹਨੀ, ਗੁਰਬਖ਼ਸ਼ ਸਿੰਘ ਬੇਦੀ, ਮਹਿੰਦਰ ਸਿੰਘ, ਤਰਲੋਚਨ ਸਿੰਘ, ਬਲਵਿੰਦਰ ਸਿੰਘ ਬਵੇਜਾ, ਡਾ ਜਸਵਿੰਦਰ ਕੌਰ ਮਾਹਲ ਸਮੇਤ ਦੀਵਾਨ ਆਫਿਸ ਸਟਾਫ ਮੌਜੂਦ ਸੀ।

## ਕੋਵਿਡ ਦੇ ਤਿੰਨ ਨਵੇਂ ਕੇਸ ਆਏ ਸਾਹਮਣੇ, ਘਬਰਾਉਣ ਦੀ ਲੋੜ ਨਹੀਂ : ਸਿਵਲ ਸਰਜਨ



ਅੰਮ੍ਰਿਤਸਰ, 16 ਜੂਨ, (ਬਬਲੂ ਮਹਾਜਨ) : ਭਾਵੇਂ ਕੋਵਿਡ ਦੇ ਨਵੇਂ ਵੇਰੀਐਂਟ ਦੇ ਤਿੰਨ ਨਵੇਂ ਮਾਮਲੇ ਸਾਹਮਣੇ ਆਏ ਹਨ, ਪਰ ਫਿਰ ਵੀ ਇਹਨਾਂ ਤੋਂ ਘਬਰਾਉਣ ਦੀ ਕੋਈ ਲੋੜ ਨਹੀਂ, ਇਹ ਵਿਚਾਰ ਸਿਵਲ ਸਰਜਨ ਅੰਮ੍ਰਿਤਸਰ ਡਾ. ਕਿਰਨਦੀਪ ਕੌਰ ਵੱਲੋਂ ਕੋਵਿਡ ਦੇ 3 ਕੇਸਾਂ ਦੀ ਪੁਸ਼ਟੀ ਕਰਨ ਸਮੇਂ ਕਹੇ ਗਏ। ਉਹਨਾਂ ਆਖਿਆ ਕਿ ਇਹ ਤਿੰਨੋ ਕੇਸ ਮੈਡੀਕਲ ਕਾਲਜ ਦੇ ਜੂਨੀਅਰ ਡਾਕਟਰ ਹਨ, ਜੋ ਕਿ ਇਸ ਸਮੇਂ ਹੋਮ ਆਈਸੋਲੇਟ ਹਨ ਅਤੇ ਬਿਲਕੁਲ ਠੀਕ ਹਨ। ਨਵੇਂ ਵੇਰੀਐਂਟ ਦੇ ਮਰੀਜ਼ ਬਹੁਤ ਜਲਦੀ ਆਪਣੇ ਆਪ ਹੀ ਦੋ ਤਿੰਨ ਦਿਨਾਂ ਦੇ ਵਿੱਚ ਰਿਕਵਰ ਹੋ ਜਾਂਦੇ ਹਨ, ਇਸ ਲਈ ਕੋਵਿਡ ਦੇ ਨਵੇਂ ਵੇਰੀਐਂਟ ਤੋਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਉਹਨਾ ਆਮ ਜਨਤਾ ਨੂੰ ਅਪੀਲ ਕੀਤੀ ਕਿ ਕੋਵਿਡ ਦੇ ਹਲਕੇ ਲੱਛਣਾਂ ਜਿਵੇਂ ਖਾਂਸੀ, ਜੁਕਾਮ, ਬੁਖਾਰ, ਸਾਹ ਵਿੱਚ ਤਕਲੀਫ ਆਦਿ ਨੂੰ ਨਜ਼ਰ ਅੰਦਾਜ਼ ਨਾ ਕੀਤਾ ਜਾਵੇ। ਭੀੜ ਭਾੜ ਵਾਲੇ ਇਲਾਕਿਆਂ ਵਿੱਚ ਜਾਣ ਤੋਂ ਪਰਹੇਜ਼ ਕੀਤਾ ਜਾਵੇ। ਬਜ਼ੁਰਗਾਂ, ਗਰਭਵਤੀ ਮਾਵਾਂ, ਛੋਟੇ ਬੱਚੇ, ਸ਼ੂਗਰ, ਹਾਈਪਰਟੈਂਸ਼ਨ ਤੇ ਕਿਡਨੀ ਦੇ ਮਰੀਜ਼ ਆਦਿ ਨੂੰ ਆਪਣਾ ਖਾਸ ਧਿਆਨ ਰੱਖਣ ਦੀ ਜਰੂਰਤ ਹੈ। ਉਹਨਾਂ ਆਖਿਆ ਕਿ ਸਮੇਂ ਸਮੇਂ 'ਤੇ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਲੋੜ ਅਨੁਸਾਰ ਮਾਸਕ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਕੋਈ ਵੀ ਗੰਭੀਰ ਲੱਛਣ ਸਾਹਮਣੇ ਆਉਂਦੇ ਤੁਰੰਤ ਸਰਕਾਰੀ ਸਿਹਤ ਸੰਸਥਾ ਵਿਖੇ ਆਪਣੀ ਜਾਂਚ ਅਤੇ ਇਲਾਜ ਕਰਾਉਣਾ ਚਾਹੀਦਾ। ਇਸ ਤੋਂ ਇਲਾਵਾ ਅਫਵਾਵਾਂ ਅਤੇ ਸੋਸ਼ਲ ਮੀਡੀਆ 'ਤੇ ਗਲਤ ਜਾਣਕਾਰੀ ਤੋਂ ਬਚਣਾ ਚਾਹੀਦਾ ਹੈ।

## ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਨਹੀਂ ਜਾਵੇਗਾ ਸ਼ਰਧਾਲੂਆਂ ਦਾ ਜਥਾ



ਅੰਮ੍ਰਿਤਸਰ, 16 ਜੂਨ, (ਗੁਰਦਿਆਲ ਸਿੰਘ) : ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 29 ਜੂਨ 2025 ਨੂੰ ਮਨਾਈ ਜਾ ਰਹੀ ਬਰਸੀ ਮੌਕੇ ਪਾਕਿਸਤਾਨ ਵਿਖੇ ਹੋਣ ਵਾਲੇ ਸਮਾਗਮਾਂ ਵਿਚ ਸ਼ਮੂਲੀਅਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਨਹੀਂ ਭੇਜਿਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸਿੱਖ ਸ਼ਰਧਾਲੂਆਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਜਾਣ ਲਈ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦਫ਼ਤਰ ਦੇ ਯਾਤਰਾ ਵਿਭਾਗ ਵਿਖੇ ਜਮ੍ਹਾਂ ਕਰਵਾਏ ਸਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਪਾਕਿਸਤਾਨ ਵਿਖੇ ਸਿੱਖ ਸ਼ਰਧਾਲੂਆਂ ਦਾ ਜਥਾ ਭੇਜਿਆ ਜਾਂਦਾ ਹੈ, ਪ੍ਰੰਤੂ ਦੋਹਾਂ ਦੇਸ਼ਾਂ ਵਿਚ ਬਣੇ ਤਨਾਅ ਭਰੇ ਮਾਹੌਲ ਅਤੇ ਭਾਰਤ ਸਰਕਾਰ ਵੱਲੋਂ ਯਾਤਰਾ ਸਬੰਧੀ ਲਾਈਆਂ ਪਾਬੰਧੀਆਂ 'ਤੇ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਸ਼੍ਰੋਮਣੀ ਕਮੇਟੀ ਨੇ ਇਸ ਵਾਰ ਇਹ ਜਥਾ ਨਾ ਭੇਜਣ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਸ਼ਰਧਾਲੂ ਵਧੇਰੇ ਜਾਣਕਾਰੀ ਲਈ ਸ਼੍ਰੋਮਣੀ ਕਮੇਟੀ ਦੇ ਯਾਤਰਾ ਵਿਭਾਗ ਵਿਖੇ ਸੰਪਰਕ ਕਰ ਸਕਦੇ ਹਨ।

## ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਰਿੰਟੂ ਨੇ ਪ੍ਰੀਮਿਕਸ ਸੜਕਾਂ ਦੇ ਨਿਰਮਾਣ ਦੇ ਵਿਕਾਸ ਕਾਰਜ ਦਾ ਕੀਤਾ ਉਦਘਾਟਨ




ਅੰਮ੍ਰਿਤਸਰ, 16 ਜੂਨ, (ਬਬਲੂ ਮਹਾਜਨ) : ਨਗਰ ਸੁਧਾਰ ਟਰੱਸਟ ਅੰਮ੍ਰਿਤਸਰ ਦੇ ਚੇਅਰਮੈਨ ਕਰਮਜੀਤ ਸਿੰਘ ਰਿੰਟੂ ਨੇ ਅੱਜ ਅੰਮ੍ਰਿਤ ਆਨੰਦ ਪਾਰਕ ਰਣਜੀਤ ਐਵੇਨਿਊ ਤੋਂ ਸੈਣੀ ਚੌਕ ਤੱਕ ਸੜਕ ਬਣਾਉਣ ਦੇ ਵਿਕਾਸ ਕਾਰਜ ਦਾ ਉਦਘਾਟਨ ਕੀਤਾ। ਚੇਅਰਮੈਨ ਰਿੰਟੂ ਨੇ ਕਿਹਾ ਕਿ ਸਾਰੇ ਅਧੂਰੇ ਵਿਕਾਸ ਕਾਰਜ ਪੂਰੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਗੁਰੂ ਨਗਰੀ ਅੰਮ੍ਰਿਤਸਰ ਸ਼ਹਿਰ ਦੇ ਲੋਕਾਂ ਦੀ ਸਹੂਲਤ ਲਈ ਵਿਕਾਸ ਕਾਰਜ ਨਿਰੰਤਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਨੂੰ ਰਣਜੀਤ ਐਵੇਨਿਊ ਏ, ਬੀ, ਸੀ ਅਤੇ ਡੀ ਬਲਾਕ ਦੇ ਨੁਮਾਇੰਦਿਆਂ ਵੱਲੋਂ ਕੁਝ ਵਿਕਾਸ ਕਾਰਜਾਂ ਬਾਰੇ ਦੱਸਿਆ ਗਿਆ ਹੈ, ਜੋ ਆਉਣ ਵਾਲੇ ਦਿਨਾਂ ਵਿੱਚ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਲੋਕ ਹਰ ਰੋਜ਼ ਨਗਰ ਸੁਧਾਰ ਟਰੱਸਟ ਦਫ਼ਤਰ ਵਿੱਚ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਲੈ ਕੇ ਮਿਲ ਰਹੇ ਹਨ, ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ। ਕਰਮਜੀਤ ਸਿੰਘ ਰਿੰਟੂ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਸਰਕਾਰ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਇਲਾਕਿਆਂ ਵਿੱਚ ਲੋਕ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਬਾਰੇ ਦੱਸਦੇ ਹਨ, ਉੱਥੇ ਵਿਕਾਸ ਕਾਰਜ ਸ਼ੁਰੂ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉੱਤਰੀ ਵਿਧਾਨ ਸਭਾ ਹਲਕੇ ਵਿੱਚ 100% ਵਿਕਾਸ ਕਾਰਜ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਅੱਜ ਸੜਕਾਂ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਜੋ ਕਿ ਲਗਾਤਾਰ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਨਗਰ ਸੁਧਾਰ ਟਰੱਸਟ ਵਿਚ ਵਿਕਾਸ ਕਾਰਜਾਂ ਲਈ ਟੈਂਡਰਿੰਗ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਆਉਣ ਵਾਲੇ ਦਿਨਾਂ ਵਿੱਚ ਸ਼ਹਿਰ ਦੀ ਸਫਾਈ ਵਿਵਸਥਾ ਵਿੱਚ ਸੁਧਾਰ ਹੋਵੇਗਾ। ਇਸ ਮੌਕੇ ਸੀਨੀਅਰ ਡਿਪਟੀ ਮੇਅਰ ਪ੍ਰਿਯੰਕਾ ਸ਼ਰਮਾ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਸੁਣ ਕੇ, ਹਰ ਰੋਜ਼ ਨਿਗਮ ਅਧਿਕਾਰੀਆਂ ਨਾਲ ਮੀਟਿੰਗਾਂ ਕਰਕੇ ਸਮੱਸਿਆਵਾਂ ਦਾ ਹੱਲ ਕੀਤਾ ਜਾ ਰਿਹਾ ਹੈ। ਇਸ ਮੌਕੇ ਕੌਂਸਲਰ ਕਾਜਲ ਬੱਬੀ, ਰਿਤੇਸ਼ ਸ਼ਰਮਾ, ਵਿਸ਼ਾਖ ਸਿੰਘ, ਬਲਵਿੰਦਰ ਸਿੰਘ ਕਾਲਾ, ਅਨੀਕ ਸਿੰਘ, ਇੰਜੀਨੀਅਰ ਜਗਜੀਤ ਸਿੰਘ ਸੱਚੂ ਅਤੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ।

## ਡੀ.ਏ.ਵੀ. ਕੈਂਪ ਵਿਖੇ ਐਨ.ਸੀ.ਸੀ. ਕੈਡੇਟ ਰਾਸ਼ਟਰ ਨਿਰਮਾਣ ਦੇ ਗੌਰਵ ਵਜੋਂ ਉੱਭਰੇ



ਜਲੰਧਰ, 16 ਜੂਨ, (ਸੰਦੀਪ ਕੌਲ) : ਨੈਸ਼ਨਲ ਕੈਡੇਟ ਕੋਰ (ਐਨਸੀਸੀ) ਨੌਜਵਾਨਾਂ ਨੂੰ ਅਨੁਸ਼ਾਸਿਤ, ਜ਼ਿੰਮੇਵਾਰ ਅਤੇ ਦੇਸ਼ ਭਗਤ ਨਾਗਰਿਕ ਬਣਾਉਣ ਦੀ ਆਪਣੀ ਸ਼ਾਨਦਾਰ ਪਰੰਪਰਾ ਨੂੰ ਬਰਕਰਾਰ ਰੱਖਦੀ ਹੈ। ਇਸ ਭਾਵਨਾ ਵਿੱਚ, ਦੋ ਪੰਜਾਬ ਐਨਸੀਸੀ ਬਟਾਲੀਅਨ, ਜਲੰਧਰ ਦਾ ਸਾਲਾਨਾ ਸਿਖਲਾਈ ਕੈਂਪ 34, ਕਰਨਲ ਵਿਨੋਦ ਜੋਸ਼ੀ ਦੀ ਗਤੀਸ਼ੀਲ ਅਗਵਾਈ ਹੇਠ ਡੀਏਵੀ ਯੂਨੀਵਰਸਿਟੀ, ਜਲੰਧਰ ਵਿਖੇ ਬਹੁਤ ਉਤਸ਼ਾਹ ਨਾਲ ਆਯੋਜਿਤ ਕੀਤਾ ਜਾ ਰਿਹਾ ਹੈ।ਇਹ ਸਾਲਾਨਾ ਕੈਂਪ ਇਸ ਗੱਲ ਦੇ ਨਮੂਨੇ ਵਜੋਂ ਖੜ੍ਹਾ ਹੈ ਕਿ ਕਿਵੇਂ ਐਨਸੀਸੀ ਨੌਜਵਾਨਾਂ ਨੂੰ ਭਾਰਤ ਦੇ ਭਵਿੱਖ ਦੇ ਅਨੁਸ਼ਾਸਿਤ ਨਾਗਰਿਕਾਂ ਵਿੱਚ ਢਾਲ ਕੇ ਰਾਸ਼ਟਰ ਨਿਰਮਾਣ ਵਿੱਚ ਸਰਗਰਮੀ ਨਾਲ ਯੋਗਦਾਨ ਪਾ ਰਿਹਾ ਹੈ।

ਹੁਣ ਆਪਣੇ ਸੱਤਵੇਂ ਦਿਨ ਦੇ ਨੇੜੇ, ਕੈਂਪ 45 ਵਿਦਿਅਕ ਸੰਸਥਾਵਾਂ ਦੇ 600 ਤੋਂ ਵੱਧ ਐਨਸੀਸੀ ਕੈਡੇਟਾਂ ਲਈ ਤੀਬਰ ਅਤੇ ਸੰਪੂਰਨ ਸਿਖਲਾਈ ਸੈਸ਼ਨਾਂ ਦਾ ਗਵਾਹ ਬਣ ਰਿਹਾ ਹੈ। ਅਟੁੱਟ ਵਚਨਬੱਧਤਾ ਨਾਲ, ਇਹ ਕੈਡੇਟ ਆਪਣਾ ਸਖ਼ਤ ਸਮਾਂ-ਸਾਰਣੀ ਸਵੇਰੇ 3:00 ਵਜੇ ਸ਼ੁਰੂ ਕਰਦੇ ਹਨ ਅਤੇ ਰੋਜ਼ਾਨਾ ਰਾਤ 10:00 ਵਜੇ ਤੱਕ ਸਿਖਲਾਈ ਦਿੰਦੇ ਹਨ, ਗਰਮੀਆਂ ਦੀਆਂ ਤੀਬਰ ਸਥਿਤੀਆਂ ਦਾ ਅਨੁਸ਼ਾਸਨ ਅਤੇ ਸਮਰਪਣ ਨਾਲ ਸਾਹਮਣਾ ਕਰਦੇ ਹੋਏ।

ਕੈਂਪ ਦੇ ਪਾਠਕ੍ਰਮ ਵਿੱਚ ਸਰੀਰਕ, ਫੌਜੀ ਅਤੇ ਬੌਧਿਕ ਸਿਖਲਾਈ ਦਾ ਵਿਆਪਕ ਮਿਸ਼ਰਣ ਸ਼ਾਮਲ ਹੈ। ਗਤੀਵਿਧੀਆਂ ਵਿੱਚ ਹਥਿਆਰਾਂ ਦੀ ਸੰਭਾਲ, ਪੈਰ ਅਤੇ ਹਥਿਆਰਾਂ ਦੇ ਅਭਿਆਸ, ਰੁਕਾਵਟ ਕੋਰਸ, .22 ਰਾਈਫਲ ਫਾਇਰਿੰਗ, ਅੱਗ ਬੁਝਾਉਣ ਦੀਆਂ ਤਕਨੀਕਾਂ, ਸੈਕਸ਼ਨ ਲੜਾਈ ਅਭਿਆਸ ਅਤੇ ਨਕਸ਼ਾ ਪੜ੍ਹਨਾ ਸ਼ਾਮਲ ਹਨ। ਆਧੁਨਿਕ ਤਰੱਕੀ ਦੇ ਅਨੁਸਾਰ, ਡਰੋਨ ਉਡਾਣ ਸਿਖਲਾਈ ਵੀ ਪੇਸ਼ ਕੀਤੀ ਗਈ ਹੈ।

ਸਿਰਜਣਾਤਮਕ ਹੁਨਰ ਅਤੇ ਲੀਡਰਸ਼ਿਪ ਗੁਣਾਂ ਨੂੰ ਨਿਖਾਰਨ ਲਈ, ਕੈਡਿਟ ਭਾਸ਼ਣ ਪ੍ਰਦਰਸ਼ਨਾਂ, ਅਸਧਾਰਨ ਭਾਸ਼ਣ ਅਤੇ ਬਹਿਸ ਮੁਕਾਬਲਿਆਂ ਵਿੱਚ ਸਰਗਰਮੀ ਨਾਲ ਹਿੱਸਾ ਲੈ ਰਹੇ ਹਨ। ਸੱਭਿਆਚਾਰਕ ਸੰਸ਼ੋਧਨ ਲਈ, ਜੀਵੰਤ ਸੱਭਿਆਚਾਰਕ ਅਤੇ ਸੰਸਕ੍ਰਿਤਿਕ ਗਤੀਵਿਧੀਆਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ, ਜੋ ਭਾਰਤ ਦੀ ਵਿਭਿੰਨਤਾ ਵਿੱਚ ਏਕਤਾ ਨੂੰ ਦਰਸਾਉਂਦੀਆਂ ਹਨ।ਸਰੀਰਕ ਤੰਦਰੁਸਤੀ ਐਨਸੀਸੀ ਸਿਖਲਾਈ ਦਾ ਇੱਕ ਅਧਾਰ ਬਣੀ ਹੋਈ ਹੈ, ਜਿਸ ਵਿੱਚ ਵਾਲੀਬਾਲ, ਬਾਸਕਟਬਾਲ, ਰੱਸਾ ਕੱਸੀ, ਅਤੇ ਖੋ-ਖੋ ਵਰਗੇ ਪ੍ਰੋਗਰਾਮ ਕੈਂਪ ਦੇ ਮਾਹੌਲ ਨੂੰ ਊਰਜਾਵਾਨ ਬਣਾਉਂਦੇ ਹਨ।

ਇਹ ਕੈਂਪ ਇਸ ਗੱਲ ਦੀ ਇੱਕ ਸ਼ਾਨਦਾਰ ਉਦਾਹਰਣ ਹੈ ਕਿ ਕਿਵੇਂ ਐਨਸੀਸੀ ਕੱਲ੍ਹ ਦੇ ਨੇਤਾਵਾਂ ਦੀ ਤਿਆਰੀ ਕਰ ਰਹੀ ਹੈ, ਅਨੁਸ਼ਾਸਨ, ਸੇਵਾ ਅਤੇ ਰਾਸ਼ਟਰੀ ਮਾਣ ਦੇ ਮੁੱਲ ਪੈਦਾ ਕਰ ਰਹੀ ਹੈ। ਕਰਨਲ ਵਿਨੋਦ ਜੋਸ਼ੀ ਦੀ ਕਮਾਂਡ ਹੇਠ, ਸਿਖਲਾਈ ਨਵੀਆਂ ਉਚਾਈਆਂ 'ਤੇ ਪਹੁੰਚ ਗਈ ਹੈ, ਅਤੇ ਕੈਡਿਟ ਨਾ ਸਿਰਫ਼ ਸਰੀਰਕ ਤੌਰ 'ਤੇ ਤੰਦਰੁਸਤ ਵਿਅਕਤੀਆਂ ਵਜੋਂ ਉੱਭਰ ਰਹੇ ਹਨ, ਸਗੋਂ ਭਾਰਤ ਦੇ ਆਤਮਵਿਸ਼ਵਾਸੀ ਅਤੇ ਵਚਨਬੱਧ ਨਾਗਰਿਕਾਂ ਵਜੋਂ ਵੀ ਉੱਭਰ ਰਹੇ ਹਨ।

## ਬ੍ਰਹਮਪੁਰਾ ਵੱਲੋਂ ਇਜ਼ਰਾਈਲ-ਈਰਾਨ ਜੰਗ ਦੌਰਾਨ ਪੰਜਾਬੀਆਂ ਦੀ ਸੁਰੱਖਿਆ ਪ੍ਰਤੀ ਸਰਕਾਰ ਦੀ ਜ਼ਿੰਮੇਵਾਰੀ ਤੋਂ ਭੱਜਣ ਦੀ ਸਖ਼ਤ ਨਿਖੇਧੀ



ਤਰਨ ਤਾਰਨ, 16 ਜੂਨ, (ਗੁਰਦਿਆਲ ਸਿੰਘ) : ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ, ਹਲਕਾ ਇੰਚਾਰਜ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਇਜ਼ਰਾਈਲ ਅਤੇ ਈਰਾਨ ਵਿਚਾਲੇ ਚੱਲ ਰਹੀ ਜੰਗ ਦੇ ਇਸ ਗੰਭੀਰ ਦੌਰ ਵਿੱਚ ਵਿਦੇਸ਼ਾਂ ਵਿੱਚ ਫ਼ਸੇ ਪੰਜਾਬੀਆਂ ਦੀ ਸੁਰੱਖਿਆ ਪ੍ਰਤੀ ਪੰਜਾਬ ਦੇ ਮੁੱਖ ਮੰਤਰੀ ਦੀ ਘੋਰ ਜ਼ਿੰਮੇਵਾਰੀ ਤੋਂ ਭੱਜਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਸ੍ਰ. ਬ੍ਰਹਮਪੁਰਾ ਨੇ ਕਿਹਾ, ਮੌਜੂਦਾ ਤੱਥਾਂ ਅਨੁਸਾਰ ਇਹ ਬਿਲਕੁਲ ਸਪੱਸ਼ਟ ਹੈ ਕਿ ਇਜ਼ਰਾਈਲ ਅਤੇ ਈਰਾਨ ਦੋਵਾਂ ਦੇਸ਼ਾਂ ਵਿੱਚ ਸਾਡੇ ਪੰਜਾਬ ਦੇ ਵੱਡੀ ਗਿਣਤੀ ਨਾਗਰਿਕ ਮੌਜੂਦ ਹਨ। ਖ਼ਾਸ ਤੌਰ 'ਤੇ ਇਜ਼ਰਾਈਲ ਵਿੱਚ, ਨਰਸਾਂ, ਕੇਅਰਗਿਵਰਜ਼ ਅਤੇ ਉਸਾਰੀ ਖੇਤਰ ਦੇ ਕਾਮਿਆਂ ਵਜੋਂ ਪੰਜਾਬੀ ਭਾਈਚਾਰੇ ਦੇ ਲੋਕ ਵੱਡੀ ਗਿਣਤੀ ਵਿੱਚ ਕੰਮ ਕਰ ਰਹੇ ਹਨ। ਜੰਗ ਦੇ ਇਸ ਅਤਿਅੰਤ ਖ਼ਤਰਨਾਕ ਮਾਹੌਲ ਵਿੱਚ, ਜਦੋਂ ਉਨ੍ਹਾਂ ਦੀਆਂ ਜਾਨਾਂ ਦਾਅ 'ਤੇ ਲੱਗੀਆਂ ਹੋਈਆਂ ਹਨ, ਤਾਂ ਆਪਣੇ ਸੂਬੇ ਦੇ ਨਾਗਰਿਕਾਂ ਦੀ ਜਾਨ-ਮਾਲ ਦੀ ਰਾਖੀ ਕਰਨਾ ਕਿਸੇ ਵੀ ਜ਼ਿੰਮੇਵਾਰ ਮੁੱਖ ਮੰਤਰੀ ਦੀ ਸਭ ਤੋਂ ਪਹਿਲੀ ਅਤੇ ਅਹਿਮ ਤਰਜੀਹ ਹੁੰਦੀ ਹੈ।

ਉਨ੍ਹਾਂ ਅੱਗੇ ਕਿਹਾ, ਇਹ ਬੇਹੱਦ ਸ਼ਰਮਨਾਕ ਅਤੇ ਮੰਦਭਾਗਾ ਹੈ ਕਿ ਇੱਕ ਪਾਸੇ ਜਿੱਥੇ ਭਾਰਤ ਦੇ ਬਾਕੀ ਸਾਰੇ ਸੂਬਿਆਂ ਦੇ ਮੁੱਖ ਮੰਤਰੀ ਆਪਣੇ-ਆਪਣੇ ਸੂਬਿਆਂ ਦੇ ਲੋਕਾਂ ਦੀ ਵਾਪਸੀ ਅਤੇ ਸੁਰੱਖਿਆ ਲਈ ਹਰ ਸੰਭਵ ਕਦਮ ਚੁੱਕ ਰਹੇ ਹਨ ਅਤੇ ਭਾਰਤ ਦੇ ਵਿਦੇਸ਼ ਮੰਤਰਾਲੇ ਨਾਲ ਨਿਰੰਤਰ ਤਾਲਮੇਲ ਬਣਾ ਰਹੇ ਹਨ, ਉੱਥੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣੇ ਹੀ ਲੋਕਾਂ ਦੀ ਸੁਰੱਖਿਆ ਦੀ ਕੋਈ ਪ੍ਰਵਾਹ ਨਹੀਂ। ਉਨ੍ਹਾਂ ਦਾ ਸਾਰਾ ਧਿਆਨ ਕੇਵਲ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਵਿਧਾਨ ਸਭਾ ਚੋਣਾਂ ਵਿੱਚ ਹੋਈ ਨਮੋਸ਼ੀ ਭਰੀ ਹਾਰ ਤੋਂ ਬਾਅਦ, ਉਨ੍ਹਾਂ ਨੂੰ ਰਾਜ ਸਭਾ ਪਹੁੰਚਾਉਣ ਦੇ ਇੱਕੋ-ਇੱਕ ਸਿਆਸੀ ਏਜੰਡੇ 'ਤੇ ਕੇਂਦਰਿਤ ਹੈ।

ਸ. ਬ੍ਰਹਮਪੁਰਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਉਹ ਆਪਣੀ ਰਾਜਨੀਤਿਕ ਖੇਡ ਨੂੰ ਤੁਰੰਤ ਬੰਦ ਕਰਕੇ, ਪੰਜਾਬ ਦੇ ਲੋਕਾਂ ਦੇ ਜੀਵਨ ਦੀ ਸੁਰੱਖਿਆ ਨੂੰ ਪਹਿਲ ਦੇਣ ਅਤੇ ਕੇਂਦਰ ਸਰਕਾਰ ਨਾਲ ਤਾਲਮੇਲ ਕਰਕੇ ਆਪਣੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ।

## ਐਡਵੋਕੇਟ ਧਾਮੀ ਵੱਲੋਂ ਜਸਵੰਤ ਸਿੰਘ ਈਸੇਵਾਲ ਦੀ ਪੁਸਤਕ 'ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ' ਰਿਲੀਜ਼



ਅੰਮ੍ਰਿਤਸਰ, 16 ਜੂਨ, (ਗੁਰਦਿਆਲ ਸਿੰਘ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਸਵੰਤ ਸਿੰਘ ਈਸੇਵਾਲ ਦੀ ਪੁਸਤਕ "ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ" ਰਿਲੀਜ਼ ਕੀਤੀ। ਇਸ ਪੁਸਤਕ ਵਿਚ ਪਾਕਿਸਤਾਨ ਸਥਿਤ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਇਤਿਹਾਸ ਨੂੰ ਸੰਖੇਪ ਰੂਪ ਵਿਚ ਦਰਜ ਕੀਤਾ ਗਿਆ ਹੈ। ਲੰਘੇ ਦਿਨੀਂ ਪੁਸਤਕ ਜਾਰੀ ਕਰਨ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ 1947 ਦੀ ਭਾਰਤ-ਪਾਕਿਸਤਾਨ ਵੰਡ ਵੇਲੇ ਸਿੱਖਾਂ ਨੂੰ ਜਾਨ ਤੋਂ ਪਿਆਰੇ ਬਹੁਤ ਸਾਰੇ ਗੁਰਦੁਆਰਾ ਸਾਹਿਬਾਨ ਵਿਛੜ ਗਏ, ਜਿਨ੍ਹਾਂ ਦੇ ਦਰਸ਼ਨਾਂ ਤੇ ਸੇਵਾ-ਸੰਭਾਲ ਦਾ ਦਾਨ ਖ਼ਾਲਸਾ ਪੰਥ ਰੋਜ਼ ਅਰਦਾਸ ਵਿਚ ਮੰਗਦਾ ਹੈ। ਉਨ੍ਹਾਂ ਕਿਹਾ ਕਿ ਬਹੁਤ ਸਾਰੀਆਂ ਸੰਗਤਾਂ ਅਜਿਹੀਆਂ ਹਨ, ਜੋ ਵੀਜ਼ਾ ਦੀ ਔਖੀ ਪ੍ਰਕਿਰਿਆ ਕਾਰਨ ਇਨ੍ਹਾਂ ਗੁਰਧਾਮਾਂ ਦੇ ਦਰਸ਼ਨਾਂ ਤੋਂ ਵਾਂਝੀਆਂ ਹਨ ਅਤੇ ਸਾਡੀ ਅਗਲੀ ਪੀੜ੍ਹੀ ਵਿਚ ਬਹੁਤ ਸਾਰੇ ਲੋਕ ਅਜਿਹੇ ਵੀ ਹਨ, ਜਿਨ੍ਹਾਂ ਨੂੰ ਪਾਕਿਸਤਾਨ ਸਥਿਤ ਬਹੁਤੇ ਗੁਰਦੁਆਰਾ ਸਾਹਿਬਾਨ ਦੇ ਇਤਿਹਾਸ ਬਾਰੇ ਜਾਣਕਾਰੀ ਨਹੀਂ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਜਸਵੰਤ ਸਿੰਘ ਈਸੇਵਾਲ ਦੀ ਇਸ ਪੁਸਤਕ ਵਿਚ ਪਾਕਿਸਤਾਨ ਸਥਿਤ ਗੁਰਦੁਆਰਾ ਸਾਹਿਬਾਨ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਯਾਦਗਾਰਾਂ ਦੀ ਜਾਣਕਾਰੀ ਸੰਖੇਪ ਸ਼ਬਦਾਂ ਵਿਚ ਦਰਜ ਹੈ।ਉਨ੍ਹਾਂ ਕਿਹਾ ਕਿ ਇਹ ਪੁਸਤਕ ਸਿੱਖ ਸ਼ਰਧਾਲੂਆਂ ਲਈ ਲਾਹੇਵੰਦ ਸਾਬਤ ਹੋਵੇਗੀ ਅਤੇ ਪਾਠਕ ਆਪਣੇ ਵਿਛੜੇ ਗੁਰਧਾਮਾਂ ਦੇ ਇਤਿਹਾਸ ਤੋਂ ਜਾਣੂ ਹੋਣਗੇ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਜਸਵੰਤ ਸਿੰਘ ਈਸੇਵਾਲ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਗੁਰਨਾਮ ਸਿੰਘ ਜੱਸਲ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸੁਖਵਰਸ਼ ਸਿੰਘ ਪੰਨੂ, ਅਵਤਾਰ ਸਿੰਘ ਵਣਵਾਲਾ, ਮਨਜੀਤ ਸਿੰਘ ਬੱਪੀਆਣਾ, ਰਾਮਪਾਲ ਸਿੰਘ ਬਹਿਣੀਵਾਲ, ਤੇਜਿੰਦਰਪਾਲ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ, ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਬਿਜੈ ਸਿੰਘ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ ਆਦਿ ਹਾਜ਼ਰ ਸਨ।

## ਸੁਪਰਵਾਈਜ਼ਰਾਂ ਨੇ ਜ਼ਿਲ੍ਹਾ ਪ੍ਰੋਗਰਾਮ ਅ.ਫਸਰ ਨੂੰ ਸੌਂਪਿਆਂ ਮੰਗ ਪੱਤਰ



ਦੀਨਾਨਗਰ, 16 ਜੂਨ, (ਡਾ. ਰਮੇਸ਼ ਸਰੰਗਲ) : ਅੱਜ ਜ਼ਿਲ੍ਹਾ ਪ੍ਰਧਾਨ ਰਾਜਬੀਰ ਕੌਰ ਸੁਪਰਵਾਈਜ਼ਰ ਦੀ ਅਗਵਾਈ ਵਿੱਚ ਸੁਪਰਵਾਈਜ਼ਰਾਂ ਦੁਆਰਾ ਫੀਲਡ ਵਿਚ ਕੀਤੇ ਜਾ ਰਹੇ ਐਫ. ਆਰ. ਐਸ ਦੇ ਕੰਮਾਂ ਵਿੱਚ ਆ ਰਹੀਆਂ ਮੁਸ਼ਕਿਲਾਂ ਸਬੰਧੀ ਜ਼ਿਲ੍ਹਾ ਪ੍ਰੋਗਰਾਮ ਅਫਸਰ ਗੁਰਦਾਸਪੁਰ ਜਸਮੀਤ ਕੌਰ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ। ਜਿਸ ਵਿੱਚ ਮੀਤ ਪ੍ਰਧਾਨ ਬਲਜੀਤ ਕੌਰ ਸੁਪਰਵਾਈਜ਼ਰ, ਕੁਲਮੀਤ ਕੌਰ, ਨਵਪ੍ਰੀਤ ਕੌਰ, ਨਵਜੋਤ ਕੌਰ, ਬਲਵਿੰਦਰ ਕੌਰ, ਕਿਰਨਜੀਤ ਕੌਰ, ਪਰਮਜੀਤ ਕੌਰ, ਸੁਰਿੰਦਰ ਕੌਰ, ਮੈਡਮ ਸਵੀਟੀ, ਪ੍ਰਮਿਤਾ, ਰਾਜਵਿੰਦਰ ਕੌਰ, ਬਲਜੀਤ ਕੌਰ, ਮਨਜੀਤ ਕੌਰ, ਕੁਲਵਿੰਦਰਜੀਤ ਕੌਰ, ਅਕਵਿੰਦਰ ਕੌਰ, ਨੀਲਮਜੀਤ ਕੌਰ, ਰਜਿੰਦਰ ਕੌਰ, ਰਜਨੀ ਬਾਲਾ, ਕੁਲਵੰਤ ਕੌਰ, ਰੁਪਿੰਦਰਜੀਤ ਕੌਰ, ਰਾਜ ਕੁਮਾਰੀ, ਕੁਲਦੀਪ ਕੌਰ, ਬਿਮਲਾ ਦੇਵੀ ਆਦਿ ਹਾਜ਼ਰ ਸਨ।

## ਬਾਲ ਮਜ਼ਦੂਰੀ 'ਚੋਂ ਕੱਢ ਕੇ ਪੰਜ ਬੱਚਿਆਂ ਦੀ ਸਿੱਖਿਆ ਦਾ ਜ਼ਿੰਮਾ ਚੁੱਕੇਗੀ ਖੇੜਾ ਜੋੜੀ



ਤਰਨ ਤਾਰਨ, 16 ਜੂਨ, (ਪੁਸ਼ਪਿੰਦਰ ਬੰਟੀ ਗੁਰਵਿੰਦਰ ਸਿਘ ) : ਤਰਨ ਤਾਰਨ ਵਿਖੇ ਦਾ ਵਿਜ਼ਡਮ ਸਕੂਲ ਆਫ ਅਕਾਦਮਿਕ ਅਤੇ ਸਪੋਰਟਸ ਨਾਮਕ ਸੰਸਥਾ ਚਲਾ ਰਹੀ ਜੋੜੀ ਰਮਨੀਕ ਸਿੰਘ ਖੇੜਾ ਚੇਅਰਮੈਨ ਅਤੇ ਅੰਮ੍ਰਿਤ ਖੇੜਾ ਮੈਨੇਜਿੰਗ ਡਾਇਰੈਕਟਰ ਨੇ ਹੁਣ ਇਕ ਅਹਿਮ ਐਲਾਨ ਕੀਤਾ ਹੈ। ਉਨ੍ਹਾਂ ਨੇ ਬਾਲ ਮਜ਼ਦੂਰੀ 'ਚ ਫਸੇ ਪੰਜ ਬੱਚੇ ਅਡਾਪਟ ਕਰਨ ਦੀ ਗੱਲ ਕਹੀ ਹੈ। ਜਿਨ੍ਹਾਂ ਨੂੰ ਉਹ ਜਿੱਥੇ ਵਿੱਦਿਆ ਦਿਵਾਉਣਗੇ। ਉੱਥੇ ਹੀ ਉਨ੍ਹਾਂ ਦੀਆਂ ਹੋਰ ਲੋੜਾਂ ਵੀ ਪੂਰੀਆਂ ਕਰਨਗੇ। ਉਨ੍ਹਾਂ ਨੇ ਖਾਸ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਅਜਿਹੇ ਵਿਸ਼ੇਸ਼ ਬੱਚਿਆਂ ਦੀ ਜਾਣਕਾਰੀ ਉਨ੍ਹਾਂ ਤੱਕ ਪਹੁੰਚਾਉਣ, ਜਿਨ੍ਹਾਂ ਦੇ ਮਾਪੇ ਕਿਸੇ ਮਜ਼ਬੂਰੀ ਵਸ ਬੱਚਿਆਂ ਕੋਲੋਂ ਮਿਹਨਤ ਮਜ਼ਦੂਰੀ ਕਰਵਾ ਰਹੇ ਹੋਣ।

ਰਮਨੀਕ ਸਿੰਘ ਖੇੜਾ ਅਤੇ ਅੰਮ੍ਰਿਤ ਖੇੜਾ ਨੇ ਇਸ ਸਬੰਧੀ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਸਰਕਾਰ ਵੱਲੋਂ ਵਰਦੀਆਂ, ਕਿਤਾਬਾਂ, ਮਿਡ ਡੇ ਮੀਲ ਵਰਗੀਆਂ ਸਹੂਲਤਾਂ ਦੇ ਕੇ ਉਨ੍ਹਾਂ ਨੂੰ ਸਿੱਖਿਅਤ ਕਰਨ ਦਾ ਜਿੰਮਾ ਬੇਸ਼ੱਕ ਚੁੱਕਿਆ ਜਾ ਰਿਹਾ ਹੈ। ਪਰ ਅਜੇ ਵੀ ਬਹੁਤ ਬੱਚੇ ਹਨ, ਜਿਨ੍ਹਾਂ ਦਾ ਸਕੂਲਾਂ ਤੱਕ ਦਾ ਰਾਹ ਔਖਾ ਹੈ। ਰਮਨੀਕ ਸਿੰਘ ਖੇੜਾ ਨੇ ਕਿਹਾ ਕਿ ਉਹ ਫਿਲਹਾਲ ਪੰਜ ਬੱਚਿਆਂ ਨੂੰ ਅਡਾਪਟ ਕਰਕੇ ਉਨ੍ਹਾਂ ਨੂੰ ਬਾਲ ਮਜ਼ਦੂਰੀ ਵਿੱਚੋਂ ਕੱਢਣ ਦਾ ਯਤਨ ਕਰ ਰਹੇ ਹਨ। ਤਾਂ ਜੋ ਉਨ੍ਹਾਂ ਪੰਜ ਬੱਚਿਆਂ ਦੀ ਜਿੰਦਗੀ ਸਵਾਰ ਕੇ ਆਪਣੇ ਪੈਰਾਂ 'ਤੇ ਖੜ੍ਹੇ ਕੀਤੇ ਜਾ ਸਕਣ।

## ਮੰਗਲਵਾਰ ਸ਼ਾਮ 6 ਵਜੇ ਪ੍ਰਚਾਰ ਖ਼ਤਮ ਹੋਣ ਤੋਂ ਬਾਅਦ ਕੋਈ ਵੀ ਬਾਹਰੀ ਵਿਅਕਤੀ ਲੁਧਿਆਣਾ ਪੱਛਮੀ 'ਚ ਨਹੀਂ ਰਹਿ ਸਕਦਾ



ਲੁਧਿਆਣਾ, 16 ਜੂਨ (ਵਿਸ਼ਾਲ ਸ਼ਰਮਾ) : ਜਨਰਲ ਆਬਜ਼ਰਵਰ ਰਾਜੀਵ ਕੁਮਾਰ (ਆਈ.ਏ.ਐਸ), ਪੁਲਿਸ ਆਬਜ਼ਰਵਰ ਸੁਰਿੰਦਰ ਪਾਲ (ਆਈ.ਪੀ.ਐਸ), ਖਰਚਾ ਆਬਜ਼ਰਵਰ ਇੰਦਾਨਾ ਅਸ਼ੋਕ ਕੁਮਾਰ (ਆਈ.ਆਰ.ਐਸ) ਅਤੇ ਜ਼ਿਲ੍ਹਾ ਚੋਣ ਅਫਸਰ ਹਿਮਾਂਸ਼ੂ ਜੈਨ ਨੇ ਲੁਧਿਆਣਾ ਪੱਛਮੀ ਵਿੱਚ ਪਾਰਦਰਸ਼ੀ ਜ਼ਿਮਨੀ ਚੋਣ ਨੂੰ ਯਕੀਨੀ ਬਣਾਉਣ ਲਈ ਸਖ਼ਤ ਉਪਾਵਾਂ ਦਾ ਐਲਾਨ ਕੀਤਾ। ਉਹਨਾਂ ਕਿਹਾ ਕਿ 17 ਜੂਨ 2025 ਨੂੰ ਸ਼ਾਮ 6:00 ਵਜੇ ਤੋਂ 19 ਜੂਨ, 2025 ਨੂੰ ਵੋਟਿੰਗ ਪੂਰੀ ਹੋਣ ਤੱਕ ਉਹ ਵਿਅਕਤੀ ਜੋ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੇ ਰਜਿਸਟਰਡ ਵੋਟਰ ਨਹੀਂ ਹਨ, ਚੋਣ ਪ੍ਰਕਿਰਿਆ ਵਿੱਚ ਸ਼ਾਮਲ ਹਨ ਜਾਂ ਰਾਜਨੀਤਿਕ ਪਾਰਟੀਆਂ ਵਿੱਚ ਲੀਡਰਸ਼ਿਪ ਦੇ ਅਹੁਦੇ ਰੱਖਦੇ ਹਨ ਨੂੰ ਹਲਕੇ ਦੇ ਅੰਦਰ ਰਹਿਣ ਦੀ ਮਨਾਹੀ ਹੈ। ਇਸ ਪਾਬੰਦੀ ਦਾ ਉਦੇਸ਼ ਬਾਹਰੀ ਪ੍ਰਭਾਵ ਨੂੰ ਸੀਮਤ ਕਰਕੇ ਚੋਣ ਪ੍ਰਕਿਰਿਆ ਦੀ ਅਖੰਡਤਾ ਨੂੰ ਬਣਾਈ ਰੱਖਣਾ ਹੈ।

ਲੁਧਿਆਣਾ ਪੁਲਿਸ, ਰਿਟਰਨਿੰਗ ਅਫਸਰ (ਲੁਧਿਆਣਾ ਪੱਛਮੀ), ਜ਼ਿਲ੍ਹਾ ਖੁਰਾਕ ਸਿਵਲ ਸਪਲਾਈ, ਆਬਕਾਰੀ ਅਤੇ ਕਰ ਅਧਿਕਾਰੀਆਂ ਨੂੰ ਪਾਲਣਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਜ਼ਿਲ੍ਹਾ ਚੋਣ ਅਫ਼ਸਰ ਨੇ ਪਾਰਦਰਸ਼ਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਹੁਕਮਾਂ ਬਾਰੇ ਸਾਰੀਆਂ ਰਾਜਨੀਤਿਕ ਪਾਰਟੀਆਂ, ਉਮੀਦਵਾਰਾਂ ਅਤੇ ਏਜੰਟਾਂ ਨੂੰ ਸੂਚਿਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਗੈਰ-ਰਜਿਸਟਰਡ ਵੋਟਰਾਂ 'ਤੇ ਪਾਬੰਦੀਆਂ ਬਾਰੇ ਜਨਤਕ ਐਲਾਨ ਲੁਧਿਆਣਾ ਪੱਛਮੀ ਵਿਧਾਨ ਸਭਾ ਖੇਤਰ ਵਿੱਚ ਕੀਤੇ ਜਾਣਗੇ। ਹਿਮਾਂਸ਼ੂ ਜੈਨ ਨੇ ਜ਼ਿਲ੍ਹਾ ਪ੍ਰਸ਼ਾਸਨ ਦੀ ਪਾਰਦਰਸ਼ੀ ਚੋਣਾਂ ਕਰਵਾਉਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਨਿਵਾਸੀਆਂ ਨੂੰ ਬਾਹਰੀ ਪ੍ਰਭਾਵ ਤੋਂ ਬਿਨਾਂ ਆਜ਼ਾਦ ਵੋਟ ਪਾਉਣ ਲਈ ਉਤਸ਼ਾਹਿਤ ਕੀਤਾ। ਖਾਸ ਕਰਕੇ ਪੋਲਿੰਗ ਤੋਂ ਪਹਿਲਾਂ ਦੇ ਆਖਰੀ 72 ਘੰਟਿਆਂ ਦੌਰਾਨ ਪਾਲਣਾ ਨੂੰ ਹੋਰ ਯਕੀਨੀ ਬਣਾਉਣ ਲਈ ਫਲਾਇੰਗ ਸਕੁਐਡ ਟੀਮਾਂ (ਐਫ.ਐਸ.ਟੀ), ਸਟੈਟਿਕ ਨਿਗਰਾਨੀ ਟੀਮਾਂ (ਐਸ.ਐਸ.ਟੀ) ਅਤੇ ਆਬਕਾਰੀ ਅਧਿਕਾਰੀਆਂ ਸਮੇਤ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਉੱਚ-ਤਕਨੀਕੀ ਜਾਂਚ ਪੋਸਟਾਂ ਸਥਾਪਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

## ਅਰੋੜਾ ਉਪਨਾਮ 'ਤੇ ਵਿਵਾਦਤ ਟਿੱਪਣੀ 'ਤੇ ਅਮਨ ਅਰੋੜਾ ਨੇ ਕਿਹਾ ਇਹ ਰੇਖਾ ਗੁਪਤਾ ਦੀ ਸੌੜੀ ਸੋਚ ਨੂੰ ਦਰਸਾਉਂਦੈ



ਲੁਧਿਆਣਾ/ਚੰਡੀਗੜ੍ਹ, 16 ਜੂਨ (ਵਿਸ਼ਾਲ ਸ਼ਰਮਾ) : ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਵੱਲੋਂ ਅਰੋੜਾ ਨਹੀਂ ਬਣੇਗਾ ਰੋੜਾ ਦਾ ਨਾਅਰਾ ਲਗਾਉਣ ਦੀ ਸਖ਼ਤ ਆਲੋਚਨਾ ਕੀਤੀ ਅਤੇ ਕਿਹਾ ਕਿ ਇਹ ਬਿਆਨ ਰੇਖਾ ਗੁਪਤਾ ਦੀ ਘਟੀਆ ਸੋਚ ਨੂੰ ਦਰਸਾਉਂਦਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਪਹਿਲਾਂ ਭਾਜਪਾ ਆਗੂ ਸਿਰਫ਼ ਧਰਮ ਅਤੇ ਸੰਪਰਦਾ ਦੇ ਨਾਮ 'ਤੇ ਰਾਜਨੀਤੀ ਕਰਦੇ ਸਨ ਹੁਣ ਉਨ੍ਹਾਂ ਨੇ ਜਾਤਾਂ ਨੂੰ ਵੀ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਇਹ ਬਹੁਤ ਹੀ ਨੀਵੇਂ ਪੱਧਰ ਦੀ ਰਾਜਨੀਤੀ ਹੈ। ਪੰਜਾਬ ਦੇ ਲੋਕਾਂ ਨੇ ਅਜਿਹੀ ਰਾਜਨੀਤੀ ਨੂੰ ਕਦੇ ਵੀ ਪਸੰਦ ਨਹੀਂ ਕੀਤਾ। ਅਰੋੜਾ ਨੇ ਕਿਹਾ ਕਿ ਦੇਸ਼ ਅਤੇ ਪੰਜਾਬ ਦੇ ਲੋਕ ਇਸ ਤਰ੍ਹਾਂ ਦੀ ਰਾਜਨੀਤੀ ਨੂੰ ਸਵੀਕਾਰ ਨਹੀਂ ਕਰਨਗੇ। ਭਾਵੇਂ ਉਹ ਅਰੋੜਾ ਹੋਵੇ ਗੁਪਤਾ ਹੋਵੇ ਬਾਂਸਲ ਹੋਵੇ ਜਾਂ ਕੋਈ ਹੋਰ ਹਿੰਦੂ ਜਾਤੀ ਹੋਵੇ ਸਾਰੇ ਹੀ ਰੱਬ ਦੇ ਬੱਚੇ ਹਨ। ਕਿਸੇ ਵਿੱਚ ਕੋਈ ਫ਼ਰਕ ਨਹੀਂ ਹੈ। ਇਸ ਲਈ ਅਜਿਹਾ ਬਿਆਨ ਦੇਣਾ ਨਾ ਸਿਰਫ਼ ਅਰੋੜਾ ਭਾਈਚਾਰੇ ਦੇ ਵਿਰੁੱਧ ਹੈ ਸਗੋਂ ਪੂਰੇ ਹਿੰਦੂ ਭਾਈਚਾਰੇ ਅਤੇ ਮਨੁੱਖਤਾ ਦੇ ਵਿਰੁੱਧ ਹੈ। ਰੇਖਾ ਗੁਪਤਾ ਨੂੰ ਆਪਣੇ ਬਿਆਨ ਲਈ ਲੁਧਿਆਣਾ ਅਤੇ ਪੰਜਾਬ ਦੇ ਲੋਕਾਂ ਤੋਂ ਤੁਰੰਤ ਮੁਆਫੀ ਮੰਗਣੀ ਚਾਹੀਦੀ ਹੈ।

## ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ 'ਆਪ' 'ਤੇ ਹਮਲਾ ਬੋਲਿਆ




ਲੁਧਿਆਣਾ, 16 ਜੂਨ (ਰਵਿੰਦਰ ਸਿੰਘ ਨਿੱਝਰ) : ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਆਮ ਆਦਮੀ ਪਾਰਟੀ (ਆਪ) ਅਤੇ ਇਸਦੇ ਕਨਵੀਨਰ ਅਰਵਿੰਦ ਕੇਜਰੀਵਾਲ 'ਤੇ ਦਿੱਲੀ ਵਿੱਚ ਆਪਣੇ ਦਸ ਸਾਲਾਂ ਦੇ ਸ਼ਾਸਨ ਦੌਰਾਨ ਵਿਆਪਕ ਭ੍ਰਿਸ਼ਟਾਚਾਰ ਅਤੇ ਕੁਪ੍ਰਬੰਧਨ ਦਾ ਦੋਸ਼ ਲਗਾਉਂਦੇ ਹੋਏ ਤਿੱਖਾ ਹਮਲਾ ਕੀਤਾ। ਲੁਧਿਆਣਾ ਵਿੱਚ ਪਾਰਟੀ ਉਮੀਦਵਾਰ ਜੀਵਨ ਗੁਪਤਾ ਲਈ ਪ੍ਰਚਾਰ ਕਰਦੇ ਹੋਏ, ਦਿੱਲੀ ਦੀ ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਕੇਜਰੀਵਾਲ ਅਤੇ ਉਨ੍ਹਾਂ ਦੀ ਟੀਮ ਵਿਰੁੱਧ ਨਵੇਂ ਮਾਮਲੇ ਦਰਜ ਕੀਤੇ ਗਏ ਹਨ, ਅਤੇ ਜੋਰ ਦੇ ਕੇ ਕਿਹਾ ਕਿ ਜੋ ਲੋਕ ਵਰਤਮਾਨ ਵਿੱਚ ਜਮਾਨਤ 'ਤੇ ਹਨ, ਉਨ੍ਹਾਂ ਨੂੰ ਜਲਦੀ ਹੀ ਜੇਲ੍ਹ ਹੋ ਸਕਦੀ ਹੈ। ਗੁਪਤਾ ਨੇ ਦਿੱਲੀ ਵਿੱਚ 'ਆਪ' ਸਰਕਾਰ ਦੀ ਆਲੋਚਨਾ ਕੀਤੀ ਕਿ ਉਸਨੇ ਪਿਛਲੇ ਇੱਕ ਦਹਾਕੇ ਵਿੱਚ ਵਿਧਾਨ ਸਭਾ ਵਿੱਚ ਇੱਕ ਵੀ ਕੰਪਟਰੋਲਰ ਐਂਡ ਆਡੀਟਰ ਜਨਰਲ ਦੀ ਰਿਪੋਰਟ ਪੇਸ਼ ਨਹੀਂ ਕੀਤੀ, ਜਦੋਂ ਕਿ ਉਨ੍ਹਾਂ ਦੀ ਆਪਣੀ ਸਰਕਾਰ ਨੇ ਛੇ ਰਿਪੋਰਟਾਂ ਪੇਸ਼ ਕੀਤੀਆਂ। ਉਨ੍ਹਾਂ ਜੋਰ ਦੇ ਕੇ ਕਿਹਾ ਕਿ "ਭ੍ਰਿਸ਼ਟਾਚਾਰ ਵਿਰੁੱਧ ਕਾਨੂੰਨ ਆਪਣਾ ਕੰਮ ਕਰੇਗਾ" ਅਤੇ ਸਾਬਕਾ ਦਿੱਲੀ ਮੰਤਰੀ ਮਨੀਸ਼ ਸਿਸੋਦੀਆ ਦੀ ਸੰਮਨ ਦਾ ਜਵਾਬ ਦੇਣ ਵਿੱਚ ਕਥਿਤ ਅਸਫਲਤਾ ਵੱਲ ਵੀ ਇਸ਼ਾਰਾ ਕੀਤਾ। ਉਨ੍ਹਾਂ ਕਿਹਾ, "ਦਿੱਲੀ ਦੇ ਲੋਕਾਂ ਨੂੰ ਕੇਜਰੀਵਾਲ ਨੂੰ ਸੱਤਾ ਤੋਂ ਬਾਹਰ ਕਰਨ ਵਿੱਚ 10 ਸਾਲ ਲੱਗੇ, ਪਰ ਪੰਜਾਬੀ ਇੱਕ ਚੰਗਾ ਵਿਕਲਪ ਬਣਾਉਣ ਲਈ ਕਾਫੀ ਸਮਝਦਾਰ ਹਨ, ਅਤੇ ਉਹ ਪੂਰੀ ਤਰ੍ਹਾਂ ਸਮਝ ਗਏ ਹਨ ਕਿ ਹੁਣ 'ਆਪ' ਸਰਕਾਰ ਨੂੰ ਇੱਥੋਂ ਵੀ ਵਿਦਾਈ ਦੇਣ ਦਾ ਸਮਾਂ ਆ ਗਿਆ ਹੈ। "ਉਨ੍ਹਾਂ ਭਵਿੱਖਬਾਣੀ ਕੀਤੀ ਕਿ ਲੁਧਿਆਣਾ ਪੱਛਮੀ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਇੱਕ "ਟ੍ਰੇਲਰ" ਵਜੋਂ ਕੰਮ ਕਰੇਗਾ, ਜਿਸ ਵਿੱਚ ਵੋਟਰ ਜੀਵਨ ਗੁਪਤਾ ਨੂੰ ਵਿਧਾਇਕ ਵਜੋਂ ਚੁਣਨਗੇ। ਅੰਤ ਵਿੱਚ, ਉਹ 2027 ਵਿੱਚ ਪੰਜਾਬ ਵਿੱਚ ਮੋਦੀ ਸਰਕਾਰ ਦੇ ਚੁਣੇ ਜਾਣ ਦੀ ਉਮੀਦ ਕਰਦੀ ਹੈ, ਜਿਸ ਨਾਲ ਰਾਜ ਦੇ ਨਾਗਰਿਕਾਂ ਨੂੰ ਸਾਰੀਆਂ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਯਕੀਨੀ ਹੋਵੇਗਾ। ਮੌਕਾ ਦੇ ਭਾਜਪਾ ਦੇ ਜਿਲਾ ਪ੍ਰਧਾਨ ਰਜਨੀਸ਼ ਧੀਮਾਨ, ਭਾਜਪਾ ਉਮੀਦਵਾਰ ਜੀਵਨ ਗੁਪਤਾ, ਭਾਜਪਾ ਦੇ ਸੂਬਾ ਸਹਿ ਪ੍ਰਭਾਰੀ ਡਾਕਟਰ ਨਰਿੰਦਰ ਰਾਣਾ ਲੁਧਿਆਣਾ ਦੇ ਚੁਣਾਵ ਪ੍ਰਭਾਰੀ ਅਵਿਨਾਸ਼ ਰਾਏ ਖੰਨਾ, ਅਨਿਲ ਸਰੀਨ, ਜਤਿੰਦਰ ਮਿੱਤਲ, ਵਿਨੀਤ ਜੋਸੀ, ਡਾਕਟਰ ਸਤੀਸ਼ ਕੁਮਾਰ ਆਦਿ ਹਾਜ਼ਰ ਸਨ।

## ਵਿਸ਼ਵਕਰਮਾ ਨਿਸ਼ਕਾਮ ਸੇਵਾ ਟ੍ਰਸਟ ਵੱਲੋਂ ਅੱਖਾਂ ਦਾ ਜਾਂਚ ਕੈਂਪ



ਲੁਧਿਆਣਾ, 16 ਜੂਨ (ਰਵਿੰਦਰ ਸਿੰਘ ਨਿੱਝਰ) : ਵਿਸ਼ਵਕਰਮਾ ਨਿਸ਼ਕਾਮ ਸੇਵਾ ਟਰਸਟ ਵੱਲੋਂ ਸੰਕਰਾ ਆਈ ਹਸਪਤਾਲ ਦੇ ਸਹਿਯੋਗ ਨਾਲ ਗੁਰਦੁਆਰਾ ਬਾਬਾ ਵਿਸਵਕਰਮਾ ਭਵਨ ਨੇੜੇ ਕੁਆਲਿਟੀ ਚੌਂਕ ਸ਼ਿਮਲਾਪੁਰੀ ਵਿਖੇ ਅੱਖਾਂ ਦਾ ਆਪਰੇਸਨ ਅਤੇ ਚੈਕਅਪ ਕੈਂਪ ਲਗਾਇਆ ਗਿਆ। ਇਸ ਮੌਕੇ ਡਾਕਟਰਾਂ ਦੀ ਟੀਮ ਵਿੱਚੋਂ ਡਾ ਰਮਿੰਦਰ ਕੌਰ, ਗੁਰਪ੍ਰੀਤ ਸਿੰਘ, ਹਰਕੋਮਲ, ਅਜੀਤ ਸਿੰਘ, ਪੰਮੀ, ਸਤਾਕਸੀ ਆਦਿ ਵੱਲੋਂ ਮਰੀਜਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਟਰੱਸਟ ਦੇ ਪ੍ਰਧਾਨ ਬਲਵੀਰ ਸਿੰਘ ਕਲਸੀ ਅਤੇ ਰਜਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਕੈਂਪ ਵਿੱਚ 56 ਮਰੀਜਾਂ ਦੀਆਂ ਅੱਖਾਂ ਦਾ ਮੁਆਇਨਾ ਕੀਤਾ ਗਿਆ ਜਿਨ੍ਹਾਂ ਵਿੱਚੋਂ 18 ਮਰੀਜਾਂ ਨੂੰ ਚਿੱਟੇ ਮੋਤੀਏ ਕਾਰਨ ਆਪਰੇਸ਼ਨ ਕਰਵਾਉਣ ਦੀ ਸਲਾਹ ਦਿੱਤੀ ਗਈ। ਉਹਨਾਂ ਦੱਸਿਆ ਕਿ ਇਹ ਆਪਰੇਸ਼ਨ ਹਸਪਤਾਲ ਵਿੱਚ ਲਿਜਾ ਕੇ ਮੁਫਤ ਕਰਵਾਏ ਜਾਣਗੇ। ਇਸ ਮੌਕੇ ਬਲਵੀਰ ਸਿੰਘ ਕਲਸੀ, ਡਾ ਓਂਕਾਰ ਚੰਦ ਸਰਮਾ, ਗੁਰਮੀਤ ਸਿੰਘ ਚਾਨਾ, ਰਜਿੰਦਰ ਸਿੰਘ ਬੇਦੀ, ਮਾਸਟਰ ਨਾਜਰ ਸਿੰਘ, ਚਰਨ ਸਿੰਘ ਕਲਸੀ ਅਤੇ ਹੋਰ ਮੌਜੂਦ ਸਨ।

## ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਵੱਲੋਂ ਬਾਲ ਸਿਰਜਣਾਤਮਕ ਕੈਂਪ ਸਫਲਤਾ ਪੂਰਵਕ ਸਮਾਪਤ



ਲੁਧਿਆਣਾ, 16 ਜੂਨ (ਰਵਿੰਦਰ ਸਿੰਘ ਨਿੱਝਰ) : ਬਾਬਾ ਭਾਨ ਸਿੰਘ ਯਾਦਗਾਰ ਸੁਨੇਤ, ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ 9 ਤੋਂ 15 ਜੂਨ ਤੱਕ ਲਗਾਇਆ ਗਿਆ। ਅਖੀਰਲੇ ਦਿਨ ਸਾਮ ਨੂੰ ਬੱਚਿਆਂ ਨੇ ਇਸ ਕੈਂਪ ਦੌਰਾਨ ਸਿੱਖੀ ਕਲਾ ਦਾ ਯਾਦਗਾਰ ਦੇ ਮੰਚ ਤੇ ਸੈਂਕੜੇ ਦਰਸਕਾਂ-ਮਾਪਿਆਂ ਸਾਹਮਣੇ ਪ੍ਰਦਰਸਨ ਕੀਤਾ ਅਤੇ ਬੱਚਿਆਂ ਵੱਲੋਂ ਬਣਾਈ ਗਈ ਚਿੱਤਰਕਾਰੀ ਅਤੇ ਮਿੱਟੀ ਦੇ ਖਿਡੌਣਿਆਂ ਦੀ ਪ੍ਰਦਰਸਨੀ ਲਗਾਈ ਗਈ। ਪ੍ਰੋਗਰਾਮ ਦੀ ਸੁਰੂਆਤ ਮਹਾ ਸਭਾ ਦੇ ਪ੍ਰਧਾਨ ਬਾਬਾ ਬਲਕੌਰ ਸਿੰਘ ਗਿੱਲ ਨੇ ਸੰਬੋਧਨ ਕਰਕੇ ਕੀਤੀ। ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਐਡਵੋਕੇਟ ਹਰਪ੍ਰੀਤ ਜੀਰਖ ਅਤੇ ਜਨਰਲ ਸਕੱਤਰ ਰਾਕੇਸ ਆਜ਼ਾਦ ਨੇ ਦੱਸਿਆ ਕਿ ਇਸ ਕੈਂਪ ਨੂੰ ਬੱਚਿਆਂ ਦੇ ਸਰਵਪੱਖੀ ਵਿਕਾਸ ਨੂੰ ਧਿਆਨ ਵਿੱਚ ਰੱਖਦਿਆਂ ਲਗਾਇਆ ਗਿਆ ਸੀ, ਜਿਸ ਵਿੱਚ ਬੱਚਿਆਂ ਨੇ ਨਾਟਕ, ਕੋਰਿਓਗ੍ਰਾਫੀ, ਕਵਿਤਾ/ਗੀਤ ਗਾਇਨ, ਸੁੰਦਰ ਲਿਖਾਈ, ਮਿੱਟੀ ਦੇ ਖਿਡੌਣੇ, ਭੰਗੜਾ ਅਤੇ ਵਿਗਿਆਨਕ ਚੇਤਨਾ ਬਾਰੇ ਸਿਖਲਾਈ ਪ੍ਰਾਪਤ ਕੀਤੀ। ਮਾਂ ਬੋਲੀ ਦੀ ਮਹੱਤਤਾ, ਦੇਸ ਭਗਤੀ ਅਤੇ ਯੁੱਧ ਦੇ ਲੋਕਾਂ 'ਤੇ ਪੈਂਦੇ ਮਾੜੇ ਪ੍ਰਭਾਵਾਂ ਨੂੰ ਵਿਖਾਉਂਦਿਆਂ ਕੋਰਿਓਗ੍ਰਾਫੀ ਅਤੇ ਨਾਟਕ ਕੀਤਾ ਗਿਆ। ਬੱਚਿਆਂ ਨੂੰ ਜਾਤ-ਪਾਤ, ਰੰਗ, ਧਰਮ, ਨਸਲ ਆਦਿ ਦੇ ਵਿਤਕਰੇ ਤੋਂ ਉੱਪਰ ਉੱਠ ਕੇ ਚੰਗੇ ਸਮਾਜ ਲਈ ਸਾਂਝੇ ਕਾਰਜ ਕਰਨ ਲਈ ਪ੍ਰੇਰਿਤ ਕੀਤਾ ਗਿਆ। ਬੱਚਿਆਂ ਨੂੰ ਪੌਸਟਿਕ ਭੋਜਨ ਖਾਣ ਅਤੇ ਬਜਾਰੂ ਭੋਜਨ ਤੋਂ ਦੂਰ ਰਹਿਣ ਨੂੰ ਅਤੇ ਮੋਬਾਇਲ ਦੀ ਵਰਤੋਂ ਤੋਂ ਦੂਰ ਰਹਿ ਕੇ ਹੋਰ ਰਵਾਇਤੀ ਖੇਡਾਂ ਖੇਡਣ ਲਈ ਪ੍ਰੇਰਿਆ ਗਿਆ। ਅਖੀਰਲੇ ਦਿਨ ਬੱਚਿਆਂ ਨੇ ਆਪਣੇ ਮਾਪਿਆਂ ਸਾਹਮਣੇ ਕੈਂਪ ਦੌਰਾਨ ਸਿੱਖੀ ਕਲਾ ਦਾ ਅਤੇ ਆਪਣੇ ਤਜਰਬੇ ਮੰਚ ਤੋਂ ਸਾਂਝੇ ਕੀਤੇ। ਇਸ ਦੌਰਾਨ ਸਮਸੇਰ ਨੂਰਪੁਰੀ, ਗੁਰਇਕਬਾਕ ਸਿੰਘ ਅਤੇ ਮੈਡਮ ਜਸਲੀਨ ਨੂੰ ਨੌਜਵਾਨ ਸਭਾ ਅਤੇ ਟ੍ਰੱਸਟ ਵੱਲੋਂ ਸਨਮਾਨਿਤ ਕੀਤਾ ਗਿਆ। ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਆਗੂ ਕਸਤੂਰੀ ਲਾਲ, ਤਰਕਸੀਲ ਆਗੂ ਬਲਵਿੰਦਰ ਲਾਲਬਾਗ, ਜਮਹੂਰੀ ਅਧਿਕਾਰ ਸਭਾ ਦੇ ਆਗੂ ਡਾ. ਹਰਬੰਸ ਗਰੇਵਾਲ, ਇਸਤਰੀ ਜਾਗ੍ਰਿਤੀ ਮੰਚ ਦੀ ਸੂਬਾ ਆਗੂ ਜਸਵੀਰ ਕੌਰ ਵਿਸੇਸ ਤੌਰ ਤੇ ਹਾਜਰ ਸਨ। ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਸਰਟੀਫਿਕੇਟ ਅਤੇ ਕਿਤਾਬਾਂ ਵੰਡ ਕੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਤੋ ਇਲਾਵਾ ਪ੍ਰਤਾਪ ਸਿੰਘ, ਮੀਨੂੰ ਸਰਮਾਂ, ਤਜਿੰਦਰ ਕੁਮਾਰ, ਕੁਲਵਿੰਦਰ ਸਿੰਘ, ਮਹੇਸ਼ ਕੁਮਾਰ, ਗੁਰਰੀਤ, ਨੀਲ, ਮਾਨ ਸਿੰਘ, ਸੰਦੀਪ ਕੌਰ ਆਦਿ ਨੇ ਹਾਜਰ ਰਹਿ ਕੇ ਪ੍ਰੋਗਰਾਮ ਦੌਰਾਨ ਵਲੰਟੀਅਰ ਡਿਊਟੀਆਂ ਨਿਭਾਈਆਂ।



ਤਾਜਪੁਰ ਰੋਡ, ਲੁਧਿਆਣਾ ਵਿਖੇ ਇਲਾਕਾ ਨਿਵਾਸੀਆਂ ਅਤੇ ਬੱਚਿਆਂ ਵੱਲੋਂ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਗਈ। ਤਸਵੀਰ ਵਿੱਚ ਖੜ੍ਹੇ ਸੇਵਾਦਾਰ।
*ਵੇਰਵਾ-ਰਵਿੰਦਰ ਸਿੰਘ ਨਿੱਝਰ*

## ਕਾਂਗਰਸ ਅਤੇ ਭਾਜਪਾ ਨੂੰ ਝਟਕਾ ਸੈਂਕੜੇ ਆਗੂ 'ਆਪ' 'ਚ ਸ਼ਾਮਿਲ ਹੋਏ



ਲੁਧਿਆਣਾ, 16 ਜੂਨ (ਵਿਸ਼ਾਲ ਸ਼ਰਮਾ) : ਲੁਧਿਆਣਾ ਪੱਛਮੀ ਜਿਮਨੀ ਚੋਣ ਤੋਂ ਪਹਿਲਾਂ ਕਾਂਗਰਸ ਅਤੇ ਭਾਜਪਾ ਨੂੰ ਇਕ ਹੋਰ ਵੱਡਾ ਸਿਆਸੀ ਝਟਕਾ ਲਗਿਆ ਹੈ। ਸੋਮਵਾਰ ਨੂੰ ਕਾਂਗਰਸ ਦੇ ਸੈਂਕੜੇ ਆਗੂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਸ਼ਾਮਿਲ ਹੋਣ ਵਾਲੇ ਕਾਂਗਰਸ ਆਗੂਆਂ ਵਿੱਚ ਦੀਪ ਸੰਧੂ, ਭੋਲਾ, ਜੱਸਾ, ਗੋਲੀ, ਮੋਨੀ, ਗੁਰਪ੍ਰੀਤ ਸਿੰਘ, ਵਿਜੇ ਪਾਲ, ਮੁਕੇਸ਼, ਬੰਟੀ ਗੁੱਜਰ, ਹੈਪੀ ਗੁੱਜਰ, ਆਦਿਤਿਆ, ਸੁਲੇਖ ਚੰਦ, ਰਾਹੁਲ, ਸ਼ਿਵਾ, ਸ਼ਿਵਮ, ਅਜੇ, ਅਸ਼ਵਨੀ, ਸਾਹਿਲ, ਅਭਿਸ਼ੇਕ, ਅਨੀਲ, ਸੁਰਿੰਦਰ, ਮੀਨੂ, ਅਕਸ਼ੇ, ਗਗਨ, ਸਚਿਨ, ਆਕਾਸ਼, ਜਤਿਨ, ਅੰਸ਼, ਰੋਹਿਤ, ਗੁਰਨੇਕ, ਰੋਬਿਨ, ਸੈਮ ਅਤੇ ਜਤਿੰਦਰਪਾਲ ਸਿੰਘ ਬੇਦੀ ਦੇ ਨਾਂ ਸ਼ਾਮਿਲ ਹਨ ਦੂਜੇ ਪਾਸੇ ਭਾਜਪਾ ਵਿੱਚ ਵੀ ਵੱਡੀ ਟੁੱਟ ਦੇਖਣ ਨੂੰ ਮਿਲੀ ਜਿੱਥੇ ਭਾਜਪਾ ਨੇਤਾ ਜਤਿੰਦਰਪਾਲ ਸਿੰਘ ਬੇਦੀ, ਭਾਜਪਾ ਯੁਵਾ ਮੋਰਚਾ ਦੇ ਪ੍ਰਧਾਨ ਰੋਹਿਤ ਮਾਨ, ਮੀਤ ਪ੍ਰਧਾਨ ਪ੍ਰਿੰਸ ਬੱਗਨ ਅਤੇ ਅਮਿਤ ਕੁਮਾਰ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ। ਇਸ ਤੋਂ ਇਲਾਵਾ, ਸੁਮਿਤ ਸੂਦ, ਕਾਕੂ ਸੂਦ, ਸੁਨੀਲ, ਸ਼ੈਮੀ, ਕਰਮ, ਸੰਜੀਵ ਚਾਵਲਾ, ਵਿਸ਼ਾਲ, ਪਵਨ, ਮਨਦੀਪ, ਆਸ਼ੂ, ਅਰੁਣ, ਸਾਹਿਲ, ਰੋਹਨ, ਕਰਣ, ਵਿਪਿਨ ਕੁਮਾਰ, ਜਸਵੰਤ ਕੌਰ ਅਤੇ ਮਧੂ ਬਾਲਾ ਨੇ ਵੀ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ। ਮੰਤਰੀ ਤਰੁਣਪ੍ਰੀਤ ਸਿੰਘ ਸੌਂਧ ਨੇ ਆਪ ਆਗੂ ਡਾ.ਸੰਨੀ ਅਹਲੂਵਾਲੀਆ, ਹਰਚੰਦ ਸਿੰਘ ਬਰਸਟ ਦੀ ਮੌਜੂਦਗੀ ਵਿੱਚ ਸਾਰੇ ਲੋਕਾਂ ਨੂੰ ਆਪ ਵਿੱਚ ਸ਼ਾਮਿਲ ਕੀਤਾ ਅਤੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਮੰਤਰੀ ਤਰੁਣਪ੍ਰੀਤ ਸੌਂਧ ਨੇ ਕਿਹਾ ਕਿ ਇਨ੍ਹਾਂ ਸਾਰੇ ਲੋਕਾਂ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣਾ ਸਾਬਤ ਕਰਦਾ ਹੈ ਕਿ ਲੋਕ ਮੁਖਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਪ ਸਰਕਾਰ ਦੇ ਲੋਕ ਪੱਖੀ ਕੰਮਾਂ ਤੋਂ ਖੁਸ਼ ਹਨ। ਉਨ੍ਹਾਂ ਭਰੋਸਾ ਜਤਾਇਆ ਕਿ ਲੁਧਿਆਣਾ ਪੱਛਮੀ ਦੇ ਲੋਕ 'ਆਪ' ਉਮੀਦਵਾਰ ਸੰਜੀਵ ਅਰੋੜਾ ਨੂੰ ਰਿਕਾਰਡ ਵੋਟਾਂ ਨਾਲ ਜਿਤਾ ਕੇ ਵਿਧਾਨ ਸਭਾ ਭੇਜਣਗੇ।

## ਕਾਂਗਰਸੀ ਆਗੂਆਂ ਨੇ ਵਾਰਡ 54 'ਚ ਵੋਟ ਪਰਚੀਆਂ ਅਤੇ ਇਸ਼ਤਿਹਾਰ ਵੰਡ ਕੇ ਲੋਕਾਂ ਨੂੰ ਆਸ਼ੂ ਦੇ ਹੱਕ 'ਚ ਵੋਟ ਪਾਉਣ ਲਈ ਆਖਿਆ



ਲੁਧਿਆਣਾ, 16 ਜੂਨ (ਰਵਿੰਦਰ ਸਿੰਘ ਨਿੱਝਰ) : ਚੋਣਾਂ ਦੀ ਤਾਰੀਖ ਨੇੜੇ ਹੋਣ ਕਰਕੇ ਹਰ ਪਾਰਟੀ ਦੇ ਅਹੁਦੇਦਾਰ ਤੇ ਵਰਕਰ ਘਰ ਘਰ ਪ੍ਰਚਾਰ ਕਰਨ ਵਿੱਚ ਜੁਟੇ ਹੋਏ ਵਧੇਰੇ ਸਰਗਰਮ ਹੁੰਦੇ ਜਾ ਰਹੇ ਹਨ। ਕਾਂਗਰਸੀ ਉਮੀਦਵਾਰ ਆਸ਼ੂ ਦੇ ਹੱਕ ਵਿੱਚ ਅਹੁਦੇਦਾਰਾਂ, ਵਰਕਰਾਂ ਅਤੇ ਆਮ ਲੋਕਾਂ ਵੱਲੋਂ ਵੱਡੇ ਪੱਧਰ ਤੇ ਪ੍ਰਚਾਰ ਕੀਤਾ ਜਾ ਰਿਹਾ ਹੈ। ਅਨੇਕਾਂ ਕਾਂਗਰਸੀਆਂ ਨੇ ਇਕੱਠੇ ਹੋ ਕੇ ਵਾਰਡ ਨੰਬਰ 54 ਵਿੱਚ ਘਰ ਘਰ ਜਾ ਕੇ ਚੋਣ ਪ੍ਰਚਾਰ ਕੀਤਾ। ਉਨ੍ਹਾਂ ਹਰੇਕ ਘਰ ਵਿੱਚ ਵੋਟਰਾਂ ਨੂੰ ਵੋਟ ਪਰਚੀਆਂ ਵੀ ਵੰਡੀਆਂ ਅਤੇ ਇਸ਼ਤਿਹਾਰ ਦੇ ਕੇ ਭਾਰਤ ਭੂਸ਼ਣ ਆਸ਼ੂ ਦੇ ਹੱਕ ਵਿੱਚ ਵੋਟ ਪਾਉਣ ਲਈ ਆਖਿਆ। ਇਹਨਾਂ ਆਗੂਆਂ ਨੇ ਵੋਟਰਾਂ ਨੂੰ ਆਖਿਆ ਕਿ ਹਲਕੇ ਦਾ ਵਿਕਾਸ ਸਿਰਫ ਆਸ਼ੂ ਜਾਂ ਕਾਂਗਰਸ ਹੀ ਕਰਵਾ ਸਕਦੀ ਹੈ। ਉਨ੍ਹਾਂ ਲੋਕਾਂ ਨੂੰ ਆਮ ਆਦਮੀ ਪਾਰਟੀ ਦੀਆਂ ਚਾਲਾਂ ਤੋਂ ਸੁਚੇਤ ਹੋਣ ਲਈ ਆਖਿਆ। ਇਸ ਮੌਕੇ ਈਸ਼ਵਰਜੋਤ ਚੀਮਾ, ਸਾਬਕਾ ਕਾਂਗਰਸ ਪ੍ਰਧਾਨ ਤੇ ਸੀਨੀਅਰ ਕਾਂਗਰਸੀ ਆਗੂ ਜਰਨੈਲ ਸਿੰਘ ਸ਼ਿਮਲਾਪੁਰੀ, ਸਾਬਕਾ ਬਲਾਕ ਪ੍ਰਧਾਨ ਪਲਵਿੰਦਰ ਸਿੰਘ ਤੱਗੜ, ਕਾਂਗਰਸ ਦੇ ਜ਼ਿਲ੍ਹਾ ਮੀਤ ਪ੍ਰਧਾਨ ਡਾ ਓਂਕਾਰ ਚੰਦ ਸਰਮਾ, ਸਾਬਕਾ ਕੌਂਸਲਰ ਰਜਿੰਦਰ ਸਿੰਘ ਬਾਜਵਾ, ਅਸੀਸ ਅਵਸਥੀ, ਬੇਤ ਸਿੰਘ ਅਤੇ ਹੋਰ ਅਨੇਕਾਂ ਕਾਂਗਰਸੀ ਆਗੂਆਂ ਨੇ ਪ੍ਰਚਾਰ ਵਿੱਚ ਸ਼ਮੂਲੀਅਤ ਕੀਤੀ।

## ਸਾਬਕਾ ਸੂਬਾ ਪ੍ਰਧਾਨ ਅਵਿਨਾਸ਼ ਖੰਨਾ ਨੇ ਜੀਵਨ ਗੁਪਤਾ ਦੇ ਹੱਕ 'ਚ ਵੋਟਾਂ ਮੰਗੀਆਂ



ਲੁਧਿਆਣਾ, 16 ਜੂਨ (ਰਵਿੰਦਰ ਸਿੰਘ ਨਿੱਝਰ) : ਦੇਸ਼ ਵਿੱਚ ਅੱਜ ਵਿਕਾਸ ਦਾ ਜੋ ਦੌਰ ਚੱਲ ਰਿਹਾ ਹੈ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਅਤੇ ਯਤਨਾਂ ਸਦਕਾ ਹੀ ਸੰਭਵ ਹੋਇਆ ਹੈ। ਉਪਰੋਕਤ ਸਬਦ ਪੰਜਾਬ ਦੇ ਸਾਬਕਾ ਪ੍ਰਧਾਨ ਅਵਿਨਾਸ਼ ਰਾਏ ਖੰਨਾ ਨੇ ਵਾਰਡ ਨੰਬਰ 59 ਸੁਖਮਨੀ ਐਨਕਲੇਵ ਵਿੱਚ ਭਾਜਪਾ ਉਮੀਦਵਾਰ ਜੀਵਨ ਗੁਪਤਾ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦੇ ਹੋਏ ਇੱਕ ਵਿਸਾਲ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਹੇ। ਖੰਨਾ ਨੇ ਅੱਗੇ ਕਿਹਾ ਕਿ ਦੇਸ ਦਾ ਅੰਮ੍ਰਿਤ ਕਾਲ 2014 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੱਤਾ ਵਿੱਚ ਆਉਣ ਨਾਲ ਸੁਰੂ ਹੋਇਆ ਸੀ। ਉਨ੍ਹਾਂ ਕਿਹਾ ਕਿ ਪਿਛਲੇ 11 ਸਾਲਾਂ ਵਿੱਚ ਦੇਸ ਦੇ ਸਭ ਤੋਂ ਗੁੰਝਲਦਾਰ ਮੁੱਦਿਆਂ ਨੂੰ ਹੱਲ ਕੀਤਾ ਗਿਆ ਅਤੇ ਮੋਦੀ ਸਰਕਾਰ 2014 ਤੋਂ ਸਬਕਾ ਸਾਥ, ਸਬਕਾ ਵਿਕਾਸ ਦੇ ਨਾਅਰੇ ਨਾਲ ਕੰਮ ਕਰ ਰਹੀ ਹੈ। ਅੱਜ ਸਰਕਾਰ ਵੱਲੋਂ ਹਰ ਲੋੜਵੰਦ ਅਤੇ ਲਾਭਪਾਤਰੀ ਨੂੰ ਜਾਰੀ ਕੀਤੀ ਗਈ ਰਕਮ ਸਿੱਧੇ ਉਸਦੇ ਖਾਤੇ ਵਿੱਚ ਪਹੁੰਚ ਰਹੀ ਹੈ, ਪ੍ਰਧਾਨ ਮੰਤਰੀ ਮੋਦੀ ਦੀਆਂ ਨੀਤੀਆਂ ਕਾਰਨ ਹੀ ਦੇਸ ਦੇ ਕਰੋੜਾਂ ਲੋਕ ਗਰੀਬੀ ਰੇਖਾ ਤੋਂ ਉੱਪਰ ਉੱਠੇ ਹਨ ਅਤੇ ਅੱਜ ਸਨਮਾਨ ਨਾਲ ਜੀਅ ਰਹੇ ਹਨ।

ਉਨ੍ਹਾਂ ਸੁਖਮਨੀ ਐਨਕਲੇਵ ਦੇ ਵਸਨੀਕਾਂ ਨੂੰ 19 ਜੂਨ ਨੂੰ ਭਾਜਪਾ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਭਾਜਪਾ ਉਮੀਦਵਾਰ ਜੀਵਨ ਗੁਪਤਾ, ਪੁਸਪਿੰਦਰ ਸਿੰਗਲਾ, ਸੁਭਾਸ ਵਰਮਾ, ਚਰਨਜੀਤ ਸਿੰਘ, ਐਮਪੀ ਜੋਸੀ, ਰਾਜੇਸ ਗੋਇਲ, ਵਿਕਾਸ ਜੋਸੀ, ਸੁਮਿਤ ਨਈਅਰ, ਅਰੁਣ ਦੂਆ, ਰਾਜੀਵ ਵੋਰਹਾ, ਰਮੇਸ ਬਾਂਗਲਾ, ਰਮੇਸ ਬਾਂਗਲਾ, ਵਿਸੇਸ ਗਰਗ, ਨਵੀਸ ਗਰਗ ਰਾਜੇਸ ਗੁਪਤਾ, ਨੀਤੂ ਲਾਰਕ, ਰਾਕੇਸ ਸਿੰਗਲਾ, ਸੌਰਭ ਅਗਰਵਾਲ, ਅਨਿਲ ਖੰਨਾ, ਆਨੰਦ ਮੋਂਗਾ, ਮਹੇਸ ਲਾਲ, ਰਮੇਸ਼ ਅਗਰਵਾਲ, ਬ੍ਰਿਜ ਭੂਸ਼ਣ, ਰਜਨੀਸ਼ ਗੋਇਲ, ਅਜੈ ਗੁਪਤਾ, ਰੁਪੇਸ਼ ਕੁਮਾਰ, ਰਾਕੇਸ਼ ਕੁਮਾਰ, ਸੰਜੇ ਸਿੰਗਲਾ, ਸੰਜੇ ਸਿੰਗਲਾ, ਇੰਦਰ ਤੁਲੀ, ਅਨਿਲ ਜੈਨ ਕੁਮਾਰ, ਅਸਵਨ ਕੁਮਾਰ, ਕਿਰਨ ਜੈਨ ਅਤੇ ਸੰਜੀਵ ਕੌਂਸਲ ਆਦਿ ਹਾਜ਼ਰ ਸਨ।

## ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਵਿਖੇ ਵੋਟਰ ਜਾਗਰੂਕਤਾ ਪ੍ਰੋਗਰਾਮ ਨੂੰ ਸਮਰਪਿਤ 'ਪਿਤਾ ਦਿਵਸ' ਮਨਾਇਆ



ਲੁਧਿਆਣਾ, 16 ਜੂਨ (ਕਰਨੈਲ ਸਿੰਘ ਐੱਮ.ਏ.): ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਵਿਖੇ ਵੋਟਰ ਜਾਗਰੂਕਤਾ ਪ੍ਰੋਗਰਾਮ ਨੂੰ ਸਮਰਪਿਤ ਇੱਕ ਸੰਗੀਤਕ ਪ੍ਰੋਗਰਾਮ ਰਾਹੀਂ 'ਪਿਤਾ ਦਿਵਸ' ਮਨਾਇਆ। ਪ੍ਰੋਗਰਾਮ ਵਿੱਚ ਸੰਸਥਾ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਗਾਇਨ, ਵਜਾਉਣਾ ਅਤੇ ਨ੍ਰਿਤ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ। ਜਿੱਥੇ ਵਿਦਿਆਰਥੀਆਂ ਦੇ ਪ੍ਰਦਰਸ਼ਨਾਂ ਨੇ ਪਿਤਾ ਪ੍ਰਤੀ ਭਾਵਨਾਵਾਂ ਨੂੰ ਉਜਾਗਰ ਕੀਤਾ, ਉੱਥੇ ਚੋਣ ਪ੍ਰਕਿਰਿਆ ਬਾਰੇ ਜਾਗਰੂਕਤਾ ਨੂੰ ਸਮਰਪਿਤ ਪ੍ਰਭਾਵਸ਼ਾਲੀ ਪ੍ਰਦਰਸ਼ਨ ਵੀ ਦਿੱਤੇ ਗਏ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ, ਇਸ਼ਮੀਤ ਸਿੰਘ ਸੰਗੀਤ ਸੰਸਥਾ ਦੇ ਡਾਇਰੈਕਟਰ ਡਾ: ਚਰਨ ਕਮਲ ਸਿੰਘ ਅਤੇ ਹੋਰ ਪਤਵੰਤਿਆਂ ਨੇ ਸਾਰਿਆਂ ਦਾ ਸਵਾਗਤ ਕੀਤਾ ਅਤੇ ਸਮਾਜ ਦੀ ਇਕਾਈ, ਭਾਵ ਪਰਿਵਾਰ ਵਿੱਚ ਪਿਤਾ ਦੀ ਜ਼ਿੰਮੇਵਾਰੀ ਅਤੇ ਕਦਰਾਂ-ਕੀਮਤਾਂ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ। ਉਨ੍ਹਾਂ ਕਿਹਾ ਕਿ ਸੰਸਥਾ ਵਿੱਚ ਸੰਗੀਤ ਸਿੱਖਿਆ ਦੇ ਨਾਲ-ਨਾਲ, ਵਿਦਿਆਰਥੀਆਂ ਨੂੰ ਪਰਿਵਾਰਕ ਕਦਰਾਂ-ਕੀਮਤਾਂ ਬਾਰੇ ਵੀ ਜਾਗਰੂਕ ਕੀਤਾ ਜਾਂਦਾ ਹੈ, ਤਾਂ ਜੋ ਭਵਿੱਖ ਦੇ ਗਾਇਕ ਅਤੇ ਸੰਗੀਤਕਾਰ ਸਮਾਜ ਵਿੱਚ ਰਚਨਾਤਮਕ ਯੋਗਦਾਨ ਪਾ ਸਕਣ। ਸ਼੍ਰੀ ਅਸ਼ੋਕ ਕੁਮਾਰ ਇੰਡਾਨਾ (ਆਈ.ਆਰ.ਐਸ.) ਨੇ ਮੁੱਖ ਮਹਿਮਾਨ ਅਤੇ ਨਿਰੀਖਕ ਵਜੋਂ ਸਮਾਗਮ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਨੇ ਸਾਰਿਆਂ ਨੂੰ ਚੋਣਾਂ ਵਿੱਚ ਉਤਸ਼ਾਹ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ 'ਤੇ ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਵੱਲੋਂ ਚੋਣਾਂ ਦੇ ਸੰਬੰਧ ਵਿੱਚ ਤਿਆਰ ਕੀਤਾ ਗਿਆ ਇੱਕ ਵਿਸ਼ੇਸ਼ ਗੀਤ ਵੋਟ ਕਾ ਅਧਿਕਾਰ ਸ਼੍ਰੀ ਅਸ਼ੋਕ ਕੁਮਾਰ ਇੰਡਾਨਾ ਅਤੇ ਸ਼੍ਰੀ ਹਿਮਾਂਸ਼ੂ ਜੈਨ, ਡਿਪਟੀ ਕਮਿਸ਼ਨਰ, ਲੁਧਿਆਣਾ ਦੁਆਰਾ ਰਿਲੀਜ਼ ਕੀਤਾ ਗਿਆ। ਸ਼੍ਰੀ ਹਿਮਾਂਸ਼ੂ ਜੈਨ ਨੇ ਕਿਹਾ ਕਿ ਪਿਤਾ ਹੋਣਾ ਪਰਿਵਾਰ ਦੇ ਹਰ ਮੈਂਬਰ ਲਈ ਠੰਢੀ ਛਾਂ ਵਾਂਗ ਹੁੰਦਾ ਹੈ। ਉਨ੍ਹਾਂ ਨੇ ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਦੀ ਸ਼ਲਾਘਾ ਕੀਤੀ ਕਿ ਉਹ ਅਜਿਹੇ ਪ੍ਰੋਗਰਾਮਾਂ ਦਾ ਆਯੋਜਨ ਸੁੰਦਰ ਢੰਗ ਨਾਲ ਦੇਖਭਾਲ ਕਰਨ ਅਤੇ ਸੰਗੀਤ ਰਾਹੀਂ ਵਿਦਿਆਰਥੀਆਂ ਵਿੱਚ ਪਰਿਵਾਰਕ ਕਦਰਾਂ-ਕੀਮਤਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਕਰਦੇ ਹਨ।

## ਅਰੋੜਾ ਨੇ ਲੁਧਿਆਣਾ ਪੱਛਮੀ ਦਾ ਦੌਰਾ ਕਰਕੇ ਚੋਣ ਪ੍ਰਚਾਰ ਕੀਤਾ ਤੇਜ਼



ਲੁਧਿਆਣਾ, 16 ਜੂਨ (ਵਿਸ਼ਾਲ ਸ਼ਰਮਾ) : ਜਿਵੇਂ-ਜਿਵੇਂ ਲੁਧਿਆਣਾ (ਪੱਛਮੀ) ਵਿਧਾਨ ਸਭਾ ਉਪ-ਚੋਣ ਨੇੜੇ ਆ ਰਹੀ ਹੈ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਅਤੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਸੋਮਵਾਰ ਨੂੰ ਕਈ ਵਾਰਡਾਂ ਦਾ ਦੌਰਾ ਕਰਕੇ ਆਪਣੀ ਮੁਹਿੰਮ ਤੇਜ਼ ਕੀਤੀ। ਉਨ੍ਹਾਂ ਨੇ 19 ਜੂਨ ਦੀਆਂ ਚੋਣਾਂ ਲਈ ਵੋਟਰਾਂ ਨਾਲ ਜੁੜਨ ਅਤੇ ਸਮਰਥਨ ਮੰਗਣ ਲਈ ਅਗਰ ਨਗਰ, ਬਲਾਕ-ਏ (ਵਾਰਡ ਨੰ. 59), ਰਿਸ਼ੀ ਨਗਰ ਐਫ ਬਲਾਕ (ਵਾਰਡ ਨੰ. 62) ਅਤੇ ਵਾਰਡ ਨੰ. 69 ਵਿੱਚ ਕਈ ਚੋਣ ਮੀਟਿੰਗਾਂ ਕੀਤੀਆਂ। ਅਗਰ ਨਗਰ (ਵਾਰਡ ਨੰ. 59) ਦੇ ਨਿਵਾਸੀਆਂ ਨੂੰ ਸੰਬੋਧਨ ਕਰਦੇ ਹੋਏ, ਅਰੋੜਾ ਨੇ ਵੋਟਰਾਂ ਨੂੰ ਈਵੀਐਮ 'ਤੇ ਨੰਬਰ 1 'ਤੇ ਰੱਖੇ ਝਾੜੂ ਦੇ ਨਿਸ਼ਾਨ 'ਤੇ ਕਲਿੱਕ ਕਰਕੇ 'ਆਪ' ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦੇ ਹੋਏ, ਉਨ੍ਹਾਂ ਕਿਹਾ ਆਓ ਆਪਾਂ ਮਿਲ ਕੇ ਲੁਧਿਆਣਾ ਪੱਛਮੀ ਨੂੰ ਚੌਗੁਣੀ ਤਰੱਕੀ ਵੱਲ ਲੈ ਜਾਈਏ। ਇਸ ਮੌਕੇ 'ਤੇ ਐਲਆਈਟੀ ਦੇ ਚੇਅਰਮੈਨ ਤਰਸੇਮ ਭਿੰਡਰ, ਵਾਰਡ ਇੰਚਾਰਜ ਜਤਿੰਦਰ ਖੰਗੂੜਾ ਅਤੇ ਕੌਂਸਲਰ ਪ੍ਰਦੀਪ ਸ਼ਰਮਾ ਵੀ ਮੌਜੂਦ ਸਨ। ਐਫ ਬਲਾਕ (ਵਾਰਡ ਨੰ. 62) ਵਿਖੇ ਅਰੋੜਾ ਨੇ ਸਥਾਨਕ ਨਿਵਾਸੀਆਂ ਨਾਲ ਗੱਲਬਾਤ ਕੀਤੀ ਅਤੇ ਪਿਛਲੇ ਤਿੰਨ ਸਾਲਾਂ ਵਿੱਚ ਕੀਤੇ ਗਏ ਵਿਕਾਸ ਕਾਰਜਾਂ ਬਾਰੇ ਗੱਲ ਕੀਤੀ। ਨਿਰੰਤਰ ਤਰੱਕੀ ਪ੍ਰਤੀ ਆਪਣੀ ਵਚਨਬੱਧਤਾ 'ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਜਿੱਤ ਹਲਕੇ ਵਿੱਚ ਬੁਨਿਆਦੀ ਢਾਂਚੇ ਅਤੇ ਭਲਾਈ ਪ੍ਰੋਜੈਕਟਾਂ ਨੂੰ ਹੁਲਾਰਾ ਦੇਵੇਗੀ। ਉਨ੍ਹਾਂ ਦੇ ਨਾਲ ਵਾਰਡ ਇੰਚਾਰਜ ਨਵਦੀਪ ਨਵੀ, ਐਲਆਈਟੀ ਚੇਅਰਮੈਨ ਤਰਸੇਮ ਸਿੰਘ ਭਿੰਡਰ ਅਤੇ ਸੰਦੀਪ ਮਿਨੋਚਾ ਵੀ ਸਨ।

ਵਾਰਡ ਨੰ. 69 ਵਿਖੇ ਅਰੋੜਾ ਨੇ ਸ਼੍ਰੀ ਆਤਮਾਨੰਦ ਜੈਨ ਸਭਾ ਵੱਲੋਂ ਆਯੋਜਿਤ ਇੱਕ ਕਮਿਊਨਿਟੀ ਸਮਾਗਮ ਵਿੱਚ ਸ਼ਿਰਕਤ ਕੀਤੀ। ਇਕੱਠ ਨੂੰ ਸੰਬੋਧਨ ਕਰਦੇ ਹੋਏ, ਉਨ੍ਹਾਂ ਨੇ ਭਾਰੀ ਸਮਰਥਨ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਕਿਹਾ ਲੋਕਾਂ ਦਾ ਪਿਆਰ ਵਿਸ਼ਵਾਸ ਅਤੇ ਉਤਸ਼ਾਹ ਮੈਨੂੰ ਲੁਧਿਆਣਾ ਲਈ ਹੋਰ ਵੀ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕਰਦਾ ਹੈ। ਇਸ ਸਮਾਗਮ ਵਿੱਚ ਵਿਧਾਇਕ ਜਗਦੀਪ ਕੰਬੋਜ, ਐਲਆਈਟੀ ਚੇਅਰਮੈਨ ਤਰਸੇਮ ਸਿੰਘ ਭਿੰਡਰ, ਵਾਰਡ ਇੰਚਾਰਜ ਬਿੱਟੂ ਭੁੱਲਰ, ਕੌਂਸਲਰ ਮਨਿੰਦਰ ਘੁੰਮਣ, ਭਾਰਤ ਭੂਸ਼ਣ ਭਾਰਤੀ ਜੈਨ ਅਤੇ ਸੁਨੀਲ ਜੈਨ ਸਮੇਤ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ।

## 17 ਜੂਨ ਸ਼ਾਮ 6 ਵਜੇ ਤੋਂ 19 ਜੂਨ ਸ਼ਾਮ 6 ਵਜੇ ਤੱਕ ਡਰਾਈ ਡੇਅ ਐਲਾਨਿਆ




ਲੁਧਿਆਣਾ, 16 ਜੂਨ (ਵਿਸ਼ਾਲ ਸ਼ਰਮਾ): ਭਾਰਤ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਨਿਰਪੱਖ ਅਤੇ ਵਿਵਸਥਾਪੂਰਵਕ ਚੋਣ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਚੋਣ ਅਫਸਰ ਹਿਮਾਂਸ਼ੂ ਜੈਨ ਨੇ 64-ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਅਤੇ ਇਸਦੇ 3 ਕਿਲੋਮੀਟਰ ਦੇ ਨਾਲ ਲੱਗਦੇ ਖੇਤਰ ਵਿੱਚ 17 ਜੂਨ (ਸ਼ਾਮ 6 ਵਜੇ) ਤੋਂ 19 ਜੂਨ (ਸ਼ਾਮ 6 ਵਜੇ) ਤੱਕ ਡਰਾਈ ਡੇਅ ਘੋਸ਼ਿਤ ਕੀਤਾ ਹੈ। ਹਿਮਾਂਸ਼ੂ ਜੈਨ ਨੇ ਦੇਸੀ ਸ਼ਰਾਬ ਅਤੇ ਅੰਗਰੇਜ਼ੀ ਸ਼ਰਾਬ ਦੇ ਠੇਕਿਆਂ ਨੂੰ ਬੰਦ ਕਰਨ ਦੇ ਹੁਕਮ ਵੀ ਦਿੱਤੇ ਹਨ। ਇਸ ਤੋਂ ਇਲਾਵਾ ਕੋਈ ਵੀ ਹੋਟਲ, ਰੈਸਟੋਰੈਂਟ, ਕਲੱਬ, ਬਾਰ ਅਤੇ ਹੋਰ ਅਦਾਰੇ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੀ ਮਾਲੀਆ ਸੀਮਾ ਅਤੇ ਸਬੰਧਤ ਹਲਕੇ ਦੇ ਨਾਲ ਲੱਗਦੇ 3 ਕਿਲੋਮੀਟਰ ਦੇ ਖੇਤਰ ਵਿੱਚ ਸ਼ਰਾਬ ਸਟੋਰ, ਵੇਚ ਪਰੋਸ ਨਹੀਂ ਕਰਨਗੇ। ਕਿਸੇ ਵੀ ਵਿਅਕਤੀ ਦੁਆਰਾ ਚਲਾਏ ਜਾ ਰਹੇ ਸ਼ਰਾਬ ਦੀਆਂ ਦੁਕਾਨਾਂ, ਹੋਟਲ, ਰੈਸਟੋਰੈਂਟ ਅਤੇ ਕਲੱਬ ਭਾਵੇਂ ਉਹਨਾਂ ਨੂੰ ਸ਼ਰਾਬ ਰੱਖਣ ਅਤੇ ਸਪਲਾਈ ਕਰਨ ਲਈ ਵੱਖ-ਵੱਖ ਸ਼੍ਰੇਣੀਆਂ ਦੇ ਲਾਇਸੈਂਸ ਜਾਰੀ ਕੀਤੇ ਗਏ ਹੋਣ ਉਹਨਾਂ ਨੂੰ ਵੀ 17 ਜੂਨ (ਸ਼ਾਮ 6 ਵਜੇ) ਤੋਂ 19 ਜੂਨ (ਸ਼ਾਮ 6 ਵਜੇ) ਤੱਕ ਉਪਰੋਕਤ ਦੱਸੇ ਗਏ ਸਮੇਂ ਦੌਰਾਨ ਸ਼ਰਾਬ ਪਰੋਸਣ ਦੀ ਆਗਿਆ ਨਹੀਂ ਹੈ। ਜ਼ਿਲ੍ਹਾ ਚੋਣ ਅਫਸਰ ਨੇ ਇਨ੍ਹਾਂ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਨੂੰ ਵੀ ਲਾਜ਼ਮੀ ਕੀਤਾ ਹੈ ਨਿਰਧਾਰਤ ਸਮੇਂ ਦੌਰਾਨ ਨਿਰਧਾਰਤ ਖੇਤਰਾਂ ਵਿੱਚ ਸ਼ਰਾਬ ਪੀਣ ਵਾਲੇ ਪਦਾਰਥਾਂ ਦੀ ਵਿਕਰੀ, ਵੰਡ ਅਤੇ ਸੇਵਨ 'ਤੇ ਪਾਬੰਦੀ ਲਗਾਈ ਹੈ। ਸਾਰੇ ਸਬੰਧਤ ਅਧਿਕਾਰੀਆਂ ਅਤੇ ਅਦਾਰਿਆਂ ਨੂੰ ਇਨ੍ਹਾਂ ਪਾਬੰਦੀਆਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

## ਸੈਂਕੜੇ ਡਾਕਟਰਾਂ ਨੇ ਕੀਤਾ ਕਾਂਗਰਸ ਉਮੀਦਵਾਰ ਆਸ਼ੂ ਦਾ ਸਮਰਥਨ



ਲੁਧਿਆਣਾ, 16 ਜੂਨ (ਰਵਿੰਦਰ ਸਿੰਘ ਨਿੱਝਰ) : ਡਾ. ਨਵਜੋਤ ਦਹੀਆ ਦੀ ਅਗਵਾਈ ਹੇਠ ਸੈਂਕੜੇ ਡਾਕਟਰਾਂ ਨੇ ਕਾਂਗਰਸ ਲੀਡਰਸ਼ਿਪ ਨੂੰ ਕਾਂਗਰਸ ਦੇ ਹੱਕ ਵਿੱਚ ਵੋਟ ਪਾਉਣ ਦਾ ਭਰੋਸਾ ਦਿੱਤਾ। ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ, ਵਿਧਾਇਕ ਰਾਣਾ ਗੁਰਜੀਤ ਸਿੰਘ, ਵਿਧਾਇਕ ਪ੍ਰਗਟ ਸਿੰਘ ਅਤੇ ਕਾਂਗਰਸ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੇ ਡਾਕਟਰਾਂ ਦਾ ਧੰਨਵਾਦ ਕੀਤਾ। ਕਾਂਗਰਸ ਦੀ ਵਧਦੀ ਲੋਕਪ੍ਰਿਯਤਾ ਦਾ ਜ਼ਿਕਰ ਕਰਦਿਆਂ ਆਸ਼ੂ ਨੇ ਕਿਹਾ ਕਿ ਪੰਜਾਬ ਦਾ ਭਵਿੱਖ ਸਿਰਫ਼ ਕਾਂਗਰਸ ਦੇ ਹੱਥਾਂ ਵਿੱਚ ਹੀ ਸੁਰੱਖਿਅਤ ਹੈ। ਡਾ. ਨਵਜੋਤ ਦਹੀਆ ਨੇ ਭਾਰਤ ਭੂਸ਼ਣ ਆਸ਼ੂ ਨੂੰ ਯੋਗ ਉਮੀਦਵਾਰ ਦੱਸਦੇ ਹੋਏ ਕਿਹਾ ਕਿ ਦੋ ਵਾਰ ਵਿਧਾਇਕ ਅਤੇ ਮੰਤਰੀ ਰਹਿੰਦਿਆਂ ਆਸ਼ੂ ਨੇ ਵਿਧਾਨ ਸਭਾ ਪੱਛਮੀ ਦੀ ਨੁਹਾਰ ਬਦਲਣ ਵਿੱਚ ਕੋਈ ਕਸਰ ਨਹੀਂ ਛੱਡੀ। ਪੰਜਾਬ ਵਿੱਚ ਜਦੋਂ ਵੀ ਵਿਕਾਸ ਹੋਇਆ ਹੈ। ਕਾਂਗਰਸ ਦੇ ਰਾਜ ਦੌਰਾਨ ਹੀ ਹੋਇਆ ਸੀ। ਦੂਜੇ ਪਾਸੇ ਮਾਡਲ ਟਾਊਨ ਸਥਿਤ ਗੁਰੂ ਰਾਮਦਾਸ ਪਾਰਕ ਵਿਖੇ ਹੋਈ ਇੱਕ ਮੀਟਿੰਗ ਦੌਰਾਨ ਦਾ ਫਰੈਂਡਜ਼ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਜਸਪਾਲ ਕੋਹਲੀ ਦੀ ਅਗਵਾਈ ਹੇਠ ਸੈਂਕੜੇ ਮੈਂਬਰਾਂ ਨੇ ਕਾਂਗਰਸੀ ਉਮੀਦਵਾਰ ਨੂੰ ਅਪਣਾ ਸਮਰਥਨ ਦੇਣ ਦਾ ਐਲਾਨ ਕੀਤਾ। ਇਸ ਮੌਕੇ ਭਾਰਤ ਭੂਸ਼ਣ ਆਸ਼ੂ, ਵਿਧਾਇਕ ਰਾਣਾ ਗੁਰਜੀਤ ਸਿੰਘ, ਵਿਧਾਇਕ ਲਾਡੀ ਸ਼ੇਰੋਵਾਲੀਆ, ਸਾਬਕਾ ਵਿਧਾਇਕ ਸੁਖਜੀਤ ਸਿੰਘ ਕਾਕਾ ਲੋਹਗੜ੍ਹ, ਕਮਲਜੀਤ ਕੜਵਾਲ ਅਤੇ ਦਾਰਾ ਬੱਬਰ ਸਮੇਤ ਹੋਰ ਵੀ ਹਾਜ਼ਰ ਸਨ।

## ਕਾਂਗਰਸੀ ਉਮੀਦਵਾਰ ਦੇ ਹੱਕ 'ਚ ਦੋ ਦਰਜ਼ਨ ਚੋਣ ਰੈਲੀਆਂ ਅਤੇ ਨੁੱਕੜ ਮੀਟਿੰਗਾਂ 'ਚ ਹੋਇਆ ਭਾਰੀ ਇਕੱਠ



ਲੁਧਿਆਣਾ, 16 ਜੂਨ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਪੱਛਮੀ ਹਲਕੇ ਤੋਂ ਕਾਂਗਰਸ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੇ ਚੋਣ ਪ੍ਰਚਾਰ ਦੌਰਾਨ ਲਾਇਨਜ਼ ਕਲੱਬ ਵਿਖੇ ਕੌਂਸਲਰ ਸੰਨੀ ਭੱਲਾ ਅਤੇ ਦੀਪਿਕਾ ਭੱਲਾ, ਅਸ਼ੋਕ ਨਗਰ ਵਿਖੇ ਪੂਨਮ ਮਲਹੋਤਰਾ ਅੱਤੇ ਇਕਬਾਲ ਸਿੰਘ ਸੋਨੂੰ ਡੀਕੋ ਅਤੇ ਸੁਨੇਤ ਇਲਾਕੇ ਵਿਖੇ ਸਥਾਨਕ ਨਿਵਾਸੀਆਂ ਵਲੋਂ ਆਯੋਜਿਤ ਭਰਵੀਆਂ ਚੋਣ ਮੀਟਿੰਗਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਆਸ਼ੂ ਨੇ ਪੰਜਾਬ ਦੇ ਆਰਥਿਕ ਦੀਵਾਲੀਏਪਨ ਵੱਲ ਵਧਦੇ ਜਾਣ ਦਾ ਜ਼ਿਕਰ ਕਰਦਿਆਂ ਭਾਰਤ ਭੂਸਣ ਆਸ਼ੂ ਨੇ ਕਿਹਾ ਕਿ ਨਕਲੀ ਇਨਕਲਾਬ ਨੇ ਪੰਜਾਬ ਦਾ ਭੱਠਾ ਬਿਠਾ ਦਿੱਤਾ ਹੈ। ਆਸ਼ੂ ਨੇ ਕਿਹਾ ਪੰਜਾਬ ਸਰਕਾਰ ਵਿਧਾਨ ਸਭਾ ਹਲਕਾ ਪੱਛਮੀ ਦੀ ਚੋਣ ਜਿੱਤਣਾ ਨਹੀਂ ਚਾਹੁੰਦੀ, ਸਗੋਂ ਚੋਣ ਲੁੱਟਣਾ ਚਾਹੁੰਦੀ ਹੈ। ਵਿਧਾਨ ਸਭਾ ਹਲਕਾ ਪੱਛਮੀ ਵਿੱਚ 17000 ਵੋਟਾਂ ਚੁੱਣ-ਚੁੱਣ ਕੇ ਕੱਟਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਸ਼ੂ ਨੇ ਕਿਹਾ ਕਿ ਇਹ ਜਿੱਤ ਲੁਧਿਆਣਾ ਪੱਛਮੀ ਹਲਕੇ ਦੇ ਹਰ ਵੋਟਰ ਦੀ ਜਿੱਤ ਹੋਵੇਗੀ ਕਿਉਂਕਿ ਲੁਧਿਆਣਾ ਦੇ ਸੂਝਵਾਨ ਤੇ ਪੜ੍ਹੇ ਲਿਖੇ ਲੋਕ ਇਸ ਮੱਕਾਰ ਪਾਰਟੀ ਦੀ ਅਸਲੀਅਤ ਜਾਣ ਚੁੱਕੇ ਹਨ। ਭਾਰਤ ਭੂਸ਼ਣ ਆਸ਼ੂ ਦੀ ਜਿੱਤ ਯਕੀਨੀ ਬਣਾਉਣ ਲਈ ਕਾਂਗਰਸ ਪਾਰਟੀ ਦੇ ਉੱਘੇ ਆਗੂ ਦਿਨ ਰਾਤ ਹਲਕੇ ਪੱਛਮੀ ਦੇ ਲੋਕਾਂ ਨਾਲ ਰਾਬਤਾ ਬਣਾ ਰਹੇ ਹਨ ਜਿਹਨਾਂ ਵਿੱਚ ਸਾਬਕਾ ਮੁੱਖ ਮੰਤਰੀ ਤੇ ਐਮ ਪੀ ਚਰਨਜੀਤ ਚੰਨੀ, ਅਮੇਠੀ ਤੋਂ ਮੈਂਬਰ ਪਾਰਲੀਮੈਂਟ ਕਿਸ਼ੋਰੀ ਲਾਲ, ਸਾਬਕਾ ਮੈਂਬਰ ਪਾਰਲੀਮੈਂਟ ਮੁਹੰਮਦ ਸਦੀਕ, ਵਿਧਾਇਕ ਰਾਣਾ ਗੁਰਜੀਤ ਸਿੰਘ, ਵਿਧਾਇਕ ਪ੍ਰਗਟ ਸਿੰਘ, ਵਿਧਾਇਕ ਤ੍ਰਿਪਤ ਰਜਿੰਦਰ ਬਾਜਵਾ, ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਸੀਨੀਅਰ ਆਗੂ ਵਿਕਰਮ ਸਿੰਘ ਬਾਜਵਾ, ਰਾਹੁਲ ਇੰਦਰ ਸਿੰਘ ਭੱਠਲ, ਯੁਵਾ ਆਗੂ ਬਰਿੰਦਰ ਸਿੰਘ ਢਿੱਲੋਂ, ਈਸ਼ਵਰਜੋਤ ਚੀਮਾ, ਕੌਂਸਲਰ ਸ਼ਾਮ ਸੁੰਦਰ ਮਲਹੋਤਰਾ, ਡਾ. ਹਰੀ ਸਿੰਘ ਬਰਾੜ, ਮਨਦੀਪ ਸਿੰਘ ਲੇਖੀ, ਦਰਸ਼ਨ ਡਾਬਰ, ਕਰਨ ਵੜਿੰਗ ਨੇ ਹਲਕੇ ਦੇ ਵੱਖ-ਵੱਖ ਮੁਹੱਲਿਆਂ ਦੇ ਘਰ-ਘਰ ਜਾ ਕੇ ਚੋਣ ਪ੍ਰਚਾਰ ਕੀਤਾ ਅਤੇ ਆਸੂ ਲਈ ਵੋਟਾਂ ਮੰਗੀਆਂ।

## ਰਾਜਗੁਰੂ ਨਗਰ 'ਚ ਬਾਵਾ, ਜੱਗਾ, ਸੋਨੀ ਨੇ ਹਰ ਬੂਹੇ 'ਤੇ ਦਸਤਕ ਦੇ ਕੇ ਕਾਂਗਰਸ ਲਈ ਵੋਟ ਮੰਗੀ



ਲੁਧਿਆਣਾ, 16 ਜੂਨ (ਕਰਨੈਲ ਸਿੰਘ ਐੱਮ.ਏ.) : ਕਿਸ਼ੋਰੀ ਲਾਲ ਸ਼ਰਮਾ ਮੈਂਬਰ ਪਾਰਲੀਮੈਂਟ ਅਮੇਠੀ ਵੱਲੋਂ ਲੁਧਿਆਣਾ ਪੱਛਮੀ ਹਲਕੇ ਦੀ ਜਿਮਨੀ ਚੋਣ ਵਿੱਚ ਨਿਭਾਇਆ ਜਾ ਰਿਹਾ ਰੋਲ ਚੋਣ ਮੁਹਿੰਮ ਨੂੰ ਹੋਰ ਮਜ਼ਬੂਤ ਬਣਾ ਰਿਹਾ ਹੈ। ਇਹ ਸ਼ਬਦ ਉਹਨਾਂ ਵੱਲੋਂ ਕਾਂਗਰਸ ਦੇ ਮੁੱਖ ਦਫਤਰ ਵਿੱਚ ਵਰਕਰਾਂ ਨਾਲ ਸਾਂਝੀਆਂ ਕੀਤੀਆਂ ਵਿਚਾਰਾਂ ਸਮੇਂ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਡੀਨੇਟਰ ਕੁੱਲ ਹਿੰਦ ਕਾਂਗਰਸ (ਓ.ਬੀ.ਸੀ) ਨੇ ਕਹੇ। ਇਸ ਸਮੇਂ ਸ਼?ਰੀ ਸ਼ਰਮਾ ਨਾਲ ਕਲਿਆਣ ਸਿੰਘ ਗਾਂਧੀ ਵਿਸ਼ੇਸ਼ ਤੌਰ 'ਤੇ ਚੋਣ ਜਲਸਿਆਂ ਵਿਚ ਪਹੁੰਚੇ ਸਨ।

ਸ਼੍ਰੀ ਬਾਵਾ ਨੇ ਕਿਹਾ ਕਿ ਗੁਰਜੀਤ ਸਿੰਘ ਰਾਣਾ ਦੀ ਯੋਗ ਅਗਵਾਈ ਵਰਕਰਾਂ ਵਿੱਚ ਜੋਸ਼ ਭਰ ਰਹੀ ਹੈ, ਜਦਕਿ ਭਾਰਤ ਭੂਸ਼ਣ ਆਸ਼ੂ ਦੀ ਸਖਤ ਮਿਹਨਤ, ਤਜਰਬਾ, ਲਗਨ ਵੀ ਰੰਗ ਦਿਖਾਏਗਾ। ਉਹਨਾਂ ਕਿਹਾ ਕਿ ਪੰਜਾਬ ਭਰ ਤੋਂ ਕਾਂਗਰਸੀ ਨੇਤਾ ਅਤੇ ਵਰਕਰਾਂ ਦੇ ਹੌਸਲੇ ਬੁਲੰਦ ਹਨ। ਬਾਵਾ ਨੇ ਅੱਜ ਸਾਬਕਾ ਵਿਧਾਇਕ ਜਗਤਾਰ ਸਿੰਘ ਜੱਗਾ, ਸੋਨੀ ਗਾਲਿਬ, ਪ੍ਰਿੰਸੀਪਲ ਇੰਦਰਜੀਤ ਕੌਰ, ਮੋਹਨ ਸਿੰਘ ਖੰਡੂਰ, ਹਰਨੇਕ ਸਿੰਘ ਸਰਾਭਾ, ਯੂਥ ਨੇਤਾ ਚਾਵਲਾ ਸਰਪੰਚ ਬਲੀਪੁਰ, ਰਿੱਕੀ ਚੌਹਾਨ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਆਦਿ ਕਾਂਗਰਸੀ ਨੇਤਾਵਾਂ ਨਾਲ ਰਾਜਗੁਰੂ ਨਗਰ ਵਿਖੇ ਘਰ ਘਰ ਜਾ ਕੇ ਉਥੋਂ ਦੇ ਵਸਨੀਕਾਂ ਨਾਲ ਸੰਪਰਕ ਕੀਤਾ ਅਤੇ ਕਾਂਗਰਸ ਪਾਰਟੀ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਲਈ ਵੋਟਾਂ ਮੰਗੀਆਂ।

## ਸੀ.ਟੀ.ਯੂ. ਨੇ ਸਕੂਲ ਪ੍ਰਿੰਸੀਪਲਾਂ ਲਈ ਕੌਮੀ ਪੱਧਰੀ ਸੀ.ਬੀ.ਐੱਸ.ਈ. ਐਕਸਪੋਜ਼ਰ ਵਿਜ਼ਿਟ ਦੀ ਮੇਜ਼ਬਾਨੀ ਕੀਤੀ



ਲੁਧਿਆਣਾ, 16 ਜੂਨ (ਵਿਸ਼ਾਲ ਸ਼ਰਮਾ) : ਨਵੀਨਤਾ ਲੀਡਰਸ਼ਿਪ ਅਤੇ ਭਵਿੱਖ ਲਈ ਤਿਆਰ ਸਿੱਖਿਆ ਵਿੱਚ ਇੱਕ ਡੂੰਘਾ ਸਫ਼ਰ ਸੀਟੀ ਯੂਨੀਵਰਸਿਟੀ ਨੇ ਮਾਣ ਨਾਲ ਦੋ ਦਿਨਾਂ ਰਾਸ਼ਟਰੀ-ਪੱਧਰੀ ਸੀਬੀਐਸਈ ਐਕਸਪੋਜ਼ਰ ਵਿਜ਼ਿਟ ਦੀ ਮੇਜ਼ਬਾਨੀ ਕੀਤੀ, ਜਿਸ ਵਿੱਚ ਪੰਜਾਬ ਅਤੇ ਗੁਆਂਢੀ ਖੇਤਰਾਂ ਦੇ 60 ਤੋਂ ਵੱਧ ਸਕੂਲ ਪ੍ਰਿੰਸੀਪਲ ਇਕੱਠੇ ਹੋਏ। ਇਸ ਮਹੱਤਵਪੂਰਨ ਪਹਿਲਕਦਮੀ ਨੇ ਸੀਟੀ ਯੂਨੀਵਰਸਿਟੀ ਦੀ ਅਕਾਦਮਿਕ ਉੱਤਮਤਾ ਸਹਿਯੋਗੀ ਸਿਖਲਾਈ ਅਤੇ ਸੰਸਥਾਗਤ ਲੀਡਰਸ਼ਿਪ ਵਿੱਚ ਇੱਕ ਮੋਹਰੀ ਵਜੋਂ ਸਾਖ ਨੂੰ ਹੋਰ ਮਜ਼ਬੂਤ ਕੀਤਾ। ਵਿਜ਼ਨਰੀ ਸਿੱਖਿਅਕਾਂ ਦਾ ਇਕੱਠ ਥੀਮ ਦੇ ਤਹਿਤ ਆਯੋਜਿਤ ਇਸ ਪ੍ਰੋਗਰਾਮ ਨੇ ਸਕੂਲ ਮੁਖੀਆਂ ਨੂੰ ਆਲੋਚਨਾਤਮਕ ਸੰਵਾਦ ਵਿੱਚ ਸ਼ਾਮਲ ਹੋਣ ਸਿੱਖਿਆ ਸ਼ਾਸਤਰੀ ਨਵੀਨਤਾਵਾਂ ਦਾ ਅਨੁਭਵ ਕਰਨ ਅਤੇ ਉੱਚ ਸਿੱਖਿਆ ਦੇ ਵਿਕਸਤ ਹੋ ਰਹੇ ਦ੍ਰਿਸ਼ਟੀਕੋਣ ਨਾਲ ਜਾਣੂ ਕਰਵਾਉਣ ਲਈ ਇੱਕ ਵਿਲੱਖਣ ਪਲੇਟਫਾਰਮ ਪ੍ਰਦਾਨ ਕੀਤਾ। ਭਾਗ ਲੈਣ ਵਾਲੀਆਂ ਸੰਸਥਾਵਾਂ ਵਿੱਚ ਈਸਟਵੁੱਡ ਇੰਟਰਨੈਸ਼ਨਲ ਸਕੂਲ, ਲੁਧਿਆਣਾ ਸੀਟੀ ਵਰਲਡ ਸਕੂਲ, ਜਲੰਧਰ ਸ਼ੈਮਰੌਕ ਵਰਲਡ, ਰੋਪੜ ਓਕਰਿਜ ਇੰਟਰਨੈਸ਼ਨਲ ਸਕੂਲ, ਮੋਹਾਲੀ ਗੁਰੂ ਨਾਨਕ ਪਬਲਿਕ ਸਕੂਲ ਮੁੱਲਾਂਪੁਰ ਵਰਗੇ ਪ੍ਰਸਿੱਧ ਸਕੂਲ ਸ਼ਾਮਲ ਸਨ।

ਇਸ ਸਮਾਗਮ ਦਾ ਇੱਕ ਮਹੱਤਵਪੂਰਨ ਪਲ ਸਤੀਸ਼ ਧਵਨ ਸੈਂਟਰ ਆਫ਼ ਸਕਿੱਲ ਡਿਵੈਲਪਮੈਂਟ ਦਾ ਉਦਘਾਟਨ ਸੀ, ਜੋ ਕਿ ਇੱਕ ਪ੍ਰਗਤੀਸ਼ੀਲ ਪਹਿਲਕਦਮੀ ਹੈ, ਜਿਸਦਾ ਉਦੇਸ਼ ਅਕਾਦਮਿਕ ਸਿੱਖਿਆ ਨੂੰ ਵਿਹਾਰਕ ਉਦਯੋਗਿਕ ਹੁਨਰਾਂ ਨਾਲ ਜੋੜਨਾ ਹੈ। ਪ੍ਰਿੰਸੀਪਲਾਂ ਨੂੰ ਸੀਟੀ ਯੂਨੀਵਰਸਿਟੀ ਦੀਆਂ ਅਤਿ-ਆਧੁਨਿਕ ਸਹੂਲਤਾਂ ਦਾ ਡੂੰਘਾਈ ਨਾਲ ਦੌਰਾ ਕਰਵਾਇਆ ਗਿਆ ਜਿਸ ਵਿੱਚ ਅੰਤਰ-ਅਨੁਸ਼ਾਸਨੀ ਪ੍ਰਯੋਗਸ਼ਾਲਾਵਾਂ, ਨਵੀਨਤਾ ਸਟੂਡੀਓ ਅਤੇ ਵਿਦਿਆਰਥੀ- ਕੇਂਦ੍ਰਿਤ ਸਥਾਨ ਸ਼ਾਮਲ ਹਨ ਜੋ ਯੂਨੀਵਰਸਿਟੀ ਦੇ ਅਨੁਭਵੀ ਸਿੱਖਿਆ ਪ੍ਰਤੀ ਸਮਰਪਣ ਨੂੰ ਦਰਸਾਉਂਦੇ ਹਨ।

ਰਿਸ਼ਭ ਸ਼ਰਮਾ ਡਿਪਟੀ ਡਾਇਰੈਕਟਰ ਐਚਆਰਡੀਸੀ ਅਤੇ ਪ੍ਰਸਿੱਧ ਜੀਵਨ ਅਤੇ ਲੀਡਰਸ਼ਿਪ ਕੋਚ ਨੇ ਅਧਿਕਾਰ ਤੋਂ ਪ੍ਰਭਾਵ ਵਿੱਚ ਤਬਦੀਲੀ 'ਤੇ ਆਪਣੇ ਗਤੀਸ਼ੀਲ ਭਾਸ਼ਣ ਨਾਲ ਭਾਗੀਦਾਰਾਂ ਨੂੰ ਪ੍ਰੇਰਿਤ ਕੀਤਾ ਜੋ ਲੀਡਰਸ਼ਿਪ ਦੀਆਂ ਰਵਾਇਤੀ ਧਾਰਨਾਵਾਂ ਨੂੰ ਚੁਣੌਤੀ ਦਿੰਦੇ ਹਨ ਅਤੇ ਨਿੱਜੀ ਵਿਕਾਸ ਨੂੰ ਉਤਸ਼ਾਹਿਤ ਕਰਦੇ ਹਨ। ਦੂਜੇ ਦਿਨ ਵੱਖ-ਵੱਖ ਵਿਸ਼ਿਆਂ ਵਿੱਚ ਨਵੀਨਤਾ ਦਾ ਜਸ਼ਨ ਮਨਾਉਣ 'ਤੇ ਕੇਂਦ੍ਰਿਤ ਸੀ। ਡਾ. ਨਿਤਿਨ ਟੰਡਨ ਨੇ ਯੂਨੀਵਰਸਿਟੀ ਦੇ ਵਧਦੇ ਖੋਜ ਸੱਭਿਆਚਾਰ 'ਤੇ ਚਾਨਣਾ ਪਾਇਆ ਜਦੋਂ ਕਿ ਡਾ. ਸਿਮਰਨਜੀਤ ਕੌਰ ਗਿੱਲ ਨੇ ਪ੍ਰਿੰਸੀਪਲਾਂ ਨੂੰ ਸਿੱਖਿਆ ਵਿੱਚ ਉੱਭਰ ਰਹੀਆਂ ਅਕਾਦਮਿਕ ਨਵੀਨਤਾਵਾਂ ਅਤੇ ਭਵਿੱਖ- ਕੇਂਦ੍ਰਿਤ ਰੁਝਾਨਾਂ ਨਾਲ ਜਾਣੂ ਕਰਵਾਇਆ।

## ਘਟੀਆ ਸਮੱਗਰੀ ਦੀ ਵਰਤੋਂ ਕਾਰਨ ਸੂਏ ਦੀਆਂ ਸਲੈਬਾਂ ਦੋ ਦਿਨ ਵੀ ਪਾਣੀ ਨਹੀਂ ਰੋਕ ਸਕੀਆਂ, ਖੇਤਾਂ ਦੀ ਥਾਂ ਸੜਕਾਂ 'ਤੇ ਪੁੱਜਾ ਪਾਣੀ



ਸਮਰਾਲਾ, 16 ਜੂਨ (ਵਰਿੰਦਰ ਸਿੰਘ ਹੀਰਾ/ਜਸਵੀਰ ਹੇਡੋਂ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ ਪੂਰੇ ਪੰਜਾਬ ਵਿੱਚ ਸੂਏ, ਕੱਸੀਆਂ ਪੱਕੇ ਕਰਕੇ ਨਹਿਰੀ ਪਾਣੀ ਉਨ੍ਹਾਂ ਦੇ ਹਰ ਖੇਤ ਤੱਕ ਪੁੱਜੇਗਾ, ਪ੍ਰੰਤੂ ਉਨ੍ਹਾਂ ਨੂੰ ਇਹ ਚੇਤਾ ਭੁੱਲ ਗਿਆ ਕਿ ਅਫਸਰਸ਼ਾਹੀ ਵਿੱਚ ਰਿਸ਼ਵਤਖੋਰੀ, ਮਿਲਾਵਟ ਅਤੇ ਕਮਿਸ਼ਨ ਵਾਲਾ ਜੋ ਕੀੜਾ ਵੜਿਆ ਹੋਇਆ ਹੈ, ਉਹ ਨਹਿਰੀ ਪਾਣੀ ਨੂੰ ਖੇਤਾਂ ਤੱਕ ਨਹੀਂ ਪਹੁੰਚਣ ਦੇਵੇਗਾ, ਬਲਕਿ ਸੜਕਾਂ ਜਾਂ ਸੂਇਆਂ ਨਾਲ ਪੈਂਦੇ ਰਸਤਿਆਂ ਵਿੱਚ ਹੀ ਫੇਰੇਗਾ, ਜਿਸਦੀ ਤਾਜ਼ਾ ਮਿਸਾਲ ਸਮਰਾਲਾ ਨਜ਼ਦੀਕ ਰੇਲਵੇ ਕਰਾਸਿੰਗ ਥੱਲੇ ਬੌਂਦਲ-ਉਟਾਲਾਂ ਸੂਆ, ਜਿਸ ਵਿੱਚ ਅਜੇ ਦੋ ਦਿਨ ਪਹਿਲਾਂ ਹੀ ਪਾਣੀ ਛੱਡਿਆ ਸੀ, ਠੇਕੇਦਾਰਾਂ ਦੁਆਰਾ ਘਟੀਆ ਲਾਗਤ ਨਾਲ ਬਣਾਈਆਂ ਸਲੈਬਾਂ ਧਸਣ ਨਾਲ ਪਾਣੀ ਲੀਕੇਜ਼ ਹੋਣ ਨਾਲ ਰੇਲਵੇ ਕਰਾਸਿੰਗ ਵਾਲੀ ਪੁਲੀ ਪਾਣੀ ਨਾਲ ਭਰ ਗਈ, ਜਿਸ ਨਾਲ ਇੱਥੋਂ ਗੁਜਰਨ ਵਾਲੇ ਆਮ ਰਾਹਗੀਰਾਂ ਦਾ ਲੰਘਣਾ ਮੁਹਾਲ ਹੋ ਗਿਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਸਮਰਾਲਾ ਬਲਾਕ ਪ੍ਰਧਾਨ ਕੁਲਵਿੰਦਰ ਸਿੰਘ ਪੂਰਬਾ ਨੇ ਆਪਣੀ ਯੂਨੀਅਨ ਦੇ ਵਰਕਰਾਂ ਨਾਲ ਉਕਤ ਸਥਾਨ ਦਾ ਦੌਰਾ ਕਰਨ ਉਪਰੰਤ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਇਹ ਕੋਈ ਪਹਿਲਾ ਮਸਲਾ ਨਹੀਂ ਹੈ, ਇਸ ਤੋਂ ਪਹਿਲਾਂ ਵੀ ਅਨੇਕਾਂ ਥਾਵਾਂ 'ਤੇ ਹੋਰ ਸੂਇਆਂ ਦੀ ਸਲੈਬਾਂ ਵੀ ਇਸੇ ਤਰ੍ਹਾਂ ਧਰਤੀ ਵਿੱਚ ਧਸ ਜਾਣ ਦੇ ਸਮਾਚਾਰ ਪ੍ਰਾਪਤ ਹੋਏ ਹਨ। ਮੁੱਖ ਮੰਤਰੀ ਪੰਜਾਬ ਨੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੇ ਰਾਜ ਵਿੱਚ ਕੋਈ ਵੀ ਅਫਸਰ ਰਿਸ਼ਵਤਖੋਰੀ ਜਾਂ ਕਮਿਸ਼ਨ ਆਦਿ ਵਿੱਚ ਭਾਗੀਦਾਰ ਨਹੀਂ ਬਣੇਗਾ, ਪ੍ਰੰਤੂ ਪਿਛਲੇ ਸਾਢੇ ਤਿੰਨ ਸਾਲਾਂ ਵਿੱਚ ਸਰਕਾਰੀ ਤੰਤਰ ਵਿੱਚ ਕੋਈ ਸੁਧਾਰ ਨਜ਼ਰ ਨਹੀਂ ਆਇਆ, ਨਾ ਅਫਸਰਸ਼ਾਹੀ ਬਦਲੀ, ਨਾ ਆਮ ਲੋਕਾਂ ਨੂੰ ਕਿਸੇ ਪਾਸਿਓਂ ਠੰਡੀ ਹਵਾ ਦਾ ਬੁੱਲਾ ਆਇਆ।

# ਸਾਦੇ ਕੱਪੜਿਆਂ 'ਚ ਨਾਗਰਿਕ ਨੂੰ ਘੇਰ ਕੇ ਗੋਲ਼ੀਆਂ ਚਲਾਉਣਾ ਪੁਲਿਸ ਡਿਊਟੀ ਦਾ ਹਿੱਸਾ ਨਹੀਂ: ਸੁਪਰੀਮ ਕੋਰਟ

ਨਵੀਂ ਦਿੱਲੀ, 16 ਜੂਨ (ਚ.ਨ.ਸ.): ਸੁਪਰੀਮ ਕੋਰਟ ਨੇ ਆਪਣੇ ਇਕ ਮਹੱਤਵਪੂਰਨ ਫੈਸਲੇ 'ਚ ਕਿਹਾ ਹੈ ਕਿ ਸਾਦੇ ਕੱਪੜਿਆਂ 'ਚ ਨਾਗਰਿਕ ਵਾਹਨ ਨੂੰ ਘੇਰ ਕੇ ਸਰਕਾਰੀ ਬੰਦੂਕ ਨਾਲ ਗੋਲੀਆਂ ਚਲਾਉਣਾ ਪੁਲਿਸ ਡਿਊਟੀ ਦਾ ਹਿੱਸਾ ਨਹੀਂ ਹੈ। ਕੋਰਟ ਨੇ ਇਹ ਵੀ ਕਿਹਾ ਕਿ ਮਹੱਤਵਪੂਰਨ ਸਬੂਤਾਂ ਨੂੰ ਨਸ਼ਟ ਕਰਨਾ ਵੀ ਅਧਿਕਾਰਤ ਡਿਊਟੀ ਦਾ ਹਿੱਸਾ ਨਹੀਂ ਹੈ ਅਤੇ ਅਜਿਹੇ 'ਚ ਸੀਆਰਪੀਸੀ ਦੀ ਧਾਰਾ-197 ਦੇ ਤਹਿਤ ਮੁਕੱਦਮਾ ਚਲਾਉਣ ਲਈ ਅਗਾਊਂ ਮਨਜ਼ੂਰੀ ਦੀ ਲੋੜ ਨਹੀਂ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਕਲਾਕ ਆਫ ਆਫੀਸ਼ੀਅਲ ਡਿਊਟੀ ਦਾ ਵਿਸਤਾਰ ਉਸ ਕੰਮ ਤੱਕ ਨਹੀਂ ਹੋ ਸਕਦਾ ਜਿਸਦਾ ਇਰਾਦਾ ਨਿਆਂ 'ਚ ਰੁਕਾਵਟ ਪਹੁੰਚਾਉਣਾ ਹੋਵੇ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਫਰਜ਼ੀ ਮੁਕਾਬਲੇ ਦੇ ਮੁਲਜ਼ਮ ਨੌਂ ਪੁਲਿਸ ਮੁਲਾਜ਼ਮਾਂ ਦੀ ਅਪੀਲ ਖਾਰਜ ਕਰਦੇ ਹੋਏ ਉਨ੍ਹਾਂ ਨੂੰ ਸੰਮਨ ਕਰਨ ਅਤੇ ਉਨ੍ਹਾਂ 'ਤੇ ਦੋਸ਼ ਤੈਅ ਕਰਨ ਨੂੰ ਸਹੀ ਠਹਿਰਾਉਣ ਵਾਲੇ ਹਾਈ ਕੋਰਟ ਦੇ ਹੁਕਮ ਨੂੰ ਬਰਕਰਾਰ ਰੱਖਿਆ। ਇਸ ਤੋਂ ਇਲਾਵਾ ਸੁਪਰੀਮ ਕੋਰਟ ਨੇ ਸ਼ਿਕਾਇਤਕਰਤਾ ਦੀ ਅਪੀਲ ਮਨਜ਼ੂਰ ਕਰਦੇ ਹੋਏ ਹਾਈ ਕੋਰਟ ਦੇ ਹੁਕਮ ਦੇ ਉਸ ਅੰਸ਼ ਨੂੰ ਰੱਦ ਕਰ ਦਿੱਤਾ, ਜਿਸ 'ਚ



ਸੀਆਰਪੀਸੀ ਦੀ ਧਾਰਾ-197 ਦੇ ਤਹਿਤ ਮੁਕੱਦਮਾ ਚਲਾਉਣ ਦੀ ਅਗਾਊਂ ਮਨਜ਼ੂਰੀ ਨਾ ਲੈਣ ਦੇ ਆਧਾਰ 'ਤੇ ਸਬੂਤ ਨਸ਼ਟ ਕਰਨ ਦੇ ਮੁਲਜ਼ਮ ਡੀਸੀਪੀ ਦੇ ਵਿਰੁੱਧ ਮਾਮਲਾ ਰੱਦ ਕਰ ਦਿੱਤਾ ਸੀ। ਇਹ ਮਾਮਲਾ 2015 'ਚ ਅੰਮ੍ਰਿਤਸਰ ਜ਼ਿਲ੍ਹੇ ਦੇ ਵੇਰਕਾ 'ਚ 16 ਜੂਨ ਨੂੰ ਹੋਏ ਫਰਜ਼ੀ ਐਨਕਾਊਂਟਰ ਦਾ ਹੈ। ਇਹ ਹੁਕਮ 29 ਅਪ੍ਰੈਲ ਨੂੰ ਜਸਟਿਸ ਵਿਕ੍ਰਮਨਾਥ ਅਤੇ ਜਸਟਿਸ ਸੰਦੀਪ ਮੇਹਤਾ ਦੀ ਬੈਂਚ ਨੇ ਸੀਆਰਪੀਸੀ ਦੀ ਧਾਰਾ-197 ਦੇ ਤਹਿਤ ਮੁਕੱਦਮਾ ਚਲਾਉਣ ਲਈ ਮਨਜ਼ੂਰੀ ਨੂੰ ਜ਼ਰੂਰੀ ਦੱਸੇ ਜਾਣ ਦੀ ਮੁਲਜ਼ਮ ਪੁਲਿਸ ਅਧਿਕਾਰੀ ਦੀ ਦਲੀਲ ਖਾਰਜ ਕਰਦੇ ਹੋਏ ਦਿੱਤਾ। ਸੁਪਰੀਮ ਕੋਰਟ ਨੇ ਕਿਹਾ ਕਿ ਇਸ ਮਾਮਲੇ 'ਚ ਪਟੀਸ਼ਨਰ ਮੁਲਜ਼ਮ ਪੁਲਿਸ ਮੁਲਾਜ਼ਮਾਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਸਾਦੇ ਕੱਪੜਿਆਂ 'ਚ ਇਕ ਨਾਗਰਿਕ ਵਾਹਨ ਨੂੰ ਚਾਰੇ ਪਾਸੇ ਤੋਂ ਘੇਰ ਕੇ ਉਸ 'ਚ ਸਵਾਰ ਵਿਅਕਤੀ 'ਤੇ ਮਿਲ ਕੇ ਗੋਲੀਬਾਰੀ ਕੀਤੀ। ਇਸ ਕੰਮ ਅਤੇ ਇਸ ਦੀ ਨੀਅਤ ਦਾ ਕਾਨੂੰਨ ਬਣਾਏ ਰੱਖਣ ਅਤੇ ਪ੍ਰਭਾਵੀ ਤੌਰ 'ਤੇ ਕਾਨੂੰਨਨ ਗ੍ਰਿਫਤਾਰੀ ਦੀ ਡਿਊਟੀ ਨਾਲ ਕੋਈ ਤਰਕਸੰਗਤ ਸਬੰਧ ਨਹੀਂ ਹੈ। ਇਸ ਮਾਮਲੇ 'ਚ ਮੁਲਜ਼ਮ ਪੁਲਿਸ ਮੁਲਾਜ਼ਮਾਂ ਦਾ ਕਹਿਣਾ ਸੀ ਕਿ 2015 'ਚ ਗੈਂਗਸਟਰ ਸ਼ੂਟਆਊਟ ਦੌਰਾਨ ਪੁਲਿਸ ਨੇ ਆਪਣੇ ਬਚਾਅ 'ਚ ਗੋਲੀ ਚਲਾਈ ਸੀ। ਇਸ ਘਟਨਾ ਤੋਂ ਬਾਅਦ ਪੁਲਿਸ ਨੇ ਆਈਪੀਸੀ ਧਾਰਾ-307 ਅਤੇ ਆਰਮਜ਼ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਸੀ ਅਤੇ ਉਸ 'ਚ ਕਿਹਾ ਸੀ ਕਿ ਪੁਲਿਸ ਨੇ ਆਤਮਰੱਖਿਆ 'ਚ ਗੋਲੀ ਚਲਾਈ ਸੀ ਪਰ 2016 'ਚ ਪੁਲਿਸ ਗੋਲੀਬਾਰੀ 'ਚ ਮਾਰੇ ਗਏ ਵਿਅਕਤੀ ਦੇ ਦੋਸਤ ਨੇ ਪੁਲਿਸ 'ਤੇ ਫਰਜ਼ੀ ਮੁਕਾਬਲੇ ਦਾ ਦੋਸ਼ ਲਗਾਉਂਦੇ ਹੋਏ ਨੌਂ ਪੁਲਿਸ ਮੁਲਾਜ਼ਮਾਂ ਵਿਰੁੱਧ ਹੱਤਿਆ ਅਤੇ ਹੋਰ ਅਪਰਾਧਾਂ 'ਚ ਸ਼ਿਕਾਇਤ ਦਰਜ ਕਰਵਾਈ ਸੀ।

# ਤਕਨੀਕੀ ਖ਼ਰਾਬੀ ਕਾਰਨ ਗਾਜ਼ੀਆਬਾਦ ਤੋਂ ਕੋਲਕਾਤਾ ਲਈ ਉਡਾਣ ਭਰਨ ਵਾਲੇ ਜਹਾਜ਼ ਨੂੰ ਰੋਕਿਆ

ਨਵੀਂ ਦਿੱਲੀ, 16 ਜੂਨ (ਚ.ਨ.ਸ): ਐਨਸੀਆਰ ਦੇ ਗਾਜ਼ੀਆਬਾਦ ਦੇ ਸਾਹਿਬਾਬਾਦ ਵਿਚ ਹਿੰਡਨ ਹਵਾਈ ਅੱਡੇ ਤੋਂ ਏਅਰ ਇੰਡੀਆ ਐਕਸਪ੍ਰੈਸ ਦੇ ਜਹਾਜ਼ ਦੀ ਉਡਾਣ ਤਕਨੀਕੀ ਖਰਾਬੀ ਕਾਰਨ ਰੋਕ ਦਿੱਤੀ ਗਈ। ਹਵਾਈ ਅੱਡੇ ਦੇ



ਅਧਿਕਾਰੀਆਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਗਾਜ਼ੀਆਬਾਦ ਦੇ ਹਿੰਡਨ ਹਵਾਈ ਅੱਡੇ ਤੋਂ ਏਅਰ ਇੰਡੀਆ ਐਕਸਪ੍ਰੈਸ ਦੀ ਉਡਾਣ ਨੰਬਰ IX-1511, ਜੋ ਗਾਜ਼ੀਆਬਾਦ ਤੋਂ ਕੋਲਕਾਤਾ ਲਈ ਰਵਾਨਾ ਹੋਣੀ ਸੀ, ਵਿਚ ਤਕਨੀਕੀ ਖਰਾਬੀ ਕਾਰਨ ਜਹਾਜ਼ ਨੂੰ ਉਡਾਣ ਭਰਨ ਤੋਂ ਰੋਕ ਦਿੱਤਾ ਗਿਆ। ਹਾਲਾਂਕਿ ਤਕਨੀਕੀ ਖਰਾਬੀ ਦੀ ਪ੍ਰਕਿਰਤੀ ਦਾ ਖੁਲਾਸਾ ਨਹੀਂ ਕੀਤਾ ਗਿਆ ਪਰ ਏਅਰਲਾਈਨ ਅਧਿਕਾਰੀਆਂ ਨੇ ਇਹ ਯਕੀਨੀ ਬਣਾਇਆ ਕਿ ਜਹਾਜ਼ ਦੇ ਮੁੜ ਚਾਲੂ ਹੋਣ ਤੋਂ ਪਹਿਲਾਂ ਸੁਰੱਖਿਆ ਪ੍ਰੋਟੋਕੋਲ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇ। ਜਾਣਕਾਰੀ ਮੁਤਾਬਕ ਜਹਾਜ਼ ਦੇ ਉਡਾਣ ਭਰਨ ਤੋਂ ਪਹਿਲਾਂ ਅਚਾਨਕ ਤਕਨੀਕੀ ਖਰਾਬੀ ਸਾਹਮਣੇ ਆਈ, ਜਿਸ ਕਾਰਨ ਉਡਾਣ ਮੁਲਤਵੀ ਕਰ ਦਿੱਤੀ ਗਈ। ਹਵਾਈ ਅੱਡੇ ਦੇ ਸੂਤਰਾਂ ਅਨੁਸਾਰ ਜਹਾਜ਼ ਦੀ ਰਵਾਨਗੀ ਤੋਂ ਕੁਝ ਪਲ ਪਹਿਲਾਂ ਚਾਲਕ ਦਲ ਨੇ ਇੱਕ ਤਕਨੀਕੀ ਸਮੱਸਿਆ ਦੇਖੀ। ਸਮੱਸਿਆ ਦਾ ਮੁਲਾਂਕਣ ਅਤੇ ਇਸ ਨੂੰ ਠੀਕ ਕਰਨ ਲਈ ਇੰਜੀਨੀਅਰਾਂ ਨੂੰ ਬੁਲਾਇਆ ਗਿਆ, ਜਿਸ ਦੇ ਨਤੀਜੇ ਵਜੋਂ ਕਾਫੀ ਦੇਰੀ ਹੋਈ। ਉਡਾਣ ਵਿਚ ਹੋਈ ਦੇਰੀ ਕਾਰਨ ਯਾਤਰੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਏਅਰ ਇੰਡੀਆ ਐਕਸਪ੍ਰੈਸ ਦੇ ਇੱਕ ਅਧਿਕਾਰਤ ਬੁਲਾਰੇ ਨੇ ਦੇਰੀ ਨਾਲ ਚਲਾਈ ਗਈ, ਮੁਸਾਫਰਾਂ ਨੂੰ ਰਿਫੰਡ ਦੇ ਨਾਲ ਮੁਫਤ ਰੀ-ਸ਼ਡਿਊਲਿੰਗ ਜਾਂ ਰੱਦ ਕਰਨ ਦੀ ਪੇਸ਼ਕਸ਼ ਕੀਤੀ ਗਈ ਸੀ। ਮੁਸਾਫਰਾਂ ਨੂੰ ਹੋਈ ਪ੍ਰੇਸ਼ਾਨੀ ਲਈ ਸਾਨੂੰ ਅਫਸੋਸ ਹੈ।

# ਡਾ. ਮਨਮੋਹਨ ਸਿੰਘ ਦੀ ਫੋਟੋ ਸਿੱਖ ਅਜਾਇਬਘਰ 'ਚ ਲਗਾਉਣ ਦੇ ਮਾਮਲੇ ਨੂੰ ਅਜੇ ਵਿਚਾਰ ਅਧੀਨ ਰੱਖ ਲਿਆ ਹੈ: ਧਾਮੀ

ਲੁਧਿਆਣਾ, 16 ਜੂਨ (ਚ.ਨ.ਸ): ਦੇਸ਼ ਦੇ 10 ਸਾਲ ਪ੍ਰਧਾਨ ਮੰਤਰੀ ਰਹੇ ਸਵ. ਡਾ. ਮਨਮੋਹਨ ਸਿੰਘ ਦੀ ਫੋਟੋ ਸਿੱਖ ਅਜਾਇਬਘਰ ਵਿਚ ਲਗਾਉਣ ਦੇ ਮਾਮਲੇ ਨੂੰ ਅਜੇ ਅਸੀਂ ਵਿਚਾਰ ਅਧੀਨ ਰੱਖ ਲਿਆ ਹੈ, ਜਿਸ ਦਾ ਫੈਸਲਾ ਜਲਦੀ ਹੀ ਹੋਵੇਗਾ, ਇਸ ਬਾਰੇ ਕੋਈ ਦਬਾਅ ਨਹੀਂ। ਇਹ ਸ਼ਬਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਹੇ। ਉਨ੍ਹਾਂ ਨੇ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਡਾ. ਮਨਮੋਹਨ ਸਿੰਘ ਸਭ ਤੋਂ ਵੱਡੇ ਰੁਤਬੇ 'ਤੇ ਰਹੇ ਹਨ ਅਤੇ ਉਨ੍ਹਾਂ ਦੇ ਪਿਤਾ ਨੇ ਸਿੱਖਾਂ ਦੇ ਵੱਖ ਵੱਖ ਮੋਰਚਿਆਂ ਵਿਚ ਵੱਡੇ ਕਾਰਜ ਅਤੇ ਜੇਲ੍ਹਾਂ ਕੱਟੀਆਂ ਹਨ ਪਰ ਸਿੱਖ ਅਜਾਇਬਘਰ ਵਿਚ ਫੋਟੋ ਲਗਾਉਣ ਸਮੇਂ ਸਾਡੇ ਵੀ ਕਈ ਕਾਇਦੇ, ਕਾਨੂੰਨ ਅਤੇ ਮਰਿਆਦਾ ਹੈ, ਜਿਸ ਤੋਂ ਅਸੀਂ ਬਾਹਰ ਨਹੀਂ ਜਾ ਸਕਦੇ। ਡਾ.ਸਿੰਘ ਦਾ ਅਸੀਂ ਦਿਲੋਂ ਸਤਿਕਾਰ ਕਰਦੇ ਹਾਂ ਅਤੇ ਉਨ੍ਹਾਂ ਦੀ ਫੋਟੋ ਬਾਰੇ ਫੈਸਲਾ ਜਲਦ ਲਵਾਂਗੇ। ਸ੍ਰ. ਧਾਮੀ ਤੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਲਗਾਉਣ ਲਈ ਜੇਲ੍ਹ ਵਿਚ



ਬੰਦ ਬਲਵੰਤ ਸਿੰਘ ਰਾਜੋਆਣਾ ਅਤੇ ਜਗਤਾਰ ਸਿੰਘ ਹਵਾਰਾ ਦੇ ਨਾਂ ਦੀ ਉਡੀ ਖਬਰ ਬਾਰੇ ਜਦ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੀ ਕੋਈ ਚਰਚਾ ਨਹੀਂ ਹੋਈ ਅਤੇ ਨਾ ਹੀ ਕੋਈ ਵਿਚਾਰ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਤਾਂ ਤੁਸੀਂ ਖੁਦ ਜੇਲ੍ਹ ਵਿਚ ਮਿਲ ਕੇ ਆਏ ਹੋ ਤਾਂ ਉਨ੍ਹਾਂ ਨੇ ਕਿਹਾ ਕਿ ਹੋਰ ਵੀ ਕਈ ਮਾਮਲੇ ਹੁੰਦੇ ਹਨ। ਜਦ ਸ੍ਰ. ਧਾਮੀ ਤੋਂ ਮਹਾਰਾਸ਼ਟਰ ਦੀ ਭਾਜਪਾ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸ਼ਤਾਬਦੀਆਂ ਮਨਾਉਣ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਇਤਰਾਜ਼ ਉਠਾਉਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਇਹ ਦੋਵੇਂ ਸਰਕਾਰਾਂ ਜੀ ਸਦਕੇ ਸ਼ਤਾਬਦੀਆਂ ਮਨਾਉਣ ਪਰ ਭਾਜਪਾ ਪਹਿਲਾਂ ਸਾਡੇ ਬੰਦੀ ਸਿੰਘਾਂ ਨੂੰ ਰਿਹਾਅ ਕਰੇ, ਹਰਿਆਣੇ ਦੀ ਸ਼੍ਰੋਮਣੀ ਕਮੇਟੀ ਨੂੰ ਭੰਗ ਕਰਕੇ ਸਾਡੇ ਨਾਲ ਰਲੇਵਾਂ ਕਰੇ ਅਤੇ ਹੋਰ ਸਿੱਖਾਂ ਦੀਆਂ ਮੰਗਾਂ ਮੰਨੇ। ਉਨ੍ਹਾਂ ਨਾਲ ਹੀ ਕਿਹਾ ਕਿ ਪੰਜਾਬ ਦੀ ਸਰਕਾਰ ਵੀ ਇਨ੍ਹਾਂ ਸ਼ਤਾਬਦੀਆਂ ਮੌਕੇ ਕੋਈ ਵੱਡਾ ਫੈਸਲਾ ਜਾਂ ਕੋਈ ਕੰਮ ਕਰੇਗੀ ਫਿਰ ਦੇਖਾਂਗੇ। ਸ੍ਰ. ਧਾਮੀ ਨਾਲ ਸ਼ੇਰ ਸਿੰਘ ਮੰਡ, ਸੁਰਜੀਤ ਸਿੰਘ ਗੜ੍ਹੀ, ਅਮਰਜੀਤ ਸਿੰਘ ਚਾਵਲਾ, ਬਾਬਾ ਅਜੀਤ ਸਿੰਘ, ਜਰਨੈਲ ਸਿੰਘ ਭੁੱਟਾ ਆਦਿ ਸ਼ਾਮਲ ਸਨ।

# ਹੌਟ ਏਅਰ ਬੈਲੂਨ ਹਾਦਸਿਆਂ 'ਚ 12 ਭਾਰਤੀਆਂ ਸਣੇ 31 ਸੈਲਾਨੀ ਜ਼ਖ਼ਮੀ

ਇਸਤਾਂਬੁਲ, 16 ਜੂਨ (ਚ.ਨ.ਸ.):



ਮੱਧ ਤੁਰਕੀ 'ਚ ਅੱਜ ਦੋ 'ਹੌਟ ਏਅਰ ਬੈਲੂਨ' ਹਾਦਸਿਆਂ ਵਿੱਚ 12 ਭਾਰਤੀ ਤੇ 19 ਇੰਡੋਨੇਸ਼ੀਆਈ ਸੈਲਾਨੀ ਜ਼ਖ਼ਮੀ ਹੋ ਗਏ ਜਦਕਿ ਇੱਕ ਹੌਟ ਏਅਰ ਬੈਲੂਨ ਦੇ ਪਾਇਲਟ ਦੀ ਵੀ ਇਸ ਹਾਦਸੇ 'ਚ ਮੌਤ ਹੋ ਗਈ। ਇੱਕ ਸਥਾਨਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਸਰਕਾਰੀ 'ਅਨਾਦੋਲੂ ਏਜੰਸੀ' ਅਨੁਸਾਰ, ਇਲਹਾਰਾ ਘਾਟੀ ਤੋਂ ਉਡਾਣ ਭਰਨ ਵਾਲੇ ਇੱਕ 'ਹੌਟ ਏਅਰ ਬੈਲੂਨ' ਨੇ ਅੱਜ ਸਵੇਰੇ ਐਮਰਜੈਂਸੀ ਲੈਂਡਿੰਗ ਕੀਤੀ, ਜਿਸ 'ਚ 12 ਭਾਰਤੀ ਸੈਲਾਨੀ ਮਾਮੂਲੀ ਜ਼ਖ਼ਮੀ ਹੋ ਗਏ ਅਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਅਕਸਰਾਏ ਸੂਬੇ ਦੇ ਗਵਰਨਰ ਦਫ਼ਤਰ ਨੇ ਇੱਕ ਬਿਆਨ 'ਚ ਕਿਹਾ ਕਿ ਗੁਬਾਰਾ ਹਵਾ ਦੀ ਗਤੀ ਜਾਂ ਦਿਸ਼ਾ 'ਚ ਅਚਾਨਕ ਤਬਦੀਲੀ ਹੋਣ ਕਾਰਨ ਪ੍ਰਭਾਵਿਤ ਹੋਇਆ, ਜਿਸ ਕਾਰਨ ਇਹ ਹਾਦਸਾ ਵਾਪਰਿਆ। ਗਵਰਨਰ ਮਹਿਮਤ ਅਲੀ ਕੁੰਬੁਜ਼ੋਗਲੂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵਾਪਰੀ ਘਟਨਾ 'ਚ ਅਕਸਰਾਏ ਸੂਬੇ ਦੇ ਗੋਜ਼ਲੂਕੁਯੂ ਪਿੰਡ ਨੇੜੇ ਗੁਬਾਰਾ ਉਤਰਨ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਪਾਇਲਟ ਗੁਬਾਰੇ ਦੀ ਟੋਕਰੀ ਤੋਂ ਬਾਹਰ ਡਿੱਗ ਗਿਆ ਤੇ ਉਸ ਦੇ ਪੈਰ ਰੱਸੀ 'ਚ ਫਸ ਗਏ। ਉਨ੍ਹਾਂ ਦੱਸਿਆ, 'ਪਾਇਲਟ ਟੋਕਰੀ ਦੇ ਹੇਠਾਂ ਫਸ ਗਿਆ ਅਤੇ ਉਸ ਦੀ ਮੌਤ ਹੋ ਗਈ।'

# ਮੁੜ ਪਰਤਣ ਲੱਗੀ ਪਹਿਲਗਾਮ 'ਚ ਰੌਣਕ

ਪਹਿਲਗਾਮ, 16 ਜੂਨ (ਚ.ਨ.ਸ.): ਦੱਖਣੀ ਕਸ਼ਮੀਰ ਦੇ ਪਹਿਲਗਾਮ 'ਚ ਅਤਿਵਾਦੀ ਹਮਲੇ 'ਚ 26 ਵਿਅਕਤੀਆਂ ਦੀ ਮੌਤ ਤੋਂ ਤਕਰੀਬਨ ਦੋ ਮਹੀਨੇ ਬਾਅਦ ਸੈਰ-ਸਪਾਟਾ ਕਾਰੋਬਾਰ ਹੌਲੀ-ਹੌਲੀ ਲੀਹ 'ਤੇ ਆ ਰਿਹਾ ਹੈ ਅਤੇ ਈਦ ਦੀਆਂ ਛੁੱਟੀਆਂ ਮਗਰੋਂ ਸਥਾਨਕ ਲੋਕ ਤੇ ਪੰਜਾਬ ਦੇ ਕੁਝ ਲੋਕਾਂ ਨੇ ਵੀ ਵਾਦੀ 'ਚ ਆਉਣਾ ਸ਼ੁਰੂ ਕਰ ਦਿੱਤਾ ਹੈ। ਈਦ ਦੇ ਤੀਜੇ ਦਿਨ ਵਾਦੀ ਦੇ ਹੋਰ ਹਿੱਸਿਆਂ ਤੋਂ ਵੱਡੀ ਗਿਣਤੀ 'ਚ ਕਸ਼ਮੀਰੀ ਪਹਿਲਗਾਮ ਪੁੱਜੇ ਜਿਸ ਨਾਲ ਸੈਰ-ਸਪਾਟਾ ਵਪਾਰ ਨਾਲ ਜੁੜੇ ਲੋਕ ਕਾਫੀ ਖੁਸ਼ ਹਨ। ਸ੍ਰੀਨਗਰ ਦੇ ਇੱਕ ਨੌਜਵਾਨ ਨਬੀਲ ਭੱਟ ਨੇ ਦੱਸਿਆ, 'ਅਸੀਂ ਹਰ ਸਾਲ ਪਹਿਲਗਾਮ ਜਾਂਦੇ ਰਹੇ ਹਾਂ, ਭਾਵੇਂ ਉੱਥੇ ਸੈਲਾਨੀਆਂ ਦੀ ਭੀੜ ਹੋਵੇ ਜਾਂ ਨਾ ਹੋਵੇ। ਇਸ ਵਾਰ ਵੀ ਕੁਝ ਵੱਖ ਨਹੀਂ ਸੀ। ਹਾਲਾਂਕਿ ਇਸ ਵਾਰ ਸਾਡਾ ਸਤਿਕਾਰ ਜ਼ਿਆਦਾ ਕੀਤਾ ਗਿਆ।' ਸ੍ਰੀਨਗਰ ਦੇ ਸਿਵਲ ਲਾਈਨਜ਼ ਖੇਤਰ ਦੀ ਵਸਨੀਕ ਅਲੀਨਾ ਜਾਨ ਨੇ ਕਿਹਾ, 'ਇਸ ਵਾਰ ਸੇਵਾਵਾਂ ਦੇਣ ਵਾਲਿਆਂ ਦਾ ਸਥਾਨਕ ਲੋਕਾਂ ਪ੍ਰਤੀ ਰਵੱਈਆ ਵੱਧ ਦੋਸਤਾਨਾ ਹੈ। ਪਿਛਲੇ ਸਾਲਾਂ 'ਚ ਅਜਿਹਾ ਨਹੀਂ ਸੀ ਜਦੋਂ ਵੱਡੀ ਗਿਣਤੀ 'ਚ ਸੈਲਾਨੀ ਇੱਥੇ ਆਉਂਦੇ ਸਨ।' ਵਧੇਰੇ ਸਥਾਨਕ ਸੈਲਾਨੀ ਇਸ ਗੱਲ ਤੋਂ ਖੁਸ਼ ਹਨ ਕਿ ਉਪ ਰਾਜਪਾਲ ਮਨੋਜ ਸਿਨਹਾ ਨੇ ਪਹਿਲਗਾਮ 'ਚ ਪਾਰਕ ਖੋਲ੍ਹਣ ਦਾ ਫ਼ੈਸਲਾ ਕੀਤਾ ਹੈ। ਇੱਕ 'ਟੂਰਿਸਟ ਹੱਟ' ਦੇ ਮਾਲਕ ਮੁਹੰਮਦ ਇਸ਼ਹਾਕ ਨੇ ਕਿਹਾ ਕਿ ਪਿਛਲੇ 10 ਦਿਨਾਂ ਅੰਦਰ ਹੋਰ ਰਾਜਾਂ ਤੋਂ ਵੀ ਕੁਝ ਸੈਲਾਨੀ ਪਹਿਲਗਾਮ ਪੁੱਜੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ 'ਚੋਂ ਜ਼ਿਆਦਾਤਰ ਸੈਲਾਨੀ ਪੰਜਾਬ ਤੋਂ ਆਏ ਸਨ ਅਤੇ ਉਹ ਨਿਰਾਸ਼ ਸਨ ਕਿਉਂਕਿ ਉਹ ਪਹਿਲਗਾਮ ਦੀ ਖ਼ੂਬਸੂਰਤੀ ਦਾ ਆਨੰਦ ਨਹੀਂ ਲੈ ਸਕੇ, ਜਿਸ ਲਈ ਉਹ ਮਸ਼ਹੂਰ ਹੈ।



# ਹਾਜੀਪੁਰ 'ਚ ਵੱਡਾ ਹਾਦਸਾ, 'ਜੰਨਤ' ਝੀਲ 'ਚ ਡੁੱਬਣ ਕਾਰਨ ਨੌਜਵਾਨ ਦੀ ਮੌਤ

ਹਾਜੀਪੁਰ , 16 ਜੂਨ (ਚ. ਨ. ਸ.):ਹਾਜੀਪੁਰ ਵਿਖੇ ਵੱਡਾ ਹਾਦਸਾ ਵਾਪਰਨ ਦੀ ਖ਼ਬਰ ਮਿਲੀ ਹੈ। ਅੱਡਾ ਝੀਰ ਦਾ ਖੂਹ ਨੇੜੇ ਜੰਨਤ ਨਾਂ ਦੀ ਝੀਲ 'ਚ ਡੁੱਬਣ ਨਾਲ ਇਕ ਨੌਜਵਾਨ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਡਾ ਝੀਰ ਦਾ ਖੂਹ ਨੇੜੇ ਮੁਕੇਰੀਆਂ ਹਾਈਡਲ ਨਹਿਰ ਦੇ ਬਰਿਜ ਆਰ. ਡੀ. ਨੰਬਰ 8880 ਦੇ ਲਾਗੇ ਜੰਨਤ ਨਾਂ ਦੀ ਝੀਲ ਜੋ ਤਕਰੀਬਨ ਉਪਰ ਤੋਂ ਥੱਲ੍ਹੇ ਤੱਕ 40 ਫੁੱਟ ਡੂੰਘੀ ਹੈ। ਇਸ ਵਿਚ ਗਰਮੀਆਂ ਦੇ ਮੌਸਮ 'ਚ ਹਰ ਰੋਜ਼ ਭਾਰੀ ਗਿਣਤੀ 'ਚ ਨੌਜਵਾਨ ਨਹਾਉਣ ਆਉਂਦੇ ਹਨ ਅਤੇ ਉਸ ਝੀਲ ਦੇ ਉੱਤੋਂ ਛਾਲਾਂ ਲਗਾਉਂਦੇ ਹਨ। 14 ਜੂਨ ਨੂੰ ਪਿੰਡ ਕਰਾੜੀ (ਬਹਿ ਜੋਗਣ) ਦਾ ਇਕ 22 ਸਾਲਾ ਨੌਜਵਾਨ ਰੋਹਿਤ ਕੁਮਾਰ ਰਵੀ ਪੁੱਤਰ ਹਰਦਿਆਲ ਸਿੰਘ ਇਸ ਜੰਨਤ ਨਾਂ ਦੀ ਝੀਲ 'ਚ ਨਹਾਉਣ ਗਿਆ ਸੀ। ਜਦੋਂ ਉਸ ਨੇ ਨਹਾਉਣ ਲਈ ਉਸ ਝੀਲ ਵਿੱਚ ਛਾਲ ਮਾਰੀ ਪਰ ਝੀਲ ਵਿਚੋਂ ਵਾਪਸ ਬਾਹਰ ਨਹੀਂ ਨਿਕਲਿਆ। ਦੇਰ ਸ਼ਾਮ ਤੱਕ ਉਸ ਦੀ ਲਾਸ਼ ਦੀ ਭਾਲ ਨੇੜਲੇ ਦੇ ਪਿੰਡਾਂ ਦੇ ਲੋਕ ਕਰਦੇ ਰਹੇ ਪਰ ਲਾਸ਼ ਨਾ ਮਿਲਣ ਕਾਰਨ ਗੜ੍ਹਦੀਵਾਲਾ ਤੋਂ ਬਾਬਾ ਦੀਪ ਸਿੰਘ ਸੇਵਾ ਦੱਲ ਨੂੰ ਬੁਲਾਇਆ ਗਿਆ, ਜਿਨ੍ਹਾਂ ਨੇ ਆਪਣੀ ਟੀਮ ਦੀ ਸਹਾਇਤਾ ਨਾਲ ਰੋਹਿਤ ਕੁਮਾਰ ਰਵੀ ਦੀ ਲਾਸ਼ ਨੂੰ ਬਰਾਮਦ ਕਰਕੇ ਤਲਵਾੜਾ ਪੁਲਿਸ ਦੇ ਹਵਾਲੇ ਕਰ ਦਿੱਤਾ ਹੈ। ਤਲਵਾੜਾ ਪੁਲਿਸ ਨੇ ਲਾਸ਼ ਨੂੰ ਕਬਜ਼ੇ 'ਚ ਲਈ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਦੇ ਇਲਾਕੇ ਦੇ ਉਘੇ ਸਮਾਜ ਸੇਵੀ ਅੰਕਿਤ ਰਾਣਾ ਘਗਵਾਲ ਨੇ ਇਲਾਕੇ ਦੇ ਨੌਜਵਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਇਸ ਝੀਲ ਨੇੜੇ ਨਹਾਉਂਦੇ ਸਮੇਂ ਕਿਸੇ ਤਰ੍ਹਾਂ ਦੀ ਕੋਈ ਸੁਵਿਧਾ ਨਹੀਂ ਹੈ। ਇਸ ਲਈ ਇਸ ਜਾਨਲੇਵਾ ਝੀਲ 'ਚ ਨਾ ਨਹਾਇਆ ਜਾਵੇ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਥੇ ਨਹਾਉਣ ਵਾਲਿਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਇਲਾਕੇ ਦੇ ਸਮਾਜ ਸੇਵਕ ਰਾਜਿੰਦਰ ਕੁਮਾਰ ਛੋਟੂ ਨੇ ਬਾਬਾ ਦੀਪ ਸਿੰਘ ਸੇਵਾ ਦੱਲ ਦੀ ਪੂਰੀ ਟੀਮ ਦਾ ਧੰਨਵਾਦ ਕੀਤਾ ਅਤੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਬਾਬਾ ਦੀਪ ਸਿੰਘ ਸੇਵਾ ਦਲ ਜੋ ਇਲਾਕੇ 'ਚ ਮੁਫ਼ਤ ਸੇਵਾ ਕਰ ਰਿਹਾ ਹੈ, ਉਨ੍ਹਾਂ ਨੂੰ ਪਰਮਾਤਮਾ ਚੜ੍ਹਦੀਕਲਾ 'ਚ ਰੱਖੇ।

# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਵਿਦਵਤਾਪੂਰਨ ਲੇਖਣ ਤੇ ਪ੍ਰਕਾਸ਼ਨ ਹੁਨਰਾਂ 'ਤੇ 6 ਰੋਜ਼ਾ ਫੈਕਲਟੀ ਪ੍ਰੋਗਰਾਮ

ਮੰਡੀ ਗੋਬਿੰਦਗੜ੍ਹ, 16 ਜੂਨ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਵੱਲੋਂ 'ਉੱਚ ਪ੍ਰਭਾਵ ਕਾਰਕ ਜਰਨਲਜ਼ ਨੂੰ ਨਿਸ਼ਾਨਾ ਬਣਾਉਂਦੇ ਹੋਏ ਵਿਦਵਤਾਪੂਰਨ ਲੇਖਣ ਅਤੇ ਪ੍ਰਕਾਸ਼ਨ ਹੁਨਰਾਂ ਨੂੰ ਵਧਾਉਣਾ' ਵਿਸ਼ੇ 'ਤੇ ਛੇ ਦਿਨ੍ਹਾਂ ਫੈਕਲਟੀ ਵਿਕਾਸ ਪ੍ਰੋਗਰਾਮ ਹਾਈਬ੍ਰਿਡ ਮੋਡ ਵਿੱਚ ਆਯੋਜਿਤ ਕੀਤਾ ਗਿਆ, ਜਿਸ ਵਿੱਚ ਭਾਰਤ ਭਰ ਤੋਂ 300 ਤੋਂ ਵੱਧ ਫੈਕਲਟੀ ਅਤੇ ਖੋਜਕਰਤਾਵਾਂ ਨੇ ਭਾਗ ਲਿਆ। ਇਹ ਐਫਡੀਪੀ ਸਕੂਲ ਆਫ਼ ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ ਅਤੇ ਯੂਨੀਵਰਸਿਟੀ ਸਕੂਲ ਆਫ਼ ਲਾਅ ਦੁਆਰਾ ਸਾਂਝੇ ਤੌਰ 'ਤੇ ਆਯੋਜਿਤ ਕੀਤਾ ਗਿਆ ਸੀ ਅਤੇ ਇਸਦਾ ਉਦੇਸ਼ ਅਕਾਦਮਿਕ ਵਿਗਿਆਨੀਆਂ ਨੂੰ ਉੱਨਤ ਅਕਾਦਮਿਕ ਲਿਖਤ, ਨੈਤਿਕ ਖੋਜ ਸੰਚਾਰ ਅਤੇ ਪ੍ਰਭਾਵਸ਼ਾਲੀ ਪ੍ਰਕਾਸ਼ਨ ਰਣਨੀਤੀਆਂ ਲਈ ਜ਼ਰੂਰੀ ਸਾਧਨਾਂ ਨਾਲ ਲੈਸ ਕਰਨਾ ਹੈ, ਖਾਸ ਤੌਰ 'ਤੇ ਉੱਚ ਪ੍ਰਭਾਵ ਵਾਲੇ ਕਾਰਕਾਂ ਵਾਲੇ ਨਾਮਵਰ ਅੰਤਰਰਾਸ਼ਟਰੀ ਰਸਾਲਿਆਂ 'ਤੇ ਧਿਆਨ ਕੇਂਦਰਿਤ ਕਰਨਾ। ਪ੍ਰੋਗਰਾਮ ਵਿੱਚ ਪ੍ਰਸਿੱਧ ਸਰੋਤ ਵਿਅਕਤੀਆਂ ਦੀ ਇੱਕ ਪ੍ਰਭਾਵਸ਼ਾਲੀ ਲਾਈਨਅੱਪ ਸ਼ਾਮਲ ਸੀ, ਜਿਨ੍ਹਾਂ ਵਿੱਚ ਡਾ. ਜਿੰਮੀ ਸਿੰਗਲਾ-ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ, ਡਾ. ਰਾਜੀਵ ਭੱਲਾ, ਡਾ. ਅਮਨ ਕੁਮਾਰ ਭਾਰਦਵਾਜ-ਚੰਡੀਗੜ੍ਹ ਯੂਨੀਵਰਸਿਟੀ, ਡਾ. ਮੋਹਿਤ ਸ਼ਰਮਾ, ਡਾ. ਰਣਜੀਤ ਕੁਮਾਰ ਰਮਨ ਅਤੇ ਡਾ. ਗੌਹਰ ਰਸੂਲ ਜੰਮੂ ਸੈਂਟਰਲ ਯੂਨੀਵਰਸਿਟੀ ਸ਼ਾਮਲ ਸਨ। ਭਾਗੀਦਾਰਾਂ ਦੁਆਰਾ ਬੁਲਾਰਿਆਂ ਦੀ ਵਿਹਾਰਕ ਸੂਝ ਅਤੇ ਇੰਟਰੈਕਟਿਵ ਤਰੀਕਿਆਂ ਦੀ ਪ੍ਰਸ਼ੰਸਾ ਕੀਤੀ ਗਈ। ਹਰੇਕ ਸੈਸ਼ਨ ਦਾ ਅੰਤ ਇੱਕ ਗਤੀਸ਼ੀਲ ਪ੍ਰਸ਼ਨ-ਉੱਤਰ ਭਾਗ ਨਾਲ ਹੋਇਆ, ਜਿਸ ਨਾਲ ਹਾਜ਼ਰੀਨ ਨੂੰ ਮਾਹਿਰਾਂ ਨਾਲ ਸਿੱਧੀ ਗੱਲਬਾਤ ਦਾ ਮੌਕਾ ਮਿਲਿਆ। ਇਸ ਮੌਕੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ; ਅਤੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਸ਼ੁਭਕਾਮਨਾਵਾਂ ਅਤੇ ਸਮਰਥਨ ਦਾ ਪ੍ਰਗਟਾਵਾ ਕਰਦੇ ਹੋਏ ਭਾਗੀਦਾਰਾਂ ਅਤੇ ਪ੍ਰਬੰਧਕਾਂ ਨੂੰ ਸੰਬੋਧਨ ਕੀਤਾ। ਆਪਣੇ ਸੰਦੇਸ਼ਾਂ ਵਿੱਚ ਉਨ੍ਹਾਂ ਨੇ ਸੰਪੂਰਨ ਸਿੱਖਿਆ ਅਤੇ ਜੀਵਨ ਭਰ ਸਿੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਫੈਕਲਟੀ ਵਿਕਾਸ ਅਤੇ ਅਕਾਦਮਿਕ ਉੱਤਮਤਾ ਨੂੰ ਉਤਸ਼ਾਹਿਤ ਕਰਨ ਵਿੱਚ ਯੂਨੀਵਰਸਿਟੀ ਦੇ ਨਿਰੰਤਰ ਸਮਰਥਨ ਦਾ ਭਰੋਸਾ ਦਿੱਤਾ।

# ਸੰਗਤਾਂ ਅੰਮ੍ਰਿਤਪਾਨ ਕਰਕੇ ਗੁਰੂ ਦੇ ਲੜ ਲੱਗਣ: ਸੰਤ ਬਾਬਾ ਦਲਬਾਰਾ ਸਿੰਘ

## ☛ਗੁਰਦੁਆਰਾ ਰੋਹੀਸਰ ਸਾਹਿਬ ਮਾਲੋਵਾਲ 'ਚ ਧਾਰਮਿਕ ਸਮਾਗਮ ਸਮਾਪਤ



ਅਮਲੋਹ, 16 ਜੂਨ (ਜਸਵੰਤ ਸਿੰਘ): ਸੰਤ ਬਾਬਾ ਦਲਬਾਰਾ ਸਿੰਘ ਰੋਹੀਸਰ ਸਾਹਿਬ ਮਾਲੋਵਾਲ ਵਾਲਿਆਂ ਦੀ ਅਗਵਾਈ ਹੇਠ ਸੰਤ ਬਾਬਾ ਕ੍ਰਿਪਾ ਸਿੰਘ ਜੀ ਦੀ ਸਾਲਾਨਾ ਬਰਸੀ ਬਾਬਾ ਜੀ ਦੇ ਤਪ ਅਸਥਾਨ ਰੋਹੀਸਰ ਸਾਹਿਬ ਵਿਖੇ ਮਨਾਈ ਗਈ। ਐਡਵੋਕੇਟ ਸੁਖਵਿੰਦਰ ਸਿੰਘ ਸੁੱਖੀ, ਭਾਈ ਜਗਜੀਤ ਸਿੰਘ ਅਤੇ ਮਾਸਟਰ ਧਰਮ ਸਿੰਘ ਰਾਈਏਵਾਲ ਨੇ ਦੱਸਿਆ ਕਿ ਸਵੇਰੇ ਸ੍ਰੀ ਅਖੰਡ ਸੰਪਟ ਪਾਠ ਸਪਤਾਹ ਦੇ ਭੋਗ ਪਾਏ ਗਏ, ਜਿਸ ਵਿੱਚ ਵੱਡੀ ਗਿਣਤੀ ਵਿਚ ਸੰਗਤਾਂ ਤੋਂ ਇਲਾਵਾ ਰਾਗੀ, ਢਾਡੀ, ਮਹਾਂਪੁਰਸ਼ਾਂ ਨੇ ਹਾਜ਼ਰੀ ਭਰੀ। ਸਮਾਗਮ ਦੌਰਾਨ ਸੰਤ ਕ੍ਰਿਪਾ ਸਿੰਘ ਇੰਟਰਨੈਸ਼ਨਲ ਚੈਰੀਟੇਬਲ ਰੂਹਾਨੀ ਮਿਸ਼ਨ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਾਰੇ ਬਾਬਾ ਦਲਬਾਰਾ ਸਿੰਘ ਰੋਹੀਸਰ ਸਾਹਿਬ ਮਾਲੋਵਾਲ ਵਾਲਿਆਂ ਨੇ ਚਾਨਣਾ ਪਾਇਆ ਅਤੇ ਦੱਸਿਆ ਕਿ ਮਿਸ਼ਨ ਵੱਲੋਂ ਲਗਾਤਾਰ ਪੀਜੀਆਈ ਅਤੇ ਹੋਰ ਸਥਾਨਾਂ 'ਤੇ ਲੰਗਰਾਂ ਅਤੇ ਦਵਾਈਆਂ ਤੋਂ ਇਲਾਵਾ ਗਰੀਬ ਬੱਚਿਆਂ ਦੀ ਪੜ੍ਹਾਈ, ਗੁਰਮਤਿ ਦੀ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਅੰਮ੍ਰਿਤ ਦੇ ਖੰਡੇ ਬਾਟੇ ਦੀ ਅੰਮ੍ਰਿਤ ਦੀ ਦਾਤ ਲੈ ਕੇ ਸਿੱਖੀ ਨੂੰ ਹੋਰ ਪ੍ਰਫੁੱਲਤ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਜੋ ਪ੍ਰਾਣੀ ਗੁਰੂ ਲੜ ਲੱਗ ਕੇ ਆਪਣਾ ਜੀਵਨ ਗੁਜ਼ਾਰਦਾ ਹੈ ਉਸ ਦਾ ਜੀਵਨ ਹਮੇਸ਼ਾ ਹੀ ਸਫਲ ਹੁੰਦਾ ਹੈ। ਉਨ੍ਹਾਂ ਲੋਕਾਂ ਨੂੰ ਨਸ਼ਿਆਂ ਦਾ ਜਿੱਥੇ ਤਿਆਗ ਕਰਨ ਦਾ ਸੱਦਾ ਦਿੱਤਾ, ਉਥੇ ਸਰਬੱਤ ਦੇ ਭਲੇ ਦੀ ਅਰਦਾਸ ਵੀ ਕੀਤੀ। ਉਨ੍ਹਾਂ ਸਿੱਖੀ ਨੂੰ ਪ੍ਰਫੁੱਲਤ ਕਰਨ ਲਈ ਜਲਦ ਗੁਰਮਤਿ ਵਿਦਿਆਲਿਆ ਖੋਲ੍ਹਣ ਦਾ ਵੀ ਭਰੋਸਾ ਦਿੱਤਾ। ਦੀਵਾਨਾਂ ਵਿਚ ਸੰਤ ਬਾਬਾ ਭੁਪਿੰਦਰ ਸਿੰਘ ਮਾਜਰਾ, ਬਾਬਾ ਗੁਰਜੰਟ ਸਿੰਘ ਤਪਾ ਦਰਾਜ, ਭਾਈ ਜਗਜੀਤ ਸਿੰਘ ਕਕਰਾਲਾ, ਤਰਸੇਮ ਸਿੰਘ ਆਲੋਅਰਖ ਅਤੇ ਕਰਮਜੀਤ ਕੌਰ ਸਮਲਾ ਨੇ ਗੁਰਬਾਣੀ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਦੀ ਅਗਵਾਈ ਹੇਠ ਅਤੇ ਅੰਮ੍ਰਿਤ ਹਸਪਤਾਲ ਰੁੜਕੀ ਵੱਲੋਂ ਫਰੀ ਮੈਡੀਕਲ ਚੈੱਕਅਪ ਕੈਂਪ ਵੀ ਲਗਾਏ ਗਏ, ਜਿਸ ਵਿੱਚ 140 ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ ਲੋੜਵੰਦਾਂ ਨੂੰ ਦਵਾਈਆਂ ਦਿੱਤੀਆਂ ਗਈਆਂ। ਸਮਾਗਮ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਅਮਲੋਹ ਦੇ ਇੰਚਾਰਜ ਗੁਰਪ੍ਰੀਤ ਸਿੰਘ ਰਾਜੂ ਖੰਨਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤਰਿੰਗ ਕਮੇਟੀ ਮੈਂਬਰ ਰਵਿੰਦਰ ਸਿੰਘ ਖਾਲਸਾ, ਜਥੇਦਾਰ ਕੁਲਦੀਪ ਸਿੰਘ ਮਛਰਾਈ, ਐਡਵੋਕੇਟ ਰਾਮ ਸਿੰਘ ਰੈਸਲ, ਭਾਜਪਾ ਦੇ ਯੁਵਾ ਮੋਰਚੇ ਦੀ ਨੈਸਨਲ ਕਾਰਜਕਾਰਨੀ ਦੇ ਮੈਂਬਰ ਐਡਵੋਕੇਟ ਸੁਖਵਿੰਦਰ ਸਿੰਘ ਸੁੱਖੀ, ਸਮਾਜ ਸੇਵੀ ਡਾ. ਰਘਬੀਰ ਸ਼ੁਕਲਾ, ਅਕਾਲੀ ਦਲ ਸੁਤੰਤਰ ਦੇ ਪ੍ਰਧਾਨ ਪਰਮਜੀਤ ਸਿੰਘ ਸਹੋਲੀ, ਧਰਮਪਾਲ ਭੜੀ, ਰਣਧੀਰ ਸਿੰਘ ਮੰਡੀ ਗੋਬਿੰਦਗੜ੍ਹ, ਦੇਸ਼ ਭਗਤ ਹਸਪਤਾਲ ਦੇ ਲੋਕ ਸੰਪਰਕ ਅਫਸਰ ਧਰਮ ਸਿੰਘ ਰਾਈਏਵਾਲ, ਡਾ. ਸ਼ੁਭਮ, ਡਾ. ਸੰਧਿਆ ਵਰਮਾ, ਰਮੇਸ਼ ਕੁਮਾਰ, ਸ਼ਮਸ਼ਾਦ ਖਾਨ, ਡਾ. ਸਰਬਜੀਤ ਬੈਨੀਪਾਲ, ਐਸਡੀ ਓ ਗੁਰਦਰਸ਼ਨ ਸਿੰਘ, ਕੁਲਵਿੰਦਰ ਸਿੰਘ ਰਾਈਏਵਾਲ, ਜੇਈ ਅਮਰੀਕ ਸਿੰਘ, ਮੇਜਰ ਸਿੰਘ, ਡਾ. ਅਰਜਨ ਸਿੰਘ, ਪ੍ਰੋਫੈਸਰ ਮੁਖਤਿਆਰ ਸਿੰਘ, ਮਾਸਟਰ ਬਲਵਿੰਦਰ ਸਿੰਘ, ਜਗਜੀਤ ਸਿੰਘ ਅਤੇ ਗੁਰਦੀਪ ਸਿੰਘ ਭੰਦੋਹਲ ਆਦਿ ਹਾਜ਼ਰ ਸਨ।

# 'ਆਪ' ਆਗੂ ਪੂਜਾ ਲੂਥਰਾ ਸਚਦੇਵਾ ਨੇ ਸੰਜੀਵ ਅਰੋੜਾ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ

ਫ਼ਾਜ਼ਿਲਕਾ, 16 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਆਮ ਆਦਮੀ ਪਾਰਟੀ (ਆਪ) ਦੀ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਤੇ ਕੌਂਸਲਰ ਪੂਜਾ ਲੂਥਰਾ ਸਚਦੇਵਾ ਲੁਧਿਆਣਾ (ਪੱਛਮੀ) ਵਿਧਾਨ ਸਭਾ ਹਲਕੇ ਵਿੱਚ ਹੋਣ ਵਾਲੀਆਂ ਜ਼ਿਮਨੀ ਚੋਣਾਂ ਲਈ ਪਾਰਟੀ ਦੇ ਉਮੀਦਵਾਰ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਦੇ ਸਮਰਥਨ ਵਿੱਚ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰ ਰਹੇ ਹਨ। ਪੂਜਾ ਲੂਥਰਾ ਘਰ-ਘਰ ਜਾ ਕੇ ਵੱਖ-ਵੱਖ ਜਨਤਕ ਸਮਾਗਮਾਂ 'ਚ ਹਿੱਸਾ ਲੈ ਕੇ ਤੇ ਔਰਤਾਂ ਨਾਲ ਖ਼ਾਸ ਮੁਲਾਕਾਤਾਂ ਕਰਕੇ ਸੰਜੀਵ ਅਰੋੜਾ ਦੇ ਹੱਕ ਵਿੱਚ ਆਪਣੀ ਟੀਮ ਸਮੇਤ ਵੋਟ ਮੰਗ ਰਹੇ ਹਨ। ਪੂਜਾ ਲੂਥਰਾ ਸਚਦੇਵਾ ਆਪਣੇ ਪ੍ਰਚਾਰ ਦੌਰਾਨ ਲੋਕਾਂ ਨੂੰ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਬਾਰੇ ਜਾਣੂ ਕਰਵਾ ਰਹੇ ਹਨ। ਆਪ ਪਾਰਟੀ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਪੂਜਾ ਲੂਥਰਾ ਨੇ ਕਿਹਾ ਕਿ ਮੁਫ਼ਤ ਬਿਜਲੀ ਸਕੀਮ ਨੇ ਲੱਖਾਂ ਪਰਿਵਾਰਾਂ ਦਾ ਬੋਝ ਘਟਾਇਆ ਹੈ, ਸਰਕਾਰੀ ਸਕੂਲਾਂ ਵਿੱਚ ਸੁਧਾਰ ਨਾਲ ਗ਼ਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਗੁਣਵੱਤਾ ਵਾਲੀ ਸਿੱਖਿਆ ਮਿਲ ਰਹੀ ਹੈ



ਅਤੇ ਸਿਹਤ ਸਹੂਲਤਾਂ ਦੇ ਵਿਸਥਾਰ ਨੇ ਸਾਰੇ ਵਰਗਾਂ ਨੂੰ ਲਾਭ ਪਹੁੰਚਾਇਆ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਦੇ ਵਿਸ਼ਵਾਸ ਨੂੰ ਜਿੱਤਿਆ ਹੈ ਅਤੇ ਇਹ ਵਿਸ਼ਵਾਸ ਹੀ ਪਾਰਟੀ ਦੀ ਸਭ ਤੋਂ ਵੱਡੀ ਤਾਕਤ ਹੈ। ਪੂਜਾ ਲੂਥਰਾ ਨੇ ਸੰਜੀਵ ਅਰੋੜਾ ਦੇ ਸਮਾਜਿਕ ਕੰਮਾਂ 'ਤੇ ਵੀ ਚਾਨਣਾ ਪਾਇਆ। ਉਨ੍ਹਾਂ ਨੇ ਕਿਹਾ ਸੰਜੀਵ ਅਰੋੜਾ ਇੱਕ ਅਜਿਹੇ ਉਮੀਦਵਾਰ ਹਨ ਜੋ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਦੇ ਹਨ।

# ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਦੀਆਂ ਹੱਕੀ ਮੰਗਾਂ ਤੁਰੰਤ ਪੂਰੀਆਂ ਕੀਤੀਆਂ ਜਾਣ: ਹਰਜੀਤ ਸਿੰਘ, ਕੁਲਵੰਤ ਢਿੱਲੋਂ




ਫਤਿਹਗੜ੍ਹ ਸਾਹਿਬ, 16 ਜੂਨ (ਹਰਪ੍ਰੀਤ ਕੌਰ ਟਿਵਾਣਾ): ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ ਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ 'ਤੇ ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ, ਮੀਤ ਪ੍ਰਧਾਨ ਕੁਲਵੰਤ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਦੇ ਸੱਦੇ 'ਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਇਕਾਈ ਦੇ ਵੱਡੇ ਕਾਫ਼ਲੇ ਨੇ ਪੰਜਾਬ ਸਰਕਾਰ ਖਿਲਾਫ਼ ਲੁਧਿਆਣਾ ਦੀ ਜ਼ਿਮਨੀ ਚੋਣ ਵਿਚ ਰੋਸ ਮੁਜ਼ਾਹਰੇ ਕਰਨ ਲਈ ਕੀਤੀ ਜਾਣ ਵਾਲੀ ਵਿਸ਼ਾਲ ਰੈਲੀ ਵਿੱਚ ਵੀ ਸ਼ਮੂਲੀਅਤ ਕੀਤੀ। ਇਸ ਮੌਕੇ 'ਤੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ, ਮੀਤ ਪ੍ਰਧਾਨ ਕੁਲਵੰਤ ਸਿੰਘ ਢਿੱਲੋਂ ਨੇ ਬੋਲਦਿਆਂ ਕਿਹਾ ਕਿ ਮੁਲਾਜ਼ਮਾਂ ਨੂੰ ਡੀ.ਏ ਦੀਆਂ ਕਿਸ਼ਤਾਂ ਨਹੀਂ ਦਿੱਤੀਆਂ ਜਾ ਰਹੀਆਂ, ਪੇ ਕਮਿਸ਼ਨ ਦਾ ਬਕਾਇਆ ਨਹੀਂ ਦਿੱਤਾ ਜਾ ਰਿਹਾ। ਉਹਨਾਂ ਕਿਹਾ ਕਿ ਮੁਲਾਜ਼ਮਾਂ ਦੀਆਂ ਪੈਂਡਿੰਗ ਪਈਆਂ ਮੰਗਾਂ ਪਹਿਲ ਦੇ ਅਧਾਰ 'ਤੇ ਮੰਨ ਕੇ ਹੱਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੋ ਮੁਲਾਜ਼ਮਾਂ ਨੂੰ ਸੜਕਾਂ 'ਤੇ ਉਤਰ ਕੇ ਸੰਘਰਸ਼ ਕਰਨ ਲਈ ਮਜਬੂਰ ਨਾ ਹੋਣਾ ਪਵੇ । ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਕਿਹਾ ਸੀ ਕਿ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਪੂਰੀਆਂ ਕੀਤੀਆਂ ਜਾਣਗੀਆਂ ਪ੍ਰੰਤੂ ਅੱਜ ਤੱਕ ਮੁਲਾਜ਼ਮ ਆਪਣੀਆਂ ਮੰਗਾਂ ਲਾਗੂ ਕਰਵਾਉਣ ਲਈ ਸਰਕਾਰ ਦੇ ਤਰਲੇ ਮਿੰਨਤਾਂ ਕਰ ਰਹੇ ਹਨ ਪਰੰਤੂ ਸਰਕਾਰ ਵੱਲੋਂ ਮੁਲਾਜ਼ਮਾਂ ਦੀ ਕੋਈ ਸਾਰ ਤੱਕ ਨਹੀਂ ਲਈ ਜਾ ਰਹੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੀਤਮ ਸਿੰਘ ਨਾਗਰਾ, ਦਰਬਾਰਾ ਸਿੰਘ, ਕਰਨੈਲ ਸਿੰਘ, ਜਗਜੀਤ ਸਿੰਘ ਡਡਿਆਣਾ, ਮੱਘਰ ਸਿੰਘ ਅਮਲੋਹ, ਰਾਮ ਰਾਜ ਬਸੀ ਪਠਾਣਾਂ, ਬਲਦੇਵ ਕਿਸ਼ਨ, ਪ੍ਰੇਮ ਸਿੰਘ ਖਾਲਸਾ, ਹਰਚੰਦ ਸਿੰਘ ਪੰਜੋਲੀ ਅਤੇ ਰਾਮ ਮੂਰਤੀ ਗਡਹੇੜਾ ਆਦਿ ਵੀ ਹਾਜ਼ਰ ਸਨ।

# ਅਹਿਮਦਾਬਾਦ ਹਾਦਸੇ 'ਚ ਮਾਰੇ ਗਏ ਲੋਕਾਂ ਦੀ ਆਤਮਾ ਦੀ ਸ਼ਾਂਤੀ ਲਈ ਸੰਸਕ੍ਰਿਤ ਮਹਾਂਵਿਦਿਆਲੇ ਵਿੱਚ ਯੱਗ, ਸ਼ਰਧਾਂਜਲੀ ਅਰਪਿਤ

ਫ਼ਾਜ਼ਿਲਕਾ, 16 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਹਾਲ ਹੀ ਵਿੱਚ ਅਹਿਮਦਾਬਾਦ ਵਿੱਚ ਹੋਏ ਭਿਆਨਕ ਵਿਮਾਨ ਹਾਦਸੇ ਵਿੱਚ ਜਾਨ ਗੁਆ ਬੈਠੇ ਯਾਤਰੀਆਂ ਅਤੇ ਜਿਸ ਹਸਪਤਾਲ 'ਤੇ ਇਹ



ਜਹਾਜ਼ ਡਿੱਗਿਆ, ਉੱਥੇ ਮੌਜੂਦ ਕਈ ਲੋਕਾਂ ਦੀ ਆਤਮਾ ਦੀ ਸ਼ਾਂਤੀ ਲਈ ਸੰਸਕ੍ਰਿਤ ਮਹਾਂਵਿਦਿਆਲੇ ਦੇ ਵਿਹੜੇ ਵਿੱਚ ਵਿਸ਼ੇਸ਼ ਯੱਗ ਕਰਵਾਇਆ ਗਿਆ। ਹਾਦਸੇ ਵਿੱਚ 241 ਯਾਤਰੀ ਅਤੇ ਹੋਰ ਕਈ ਲੋਕ ਹਤਾਹਤ ਹੋਏ। ਸੰਸਕ੍ਰਿਤ ਮਹਾਂਵਿਦਿਆਲੇ ਦੇ ਪ੍ਰਾਚਾਰਯ ਪੰਡਿਤ ਰਾਮਸਵਰੂਪ ਸ਼ਾਸਤਰੀ ਦੀ ਅਗਵਾਈ ਹੇਠ ਇਹ ਯੱਗ ਹੋਇਆ, ਜਿਸ ਵਿੱਚ ਡੇਰਾ ਬਾਬਾ ਅਜਮੇਰ ਗਿਰੀ ਦੇ ਮਹੰਤ ਸੁਰਿੰਦਰ ਗਿਰੀ ਜੀ ਮਹਾਰਾਜ ਵਿਸ਼ੇਸ਼ ਰੂਪ ਵਿੱਚ ਸ਼ਾਮਲ ਹੋਏ। ਵਿਦਿਆਰਥੀਆਂ ਅਤੇ ਅਧਿਆਪਕਾਂ ਸਮੇਤ ਪੂਰੇ ਸਟਾਫ ਨੇ ਯੱਗ ਵਿੱਚ ਭਾਗ ਲਿਆ। ਇਸ ਦੌਰਾਨ ਮ੍ਰਿਤਕਾਂ ਦੀ ਆਤਮਾ ਲਈ ਸ਼ਰਧਾਂਜਲੀ ਅਰਪਿਤ ਕੀਤੀ ਗਈ ਅਤੇ ਪਰਿਵਾਰਾਂ ਨੂੰ ਇਹ ਵੱਡਾ ਦੁੱਖ ਸਹਿਣ ਦੀ ਸ਼ਕਤੀ ਮਿਲੇ, ਇਹ ਅਰਦਾਸ ਵੀ ਕੀਤੀ ਗਈ। ਸੰਸਕ੍ਰਿਤ ਮਹਾਂਵਿਦਿਆਲੇ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਪ੍ਰਬੰਧਕ ਮੈਂਬਰਾਂ ਦੀ ਹਾਜ਼ਰੀ ਵਿੱਚ ਯੱਗ ਸਮਾਪਤ ਹੋਇਆ।

# ਪੀ.ਆਈ.ਐੱਮ.ਟੀ. ਕੈਂਪਸ 'ਚ ਪਲੇਸਮੈਂਟ ਡਰਾਈਵ ਦਾ ਆਯੋਜਨ

ਮੰਡੀ ਗੋਬਿੰਦਗੜ੍ਹ, 16 ਜੂਨ (ਸੂਦ): ਪੰਜਾਬ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਕਾਲਜ ਅਲੌੜ ਦੇ ਚੇਅਰਮੈਨ ਨਰੇਸ਼ ਕੁਮਾਰ ਅਗਰਵਾਲ ਤੇ ਕਾਰਜਕਾਰੀ ਡਾਇਰੈਕਟਰ ਕੁਲਦੀਪ ਸਿੰਘ ਸੇਖੋਂ ਦੀ ਅਗਵਾਈ, ਡੀਨ ਅਕੈਡੇਮਿਕ ਦੇ ਮੁਖੀ ਅਮਿਤ ਕਪੂਰ ਤੇ ਗੁਰਪ੍ਰੀਤ ਸਿੰਘ ਮੁਖੀ ਟ੍ਰੇਨਿੰਗ ਐਂਡ ਪਲੇਸਮੈਂਟ ਦੀ ਨਿਗਰਾਨੀ ਹੇਠ ਕੈਂਪਸ ਪਲੇਸਮੈਂਟ ਡਰਾਈਵ ਆਯੋਜਿਤ ਕੀਤਾ ਗਿਆ, ਜਿਸ ਵਿਚ ਐਮਬੀਏ ਭਾਗ ਚੌਥਾ, ਬੀਬੀਏ ਭਾਗ ਛੇਵਾਂ, ਬੀਸੀਏ ਭਾਗ ਛੇਵਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਬੈਂਕਿੰਗ ਖੇਤਰ ਵਿਚ ਸਹਾਇਕ ਮੈਨੇਜਰ ਤੇ ਸੇਲਸ ਅਫਸਰ ਖੇਤਰ ਵਿੱਚ ਨੌਕਰੀ ਦੇ ਮੌਕੇ ਮੁਹੱਈਆ ਕਰਵਾਉਣਾ ਸੀ। ਇਸ ਪਲੇਸਮੈਂਟ ਡਰਾਈਵ ਵਿੱਚ ਐਕਸਿਸ ਬੈਂਕ ਦੇ ਐਚਆਰ ਵਿਭਾਗ ਦੇ ਮੁਖੀ ਹਰਪ੍ਰੀਤ ਸਿੰਘ, ਬ੍ਰਾਂਚ ਮੈਨੇਜਰ ਸੁਰੇਸ਼ ਤੇ ਸਹਾਇਕ




ਸੇਲਜ਼ ਮੈਨੇਜਰ ਗੌਰਵ ਨੇ ਉਮੀਦਵਾਰਾਂ ਦੇ ਲਿਖਤੀ ਪੇਪਰ ਅਤੇ ਇੰਟਰਵਿਊ ਕੀਤੇ। ਇਸ ਵਿੱਚ 78 ਵਿਦਿਆਰਥੀਆਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ 10 ਵਿਦਿਆਰਥੀਆਂ ਦੀ ਚੋਣ ਕੀਤੀ ਗਈ। ਅੰਤ ਵਿਚ ਹਰਪ੍ਰੀਤ ਸਿੰਘ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਟੀਮ ਦਾ ਹਿਸਾ ਬਨਾਉਣ 'ਤੇ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਪਲੇਸਮੈਂਟ ਡਰਾਈਵਜ਼ ਨਾਲ ਸਾਨੂੰ ਨਵੇਂ ਯੂਥ ਨਾਲ ਜੁੜਨ ਦਾ ਮੌਕਾ ਮਿਲਦਾ ਹੈ ਜੋ ਸਾਡੀ ਕੰਪਨੀ ਲਈ ਮਾਣ ਦੀ ਗੱਲ ਹੈ। ਵਿਦਿਆਰਥੀਆਂ ਨੇ ਕਾਲਜ ਦੇ ਕਾਰਜਕਾਰੀ ਡਾਇਰੈਕਟਰ ਕੁਲਦੀਪ ਸਿੰਘ ਸੇਖੋਂ ਤੇ ਪਲੇਸਮੈਂਟ ਮੁਖੀ ਗੁਰਪ੍ਰੀਤ ਸਿੰਘ ਦਾ ਧੰਨਵਾਦ ਕੀਤਾ। ਕਾਲਜ ਦੇ ਕਾਰਜਕਾਰੀ ਡਾਇਰੈਕਟਰ ਕੁਲਦੀਪ ਸਿੰਘ ਸੇਖੋਂ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਨੌਕਰੀ ਵਿੱਚ ਵਧੀਆ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਬ੍ਰਮ ਸ਼ੰਕਰ ਜਿੰਪਾ ਵੱਲੋਂ 18 ਲੱਖ ਰੁਪਏ ਦੀ ਲਾਗਤ ਨਾਲ ਸੜਕਾਂ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ

ਹੁਸ਼ਿਆਰਪੁਰ, 16 ਜੂਨ (ਪਰਮਿੰਦਰ ਘੁੰਮਣ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਸੂਬਾ ਵਾਸੀਆਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਹੈ ਤੇ ਇਸ ਦਿਸ਼ਾ ਵਿਚ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਇਹ ਪ੍ਰਗਟਾਵਾ ਹੁਸ਼ਿਆਰਪੁਰ ਦੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਵਾਰਡ ਨੰਬਰ 11 ਵਿਚ 18 ਲੱਖ ਰੁਪਏ ਦੀ ਲਾਗਤ ਨਾਲ ਸੜਕਾਂ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸ਼ਹਿਰਾਂ ਤੇ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਦਿਨ-ਰਾਤ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਸ਼ਹਿਰ ਦੇ ਸਾਰੇ ਵਾਰਡਾਂ ਦੀਆਂ ਲੋੜਾਂ ਅਨੁਸਾਰ ਜੰਗੀ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਤੇ ਆਉਣ ਵਾਲੇ ਸਮੇਂ ਵਿਚ ਕਈ ਅਹਿਮ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਉਨ੍ਹਾਂ ਹਾਜ਼ਰ ਅਧਿਕਾਰੀਆਂ ਨੂੰ ਸਪੱਸ਼ਟ ਹਦਾਇਤਾਂ ਦਿੱਤੀਆਂ ਕਿ ਉਸਾਰੀ ਕਾਰਜਾਂ ਦੀ ਗੁਣਵੱਤਾ ਵਿਚ ਕੋਈ ਢਿੱਲ ਨਹੀਂ ਹੋਣੀ ਚਾਹੀਦੀ। ਉਨ੍ਹਾਂ ਭਰੋਸਾ ਦਿੱਤਾ ਕਿ ਉਸਾਰੀ ਦਾ ਕੰਮ ਸਮੇਂ ਸਿਰ ਤੇ ਪਾਰਦਰਸ਼ੀ ਢੰਗ ਨਾਲ ਮੁਕੰਮਲ ਕੀਤਾ ਜਾਵੇਗਾ। ਸਥਾਨਕ ਲੋਕਾਂ ਨੇ ਸੜਕਾਂ ਦੇ ਨਿਰਮਾਣ ਦਾ ਕੰਮ ਸ਼ੁਰੂ ਹੋਣ 'ਤੇ ਵਿਧਾਇਕ ਤੇ ਨਗਰ ਨਿਗਮ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਇਸ ਨਾਲ ਉਨ੍ਹਾਂ ਨੂੰ ਬਹੁਤ ਰਾਹਤ ਮਿਲੇਗੀ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਡਿਪਟੀ ਮੇਅਰ ਰਣਜੀਤ ਚੌਧਰੀ, ਨਰਿੰਦਰ ਚੌਧਰੀ, ਜ਼ਿਲ੍ਹਾ ਜਾਇੰਟ ਸਕੱਤਰ ਕਮਲੇਸ਼ ਕੌਰ, ਡਾ. ਜਸਵੀਰ ਸਿੰਘ ਪਰਮਾਰ, ਪੂਜਾ ਮਹਾਜਨ, ਐੱਸ.ਡੀ.ਓ. ਲਵਦੀਪ ਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

# ਡੀ.ਸੀ. ਦੀ ਪ੍ਰਧਾਨਗੀ ਹੇਠ ਹੋਈ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮੀਟਿੰਗ




ਫ਼ਿਰੋਜ਼ਪੁਰ, 16 ਜੂਨ (ਤਿਵਾੜੀ): ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਸਿਹਤ ਸੁਸਾਇਟੀ ਫ਼ਿਰੋਜ਼ਪੁਰ ਦੀ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਵੱਖ-ਵੱਖ ਰਾਸ਼ਟਰੀ ਸਿਹਤ ਪ੍ਰੋਗਰਾਮਾਂ ਦੀ ਪ੍ਰਗਤੀ ਬਾਰੇ ਰੀਵਿਊ ਕੀਤਾ ਗਿਆ। ਇਸ ਮੌਕੇ ਸਿਵਲ ਸਰਜਨ ਡਾ. ਰਾਜਵਿੰਦਰ ਕੌਰ, ਸਮੂਹ ਸੀਨੀਅਰ ਮੈਡੀਕਲ ਅਫਸਰ, ਪ੍ਰੋਗਰਾਮ ਅਫ਼ਸਰ, ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਆਈ.ਐੱਮ.ਏ. ਦੇ ਨੁਮਾਇੰਦੇ ਹਾਜ਼ਰ ਸਨ। ਇਸ ਮੌਕੇ ਵਿਭਾਗ ਦੇ ਪ੍ਰੋਗਰਾਮ ਅਫ਼ਸਰਾਂ ਵੱਲੋਂ ਆਪਣੇ ਪ੍ਰੋਗਰਾਮ ਦੇ ਟੀਚਿਆਂ ਤੇ ਪ੍ਰਾਪਤੀਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ। ਜਿਨ੍ਹਾਂ ਵਿੱਚ ਏ.ਐੱਨ.ਸੀ. ਚੈੱਕਅੱਪ, ਟੀਕਾਕਰਨ, ਰਾਸ਼ਟਰੀ ਟੀ.ਬੀ. ਕੰਟਰੋਲ ਪ੍ਰੋਗਰਾਮ, ਐੱਚ.ਆਈ.ਵੀ., ਕੁਸ਼ਟ ਰੋਗ, ਯੂ.ਡੀ.ਆਈ.ਡੀ., ਸਕੂਲ ਹੈਲਥ ਪ੍ਰੋਗਰਾਮ, ਬਲਾਈਂਡ ਨੈੱਸ ਕੰਟਰੋਲ ਪ੍ਰੋਗਰਾਮ, ਆਈ.ਡੀ.ਐੱਸ.ਪੀ., ਨੈਸ਼ਨਲ ਵੈਕਟਰ ਬੌਰਨ ਡਜ਼ੀਜ਼ ਕੰਟਰੋਲ ਪ੍ਰੋਗਰਾਮ ਆਦਿ ਬਾਰੇ ਵਿਚਾਰ-ਚਰਚਾ ਕੀਤੀ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਰਕਾਰ ਵੱਲੋਂ ਨਿਰਧਾਰਿਤ ਸਿਹਤ ਪ੍ਰੋਗਰਾਮਾਂ ਦੇ ਟੀਚਿਆਂ ਦੀ 100 ਪ੍ਰਤੀਸ਼ਤ ਪ੍ਰਾਪਤੀ ਯਕੀਨੀ ਬਣਾਈ ਜਾਵੇ ਤੇ ਸਮੂਹ ਪ੍ਰੋਗਰਾਮ ਅਫ਼ਸਰ ਰਾਸ਼ਟਰੀ ਸਿਹਤ ਪ੍ਰੋਗਰਾਮਾਂ ਨੂੰ ਪਿੰਡ ਪੱਧਰ 'ਤੇ ਲਾਗੂ ਕਰਨਾ ਯਕੀਨੀ ਬਣਾਉਣ। ਮੀਟਿੰਗ ਵਿੱਚ ਹਾਜ਼ਰ ਸਮੂਹ ਐੱਸ.ਐੱਮ.ਓਜ਼. ਨੂੰ ਹਦਾਇਤ ਕਰਦਿਆਂ ਉਨ੍ਹਾਂ ਕਿਹਾ ਕਿ ਜੱਚਾ-ਬੱਚਾ ਨੂੰ ਹਰ ਸੰਭਵ ਸਿਹਤ ਸਹੂਲਤਾਂ ਪ੍ਰਦਾਨ ਕੀਤੀਆ ਜਾਣ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਬਿਮਾਰੀਆਂ ਤੋਂ ਬਚਾਅ ਲਈ ਟੀਕਾਕਰਨ ਸਬੰਧੀ ਸਪੈਸ਼ਲ ਕੈਂਪ ਲਗਾਏ ਜਾਣ ਤਾਂ ਜੋ ਕੋਈ ਵੀ ਬੱਚਾ ਕਿਸੇ ਕਾਰਨ ਤੋਂ ਟੀਕਾਕਰਨ ਤੋਂ ਵਾਂਝਾ ਨਾ ਰਹੇ। ਮੀਟਿੰਗ ਵਿੱਚ ਐੱਸ.ਪੀ. ਮਨਜੀਤ ਸਿੰਘ, ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਡਾ. ਸਤਿੰਦਰ ਸਿੰਘ, ਡਾ. ਸੁਸ਼ਮਾ ਠੱਕਰ ਸਹਾਇਕ ਸਿਵਲ ਸਰਜਨ, ਡਾ. ਮੀਨਾਕਸ਼ੀ ਢੀਂਗਰਾ ਜ਼ਿਲ੍ਹਾ ਟੀਕਾਕਰਨ ਅਫਸਰ, ਡਾ. ਮਨਦੀਪ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਸਮੇਤ ਸਮੂਹ ਐੱਸ.ਐੱਮ.ਓਜ਼. ਮੌਜੂਦ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਨੇ ਵਿਸ਼ਵ ਵਾਤਾਵਰਨ ਦਿਵਸ-2025 ਨੂੰ ਈਕੋ-ਫ੍ਰੈਂਡਲੀ ਪਹਿਲਕਦਮੀ ਦੇ ਇੱਕ ਹਫ਼ਤੇ-ਲੰਬੇ ਪ੍ਰੀ-ਮੁਹਿੰਮ ਨਾਲ ਮਨਾਇਆ

ਫਤਹਿਗੜ੍ਹ ਸਾਹਿਬ, 16 ਜੂਨ (ਹਰਪ੍ਰੀਤ ਕੌਰ ਟਿਵਾਣਾ): ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਨੇ ਆਪਣੇ ਵਿਸ਼ਵ ਵਾਤਾਵਰਣ ਦਿਵਸ - ਪ੍ਰੀ-ਕੈਂਪੇਨ 2025 ਦੇ ਤਹਿਤ ਇੱਕ ਹਫ਼ਤੇ-ਲੰਬੇ ਗਤੀਵਿਧੀਆਂ ਦੀ ਇੱਕ ਜੀਵੰਤ ਲੜੀ ਦੇ ਨਾਲ ਵਿਸ਼ਵ ਵਾਤਾਵਰਣ ਦਿਵਸ 2025 ਮਨਾਇਆ। ਵਾਤਾਵਰਣ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਅਤੇ ਟਿਕਾਊ ਜੀਵਨ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ, ਵਿਦਿਆਰਥੀਆਂ, ਫੈਕਲਟੀ ਅਤੇ ਆਸ-ਪਾਸ ਦੇ ਭਾਈਚਾਰੇ ਨੂੰ ਅਰਥਪੂਰਨ ਅਤੇ ਪ੍ਰਭਾਵਸ਼ਾਲੀ ਤਰੀਕਿਆਂ ਨਾਲ ਸ਼ਾਮਲ ਕੀਤਾ ਗਿਆ। ਮੁਹਿੰਮ ਦੀ ਸ਼ੁਰੂਆਤ ਇੱਕ ਸਫਾਈ ਮੁਹਿੰਮ ਨਾਲ ਹੋਈ, ਜਿਸ ਵਿੱਚ ਯੂਨੀਵਰਸਿਟੀ ਕੈਂਪਸ ਦੇ ਆਲੇ ਦੁਆਲੇ ਦੇ ਖੇਤਰਾਂ ਤੋਂ ਸਿੰਗਲ-ਯੂਜ਼ ਪਲਾਸਟਿਕ ਰਹਿੰਦ-ਖੂੰਹਦ ਨੂੰ ਹਟਾਉਣ 'ਤੇ ਕੇਂਦ੍ਰਿਤ ਕੀਤਾ ਗਿਆ। ਇਸ ਪਹਿਲਕਦਮੀ ਨੇ ਭਾਗੀਦਾਰਾਂ ਨੂੰ ਪਲਾਸਟਿਕ ਪ੍ਰਦੂਸ਼ਣ ਦੇ ਖ਼ਤਰਿਆਂ ਬਾਰੇ ਜਾਗਰੂਕ ਕਰਨ ਦੀ ਕੋਸ਼ਿਸ਼ ਕੀਤੀ ਅਤੇ ਰੋਜ਼ਾਨਾ ਜੀਵਨ ਵਿੱਚੋਂ ਪਲਾਸਟਿਕ ਨੂੰ ਘਟਾਉਣ ਅਤੇ ਖਤਮ ਕਰਨ ਦੀ ਜ਼ਰੂਰੀ ਲੋੜ 'ਤੇ ਜ਼ੋਰ ਦਿੱਤਾ। ਆਪਣੇ ਸਥਿਰਤਾ ਯਤਨਾਂ ਨੂੰ ਅੱਗੇ ਵਧਾਉਂਦੇ ਹੋਏ, ਯੂਨੀਵਰਸਿਟੀ ਨੇ ਪੇਪਰ ਬੈਗ ਬਣਾਉਣ 'ਤੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ। ਹੱਥੀਂ ਸੈਸ਼ਨ ਨੇ ਵਿਦਿਆਰਥੀਆਂ ਨੂੰ ਮੁੜ ਵਰਤੋਂ ਯੋਗ ਕਾਗਜ਼ ਦੇ ਬੈਗ ਬਣਾਉਣ, ਵਾਤਾਵਰਣ-ਅਨੁਕੂਲ ਵਿਕਲਪਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਅਤੇ ਟਿਕਾਊ ਖਪਤ ਦੀਆਂ ਆਦਤਾਂ ਨੂੰ ਉਤਸ਼ਾਹਿਤ ਕਰਨ ਦੇ ਹੁਨਰਾਂ ਨਾਲ ਲੈਸ ਕੀਤਾ। ਕੈਂਪਸ ਨੂੰ ਹਰਿਆ ਭਰਿਆ ਕਰਨ ਅਤੇ ਜੈਵ ਵਿਭਿੰਨਤਾ ਵਿੱਚ ਯੋਗਦਾਨ ਪਾਉਣ ਲਈ ਪੌਦੇ ਲਗਾਉਣ ਦੀ ਮੁਹਿੰਮ ਵੀ ਆਯੋਜਿਤ ਕੀਤੀ ਗਈ। ਉੱਚ ਅਧਿਕਾਰੀ, ਫੈਕਲਟੀ ਮੈਂਬਰ ਅਤੇ ਸਟਾਫ਼ ਨੇ ਇਕੱਠੇ ਹੋ ਕੇ ਸਜਾਵਟੀ ਰੁੱਖ ਲਗਾਏ, ਜੋ ਕਿ ਯੂਨੀਵਰਸਿਟੀ ਦੀ ਹਰੇ-ਭਰੇ ਖੇਤਰ ਨੂੰ ਵਧਾਉਣ ਅਤੇ ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਹੈ। ਵਿਦਿਆਰਥੀਆਂ ਨੇ ਕੁਦਰਤ ਦੀਆਂ ਪ੍ਰਭਾਵਸ਼ਾਲੀ ਤਸਵੀਰਾਂ ਅਤੇ ਨਾਅਰੇ ਵੀ ਪੇਸ਼ ਕੀਤੇ। ਮੁਹਿੰਮ ਦੀ ਸਮਾਪਤੀ ਡਾ. ਰਵਨੀਤ ਕੌਰ, ਐਸੋਸੀਏਟ ਪ੍ਰੋਫੈਸਰ, ਜੀਵ ਵਿਗਿਆਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਭਾਸ਼ਣ ਨਾਲ ਹੋਈ। 'ਸਤਲੁਜ ਦਰਿਆ ਵਿੱਚ ਮਾਈਕ੍ਰੋਪਲਾਸਟਿਕ ਪ੍ਰਦੂਸ਼ਣ ਦਾ ਮੁਲਾਂਕਣ' ਵਿਸ਼ੇ 'ਤੇ ਉਨ੍ਹਾਂ ਦੇ ਭਾਸ਼ਣ ਨੇ ਖੇਤਰੀ ਜਲ ਸਰੋਤਾਂ ਵਿੱਚ ਮਾਈਕ੍ਰੋਪਲਾਸਟਿਕ ਦੀ ਚਿੰਤਾਜਨਕ ਮੌਜੂਦਗੀ ਨੂੰ ਸੰਬੋਧਿਤ ਕੀਤਾ। ਡਾ. ਕੌਰ ਨੇ ਭਾਗੀਦਾਰਾਂ ਨੂੰ ਜੀਵਨ ਸ਼ੈਲੀ ਵਿੱਚ ਬਦਲਾਅ ਅਪਣਾਉਣ ਦੀ ਅਪੀਲ ਕੀਤੀ।



## ਅਕਾਲੀ ਅਖਵਾਉਣ ਲਈ ਪੰਥਕ, ਤਿਆਗੀ ਤੇ ਕੁਰਬਾਨੀ ਵਾਲਾ ਜਜ਼ਬਾ ਹੋਣਾ ਅਤਿ-ਜ਼ਰੂਰੀ: ਜਸਟਿਸ ਨਿਰਮਲ ਸਿੰਘ

ਬੱਸੀ ਪਠਾਣਾ, 16 ਜੂਨ (ਚ.ਨ.ਸ.) : ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ 'ਤੇ ਝਾਤ ਮਾਰਿਆਂ ਇਸ ਦੇ ਸ਼ਾਨਾਮੱਤੇ ਤੇ ਮਾਣਮੱਤੀ ਇਤਿਹਾਸਕ ਮਹੱਤਤਾ ਦਾ ਪਤਾ ਚੱਲਦਾ ਹੈ ਕਿ ਅਕਾਲੀ ਅਖਵਾਉਣਾ ਕੋਈ ਸੌਖਾ ਕੰਮ ਨਹੀਂ, ਜਿਹੜਾ ਵੀ ਆਪਣੇ-ਆਪ ਨੂੰ ਅਕਾਲੀ ਅਖਵਾਉਂਦਾ ਸੀ, ਉਸ ਦਾ ਮਿਸ਼ਨ ਹੀ ਇਹ ਹੁੰਦਾ ਸੀ ਕਿ "ਪੰਥ ਵਸੈ ਮੈਂ ਉਜੜਾਂ ਮਨ ਚਾਉ ਘਨੇਰਾ" ਜਿਸ ਕਰਕੇ ਅਕਾਲੀ ਅਖਵਾਉਣ ਲਈ ਪੰਥਕ, ਤਿਆਗੀ ਤੇ ਕੁਰਬਾਨੀ ਵਾਲਾ ਜਜ਼ਬਾ ਹੋਣਾ ਅਤਿ-ਜ਼ਰੂਰੀ ਸੀ। ਇਸੇ ਕਰਕੇ ਜਦੋਂ ਗੁਰਧਾਮ ਦੀ ਪਵਿੱਤਰਤਾ ਲਈ ਕੁਰਬਾਨੀ ਦੀ ਲੋੜ ਪਈ ਤਾਂ ਅਕਾਲੀ ਭਾਈ ਲਛਮਣ ਸਿੰਘ ਧਾਰੋਵਾਲ ਅੱਗੇ ਆਏ, ਜੈਤੋ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਨੂੰ ਖੰਡਿਤ ਕੀਤਾ ਗਿਆ ਤਾਂ ਅਕਾਲੀ ਵਰਕਰਾਂ ਨੇ ਲਗਾਤਾਰ ਜਥੇਦਾਰ ਜਗਤ ਸਿੰਘ ਤੁੜ ਤੇ ਜਥੇਦਾਰ ਤਾਂਗਾ ਸਿੰਘ ਤਲਵੰਡੀ ਵਗਿਆਂ ਦੀ ਦਲੇਰਾਨਾ ਅਗਵਾਈ ਹੇਠ ਅੰਗਰੇਜ਼ ਨੂੰ ਮੂੰਹ ਦੀ ਖਾਣ ਲਈ ਮਜਬੂਰ ਕੀਤਾ। ਇਹ ਤਾਂ ਹੀ ਸਫ਼ਲ ਹੋਇਆ ਕਿਉਂਕਿ ਉਸ ਸਮੇਂ ਵਰਕਰ ਤੇ ਜਥੇਦਾਰ ਬੇਦਾਗ, ਤਿਆਗੀ ਤੇ ਕੁਰਬਾਨੀ ਨੂੰ ਪਹਿਲ ਦੇਣ ਵਾਲੇ ਹੁੰਦੇ ਸਨ। ਅਜਿਹੇ ਅਕਾਲੀਆਂ ਅੱਗੇ ਅੱਜ ਵੀ ਕੌਮ ਦਾ ਸਿਰ ਸਤਿਕਾਰ ਨਾਲ ਝੁਕਦਾ ਹੈ। ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਵਿਧਾਇਕ ਜਸਟਿਸ ਨਿਰਮਲ ਸਿੰਘ ਨੇ ਅਖ਼ਬਾਰਾਂ ਦੇ ਨਾਮ ਜਾਰੀ ਇਕ ਬਿਆਨ ਵਿੱਚ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਬਾਅਦ ਵਿੱਚ ਵੀ ਅਕਾਲੀ ਦਲ ਦੇ ਸੇਵਾਦਾਰ ਰਹੇ ਮਾਸਟਰ ਤਾਰਾ ਸਿੰਘ, ਸੰਤ ਫ਼ਤਹਿ ਸਿੰਘ, ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਜਗਦੇਵ ਸਿੰਘ ਤਲਵੰਡੀ ਜਾਂ ਉਨ੍ਹਾਂ ਨਾਲ ਅਕਾਲੀ ਦਲ ਵਿੱਚ ਕੰਮ ਕਰਦੇ ਰਹੇ ਗਿ. ਕਰਤਾਰ ਸਿੰਘ, ਜਥੇਦਾਰ ਗੁਰਚਰਨ ਸਿੰਘ ਟੌਹੜਾ ਆਦਿ ਕਿਸੇ ਨੇ ਵੀ ਅਕਾਲੀ ਦਲ ਤੇ ਪੰਥਕ ਸੋਚ ਨੂੰ ਧਿੱਕ ਨਹੀਂ ਸੀ ਵਿਚਾਰੀ ਭਾਵੇਂ ਉਨ੍ਹਾਂ ਨੂੰ ਕੇਂਦਰ ਦੀਆਂ ਸਰਕਾਰਾਂ ਦੇ ਲੰਮੇ ਜਬਰ ਦਾ ਸਾਹਮਣਾ ਕਰਨਾ ਪਿਆ। ਘਰ ਘਾਟ ਵੀ ਕੁਰਕ ਕਰਵਾਏ। ਪ੍ਰੰਤੂ ਅਫ਼ਸੋਸ ਜਦੋਂ ਪਿਛਲੇ 30-35 ਸਾਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਵਾਗਡੋਰ ਇਕ ਪਰਿਵਾਰ ਤੇ ਇਸ ਦੇ ਚਾਪਲੂਸਾਂ ਦੇ ਹੱਥ ਆਈ ਹੈ, ਉਸ ਨੇ ਪੰਥਕ ਸੋਚ ਤੋਂ ਕਿਨਾਰਾ ਕਰ ਲਿਆ। ਪਹਿਲਾਂ ਅਕਾਲੀ ਦਲ ਨੂੰ ਸੰਗਤ ਸਤਿਕਾਰ ਦੀ ਭਾਵਨਾ ਨਾਲ ਵੇਖਦੀ ਸੀ ਪਰ ਹੁਣ ਪੰਥਕ ਸੋਚ ਵਾਲਾ ਵੋਟਰ ਤੁਹਾਡੀਆਂ ਮਤਲਬ ਪ੍ਰਸਤੀਆਂ ਤੋਂ ਅੱਕ ਚੁੱਕਾ ਹੈ, ਹੁਣ ਇਹ ਤੁਹਾਡੇ ਉਪਰ ਵਿਸ਼ਵਾਸ ਨਹੀਂ ਕਰੇਗਾ। ਹੁਣ ਭਾਵੇਂ ਸਿਕੰਦਰ ਸਿੰਘ ਮਲੂਕਾ, ਅਨਿਲ ਜੋਸ਼ੀ, ਐੱਨ.ਕੇ. ਸ਼ਰਮਾ ਤੇ ਸੋਹਣ ਸਿੰਘ ਠੰਡਲ ਨੇ ਡੁੱਬੀ ਬੇੜੀ ਵਿੱਚ ਦੁਬਾਰਾ ਸਫ਼ਰ ਕਰਨਾ ਸ਼ੁਰੂ ਕਰ ਦਿੱਤਾ ਹੈ ਪ੍ਰੰਤੂ ਸੁਖਬੀਰ ਸਿੰਘ ਇਨ੍ਹਾਂ ਮਤਲਬ ਪ੍ਰਸਤਾਂ ਦੇ ਸਹਾਰੇ ਵੀ ਅਕਾਲੀ ਦਲ ਦੀ ਬੇੜੀ ਪਾਰ ਨਹੀਂ ਹੋਵੇਗੀ।



## ਸ਼੍ਰੋਮਣੀ ਅਕਾਲੀ ਦਲ ਦੇ ਆਗੂ ਭਾਜਪਾ ਨਾਲ ਸਮਝੌਤੇ ਦੇ ਸੁਪਨੇ ਲੈ ਰਹੇ ਨੇ: ਪਰਮਪਾਲ ਕੌਰ ਮਲੂਕਾ

ਫਰੀਦਕੋਟ, 16 ਜੂਨ (ਚ.ਨ.ਸ.) : ਸ਼੍ਰੋਮਣੀ ਅਕਾਲੀ ਦਲ ਦੇ ਆਗੂ ਭਾਜਪਾ ਨਾਲ ਸਮਝੌਤੇ ਦੇ ਸੁਪਨੇ ਲੈ ਰਹੇ ਹਨ, ਜਦਕਿ ਅਸਲ ਵਿੱਚ ਅਜਿਹਾ ਕਦੇ ਨਹੀਂ ਹੋਵੇਗਾ ਕਿਉਂਕਿ ਪੰਜਾਬ ਦੀ ਅਜਿਹੀ ਕੋਈ ਯੋਜਨਾ ਨਹੀਂ ਹੈ। ਇਹ ਗੱਲ ਫਰੀਦਕੋਟ ਵਿੱਚ ਭਾਜਪਾ ਆਗੂ ਪਰਮਪਾਲ ਕੌਰ ਮਲੂਕਾ ਨੇ ਕਹੀ। ਇਸ ਦੌਰਾਨ ਉਨ੍ਹਾਂ ਨਾਲ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਗੌਰਵ ਕੱਕੜ ਵੀ ਮੌਜੂਦ ਸਨ। ਪਰਮਪਾਲ ਕੌਰ ਮਲੂਕਾ ਨੇ ਕਿਹਾ ਕਿ ਪਿਛਲੇ ਦਿਨੀਂ ਬਲਵਿੰਦਰ ਸਿੰਘ ਭੂੰਦੜ ਦਾ ਵੀ ਸਮਝੌਤੇ ਨੂੰ ਲੈ ਕੇ ਬਿਆਨ ਆਇਆ ਸੀ ਜੋ ਸਿਰਫ ਸੁਪਨਾ ਹੈ। ਉਨ੍ਹਾਂ ਕਿਹਾ ਕਿ ਅਸਲ ਵਿੱਚ ਸ਼੍ਰੋਮਣੀ ਅਕਾਲੀ ਦਲ ਹੁਣ ਖ਼ਤਮ ਹੋ ਚੁੱਕਾ ਹੈ ਤੇ ਬਾਦਲ ਪਰਿਵਾਰ ਚਾਹੁੰਦਾ ਹੈ ਕਿ ਭਾਜਪਾ ਨਾਲ ਉਨ੍ਹਾਂ ਦਾ ਸਮਝੌਤਾ ਹੋ ਜਾਵੇ ਤੇ ਇਸੇ ਤਹਿਤ ਉਨ੍ਹਾਂ ਦੇ ਆਗੂ ਅਜਿਹੇ ਬਿਆਨ ਦੇ ਰਹੇ ਹਨ ਪਰ ਭਾਜਪਾ ਉਨ੍ਹਾਂ ਨਾਲ ਸਮਝੌਤਾ ਨਹੀਂ ਕਰੇਗੀ। ਇਸ ਦੌਰਾਨ ਉਨ੍ਹਾਂ ਦੇ ਸਹੁਰਾ ਤੇ ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੇ ਦੁਬਾਰਾ ਸ਼੍ਰੋਮਣੀ ਅਕਾਲੀ ਦਲ ਵਿੱਚ ਜਾਣੇ ਬਾਰੇ ਪਰਮਪਾਲ ਮਲੂਕਾ ਨੇ ਕਿਹਾ ਕਿ ਸ਼ਾਇਦ ਉਹ ਲੰਬੇ ਸਮੇਂ ਤੱਕ ਪਾਰਟੀ ਵਿੱਚ ਰਹੇ ਹਨ। ਇਸ ਕਰਕੇ ਉਹ ਭਾਵੁਕ ਹੋ ਗਏ ਹਨ ਜਾਂ ਬਾਦਲ ਪਰਿਵਾਰ ਨਾਲ ਉਨ੍ਹਾਂ ਦਾ ਭਾਵੁਕ ਰਿਸ਼ਤਾ ਹੈ, ਇਸ ਕਰਕੇ ਉਹ ਵਾਪਸ ਸ਼੍ਰੋਮਣੀ ਅਕਾਲੀ ਦਲ ਵਿੱਚ ਚਲੇ ਗਏ ਪਰ ਉਹ ਖ਼ੁਦ ਭਾਜਪਾ ਦੀ ਵਿਚਾਰਧਾਰਾ ਨਾਲ ਜੁੜੇ ਹੋਏ ਹਨ ਤੇ ਉਹ ਕਦੇ ਵੀ ਸ਼੍ਰੋਮਣੀ ਅਕਾਲੀ ਦਲ ਵਿੱਚ ਨਹੀਂ ਜਾਣਗੇ ਕਿਉਂਕਿ ਭਾਜਪਾ ਦੇ ਕੋਲ ਅਸਲ ਵਿੱਚ ਨੀਤੀਆਂ, ਪ੍ਰੋਗਰਾਮ ਤੇ ਯੋਜਨਾਵਾਂ ਹਨ, ਜਦਕਿ ਬਾਦਲ ਪਰਿਵਾਰ ਦੀ ਇਕੱਲੀ ਯੋਜਨਾ ਸਿਰਫ ਆਪਣੇ ਪਰਿਵਾਰ ਦਾ ਵਿਕਾਸ ਕਰਨਾ ਹੀ ਹੈ।



## ਬੰਦੀਆਂ ਤੇ ਮ੍ਰਿਤਕਾਂ ਦੀਆਂ ਲਾਸ਼ਾਂ ਦੇ ਲੈਣ-ਦੇਣ ਨੂੰ ਲੈ ਕੇ ਹੋਏ ਸਮਝੌਤੇ 'ਚ ਰੂਸ ਨੇ ਯੂਕਰੇਨ ਨੂੰ 1200 ਫੌਜੀਆਂ ਦੀਆਂ ਲਾਸ਼ਾਂ ਸੌਂਪੀਆਂ

ਮਾਸਕੋ, 16 ਜੂਨ (ਚ.ਨ.ਸ.) : ਰੂਸ ਨੇ ਯੂਕਰੇਨ ਨੂੰ ਜੰਗ 'ਚ ਜਾਨਾਂ ਗੁਆਉਣ ਵਾਲੇ 1200 ਫੌਜੀਆਂ ਦੀਆਂ ਲਾਸ਼ਾਂ ਸੌਂਪੀਆਂ ਹਨ। ਇਹ ਜੰਗ ਦੇ ਬੰਦੀਆਂ ਤੇ ਮ੍ਰਿਤਕਾਂ ਦੀਆਂ ਲਾਸ਼ਾਂ ਦੇ ਲੈਣ-ਦੇਣ ਨੂੰ ਲੈ ਕੇ ਹੋਏ ਸਮਝੌਤੇ ਦਾ ਹਿੱਸਾ ਹੈ। ਇਸ ਮਹੀਨੇ ਹੁਣ ਤੱਕ ਲਾਸ਼ਾਂ ਤੇ ਜੰਗ ਦੇ ਬੰਦੀਆਂ ਦੇ ਕਈ ਲੈਣ-ਦੇਣ ਹੋਏ ਹਨ। ਇਨ੍ਹਾਂ 'ਚ ਯੂਕਰੇਨ ਨੇ 4800 ਤੋਂ ਵੱਧ ਲਾਸ਼ਾਂ ਦੀ ਵਾਪਸੀ ਕੀਤੀ ਹੈ। ਇਹ ਫ਼ਰਵਰੀ 2022 'ਚ ਸ਼ੁਰੂ ਹੋਈ ਜੰਗ ਤੋਂ ਬਾਅਦ ਤੋਂ ਮਰਨ ਵਾਲਿਆਂ ਦੀ ਸਭ ਤੋਂ ਵੱਡੀ ਵਾਪਸੀ 'ਚੋਂ ਇੱਕ ਹੈ। ਰੂਸੀ ਸਟੇਟ ਸਮਾਚਾਰ ਏਜੰਸੀਆਂ ਨੇ ਇਸ ਦੀ ਪੁਸ਼ਟੀ ਕੀਤੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਮਾਸਕੋ ਨੂੰ ਇਸ ਬਦਲੇ ਇੱਕ ਵੀ ਰੂਸੀ ਨਾਗਰਿਕ ਦੀ ਲਾਸ਼ ਹਾਸਲ ਨਹੀਂ ਹੋਈ ਹੈ। ਯੂਕਰੇਨੀ ਰੱਖਿਆ ਮੰਤਰੀ ਰੁਸਤਮ ਉਮੇਰੋਵ ਨੇ ਕਿਹਾ ਕਿ ਲਾਸ਼ਾਂ ਦੀ ਵਾਪਸੀ ਦੀ ਪ੍ਰਕਿਰਿਆ ਜਾਰੀ ਹੈ। ਇਸ ਨੂੰ ਲੈ ਕੇ ਇਸ ਮਹੀਨੇ ਦੀ ਸ਼ੁਰੂਆਤ 'ਚ ਰੂਸ ਤੇ ਯੂਕਰੇਨ, ਵਿਚਾਲੇ ਇਸਤਾਂਬੁਲ 'ਚ ਸਮਝੌਤਾ ਹੋਇਆ ਸੀ। ਕੀਵ ਤੇ ਮਾਸਕੋ ਨੇ 6 ਹਜ਼ਾਰ ਲਾਸ਼ਾਂ ਦੇ ਲੈਣ-ਦੇਣ 'ਤੇ ਸਹਿਮਤੀ ਪ੍ਰਗਟਾਈ ਸੀ। ਨਾਲ ਹੀ ਬਿਮਾਰ ਤੇ ਗੰਭੀਰ ਤੌਰ 'ਤੇ ਜ਼ਖ਼ਮੀ ਬੰਦੀਆਂ ਤੇ 25 ਸਾਲ ਤੋਂ ਘੱਟ ਉਮਰ ਦੇ ਲੋਕਾਂ ਦਾ ਲੈਣ-ਦੇਣ ਕਰਨ ਦਾ ਫ਼ੈਸਲਾ ਲਿਆ ਹੈ। **ਫ਼ੌਜ ਨੂੰ ਤੇਲ ਸਪਲਾਈ ਕਰਨ ਵਾਲੀ ਰਿਫਾਇਨਰੀ ਨੂੰ ਬਣਾਇਆ ਨਿਸ਼ਾਨਾ:** ਰੂਸੀ ਰੱਖਿਆ ਮੰਤਰਾਲੇ ਨੇ ਐਤਵਾਰ ਨੂੰ ਕਿਹਾ ਕਿ ਰੂਸੀ ਫ਼ੌਜ ਨੇ ਡੋਨਬਾਸ ਖੇਤਰ 'ਚ ਯੂਕਰੇਨੀ ਫ਼ੌਜ ਨੂੰ ਈਂਧਣ ਦੀ ਸਪਲਾਈ ਕਰਨ ਵਾਲੀ ਕ੍ਰੇਮੇਨਚੁਕ ਤੇਲ ਰਿਫਾਇਨਰੀ 'ਤੇ ਹਮਲਾ ਕੀਤਾ। ਯੂਕਰੇਨ ਦੇ ਪੋਲਟਾਵਾ ਖੇਤਰ 'ਚ ਰਿਫਾਇਨਰੀ 'ਤੇ ਮਿਜ਼ਾਈਲਾਂ ਦਾਗੀਆਂ ਤੇ ਡਰੋਨ ਤੇ ਸਟ੍ਰਾਈਕ ਡਰੋਨ ਵੀ ਵਰਤੇ ਗਏ। **ਯੂਕਰੇਨ 'ਚ ਨੁਕਸਾਨਿਆ ਗਿਆ ਬੋਇੰਗ ਦਫ਼ਤਰ:** ਰੂਸੀ ਹਵਾਈ ਹਮਲੇ 'ਚ ਕੀਵ 'ਚ ਬੋਇੰਗ ਵੱਲੋਂ ਵਰਤੀ ਜਾਣ ਵਾਲੀ ਇੱਕ ਇਮਾਰਤ ਨੁਕਸਾਨੀ ਗਈ ਹੈ। ਐਤਵਾਰ ਦੀ ਰਾਤ ਜਿਹੜੇ ਟਿਕਾਣਿਆਂ 'ਤੇ ਹਮਲਾ ਕੀਤਾ ਗਿਆ, ਉਨ੍ਹਾਂ 'ਚ ਬੋਇੰਗ ਦਾ ਦਫ਼ਤਰ ਵੀ ਸ਼ਾਮਲ ਸੀ। ਯੂਕਰੇਨੀ ਹਵਾਈ ਫ਼ੌਜ ਨੇ ਦੱਸਿਆ ਕਿ ਰੂਸ ਨੇ ਪਿਛਲੇ ਹਫ਼ਤੇ ਦੀ ਸ਼ੁਰੂਆਤ ਤੋਂ ਕੀਵ 'ਤੇ ਹਮਲੇ ਕੀਤੇ ਸਨ, ਜਿਨ੍ਹਾਂ 'ਚ 315 ਡਰੋਨ ਤੇ ਸੱਤ ਮਿਜ਼ਾਈਲਾਂ ਦੀ ਵਰਤੋਂ ਕੀਤੀ ਸੀ। ਯੂਕਰੇਨ 'ਚ ਬੋਇੰਗ ਦੇ ਸੰਚਾਲਨ ਦੇ ਡਿਪਟੀ ਜਨਰਲ ਡਾਇਰੈਕਟਰ ਐਂਡਰੀ ਕੋਗਿਆਗਿਨ ਨੇ ਦੱਸਿਆ ਕਿ ਇਮਾਰਤ ਨੂੰ ਹੋਏ ਨੁਕਸਾਨ ਦੇ ਬਾਵਜੂਦ ਕੋਈ ਸੰਚਾਲਨ ਪ੍ਰਬੰਧ ਨਹੀਂ ਹੋਇਆ ਹੈ।



## ਸਾਬਕਾ ਫੌਜੀਆਂ ਤੇ ਉਨ੍ਹਾਂ ਦੇ ਆਸ਼ਰਿਤਾਂ 'ਚ ਤਕਸੀਮ ਕੀਤੀ 4 ਕਰੋੜ 40 ਲੱਖ ਰੁਪਏ ਦੀ ਰਾਸ਼ੀ

ਗੁਰਦਾਸਪੁਰ, 16 ਜੂਨ (ਜਗੀਰ ਸਿੰਘ ਮੰਡ): ਕਮਾਂਡਰ ਬਲਜਿੰਦਰ ਵਿਰਕ (ਰਿਟਾ.), ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਗੁਰਦਾਸਪੁਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੇਵਾਰਤ ਸੈਨਿਕਾਂ ਤੇ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਤਹਿਤ ਉਨ੍ਹਾਂ ਦੇ ਦਫਤਰ ਵੱਲੋਂ ਲੰਘੇ ਵਿੱਤੀ ਵਰ੍ਹੇ ਦੌਰਾਨ ਮਿਤੀ 30 ਅਪ੍ਰੈਲ 25 ਤੱਕ ਪੰਜਾਬ ਸਰਕਾਰ ਦੀ ਤਰਫੋਂ 4 ਕਰੋੜ 40 ਲੱਖ ਰੁਪਏ ਦੀ ਰਾਸ਼ੀ ਸਿੱਧੇ ਤੌਰ 'ਤੇ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਤਕਸੀਮ ਕਰਕੇ ਮਾਣ ਪ੍ਰਾਪਤ ਕੀਤਾ ਹੈ। ਪੰਜਾਬ ਸਰਕਾਰ ਵੱਲੋਂ ਇਸ ਦਫਤਰ ਰਾਹੀਂ ਵਿੱਤੀ ਲਾਭ ਪ੍ਰਾਪਤ ਕਰ ਰਹੇ ਸਮੂਹ ਲਾਭਪਾਤਰੀਆਂ ਨੂੰ ਅਧਿਕਾਰੀ ਸਾਹਿਬਾਨ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਨ੍ਹਾਂ ਵੱਲੋਂ ਦਫਤਰ ਨੂੰ ਦਿੱਤੇ ਆਪਣੇ ਬੈਂਕ ਖਾਤੇ ਆਪਣੇ ਆਪਣੇ ਬੈਂਕਾਂ ਵਿੱਚ ਜਾ ਕੇ ਚੈੱਕ ਕਰ ਲਏ ਜਾਣ। ਜੇਕਰ ਕਿਸੇ ਕਾਰਨ ਕਿਸੇ ਲਾਭ ਪਾਤਰੀ ਦੇ ਪੈਸੇ ਉਨ੍ਹਾਂ ਦੇ ਖਾਤੇ ਵਿੱਚ ਨਾ ਆਏ ਹੋਣ ਤਾਂ ਉਹ ਦਫਤਰ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ, ਗੁਰਦਾਸਪੁਰ ਨਾਲ ਤੁਰੰਤ ਸੰਪਰਕ ਕਰਨ ਤਾਂ ਜੋ ਲੋੜੀਂਦੀ ਕਾਰਵਾਈ ਸਮੇਂ ਸਿਰ ਕੀਤੀ ਜਾ ਸਕੇ। ਇਸ ਮੌਕੇ ਅਧਿਕਾਰੀ ਨੇ ਦੱਸਿਆ ਕਿ ਸੈਨਿਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵੱਲੋਂ ਨਿਯਮਾਂ ਅਨੁਸਾਰ ਬਣਦੇ ਲਾਭ ਦਿਵਾਉਣ ਵਿੱਚ ਇਸ ਦਫਤਰ ਵੱਲੋਂ ਭਰਪੂਰ ਕੋਸ਼ਿਸ਼ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਦਫਤਰ ਵਿੱਚ ਕੰਮ ਕਰਵਾਉਣ ਲਈ ਆਉਣ ਵਾਲੇ ਹਰੇਕ ਸਾਬਕਾ ਸੈਨਿਕ ਤੇ ਵਿਧਵਾ ਦੀਆਂ ਮੁਸ਼ਕਿਲਾਂ, ਦਿੱਕਤਾਂ ਤੇ ਕੰਮਾਂ ਦਾ ਨਿਪਟਾਰਾ ਤੁਰੰਤ ਕੀਤਾ ਜਾਂਦਾ ਹੈ। ਅਧਿਕਾਰੀ ਨੇ ਜ਼ਿਲ੍ਹੇ ਦੇ ਸਮੂਹ ਸਾਬਕਾ ਸੈਨਿਕਾਂ ਤੇ ਵਿਧਵਾਵਾਂ ਨੂੰ ਇਸ ਦਫਤਰ ਦੀਆਂ ਭਰਪੂਰ ਸੇਵਾਵਾਂ ਪ੍ਰਾਪਤ ਕਰਨ ਲਈ ਅਪੀਲ ਕੀਤੀ।



## ਆਬਕਾਰੀ ਵਿਭਾਗ ਵੱਲੋਂ ਖ਼ਾਲੀ ਸ਼ਰਾਬ ਦੀਆਂ ਬੋਤਲਾਂ ਤੋੜਨਾ ਯਕੀਨੀ ਬਣਾਉਣ ਮੈਰਿਜ ਪੈਲਸ ਤੇ ਅਹਾਤਿਆਂ ਵਾਲੇ

ਜਲੰਧਰ, 16 ਜੂਨ (ਚ.ਨ.ਸ.) : ਮਜੀਠਾ ਵਿੱਚ ਜ਼ਹਿਰੀਲੀ ਸ਼ਰਾਬ ਨਾਲ ਕਈ ਲੋਕਾਂ ਦੀ ਮੌਤ ਦਾ ਮਾਮਲਾ ਕਾਫ਼ੀ ਚਰਚਾ ਵਿੱਚ ਰਿਹਾ ਸੀ ਤਾਂ ਬਾਅਦ ਵਿੱਚ ਪੰਜਾਬ ਸਰਕਾਰ ਨੇ ਇਸ ਤਰ੍ਹਾਂ ਦੇ ਮਾਮਲਿਆਂ ਨੂੰ ਰੋਕਣ ਲਈ ਹੁਣ ਕਾਫ਼ੀ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ ਸੀ ਤੇ ਜਿੱਥੇ ਸ਼ਰਾਬ ਨੀਤੀ ਵਿੱਚ ਪਹਿਲਾਂ ਹੀ ਮੈਰਿਜ ਪੈਲੇਸਾਂ, ਹੋਟਲਾਂ ਤੇ ਹੋਰ ਸਥਾਨਾਂ ਵਿੱਚ ਹੁੰਦੇ ਸਮਾਗਮਾਂ ਵਿੱਚ ਜਿਹੜੀਆਂ ਸ਼ਰਾਬ, ਬੀਅਰ ਦੀਆਂ ਖ਼ਾਲੀ ਬੋਤਲਾਂ ਹੁੰਦੀਆਂ ਹਨ, ਉਨ੍ਹਾਂ ਸਾਰੀਆਂ ਨੂੰ ਤੋੜਨ ਨੂੰ ਯਕੀਨੀ ਬਣਾਉਣ ਲਈ ਸਖ਼ਤੀ ਨਾਲ ਕਿਹਾ ਗਿਆ ਹੈ। ਚਾਹੇ ਸ਼ਰਾਬ ਨੀਤੀ ਵਿੱਚ ਪਹਿਲਾਂ ਹੀ ਇਨ੍ਹਾਂ ਅਦਾਰਿਆਂ ਵਿੱਚ ਹੁੰਦੇ ਪ੍ਰੋਗਰਾਮਾਂ ਦੀਆਂ ਖ਼ਾਲੀ ਬੋਤਲਾਂ ਨੂੰ ਤੋੜਨ ਦਾ ਨਿਯਮ ਸ਼ਾਮਲ ਕੀਤਾ ਗਿਆ ਸੀ ਪਰ ਮਜੀਠਾ ਮਾਮਲੇ ਤੋਂ ਬਾਅਦ ਹੁਣ 'ਆਪ' ਸਰਕਾਰ ਇਸ ਨਿਯਮ ਨੂੰ ਸਖ਼ਤੀ ਨਾਲ ਲਾਗੂ ਕਰਵਾਉਣ ਲਈ ਆਬਕਾਰੀ ਵਿਭਾਗ ਨੂੰ ਹਦਾਇਤ ਦੇ ਦਿੱਤੀ ਹੈ ਤੇ ਇਸ ਬਾਰੇ ਰੋਜ਼ਾਨਾ ਹੀ ਆਬਕਾਰੀ ਇੰਸਪੈਕਟਰਾਂ ਤੋਂ ਰਿਪੋਰਟਾਂ ਲਈਆਂ ਜਾ ਰਹੀਆਂ ਹਨ। ਨਿਯਮ ਮੁਤਾਬਿਕ ਇਨ੍ਹਾਂ ਅਦਾਰਿਆਂ ਵਿੱਚ ਜਦੋਂ ਸ਼ਰਾਬ ਦੀਆਂ ਬੋਤਲਾਂ ਖ਼ਾਲੀ ਹੁੰਦੀਆਂ ਸੀ ਤਾਂ ਪਹਿਲਾਂ ਇਨ੍ਹਾਂ ਬੋਤਲਾਂ ਨੂੰ ਕਬਾੜੀਏ ਲੈ ਜਾਂਦੇ ਸੀ ਤੇ ਇਹ ਬੋਤਲਾਂ ਉਨ੍ਹਾਂ ਲੋਕਾਂ ਦੇ ਹੱਥ ਵੀ ਆ ਜਾਂਦੀਆਂ ਸੀ ਜਿਹੜੇ ਕਿ ਜਾਂ ਦਰਿਆ ਕੰਢੇ ਬਿਨਾਂ ਡਿਗਰੀ ਵਾਲੀ ਸ਼ਰਾਬ ਵੇਚਦੇ ਸਨ ਜਾਂ ਫਿਰ ਇਨ੍ਹਾਂ ਖ਼ਾਲੀ ਬੋਤਲਾਂ ਵਿੱਚ ਨਾਜਾਇਜ਼ ਸ਼ਰਾਬ ਦੁਬਾਰਾ ਭਰ ਦਿੱਤੀ ਜਾਂਦੀ ਸੀ, ਜਿਸ ਕਾਰਨ ਅਜਿਹੇ ਲੋਕਾਂ ਦੇ ਹੱਥ ਖ਼ਾਲੀ ਬੋਤਲਾਂ ਜਾਣ ਤੋਂ ਰੋਕਣ ਲਈ ਹੁਣ ਖ਼ਾਲੀ ਹੁੰਦੀਆਂ ਬੋਤਲਾਂ ਨੂੰ ਤੁੜਵਾਇਆ ਜਾਂਦਾ ਹੈ ਤਾਂ ਕਿ ਇਹ ਬੋਤਲਾਂ ਕਿਸੇ ਵੀ ਕੀਮਤ 'ਤੇ ਬਾਹਰ ਨਾ ਵੇਚੀਆਂ ਜਾਣ। ਆਬਕਾਰੀ ਵਿਭਾਗ ਦੀ ਇਸ ਸਖ਼ਤੀ ਨਾਲ ਫ਼ਾਇਦਾ ਵੀ ਹੋਇਆ ਹੈ। ਜਿਨ੍ਹਾਂ ਥਾਵਾਂ 'ਤੇ ਵਿਆਹ ਜਾਂ ਹੋਰ ਸਮਾਗਮ ਹੁੰਦੇ ਹਨ ਉਥੇ ਹੁਣ ਤਾਂ ਖ਼ਾਲੀ ਬੋਤਲਾਂ ਨੂੰ ਇਕ ਸਟੋਰ ਵਿੱਚ ਰੱਖਿਆ ਜਾਂਦਾ ਹੈ, ਜਿੱਥੇ ਕਿ ਇਨ੍ਹਾਂ ਖ਼ਾਲੀ ਬੋਤਲਾਂ ਦਾ ਰਜਿਸਟਰ ਵਿੱਚ ਰਿਕਾਰਡ ਰੱਖਣਾ ਯਕੀਨੀ ਬਣਾਇਆ ਜਾਂਦਾ ਹੈ ਤੇ ਇਸ ਤਰ੍ਹਾਂ ਮੌਕੇ 'ਤੇ ਆਬਕਾਰੀ ਇੰਸਪੈਕਟਰ ਜਾ ਕੇ ਖ਼ਾਲੀ ਬੋਤਲਾਂ ਨੂੰ ਆਪਣੇ ਸਾਹਮਣੇ ਤੁੜਵਾਉਂਦੇ ਹਨ। ਆਬਕਾਰੀ ਵਿਭਾਗ ਵੱਲੋਂ ਬਕਾਇਦਾ ਅਫ਼ਸਰਾਂ ਨੂੰ ਚਿੱਠੀਆਂ ਕੱਢੀਆਂ ਗਈਆਂ ਹਨ ਕਿ ਕਿਸੇ ਵੀ ਤਰ੍ਹਾਂ ਨਾਲ ਨਾਜਾਇਜ਼ ਸ਼ਰਾਬ ਦਾ ਕੰਮ ਰੋਕਣ ਲਈ ਸਖ਼ਤੀ ਕੀਤੀ ਜਾਵੇ ਤੇ ਦਰਿਆਵਾਂ ਕੋਲ ਨਿਕਲਦੀ ਬਿਨਾਂ ਡਿਗਰੀ ਵਾਲੀ ਸ਼ਰਾਬ ਦੀ ਵਿਕਰੀ ਵੀ ਰੋਕੀ ਜਾਵੇ ਜਿਸ ਕਰਕੇ ਹੁਣ ਆਬਕਾਰੀ ਵਿਭਾਗ ਦੀਆਂ ਟੀਮਾਂ ਲਗਾਤਾਰ ਮੌਕੇ 'ਤੇ ਜਾ ਕੇ ਕਾਰਵਾਈ ਕਰ ਰਹੀਆਂ ਹਨ। ਉੱਧਰ ਆਬਕਾਰੀ ਵਿਭਾਗ ਨੇ ਦੇਸੀ ਸ਼ਰਾਬ ਤੋਂ ਇਲਾਵਾ ਹੋਰ ਅੰਗਰੇਜ਼ੀ ਸਸਤੀ ਸ਼ਰਾਬ ਦੀਆਂ ਕੀਮਤਾਂ 'ਤੇ ਕੰਟਰੋਲ ਕਰਨ ਲਈ ਨਜ਼ਰਾਂ ਰੱਖਣ ਲਈ ਕਿਹਾ ਹੈ ਤਾਂ ਜੋ ਸ਼ਰਾਬ ਦੀ ਕੀਮਤਾਂ ਵਿੱਚ ਕਿਸੇ ਤਰ੍ਹਾਂ ਨਾਲ ਵਾਧਾ ਨਾ ਕੀਤਾ ਜਾ ਸਕੇ। ਸੂਤਰਾਂ ਮੁਤਾਬਿਕ ਜਲੰਧਰ ਵਿੱਚ ਤਾਂ ਸ਼ਰਾਬ ਦੀਆਂ ਕੀਮਤਾਂ ਜ਼ਿਆਦਾ ਨਹੀਂ ਹਨ ਪਰ ਗੁਰਦਾਸਪੁਰ, ਪਠਾਨਕੋਟ ਤੇ ਅੰਮ੍ਰਿਤਸਰ ਵਿੱਚ ਸ਼ਰਾਬ ਕੁਝ ਮਹਿੰਗੀ ਹੈ ਤੇ ਇਸ ਦਾ ਇਕ ਕਾਰਨ ਵੀ ਹੈ ਕਿ ਇਸ ਵਾਰ ਜ਼ਿਆਦਾ ਵਾਧਾ ਕੀਤਾ ਗਿਆ ਹੈ। ਚੇਤੇ ਰਹੇ ਕਿ ਸਰਕਾਰ ਨੂੰ ਇਸ ਸਾਲ ਸ਼ਰਾਬ ਦੇ ਕਾਰੋਬਾਰ ਤੋਂ ਕਰੀਬ 12 ਹਜ਼ਾਰ ਕਰੋੜ ਦਾ ਮਾਲੀਆ ਪ੍ਰਾਪਤ ਹੋਣ ਵਾਲਾ ਹੈ।



## ਸਰਕਾਰ ਖੇਡਾਂ ਰਾਹੀਂ ਨੌਜਵਾਨਾਂ ਦੀ ਊਰਜਾ ਨੂੰ ਉਸਾਰੂ ਰਾਹਾਂ ਵੱਲ ਲੈ ਜਾਣ ਲਈ ਵਚਨਬੱਧ: ਵਿਧਾਇਕ ਕਲਸੀ

ਬਟਾਲਾ, 16 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਖੇਡਾਂ ਨੂੰ ਪ੍ਰਮੋਟ ਕਰਨ ਲਈ ਵਚਨਬੱਧ ਹੈ ਤੇ ਸੂਬੇ ਅੰਦਰ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕੀਤਾ ਜਾ ਰਿਹਾ ਹੈ। ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼ਹਿਰੀ ਤੇ ਪੇਂਡੂ ਖੇਤਰ ਵਿੱਚ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਸਫਲ ਯਤਨ ਕੀਤੇ ਗਏ ਹਨ ਤੇ ਨੌਜਵਾਨਾਂ ਦਾ ਖੇਡਾਂ ਪ੍ਰਤੀ ਉਤਸ਼ਾਹ ਵਧਿਆ ਹੈ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਪਿੰਡਾਂ ਵਿੱਚ ਖੇਡ ਮੈਦਾਨ ਉਸਾਰੇ ਜਾ ਰਹੇ ਹਨ ਤੇ ਹਰੇਕ ਪਿੰਡ ਵਿੱਚ ਅਤਿ-ਆਧੁਨਿਕ ਸਟੇਡੀਅਮ ਬਣਾਉਣ ਲਈ ਸਰਕਾਰ ਦ੍ਰਿੜ੍ਹ ਸੰਕਲਪ ਹੈ। ਉਨ੍ਹਾਂ ਦੁਹਰਾਇਆ ਕਿ ਇਸ ਪਹਿਲਕਦਮੀ ਦਾ ਉਦੇਸ਼ ਪੰਜਾਬ ਨੂੰ ਖੇਡ ਵਿੱਚ ਮੋਹਰੀ ਸੂਬੇ ਵਜੋਂ ਸਥਾਪਤ ਕਰਨਾ ਹੈ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਖੇਡਾਂ ਨੂੰ ਸੁਰਜੀਤ ਕਰਨਾ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਕੇਂਦਰੀ ਥੰਮ੍ਹ ਹੈ। ਇਸ ਦਾ ਉਦੇਸ਼ ਨੌਜਵਾਨਾਂ ਦੀ ਊਰਜਾ ਨੂੰ ਉਸਾਰੂ ਰਾਹਾਂ ਵੱਲ ਲੈ ਜਾਣਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਤੇ ਖਿਡਾਰੀਆਂ ਨੂੰ ਓਲੰਪਿਕ ਵਿੱਚ ਖੇਡਣ ਦੇ ਯੋਗ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ, ਸੂਬੇ ਤੇ ਇਸ ਦੇ ਲੋਕਾਂ ਦੇ ਸਰਵਪੱਖੀ ਵਿਕਾਸ ਪ੍ਰਤੀ ਵਚਨਬੱਧ ਹੈ।



## ਸਰਕਾਰ ਨੇ ਨਹਿਰੀ ਪਾਣੀ ਖੇਤਾਂ ਤੱਕ ਪਹੁੰਚਾਉਣ, ਪਿੰਡਾਂ ਦਾ ਚਹੁੰਪੱਖੀ ਵਿਕਾਸ ਕਰਨ ਸਮੇਤ ਵੱਖ-ਵੱਖ ਵਿਕਾਸ ਕਾਰਜ ਕਰਵਾਏ: ਵਿਧਾਇਕ ਅਮਰਪਾਲ ਸਿੰਘ

ਸ੍ਰੀ ਹਰਗੋਬਿੰਦਪੁਰ ਸਾਹਿਬ (ਬਟਾਲਾ), 16 ਜੂਨ (ਡਾ.ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਖੇਤ-ਖੇਤ ਨਹਿਰੀ ਪਾਣੀ ਪਹੁੰਚਾਉਣ, ਪਿੰਡਾਂ ਦਾ ਸਰਬਪੱਖੀ ਵਿਕਾਸ ਕਰਵਾਉਣ ਸਮੇਤ ਵੱਖ-ਵੱਖ ਵਿਕਾਸ ਕਾਰਜਾਂ ਨੂੰ ਮੁਕੰਮਲ ਕਰਵਾਇਆ ਹੈ ਤੇ ਮਾਨ ਸਰਕਾਰ ਨੇ ਸੂਬਾ ਵਾਸੀਆਂ ਦੀਆਂ ਮੁਸ਼ਕਿਲਾਂ ਦੂਰ ਕੀਤੀਆਂ ਹਨ। ਇਹ ਪ੍ਰਗਟਾਵਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਵੱਲੋਂ ਆਪਣੇ ਦਫਤਰ ਵਿਖੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਗੱਲਬਾਤ ਦੌਰਾਨ ਕੀਤਾ ਗਿਆ। ਇਸ ਮੌਕੇ ਗੱਲ ਕਰਦਿਆਂ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਵਿਕਾਸ ਕਾਰਜ ਕਰਵਾਉਣ ਦੇ ਨਾਲ ਸਮਾਜਿਕ ਬੁਰਾਈ ਨਸ਼ਿਆਂ ਨੂੰ ਖਤਮ ਕਰਨ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਢੀ ਗਈ ਹੈ, ਜਿਸ ਦੀ ਲੋਕਾਂ ਵੱਲੋਂ ਭਰਵੀਂ ਸ਼ਲਾਘਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿਥੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਰੁਖ਼ ਅਪਣਾਇਆ ਗਿਆ ਹੈ, ਉਸਦੇ ਨਾਲ ਨਸ਼ਾ ਪੀੜਤਾਂ ਦਾ ਨਸ਼ਾ ਛੁਡਾਊ ਕੇਂਦਰਾਂ ਵਿੱਥ ਮੁਫ਼ਤ ਇਲਾਜ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੀ ਸਰਕਾਰ ਨਾਲ ਸਹਿਯੋਗ ਕਰਨ ਤੇ ਨਸ਼ਾ ਪੀੜਤਾਂ ਦਾ ਇਲਾਜ ਕਰਵਾਉਣ ਲਈ ਅੱਗੇ ਆਉਣ। ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਕਿਹਾ ਕਿ ਹਲਕੇ ਦਾ ਸਰਬਪੱਖੀ ਵਿਕਾਸ ਕਰਵਾਉਣਾ, ਉਨ੍ਹਾਂ ਦੀ ਪਹਿਲੀ ਤਰਜੀਹ ਹੈ ਤੇ ਲੋਕਾਂ ਤੱਕ ਭਲਾਈ ਸਕੀਮਾਂ ਪੁੱਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਖੁਦ ਲੋਕਾਂ ਤੱਕ ਪਹੁੰਚ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਦੂਰ ਕਰ ਰਹੇ ਹਨ। ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਖੇਡ ਮੈਦਾਨ ਬਣਾਏ ਜਾ ਰਹੇ ਹਨ ਤੇ ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਕਰਵਾਉਣ ਤੋਂ ਇਲਾਵਾ ਵੱਖ-ਵੱਖ ਵਿਕਾਸ ਕਾਰਜ ਪ੍ਰਗਤੀ ਅਧੀਨ ਹਨ।



## ਅਹਿਮਦਾਬਾਦ 'ਚ ਵਾਪਰਿਆ ਜਹਾਜ਼ ਹਾਦਸਾ ਬਹੁਤ ਦੁਖਦਾਈ: ਰਣਜੀਤ ਸਲਾਰੀਆ

ਕਾਹਨੂੰਵਾਨ, 16 ਜੂਨ (ਕੁਲਜੀਤ ਸਿੰਘ ਖੋਖਰ): ਪੁਰਾਣਾ ਸਾਲਾ ਬੀਜੇਪੀ ਦੇ ਸਾਬਕਾ ਮੰਡਲ ਪ੍ਰਧਾਨ ਰਣਜੀਤ ਸਿੰਘ ਸਲਾਰੀਆ ਨੇ ਅਹਿਮਦਾਬਾਦ ਵਿੱਚ ਏਅਰ ਇੰਡੀਆ ਦੇ ਜਹਾਜ਼ ਹਾਦਸੇ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ ਤੇ ਇਸ ਘਟਨਾ ਨੂੰ ਬਹੁਤ ਹੀ ਦੁਖਦਾਈ ਤੇ ਦਰਦਨਾਕ ਦੱਸਿਆ ਹੈ। ਸਲਾਰੀਆ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਮੇਰੀਆਂ ਸੰਵੇਦਨਾਵਾਂ ਸਾਰੇ ਪ੍ਰਭਾਵਿਤ ਪਰਿਵਾਰਾਂ ਨਾਲ ਹਨ। ਸਲਾਰੀਆ ਨੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਪੰਜਾਬ ਇੰਚਾਰਜ ਵਿਜੇ ਰੂਪਾਨੀ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਹੈ ਅਤੇ ਕਿਹਾ ਕਿ ਇਹ ਭਾਜਪਾ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਅੱਗੇ ਉਨ੍ਹਾਂ ਕਿਹਾ ਕਿ ਜਿਨ੍ਹਾਂ ਦੀ ਅਹਿਮਦਾਬਾਦ ਜਹਾਜ਼ ਹਾਦਸੇ ਵਿੱਚ ਮੌਤ ਹੋ ਗਈ ਸੀ। ਅੱਗੇ ਉਨ੍ਹਾਂ ਕਿਹਾ ਕਿ ਪਰਮਾਤਮਾ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਦੇਵੇ ਤੇ ਉਨ੍ਹਾਂ ਦੇ ਪਰਿਵਾਰ ਨੂੰ ਇਸ ਦੁੱਖ ਦੀ ਘੜੀ ਵਿੱਚ ਹਿੰਮਤ ਦੇਵੇ। ਰਣਜੀਤ ਸਲਾਰੀਆ ਨੇ ਕਿਹਾ ਕਿ ਅਹਿਮਦਾਬਾਦ ਵਿੱਚ ਹੋਏ ਇਸ ਹਾਦਸੇ ਸਮੇਂ ਪੰਜਾਬ ਦਾ ਹਰ ਵਾਸੀ ਪੀੜਤਾਂ ਦੇ ਨਾਲ ਹੈ। ਇਹ ਘਟਨਾ ਦਿਲ ਨੂੰ ਦਹਿਲਾ ਦੇਣ ਵਾਲੀ ਹੈ ਅਤੇ ਉਹ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਜੋ ਲੋਕ ਗੰਭੀਰ ਰੂਪ ਵਿੱਚ ਜ਼ਖਮੀ ਹਨ ਉਹ ਜਲਦੀ ਠੀਕ ਹੋ ਕੇ ਘਰ ਵਾਪਸ ਆਉਣ। ਇਹ ਘਟਨਾ ਬਹੁਤ ਵੱਡੀ ਹੈ, ਸਰਕਾਰ ਨੂੰ ਜਲਦੀ ਤੋਂ ਜਲਦੀ ਰਾਹਤ ਪ੍ਰਦਾਨ ਕਰਨੀ ਚਾਹੀਦੀ ਹੈ ਤੇ ਇਸਦੀ ਪੂਰੀ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਅਜਿਹੀ ਘਟਨਾ ਨਾ ਵਾਪਰੇ।



## ਡਿਜੀਟਲ ਕਰੋਪ ਸਰਵੇਅਰਾਂ ਨੇ ਐੱਸ.ਡੀ.ਐੱਮ. ਨੂੰ ਦਿੱਤਾ ਮੰਗ ਪੱਤਰ

### ☛ ਸਾਨੂੰ 4 ਮਹੀਨਿਆਂ ਬਾਅਦ ਵੀ ਨਹੀਂ ਮਿਲਿਆ ਮਿਹਨਤਾਨਾ

ਬੰਗਾ, 16 ਜੂਨ (ਪ੍ਰਭਜੋਤ ਸਿੰਘ): ਡਿਜੀਟਲ ਕਰੋਪ ਸਰਵੇ ਦੌਰਾਨ ਕੰਮ ਕਰਨ 'ਤੇ ਪੇਮੈਂਟ ਨਾ ਮਿਲਣ ਸਬੰਧੀ ਅੱਜ ਸਰਵੇਅਰਾਂ ਨੇ ਐੱਸ.ਡੀ.ਐੱਮ. ਬੰਗਾ ਨੂੰ ਇੱਕ ਮੰਗ ਪੱਤਰ ਸੌਂਪਿਆ। ਐੱਸ.ਡੀ.ਐੱਮ. ਬੰਗਾ ਵਿਪਿਨ ਭੰਡਾਰੀ ਮੌਕੇ 'ਤੇ ਮੌਜੂਦ ਨਾ ਹੋਣ ਕਾਰਨ ਨੌਜਵਾਨਾਂ ਤੋਂ ਇਹ ਮੰਗ ਪੱਤਰ ਸੁਪਰਡੈਂਟ ਬਲਦੇਵ ਸਿੰਘ ਨੇ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਇਹ ਮੰਗ ਪੱਤਰ ਤੁਰੰਤ ਏ.ਡੀ.ਸੀ. ਨਵਾਂਸ਼ਹਿਰ ਨੂੰ ਭੇਜ ਦਿੱਤਾ ਜਾਵੇਗਾ। ਮੰਗ ਪੱਤਰ ਦੇਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਵਿੰਦਰ ਰਾਮ ਪੁੱਤਰ ਰਾਮ ਚੰਦ ਨਿਵਾਸੀ ਬਾਲੋਂ, ਨਵਤੇਜ ਸਿੰਘ ਨਿਵਾਸੀ ਭਰੋਮਜਾਰਾ ਤੇ ਰਵੀ ਕੁਮਾਰ ਨਿਵਾਸੀ ਮੰਡੇਰ ਨੇ ਦੱਸਿਆ ਕਿ ਬੀਤੇ ਸਮੇਂ ਦੌਰਾਨ ਜੋ ਡਿਜੀਟਲ ਕਰੋਪ ਸਰਵੇ ਦਾ ਕੰਮ ਸਰਕਾਰ ਵੱਲੋਂ ਕਰਵਾਇਆ ਗਿਆ ਸੀ। ਉਸ ਸਰਵੇ ਦੌਰਾਨ ਉਨ੍ਹਾਂ ਨੂੰ ਖੇਤਾਂ ਵਿੱਚ ਜਾ ਕੇ ਸਰਵੇ ਕਰਨ ਲਈ ਬਤੌਰ ਪ੍ਰਾਈਵੇਟ ਰੱਖਿਆ ਗਿਆ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਮੋਬਾਈਲ ਫੋਨਾਂ 'ਤੇ ਉਨ੍ਹਾਂ ਦੀ ਵਿਸ਼ੇਸ਼ ਤੌਰ 'ਤੇ ਆਈ.ਡੀ. ਵੀ ਬਣਾਈ ਗਈ। ਇਸ ਕੰਮ ਨੂੰ ਕਰਨ ਲਈ ਉਨ੍ਹਾਂ ਨੇ ਲਗਭਗ 10 ਦਿਨ ਪੂਰੀ ਮਿਹਨਤ ਤੇ ਇਮਾਨਦਾਰੀ ਨਾਲ ਕੰਮ ਕੀਤਾ, ਜਿਸ ਵਿੱਚ ਉਨ੍ਹਾਂ ਨੇ ਇੱਕ ਹਜ਼ਾਰ ਤੋਂ ਲੈ ਕੇ 15 ਸੌ ਤੋਂ ਵੱਧ ਐਂਟਰੀਆਂ ਕੀਤੀਆਂ ਸਨ। ਇਸ ਕੰਮ ਸਬੰਧੀ ਸਾਨੂੰ 10/-ਰੁ. ਪ੍ਰਤੀ ਨੰ: ਖਸਰਾ ਅਦਾਇਗੀ ਹੋਣੀ ਸੀ ਜੋ ਅਜੇ ਤੱਕ ਨਹੀਂ ਹੋਈ ਹੈ। ਉਨ੍ਹਾਂ ਨੌਜਵਾਨਾਂ ਨੇ ਦੱਸਿਆ ਕਿ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਉਹ ਬੇਰੁਜ਼ਗਾਰ ਹਨ। ਬੇਰੁਜ਼ਗਾਰੀ ਦੇ ਚੱਲਦਿਆਂ ਹੀ ਉਨ੍ਹਾਂ ਇਹ ਕੰਮ ਕੀਤਾ ਸੀ। ਇਸ ਸਬੰਧੀ ਏ.ਐੱਸ.ਐੱਮ. ਜੈ ਗੋਪਾਲ ਖੁਰਾਣਾ ਨੂੰ ਕਈ ਵਾਰ ਬੇਨਤੀ ਕੀਤੀ ਪਰ ਹੁਣ ਉਸ ਨੇ ਆਪਣਾ ਫੋਨ ਵੀ ਚੁੱਕਣਾ ਬੰਦ ਕਰ ਦਿੱਤਾ ਹੈ। ਗਰੁੱਪ ਵਿੱਚ ਵੀ ਇਸ ਸਬੰਧੀ ਲਿਖਿਆ ਜਾਂਦਾ ਹੈ ਪਰ ਕੋਈ ਜਵਾਬ ਨਹੀਂ ਦੇ ਰਿਹਾ। ਇਸ ਲਈ ਅਸੀਂ ਪ੍ਰਸ਼ਾਸਨ ਨੂੰ ਬੇਨਤੀ ਕਰਦੇ ਹਾਂ ਕਿ ਸਾਨੂੰ ਸਾਡੇ ਕੀਤੇ ਕੰਮ ਸਬੰਧੀ ਬਣਦੀ ਅਦਾਇਗੀ ਕੀਤੀ ਜਾਵੇ। ਇਸ ਸਬੰਧੀ ਜਦੋਂ ਏ.ਐੱਸ.ਐੱਮ. ਜੈ ਗੋਪਾਲ ਖੁਰਾਣਾ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਇਸ ਮਹੀਨੇ ਇਨ੍ਹਾਂ ਦੇ ਖਾਤਿਆਂ ਵਿੱਚ ਸਿੱਧੇ ਪੈਸੇ ਆ ਜਾਣਗੇ।



## ਵਿਕਾਸ ਕਾਰਜਾਂ ਦੇ ਆਧਾਰ 'ਤੇ ਆਮ ਆਦਮੀ ਪਾਰਟੀ ਵੱਡੀ ਜਿੱਤ ਪ੍ਰਾਪਤ ਕਰੇਗੀ

ਧਾਰੀਵਾਲ, 16 ਜੂਨ (ਅਸ਼ੋਕ ਕੁਮਾਰ): ਵਿਕਾਸ ਕਾਰਜਾਂ ਦੇ ਆਧਾਰ 'ਤੇ ਆਮ ਆਦਮੀ ਪਾਰਟੀ ਵੱਡੀ ਜਿੱਤ ਪ੍ਰਾਪਤ ਕਰੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਗੁਰਦਾਸਪੁਰ ਤੋਂ ਇੰਪਰੂਵਮੈਂਟ ਟਰੱਸਟ ਦੇ ਟਰੱਸਟੀ ਪੀਟਰ ਮੱਟੂ ਨੇ ਸੰਜੀਵ ਅਰੋੜਾ ਦੇ ਹੱਕ ਵਿੱਚ ਚੋਣ ਪ੍ਰਚਾਰ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਸੰਜੀਵ ਅਰੋੜਾ ਬਹੁਤ ਹੀ ਵਧੀਆ ਇਮਾਨਦਾਰ ਇਨਸਾਨ ਹਨ। ਉਨ੍ਹਾਂ ਬਤੌਰ ਐੱਮ.ਪੀ. ਰਹਿ ਕੇ ਆਮ ਲੋਕਾਂ ਦੇ ਬਹੁਤ ਸਾਰੇ ਕੰਮ ਕੀਤੇ ਹਨ। ਪ੍ਰਤੀ ਦਿਨ ਚੋਣ ਪ੍ਰਚਾਰ ਤੇ ਲੋਕਾਂ ਦੇ ਪਿਆਰ ਨੂੰ ਦੇਖਦੇ ਹੋਏ, ਉਨ੍ਹਾਂ ਦਾਅਵਾ ਕੀਤਾ ਹੈ ਕਿ ਲੁਧਿਆਣਾ ਵੈਸਟ ਤੋਂ ਆਮ ਆਦਮੀ ਪਾਰਟੀ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰੇਗੀ। ਟਰੱਸਟੀ ਪੀਟਰ ਮੱਟੂ ਨੇ ਅੱਗੇ ਕਿਹਾ ਕਿ ਸੰਜੀਵ ਅਰੋੜਾ ਵੱਲੋਂ ਐੱਮ.ਐੱਲ.ਏ. ਬਣ ਕੇ ਵਿਧਾਨ ਸਭਾ ਹਲਕਾ ਵੈਸਟ ਲੁਧਿਆਣਾ ਦੇ ਅੰਦਰ ਵਿਕਾਸ ਕਾਰਜਾਂ ਨੂੰ ਹੋਰ ਤੇਜ਼ ਕੀਤਾ ਜਾਵੇਗਾ।



## ਪਿੰਡ ਘੱਸ ਦੇ ਜੋੜ ਮੇਲੇ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ, ਸ਼ਾਮ ਸਮੇਂ ਹੋਣਗੇ ਕਬੱਡੀ ਦੇ ਸ਼ੋਅ ਮੈਚ



ਬਟਾਲਾ, 16 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਬਟਾਲਾ ਤਹਿਸੀਲ ਅਧੀਨ ਆਉਂਦੇ ਪਿੰਡ ਘੱਸ ਵਿਖੇ 12 ਹਾੜ 26 ਜੂਨ ਨੂੰ ਮਨਾਏ ਜਾ ਰਹੇ, ਬਾਬਾ ਦਸੰਧੀ ਸ਼ਾਹ ਦੇ ਜੋੜ ਮੇਲੇ ਸਬੰਧੀ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ। ਮੇਲੇ ਦੇ ਮੁੱਖ ਪ੍ਰਬੰਧਕ ਨਰੇਸ਼ ਜੋਸ਼ੀ ਨੇ ਦੱਸਿਆ ਕਿ ਅੱਜ ਸਾਰੇ ਵਲੰਟੀਅਰਜ਼ ਨਾਲ ਜੋੜ ਮੇਲੇ ਦੀਆਂ ਤਿਆਰੀਆਂ ਸਬੰਧੀ ਸਲਾਹ ਮਸ਼ਵਰਾ ਕੀਤਾ ਗਿਆ। ਇਸ ਮੌਕੇ ਜੋਸ਼ੀ ਨੇ ਜੋੜ ਮੇਲੇ ਵਿੱਚ ਭਰਵਾਂ ਸਹਿਯੋਗ ਕਰਨ ਵਾਲੇ ਮੁਕੇਸ਼ ਕੁਮਾਰ ਆਸਟਰੀਆ, ਅਰੁਣ ਜੋਸ਼ੀ ਕੈਨੇਡਾ, ਰਮਨ ਜੋਸ਼ੀ ਆਸਟ੍ਰੇਲੀਆ, ਜਤਿੰਦਰ ਮੋਹਨ ਅਸਟਰੀਆ, ਬ੍ਰਿਜ ਮੋਹਨ ਅਸਟਰੀਆ, ਕਰਤਾਰ ਸਿੰਘ ਯੂ.ਐੱਸ.ਏ., ਸੂਬੇ. ਬਲਜਿੰਦਰ ਸਿੰਘ, ਸਵ. ਸਰਪੰਚ ਰਵੇਲ ਸਿੰਘ, ਪ੍ਰਧਾਨ ਸੁੱਚਾ ਸਿੰਘ, ਸਾਬਕਾ ਪੰਚ ਅਜਾਇਬ ਸਿੰਘ, ਜਲੰਧਰ ਤੋਂ ਸ੍ਰੀ ਬਾਲ ਕ੍ਰਿਸ਼ਨ ਜੀ ਬਾਲਾ, ਗੁਰਿੰਦਰਜੀਤ ਸਿੰਘ ਹੈਪੀ ਇਟਲੀ, ਜਗਜੀਵਨ ਸਿੰਘ ਜੋਨੀ ਤਰਨ ਤਾਰਨ, ਪ੍ਰਤਾਪ ਸਿੰਘ ਲਾਡੀ ਅਮਰੀਕਾ ਵਾਲਿਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਤੇ ਨਾਲ ਹੀ ਕਿਹਾ ਕਿ ਅਜੇ ਹੋਰ ਵੀ ਬਹੁਤ ਸਾਰੇ ਸਹਿਯੋਗੀ ਸੱਜਣ ਹਨ, ਜਿਹੜੇ ਬਾਬਾ ਜੀ ਦੇ ਜੋੜ ਮੇਲੇ ਵਿੱਚ ਵੱਧ ਚੜ੍ਹ ਕੇ, ਤਨ ਮਨ ਧਨ ਨਾਲ ਸੇਵਾ ਕਰਦੇ ਆ ਰਹੇ ਹਨ। ਕਰਤਾਰ ਸਿੰਘ ਯੂ.ਐੱਸ.ਏ. ਵਾਲੇ ਨੇ ਡਾ. ਜੱਸਾ ਸਿੰਘ ਨੂੰ ਕਬੱਡੀ ਦੇ ਸ਼ੋਅ ਮੈਚ ਸਬੰਧੀ ਕੁਝ ਨਿਰਦੇਸ਼ ਦਿੱਤੇ ਤੇ ਕਿਸੇ ਕਿਸਮ ਦੀ ਕੋਈ ਕਮੀ ਪੇਸ਼ੀ ਨਾ ਰਹਿ ਜਾਣ ਬਾਰੇ ਵਿਉਂਤਬੰਦੀ ਕੀਤੀ। ਇਸ ਮੌਕੇ ਸਰਪੰਚ ਸਾਹਿਬ ਸਿੰਘ ਬਸਰਾ, ਬਾਬਾ ਵਰਿੰਦਰ ਸਿੰਘ ਖ਼ਾਲਸਾ, ਵਿਜੇ ਕੁਮਾਰ ਜੋਸ਼ੀ, ਜਸਵਿੰਦਰ ਸਿੰਘ ਘੱਸ, ਸਰਪੰਚ ਪ੍ਰੇਮ ਸਿੰਘ, ਕੁਲਵੰਤ ਸਿੰਘ, ਗੁਰਮੀਤ ਸਿੰਘ ਹੋਰ ਵੀ ਬਹੁਤ ਸਾਰੇ ਸਹਿਯੋਗੀ ਸੱਜਣ ਹਾਜ਼ਰ ਸਨ।

## ਪਿੰਡੀਆਂ ਸੈਦਾਂ 'ਚ ਗੁੱਜਰ ਭਾਈਚਾਰੇ ਦੇ 7 ਪਸ਼ੂਆਂ ਦੀ ਮੌਤ

ਡੇਰਾ ਬਾਬਾ ਨਾਨਕ, 16 ਜੂਨ (ਹੈਪੀ ਕੋਟਲੀ): ਸਰਹੱਦੀ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਪਿੰਡੀਆਂ ਸੈਦਾਂ ਨਜ਼ਦੀਕ ਡੇਰਾ ਲਗਾ ਕੇ ਬੈਠੇ ਗੁੱਜਰ ਬਰਾਦਰੀ ਦੇ 7 ਪਸ਼ੂਆਂ ਦੀ ਭੇਤਭਰੀ ਹਾਲਤ 'ਚ ਮੌਤ ਹੋਣ ਦੀ ਦੁਖਦਾਈ ਖਬਰ ਸਾਹਮਣੇ ਆਈ ਹੈ। ਇਸ ਦੌਰਾਨ ਗੁੱਜਰਾਂ ਦਾ ਵੱਡਾ ਨੁਕਸਾਨ ਹੋਇਆ ਹੈ। ਬਰਾਦਰੀ ਵੱਲੋਂ ਸਰਕਾਰ ਤੇ ਪ੍ਰਸ਼ਾਸਨ ਕੋਲੋਂ ਮਾਲੀ ਮਦਦ ਦੀ ਮੰਗ ਕੀਤੀ ਗਈ ਹੈ। ਗੁੱਜਰ ਬਰਾਦਰੀ ਦੇ ਆਲਮ ਨੇ ਦੱਸਿਆ ਕਿ 25-30 ਪਸ਼ੂ ਚਰਾਉਣ ਵਾਸਤੇ ਖੜ੍ਹੇ ਸੀ, ਜਦੋਂ ਵਾਪਸ ਆ ਰਹੇ ਸੀ ਤਾਂ ਵੇਖਦਿਆਂ ਹੀ ਵੇਖਦਿਆਂ ਪਸ਼ੂ ਸੜਕ 'ਤੇ ਡਿੱਗਦੇ ਗਏ ਤੇ ਮਰ ਗਏ। ਇਸ ਦੌਰਾਨ ਰਾਹਗੀਰ ਵੱਲੋਂ ਸਰਕਾਰੀ ਪਸ਼ੂ ਹਸਪਤਾਲ ਦੇ ਡਾਕਟਰਾਂ ਨੂੰ ਇਤਲਾਅ ਦਿੱਤੀ ਤਾਂ ਡਾਕਟਰਾਂ ਨੇ ਤੁਰੰਤ ਪਹੁੰਚ ਕੇ ਬਾਕੀ ਡੰਗਰਾਂ ਨੂੰ ਮੁੱਢਲੀ ਸਹਾਇਤਾ ਦੇ ਕੇ ਬਚਾਅ ਲਿਆ। ਇਸ ਸਬੰਧੀ ਗੁੱਜਰ ਬਰਾਦਰੀ ਦੇ ਆਲਮ, ਸ਼ਮੂ ਤੇ ਡਾ. ਚੇਤਨ ਬਹਿਲ ਨੇ ਗੱਲਬਾਤ ਦੌਰਾਨ ਦੱਸਿਆ।



## 19 ਨੂੰ ਮਾਤਾ ਸ਼ੀਤਲਾ ਮੰਦਰ ਵਿਖੇ ਸਵੈ-ਇੱਛਤ ਖ਼ੂਨਦਾਨ ਕੈਂਪ ਲਗਾਇਆ ਜਾਵੇਗਾ

ਗੜ੍ਹਸ਼ੰਕਰ, 16 ਜੂਨ (ਅਜਮੇਰ ਸਿੰਘ ਭਨੋਟ): ਵਾਇਸ ਆਫ਼ ਦ ਪੀਪਲ ਤੇ ਬਲੱਡ ਡੋਨਰਜ਼ ਕਲੱਬ ਇਲਾਕਾ ਬੀਟ (ਪੰਜਾਬ ਤੇ ਹਿਮਾਚਲ) ਵੱਲੋਂ ਪੀਜੀਆਈ. ਦੇ ਸਹਿਯੋਗ ਨਾਲ 19 ਜੂਨ ਵੀਰਵਾਰ ਨੂੰ ਸਵੇਰੇ 9:30 ਵਜੇ ਤੋਂ ਦੁਪਹਿਰ 2:00 ਵਜੇ ਤੱਕ ਮਾਤਾ ਸ਼ੀਤਲਾ ਮੰਦਰ ਅੱਡਾ ਝੁੰਗੀਆਂ (ਇਲਾਕਾ ਬੀਤ) ਵਿਖੇ ਸਵੈ-ਇੱਛਤ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਅਜਾਇਬ ਸਿੰਘ ਬੋਪਾਰਾਏ ਤੇ ਰਾਕੇਸ਼ ਪ੍ਰਜਾਪਤੀ ਨੇ ਦਿੱਤੀ। ਉਨ੍ਹਾਂ ਕਿਹਾ ਕਿ ਇੱਕ ਵਿਅਕਤੀ ਦੁਆਰਾ ਦਾਨ ਕੀਤਾ ਗਿਆ ਖ਼ੂਨ ਤਿੰਨ ਲੋਕਾਂ ਦੀ ਜਾਨ ਬਚਾਅ ਸਕਦਾ ਹੈ। ਇਸ ਸਮੇਂ ਪੀ.ਜੀ.ਆਈ. ਵਿੱਚ ਮਰੀਜ਼ਾਂ ਦੀ ਗਿਣਤੀ ਨੂੰ ਦੇਖਦੇ ਹੋਏ ਖ਼ੂਨ ਦੀ ਭਾਰੀ ਘਾਟ ਹੈ। ਇਸ ਲਈ ਅਸੀਂ ਸਾਰਿਆਂ ਨੂੰ 19 ਜੂਨ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਖ਼ੂਨਦਾਨ ਕਰਨ ਦੀ ਬੇਨਤੀ ਕਰਦੇ ਹਾਂ। ਇਸ ਲਈ ਸਾਰਿਆਂ ਨੂੰ ਮੈਂ 19 ਜੂਨ ਨੂੰ ਖ਼ੂਨਦਾਨ ਕਰਨ ਜਾ ਰਿਹਾ ਹਾਂ। ਮੈਨੂੰ ਉਮੀਦ ਹੈ ਕਿ ਤੁਸੀਂ ਵੀ ਇਸ ਖ਼ੂਨਦਾਨ ਮੁਹਿੰਮ ਦਾ ਹਿੱਸਾ ਬਣੋਗੇ। ਇਸ ਨਾਅਰੇ ਨਾਲ ਖ਼ੂਨਦਾਨ ਮੁਹਿੰਮ ਚਲਾਉਣ ਦੀ ਬੇਨਤੀ ਕੀਤੀ ਜਾਂਦੀ ਹੈ ਤਾਂ ਜੋ ਵੱਧ ਤੋਂ ਵੱਧ ਲੋਕ ਖ਼ੂਨ ਦਾਨ ਕਰਨ ਲਈ ਲੋਕ ਅੱਗੇ ਆਉਣ। ਕੈਂਪ ਵਿੱਚ ਪੀ.ਜੀ.ਆਈ. ਦੀ ਇੱਕ ਵਿਸ਼ੇਸ਼ ਟੀਮ ਖ਼ੂਨ ਇਕੱਠਾ ਕਰਨ ਲਈ ਕੈਂਪ ਵਿੱਚ ਪਹੁੰਚ ਰਹੀ ਹੈ।



## ਅੱਜ ਬਿਜਲੀ ਬੰਦ ਰਹੇਗੀ

ਬਟਾਲਾ, 16 ਜੂਨ (ਬਲਵਿੰਦਰ ਸਿੰਘ ਪੰਜਗਰਾਈਂ): 66 ਕੇ.ਵੀ. ਸਬ ਸਟੇਸ਼ਨ ਪੰਜਗਰਾਈਆਂ ਦੀ ਬਿਜਲੀ ਦੀ ਸਪਲਾਈ ਅੱਜ ਬੰਦ ਰਹੇਗੀ। ਜਾਣਕਾਰੀ ਦਿੰਦੇ ਹੋਏ ਪੰਜਗਰਾਈਆਂ ਦੇ ਉਪ-ਮੰਡਲ ਅਫਸਰ ਸੁਤੰਤਰ ਕੁਮਾਰ ਨੇ ਦੱਸਿਆ ਕਿ ਬਿਜਲੀ ਘਰ ਦੇ ਅੰਦਰ ਜ਼ਰੂਰੀ ਮੈਨਟੀਨੈਂਸ ਕਰਨ ਲਈ ਪੰਜਗਰਾਈਆਂ ਤੇ ਥਰੀਏਵਾਲ ਫੀਡਰਾਂ ਤੋਂ ਚੱਲਦੇ ਸਾਰੇ ਪਿੰਡਾਂ ਦੀ (ਅਰਬਨ ਏਰੀਆਜ਼) ਘਰਾਂ ਵਾਲੀ ਬਿਜਲੀ ਦੀ ਸਪਲਾਈ ਸਵੇਰੇ 9 ਵਜੇ ਤੋਂ ਸ਼ਾਮ 3 ਵਜੇ ਤੱਕ ਬੰਦ ਰਹੇਗੀ। ਉਨ੍ਹਾਂ ਦੱਸਿਆ ਕਿ ਮੋਟਰਾਂ ਵਾਲੀ (ਏ.ਪੀ.) ਸਪਲਾਈ ਪਹਿਲਾਂ ਦੀ ਤਰ੍ਹਾਂ ਸ਼ਡਿਊਲ ਅਨੁਸਾਰ ਚੱਲਦੀ ਰਹੇਗੀ। ਇਹ ਅਗਾਊਂ ਸੂਚਨਾ ਇਸ ਲਈ ਦਿੱਤੀ ਜਾ ਰਹੀ ਹੈ ਤਾਂ ਕਿ ਸਾਡੇ ਕਿਸੇ ਖਪਤਕਾਰ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

## ਰਾਸ਼ਨ ਕਾਰਡ ਲਾਭਪਾਤਰੀ 30 ਜੂਨ ਤੋਂ ਪਹਿਲਾਂ ਈ-ਕੇ.ਵਾਈ.ਸੀ. ਕਰਵਾਉਣ: ਮੀਨੂੰ ਸ਼ਰਮਾ

ਚੌਂਕ ਮਹਿਤਾ, 16 ਜੂਨ (ਬਲਜਿੰਦਰ ਸਿੰਘ ਰੰਧਾਵਾ): ਹਲਕਾ ਜੰਡਿਆਲਾ ਗੁਰੂ ਦੇ ਅਧੀਨ ਪੈਂਦੇ ਬਲਾਕ ਰਈਆ ਦੇ ਹੈੱਡ ਆਫਿਸ ਵਿਖੇ ਜ਼ਿਲ੍ਹਾ ਫੂਡ ਸਪਲਾਈ ਵਿਭਾਗ ਦੇ ਡੀ.ਐੱਫ.ਐੱਸ.ਓ. ਮੀਨੂੰ ਸ਼ਰਮਾ ਦੀ ਅਗਵਾਈ ਹੇਠ ਇਕ ਅਹਿਮ ਮੀਟਿੰਗ ਹੋਈ। ਇਸ ਦੌਰਾਨ ਉਨ੍ਹਾਂ ਨਾਲ ਡੀ.ਐੱਫ.ਐੱਸ.ਓ. ਅਮਰਜੀਤ ਸਿੰਘ ਸੰਧੂ ਤੇ ਫੂਡ ਸਪਲਾਈ ਇੰਸਪੈਕਟਰ ਜਗਜੀਤ ਸਿੰਘ ਸੰਧੂ ਵੀ ਮੌਜੂਦ ਸਨ। ਇਸ ਮੀਟਿੰਗ ਦੌਰਾਨ ਮੀਨੂੰ ਸ਼ਰਮਾ ਨੇ ਕਿਹਾ ਕਿ ਖੁਰਾਕ ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਰਾਸ਼ਨ ਕਾਰਡ ਧਾਰਕਾਂ ਲਈ ਈ-ਕੇ.ਵਾਈ.ਸੀ. ਕਰਵਾਉਣਾ ਲਾਜ਼ਮੀ ਹੈ। ਭਾਰਤ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਤਹਿਤ ਪੰਜਾਬ ਸਰਕਾਰ ਨੇ ਈ-ਕੇ.ਵਾਈ.ਸੀ. ਲਈ ਆਖਰੀ ਤਰੀਕ 30 ਜੂਨ ਨਿਰਧਾਰਿਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਖਪਤਕਾਰਾਂ, ਲਾਭਪਾਤਰੀਆਂ ਨੇ ਅਜੇ ਤੱਕ ਆਪਣਾ ਈ-ਕੇ.ਵਾਈ.ਸੀ. ਨਹੀਂ ਕਰਵਾਇਆ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੇ ਡੀਪੂ ਹੋਲਡਰ ਕੋਲ ਜਾ ਕੇ 30 ਜੂਨ ਤੋਂ ਪਹਿਲਾਂ ਤੁਰੰਤ ਆਪਣਾ ਈ-ਕੇ.ਵਾਈ.ਸੀ. ਕਰਵਾਉਣ।



## ਰੌਜ਼ਾ ਪੰਜ ਪੀਰ ਪਿੰਡ ਬਘੌਰਾਂ ਦਾ ਸਾਲਾਨਾ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ

### ☛ ਗਾਇਕ ਸੁਰਿੰਦਰ ਮਾਨ ਤੇ ਕਰਮਜੀਤ ਕੰਮੋ ਨੇ ਖ਼ੂਬ ਰੰਗ ਬੰਨ੍ਹਿਆ

ਨਵਾਂਸ਼ਹਿਰ, 16 ਜੂਨ (ਸੁਖਦੇਵ ਸਿੰਘ ਉੜਾਪੜ): ਰੌਜ਼ਾ ਪੰਜ ਪੀਰ ਪਿੰਡ ਬਘੌਰਾਂ ਦਾ ਸਾਲਾਨਾ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋਇਆ। ਜਾਣਕਾਰੀ ਦਿੰਦੇ ਹੋਏ ਮੁੱਖ ਸੇਵਾਦਾਰ ਸਟੇਟ ਐਵਾਰਡੀ ਹੈੱਡ ਮਾਸਟਰ ਪਰਵਿੰਦਰ ਸਿੰਘ ਭੰਗਲ ਨੇ ਦੱਸਿਆ ਕਿ ਪ੍ਰਬੰਧਕ ਕਮੇਟੀ ਰੌਜ਼ਾ ਪੰਜ ਪੀਰ ਤੇ ਐੱਨ.ਆਰ.ਆਈ. ਵੀਰਾਂ ਤੇ ਗ੍ਰਾਮ ਪੰਚਾਇਤ ਪਿੰਡ ਬਘੌਰਾਂ ਵੱਲੋਂ ਕਰਵਾਏ ਸਾਲਾਨਾ ਮੇਲੇ ਦੇ ਪਹਿਲੇ ਦਿਨ ਝੰਡੇ ਦੀ ਰਸਮ, ਚਿਰਾਗ ਦੀ ਰਸਮ, ਉਪਰੰਤ ਪ੍ਰੇਮ ਕੁਮਾਰ ਪਨਾਮ ਵਾਲਿਆਂ ਨੇ ਕੱਵਾਲੀਆਂ ਪੇਸ਼ ਕੀਤੀਆਂ ਤੇ ਰਾਤ ਨੂੰ ਬਿੱਲਾ ਐਂਡ ਪਾਰਟੀ ਬੱਢੋਆਣਾ ਹੁਸ਼ਿਆਰਪੁਰ ਵਾਲਿਆਂ ਨੇ ਨਕਲਾਂ ਪੇਸ਼ ਕੀਤੀਆਂ। ਹੈੱਡ ਮਾਸਟਰ ਪਰਵਿੰਦਰ ਸਿੰਘ ਨੇ ਦੱਸਿਆ ਕਿ ਮੇਲੇ ਦੇ ਦੂਸਰੇ ਦਿਨ ਵੱਖ-ਵੱਖ ਕਲਾਕਾਰਾਂ ਤੋਂ ਇਲਾਵਾ ਸੁਰਿੰਦਰ ਮਾਨ ਤੇ ਕਰਮਜੀਤ ਕੰਮੋ ਨੇ ਆਪਣਾ ਪ੍ਰੋਗਰਾਮ ਪੇਸ਼ ਕਰਕੇ ਖ਼ੂਬ ਰੰਗ ਬੰਨ੍ਹਿਆ ਤੇ ਸੰਗਤਾਂ ਨੂੰ ਜੋੜੀ ਰੱਖਿਆ। ਇਸੇ ਤਰ੍ਹਾਂ ਰਾਤ ਨੂੰ ਇਸ਼ੂ ਨਕਾਲ ਮਿਊਜ਼ੀਕਲ ਗਰੁੱਪ ਨੇ ਆਪਣਾ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਮੁੱਖ ਸੇਵਾਦਾਰ ਸਟੇਟ ਐਵਾਰਡੀ ਮਾਸਟਰ ਪਰਵਿੰਦਰ ਸਿੰਘ ਭੰਗਲ ਨੇ ਸਮੂਹ ਸੰਗਤਾਂ ਨੂੰ ਮੇਲੇ ਦੀ ਵਧਾਈ ਦਿੱਤੀ ਤੇ ਐੱਨ.ਆਰ.ਆਈ. ਵੀਰਾਂ ਦੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਦੌਰਾਨ ਮੁੱਖ ਮਹਿਮਾਨ ਥਾਣਾ ਸਦਰ ਦੇ ਏ.ਐੱਸ.ਆਈ. ਜਸਵਿੰਦਰ ਕੁਮਾਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਵੱਖ-ਵੱਖ ਸ਼ਖਸੀਅਤਾਂ ਦਾਨੀ ਸੱਜਣਾਂ ਦਾ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਪਿੰਡ ਦੇ ਪੰਜਵੀਂ, ਅੱਠਵੀਂ, ਦਸਵੀਂ ਤੇ ਬਾਰ੍ਹਵੀਂ 'ਚ ਮੈਰਿਟ 'ਚ ਆਏ ਵਿਦਿਆਰਥੀਆਂ ਦਾ ਸਨਮਾਨ ਵੀ ਕੀਤਾ ਗਿਆ। ਮਾ. ਪਰਵਿੰਦਰ ਸਿੰਘ ਨੇ ਦੱਸਿਆ ਕਿ ਅਗਲੇ ਸਾਲ ਮੈਰਿਟ 'ਚ ਆਏ ਪਿੰਡ ਦੇ ਵਿਦਿਆਰਥੀਆਂ ਨੂੰ ਪਰਿਵਾਰ ਵੱਲੋਂ ਸੋਨੇ ਦੇ ਸਿੱਕਿਆਂ ਨਾਲ ਸਨਮਾਨਤ ਕੀਤਾ ਜਾਵੇਗਾ। ਭਾਰੀ ਗਰਮੀ ਦੇ ਬਾਵਜੂਦ ਵੀ ਸੰਗਤਾਂ ਦਾ ਠਾਠਾ ਮਾਰਦਾ ਇਕੱਠ ਨਜ਼ਰ ਆਇਆ। ਇਸ ਮੌਕੇ ਠੰਡੇ-ਮਿੱਠੇ ਜਲ ਦੀ ਛਬੀਲ ਤੋਂ ਇਲਾਵਾ ਚਾਹ ਪਕੌੜਿਆਂ ਤੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਮੁੱਖ ਮਹਿਮਾਨ ਡਾ. ਪਰਮਜੀਤ ਸਿੰਘ, ਨਿਰਮਲ ਚੰਦਰ ਸ਼ਾਰਧਾ ਫੁੱਟਬਾਲ ਕੋਚ, ਬੁੱਧ ਸਿੰਘ ਪਹਿਲਵਾਨ, ਜਸਪ੍ਰੀਤ ਸਿੰਘ ਮਾਨ, ਮਨੋਜ ਪੁਰਤਗਾਲ, ਗਗਨੀ ਦੁਬਈ, ਜਸਵੰਤ ਰਾਏ ਤੇ ਸੋਨੀਆ ਰਾਏ ਅਮਰੀਕਾ ਵਾਲੇ, ਮਹੇਸ਼ ਕੁਮਾਰ ਸ਼ਾਰਧਾ, ਗੁਰਸ਼ਿੰਦਰ ਮਾਨ, ਗੁਰਵਿੰਦਰ ਕੈਨੇਡਾ, ਅਵਿਨਾਸ਼ ਬਾਲੀ ਇਟਲੀ, ਏ.ਐੱਸ.ਆਈ. ਜਸਵਿੰਦਰ ਕੁਮਾਰ, ਮਨਪ੍ਰੀਤ ਮਹਾਲੋਂ, ਜੋਗਾ ਸਿੰਘ ਜੀਂਦੋਵਾਲ, ਹਨੀ ਰੱਤੂ, ਸੰਜੂ, ਅਜੀ, ਅਜੀਤ ਸ਼ਾਰਧਾ, ਵਿਨੇ, ਰਵੀ, ਜਸਕਰਨ ਜੱਸਾ, ਲੱਬੀ, ਹਰਜੋਤ, ਰਾਹੁਲ, ਸੁੱਖਾ ਆਦਿ ਹਾਜ਼ਰ ਸਨ।



# ਸਿਰਲੇਖਵਾਰ ਇਸ਼ਤਿਹਾਰ/Classified Advertisements

(U/o 5 Rule 20 CPC)
**In the Court of Sh. Rajinder Singh Teji Additional civil Judge Senior Division-1, Ferozepur**
CNR No. PBFZ02-002304-2020
Next Date:05.07.2025
EXE/183/2020
Canara Bank
Versus
Gurbachan Singh
Notice to : Gurbachan Singh Father:- Baghel Singh Village Kale Ke Hithar, Tehsil and Distt. Ferozepur
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **05.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 12-06-2025
**Sd/- Additional civil Judge Senior Division-1, Ferozepur**

(U/o 5 Rule 20 CPC)
**In the Court of Sh. Arun Gupta Additional Civil Judge (Senior Division), Jalalabad**
CNR No. PBFZB0-000689-2025
Next Date:-08-07-2025
Nishu Bala
Versus
General Public
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **08.07.2025** at 10:00 A.M.
For details logon to https://highcourtchd.gov.in/?mod=district_notice&district=fazilkacourt
Dated this day of 05-06-2025
**Sd/- Additional Civil Judge (Senior Division), Jalalabad**

**In the Court of Sh. Akbar Khan Sub Divisional Judicial Magistrate Guruharsahai**
CNR No. PBFZD1-000760-2023
Next Date: 24.07.2025
Sheelo
Versus
Chhinder @ Chhnda Singh
Notice to: Chhinder @ Chhnda Singh Father:- resham Singh Village Kutubabgarh Batta Tehsil Gurusharsahai Distt. Ferozepur
In above titled case the accused could not be served. It is ordered that accused should appear in person or through counsel on 24.07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 13-06-2025
**Sd/- Sub Divisional Judicial Magistrate Guruharsahai**

(U/o 5 Rule 20 CPC)
**In the Court of sh. Rajinder Singh Teji Additional civil Judge Senior Division-1, Ferozepur**
CNR No. PBFZ02-001186-2024
Next Date: 09.07.2025
Exe/341/2024
The Ferozepur Cantt. Primary Co-Operative Agriculture Development Bank ltd.
Versus
Amarjeet Singh
Notice to: Amarjeet Singh Father:- Ajaib Singh Vill. Arif KE, Teh and Distt. Ferozepur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **09.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 12-06-2025
**Sd/- Additional Civil Judge Senior Division-1, Ferozepur**

(U/o 5 Rule 20 CPC)
**In the Court of Sh. Rajinder Singh Teji Additional civil Judge Senior Division-2, Ferozepur**
CNR NO. PBFZ02-001909-2024
Next Date: 02.07.2025
CS/1102/2024
Balwinder Singh
Versus
Balkar Singh
Notice to: 1. Balkar Singh Father:- Bagha Singh 2. Pippal Singh S/o Bagha Singh 3. Gurmej Singh S/o Bagha Singh 4. Buta Singh S/o Mohinder Singh S/o Bagha Singh 5. Sukha Singh S/o panju Singh S/o bagha Singh All R/o V.Mamdot Hithar(Sahan ke), tehsil and district Ferozepur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **02.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 12-06-2025
**Sd/- Additional Civil Judge Senio Division-2, Ferozepur**

(U/o 5 Rule 20 CPC)
**In the Court of Sh. Divanshu Aggarwal civil Judge Junior Division-13, Patiala**
CNR No. PBPT02-003020-2022
Next Date: 09.07.2025
State Bank of India
Versus
Gurpreet Singh
Notice to:Ranvir Singh:- Son of Sukhwinder Singh Resident of House No. 21, Street No. 1 Professor Colony, Opposite Punjabi University, Patiala (Guarantor)
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **09.07.2025** at 10:00 A.M.
For details logon to https://highcourtchd.gov.in/?mod=district_notice&district=patiala
Dated, this day of 13-06-2025
**Sd/- civil Judge Junior Division-13, Patiala**

(U/o 5 Rule 20 CPC)
**In the Court of Sh. Rajdeep Singh Mann civil Judge (Junior Division) Khadoor Sahib**
**Next Date, Purpose of Case, Orders and Judgments as well as other case information is available on http://districts.ecourts.gov.in**
CNR No. PBTTB0-000114-2021
Next Date: 02.07.2025
Hardeep Singh S/o Sakattar Singh
Versus
Sawinder Singh S/o Gurdit Singh
Notice to:Gurdit Singh Father::- Banta Singh Died Through Lrs; (1) Sawinder Singh S/O Gurdit Singh (II) Pargat Singh S/O Gurdit Singh (Iv) Balwinder Kaur D/O Gurdit Singh W/O Gian Singh R/O Vill Khojkipur Tehkhadur Sahib Distt Tarn Taran Vill Takhtuchak Teh Khadur Sahib, Punjab
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **02.07.2025** at 10:00 A.M.
For details logon to https://highcourtchd.gov.in/?trs=district_notice&district=Tarn Taran
Dated, this day of 07-06-2025
**Sd/- civil Judge (Junior Division) Khadoor Sahib**

(U/o 5 Rule 20 CPC)
**In the Court of Sh. Muneesh Arora Additional District and Sessions Judge-2, Moga**
CNR No. PBMO01-003097-2023
Next Date: 17.07.2025
Lal Singh
Versus
Balwinder Singh
Notice to: 1.Charanjit Kaur Wie Of Balwinder Singh Son Of Lal Singh R/O Muhalla Gilla Da, Ward No. 3, Dharamkot Distt. Moga 2. Sukhjinder Kaur D/O Balwinder Singh Now Wife Of Kuljinder Singh R/O F16/852/22, Gali No. 7, Majithia Road, Sardar Avenue Amritsar-R, Distt. Amritsar 3. Gurmeet Singh Son Of Balwinder Singh Son Of Lal R/O Muhalla Gilla Da, Ward No. 3, Dharamkot Distt. Moga 4.Paramjit Kaur D/O Lal Singh Now Wife Of Balwant Singh B-& Police Colony Bhajanpura North East Delhi 5. Ajmer Singh Son Of Lal Singh Son Of Jeon Singh R/O Wuarter No. 5, Cantonment General Hospital Ferozepur Cantt. 6. Harmeet Kaur D/O Lal Singh Now Wife Of Jaspal Singh R/O House No. O. 9-A, Club Road Sadar Thana Ludhiana 7. Jasmail Singh Son Of Lal Singh Son Of Jeon Singh R/O Pandori Gate Dharamkot Tehsl Dharamkot Distt. Moga
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **17.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 06-06-2025
**Sd/- Additional District and Sessions Judge-2, Moga**

(U/o 5 Rule 20 CPC)
**In the Court of Ms. Radhika Likhi Civil Judge Junior Division-4, Ferozepur**
CNR No. PBFZ02-004892-2023
Next Date: 10.07.2025
Police Station/FIR No. Phillaur/0
Amit Sharma
Versus
M/s J.K Industries
Execution Application
Notice to: 1.M/S J.K. Industries - Noor Sumand Road, Mandi Ladhuka, District Fazilka through its Partners Sh Mukesh Kumar Dhall S/O Karam Chand, Sh Rakesh Kumar and Sh Jai Pal., PUNJAB 2. Mukesh Kumar Dhall S/o Karam Chand, Commision Agent, Firm M/s Kissan Commision Agent, Old Grain Market, Mandi Ladhuka, District Fazilka (Partner of M/s J.K Industries) 3. Rakesh Kumar, Commission Agent, Firm M/s Shobha Sewa Centre, Old Grain Market, Mandi Ladhuka, District Fazilka (Partner of M/s J.k Industries)4. Jai Pal, Commission Agent, Firm Ram kishan kasturi Lal, Old Grain Market, mandi ladhunka, District Fazilka (Partner of M/s J.k Industries)
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **10.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 13-06-2025
**Sd/- Civil Judge Junior Division-4, Ferozepur**

**ਬਾ-ਅਦਾਲਤ ਮਾਨਯੋਗ ਸਹਾਇਕ ਕੁਲੈਕਟਰ ਦਰਜਾ ਦੂਜਾ-ਕਮ-ਤਹਿਸੀਲਦਾਰ, ਦੁੱਧਨ ਸਾਧਾਂ, ਜ਼ਿਲ੍ਹਾ ਪਟਿਆਲਾ।**
[illegible] 5. [illegible] ਸ੍ਰੀ ਭਾਗ ਸਿੰਘ 6. ਲੇਟ ਸ੍ਰੀ ਕਲਗਾ ਸਿੰਘ ਪੁੱਤਰ ਸ੍ਰੀ ਬਖਸ਼ੀਸ ਸਿੰਘ ਪੁੱਤਰ ਸ੍ਰੀ ਭਾਗ ਸਿੰਘ ਰਾਹੀਂ ਵਾਰਸ 7 ਗਾਮਨ ਸਿੰਘ ਪੁੱਤਰ ਲੇਟ ਸ੍ਰੀ ਕਲਗਾ ਸਿੰਘ ਪੁੱਤਰ ਸ੍ਰੀ ਬਖਸ਼ੀਸ ਸਿੰਘ ਵਾਸੀਆਨ ਪਿੰਡ ਫਰੀਦਪੁਰ ਤਹਿਸੀਲ ਦੁੱਧਨ ਸਾਧਾਂ, ਜਿਲ੍ਹਾ ਪਟਿਆਲਾ।
ਅੱਜ ਮਿਤੀ 09.06.2025 ਨੂੰ ਮੇਰੇ ਦਸਤਖਤਾਂ ਅਤੇ ਅਦਾਲਤ ਦੀ ਮੋਹਰ ਹੇਠ ਜਾਰੀ ਹੋਇਆ।
**ਸਹੀ/- ਸਹਾਇਕ ਕੁਲੈਕਟਰ ਦਰਜਾ ਦੂਜਾ ਕਮ ਤਹਿਸੀਲਦਾਰ, ਦੁੱਧਨ ਸਾਧਾਂ।**

## Change of Name

I, Vinay Kumar Aadia S/o Chaman Lal, H.No-517, Bhagat Nagar, Hoshiarpur have changed my name from Vinay Kumar Aadia to Vinay Kumar. Concerned Note.

**ਬਾ ਅਦਾਲਤ ਮਾਨਯੋਗ ਸ੍ਰੀ ਗੁਰਦੇਵ ਸਿੰਘ ਧੰਮ ਪੀ.ਸੀ.ਐਸ. ਉਪ ਮੰਡਲ ਮੈਜਿਸਟ੍ਰੇਟ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਪਟਿਆਲਾ।**
ਕੇਸ ਨੰਬਰ : 67 / ਖਾਨਗੀ ਕੇਸ ਕਿਸਮ : ਖਾਨਗੀ ਇਤਕਾਲ
ਪਿੰਡ : ਬਿਸਨਪੁਰ ਛੰਨਾਂ
ਤਾਰੀਖ ਪੇਸ਼ੀ : 16-06-2025
ਜੋਗਿੰਦਰ ਸਿੰਘ ਪੁੱਤਰ ਸੰਪੂਰਨ ਸਿੰਘ ਵਾਸੀ ਪਿੰਡ ਬਿਸਨਪੁਰ ਛੰਨਾਂ ਤਹਿਸੀਲ ਵਾ: ਜ਼ਿਲ੍ਹਾ ਪਟਿਆਲਾ ਦੀ ਮੌਤ ਮਿਤੀ 12-04-2025 ਤੋਂ ਬਾਅਦ ਉਸ ਦੀ ਖਾਨਗੀ ਵਸੀਅਤ ਦਾ ਇੰਤਕਾਲ ਨੰ: 323 ਪਿੰਡ ਬਿਸਨਪੁਰ ਛੰਨਾਂ ਬਾ ਹੱਕ ਹਰਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਫੈਸਲਾ ਕਰਨ ਹਿੱਤ ਇਸ ਅਦਾਲਤ ਵਿੱਚ ਮਿਤੀ 04-07-2025 ਨੂੰ ਸੁਣਵਾਈ ਲਈ ਨਿਯਤ ਹੈ।
ਇਸ ਲਈ ਇਸ ਇਸ਼ਤਿਹਾਰ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੋਗਿੰਦਰ ਸਿੰਘ ਪੁੱਤਰ ਸੰਪੂਰਨ ਸਿੰਘ ਮੁਤਵਫੀ ਦੀ ਖਾਨਗੀ ਵਸੀਅਤ ਦਾ ਇੰਤਕਾਲ 323 ਪਿੰਡ ਬਿਸਨਪੁਰ ਛੰਨਾਂ ਬਾਹੱਕ ਹਰਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਦੇ ਹੱਕ ਵਿੱਚ ਮੰਜੂਰ ਹੋਣ ਤੇ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਅਸਾਲਤਨ ਜਾਂ ਵਕਾਲਤਨ ਤਾਰੀਖ ਪੇਸ਼ੀ ਮਿਤੀ 04-07-2025 ਨੂੰ ਨਿਮਨ ਹਸਤਾਖ਼ਰ ਦੀ ਅਦਾਲਤ ਵਿੱਚ ਸਵੇਰੇ 10.00 ਵਜੇ ਹਾਜ਼ਰ ਹੋ ਕੇ ਆਪਣਾ ਇਤਰਾਜ਼ ਅਤੇ ਪੱਖ ਪੇਸ਼ ਕਰ ਸਕਦਾ ਹੈ। ਨਿਸ਼ਚਿਤ ਮਿਤੀ 04-07-2025 ਤੋਂ ਬਾਅਦ ਨਿਯਮਾਂ ਅਨੁਸਾਰ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਇਸ਼ਤਿਹਾਰ ਅੱਜ ਮਿਤੀ 16-06-2025 ਨੂੰ ਮੇਰੇ ਹਸਤਾਖ਼ਰ ਹਿਤ ਅਦਾਲਤ ਮੋਹਰ ਨਾਲ ਜਾਰੀ ਕੀਤਾ ਗਿਆ।
ਨੰ: 667 / ਪੇਸ਼ੀ
ਮਿਤੀ : 16-06-2025
**ਸਹੀ/- ਉਪ ਮੰਡਲ ਮੈਜਿਸਟ੍ਰੇਟ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਪਟਿਆਲਾ।**

## ਵਧੀਕ ਡੀ.ਸੀ. ਵੱਲੋਂ ਅਧਿਕਾਰੀਆਂ ਨੂੰ ਹੜ੍ਹ ਰੋਕੂ ਪ੍ਰਬੰਧਾਂ ਨੂੰ ਬਿਨਾਂ ਕਿਸੇ ਦੇਰੀ ਮੁਕੰਮਲ ਕਰਨ ਦੇ ਦਿੱਤੇ ਨਿਰਦੇਸ਼

ਗੁਰਦਾਸਪੁਰ, 16 ਜੂਨ ( ਜਗੀਰ ਸਿੰਘ ਮੰਡ/ ਕੁਲਜੀਤ ਖੋਖਰ )- ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਬਿਨਾਂ ਕਿਸੇ ਦੇਰੀ ਆਪਣੇ ਵਿਭਾਗ ਨਾਲ ਸਬੰਧਿਤ ਹੜ੍ਹ ਰੋਕੂ ਪ੍ਰਬੰਧਾਂ ਨੂੰ ਮੁਕੰਮਲ ਕਰ ਲੈਣ ਤਾਂ ਜੋ ਆਉਣ ਵਾਲੇ ਬਰਸਾਤੀ ਸੀਜ਼ਨ ਦੌਰਾਨ ਹੜ੍ਹਾਂ ਦੇ ਸੰਭਾਵੀ ਖ਼ਤਰੇ ਨੂੰ ਟਾਲਿਆ ਜਾ ਸਕੇ। ਵਧੀਕ ਡਿਪਟੀ ਕਮਿਸ਼ਨਰ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਹੜ੍ਹਾਂ ਤੋਂ ਬਚਾਅ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਜਾਣ ਵਾਲੇ ਪ੍ਰਬੰਧਾਂ ਅਤੇ ਤਿਆਰੀਆਂ ਦਾ ਰੀਵਿਊ ਕਰ ਰਹੇ ਸਨ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਨੇ ਡਰੇਨੇਜ਼ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਪੈਂਦੇ ਸੇਮ ਨਾਲਿਆਂ ਨੂੰ ਸਾਫ਼ ਕਰਨ ਦਾ ਜੋ ਕੰਮ ਚੱਲ ਰਿਹਾ ਹੈ ਉਸ ਨੂੰ ਜਲਦੀ ਮੁਕੰਮਲ ਕਰ ਲਿਆ ਜਾਵੇ ਤਾਂ ਜੋ ਬਰਸਾਤਾਂ ਦੌਰਾਨ ਪਾਣੀ ਦੀ ਨਿਕਾਸੀ ਵਿੱਚ ਕੋਈ ਰੋਕ ਨਾ ਆਵੇ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਹੜ੍ਹ ਵਰਗੀ ਕਿਸੇ ਵੀ ਸੰਭਾਵੀ ਤ੍ਰਾਸਦੀ ਤੋਂ ਬਚਾਅ ਲਈ ਮੈਡੀਕਲ ਟੀਮਾਂ ਅਤੇ ਦਵਾਈਆਂ ਆਦਿ ਦੇ ਅਗੇਤੇ ਪ੍ਰਬੰਧ ਕਰਕੇ ਰੱਖੇ ਜਾਣ। ਉਨ੍ਹਾਂ ਕਿਹਾ ਕਿ ਸਬੰਧਿਤ ਵਿਭਾਗਾਂ ਵੱਲੋਂ ਲੋੜੀਂਦੀ ਗਿਣਤੀ ਵਿੱਚ ਕਿਸ਼ਤੀਆਂ, ਫੂਡ ਪੈਕ, ਪੀਣ ਵਾਲੇ ਪਾਣੀ ਅਤੇ ਹੋਰ ਲੋੜੀਂਦੇ ਪ੍ਰਬੰਧ ਕਰਕੇ ਵੀ ਰੱਖੇ ਜਾਣ। ਵਧੀਕ ਡਿਪਟੀ ਕਮਿਸ਼ਨਰ ਨੇ ਨਗਰ ਨਿਗਮ ਬਟਾਲਾ ਅਤੇ ਜ਼ਿਲ੍ਹੇ ਦੀਆਂ ਸਮੂਹ ਨਗਰ ਕੌਂਸਲਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸ਼ਹਿਰਾਂ ਵਿੱਚ ਸੀਵਰੇਜ ਦੀ ਸਫ਼ਾਈ ਨੂੰ ਯਕੀਨੀ ਬਣਾਉਣ ਤਾਂ ਜੋ ਬਰਸਾਤ ਦੌਰਾਨ ਸ਼ਹਿਰਾਂ ਦੇ ਨੀਵੇਂ ਇਲਾਕਿਆਂ ਵਿੱਚ ਪਾਣੀ ਭਰਨ ਤੋਂ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸੀਵਰੇਜ ਦੀ ਸਫ਼ਾਈ ਦੇ ਨਾਲ ਇਹ ਯਕੀਨੀ ਬਣਾਇਆ ਜਾਵੇ ਕਿ ਸ਼ਹਿਰਾਂ ਵਿੱਚੋਂ ਲੰਘਦੇ ਨਾਲੇ ਪੂਰੀ ਤਰਾਂ ਸਾਫ਼ ਹੋਣ ਤਾਂ ਜੋ ਉਨ੍ਹਾਂ ਦਾ ਪਾਣੀ ਸ਼ਹਿਰਾਂ ਵਿੱਚ ਹੜ੍ਹ ਦਾ ਕਾਰਨ ਨਾ ਬਣੇ। ਮੀਟਿੰਗ ਦੌਰਾਨ ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ, ਐੱਸ.ਡੀ.ਐੱਮ.ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਸਹਾਇਕ ਕਮਿਸ਼ਨਰ ਰੁਪਿੰਦਰਪਾਲ ਸਿੰਘ, ਸਹਾਇਕ ਕਮਿਸ਼ਨਰ ਕੁਲਦੀਪ ਚੰਦ, ਜ਼ਿਲ੍ਹਾ ਮਾਲ ਅਫ਼ਸਰ ਸ੍ਰੀ ਜਸਕਰਨ ਸਿੰਘ, ਐਕਸੀਅਨ ਡਰੇਨਜ਼ ਸ. ਦਿਲਪ੍ਰੀਤ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ

## ਸੰਜੀਵ ਅਰੋੜਾ ਨੂੰ ਬਹੁਤ ਵੱਡੀ ਲੀਡ ਨਾਲ ਜਿੱਤਾ ਕੇ ਵਿਧਾਨ ਸਭਾ ਵਿੱਚ ਭੇਜਾਂਗੇ : ਸ਼ੈਰੀ ਕਲਸੀ

ਕਲਾਨੌਰ,16 ਜੂਨ( ਇਕਬਾਲ ਵਾਲੀਆ /ਕਮਲਜੀਤ ਸਿੰਘ)-ਰਾਜਸਭਾ ਮੈਂਬਰ ਅਤੇ ਲੁਧਿਆਣਾ ਪੱਛਮੀ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੇ ਹੱਕ ਵਿੱਚ ਵਿਧਾਨ ਸਭਾ ਹਲਕਾ ਬਟਾਲਾ ਦੇ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਆਪਣੇ ਸਾਥੀਆਂ ਨਾਲ ਡੋਰ ਟੂ ਡੋਰ ਵੋਟਰਾਂ ਨਾਲ ਸੰਪਰਕ ਬਣਾ ਰਹੇ ਹਨ ਸਰਦਾਰ ਕਲਸੀ ਨੇ ਗੱਲਬਾਤ ਕਰਦੇ ਹੋਏ ਆਖਿਆ ਕਿ ਲੁਧਿਆਣਾ ਵਿੱਚ ਹੋ ਰਹੀ ਜਿਮਨੀ ਚੋਣ ਵਿੱਚ ਲੋਕਾਂ ਵੱਲੋਂ ਬਹੁਤ ਵੱਡਾ ਹੁਲਾਰਾ ਮਿਲ ਰਿਹਾ ਹੈ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਜੀ ਬਹੁਤ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ ਅਤੇ ਵਿਰੋਧੀਆਂ ਦੀਆਂ ਜਮਾਨਤਾਂ ਵੀ ਜਗਤ ਹੋਣਗੀਆਂ ਕਿਉਂਕਿ ਆਮ ਆਦਮੀ ਪਾਰਟੀ ਵਿਚ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਦੇ ਸੀਨੀਅਰ ਵਰਕਰ ਅਤੇ ਲੀਡਰ ਧੜਾ ਧੜ ਸ਼ਾਮਿਲ ਹੋ ਰਹੇ ਹਨ।

## ਜਲ ਸਰੋਤ ਵਿਭਾਗ, ਨਹਿਰ ਹਲਕਾ ਪਟਿਆਲਾ
## ਨੋਟਿਸ ਬੋਲੀ

ਜਲ ਸਰੋਤ ਵਿਭਾਗ ਅਧੀਨ ਆਉਂਦੀ ਮਾਹੋਰਾਣਾ ਸਥਿਤ ਦੁਕਾਨ ਦੀ ਤਿੰਨ ਸਾਲ ਤੱਕ ਦੀ ਲੀਜ਼ ਬੋਲੀ ਮਿਤੀ 14.07.2025 ਨੂੰ ਉਪ ਮੰਡਲ ਅਫਸਰ ਮਾਹੋਰਾਣਾ ਉਪ ਮੰਡਲ, ਮਾਹੋਰਾਣਾ ਦੇ ਦਫਤਰ ਵਿਖੇ ਸਵੇਰੇ 10.30 ਵਜੇ ਨਿਸਚਿਤ ਕੀਤੀ ਗਈ ਹੈ। ਬੋਲੀ ਦੇ ਚਾਹਵਾਨ ਬੋਲੀ ਦੀਆਂ ਸ਼ਰਤਾਂ ਸਬੰਧੀ ਵਧੇਰੇ ਜਾਣਕਾਰੀ https://irrigation.punjab.gov. in ਤੋਂ ਪ੍ਰਾਪਤ ਕਰ ਸਕਦੇ ਹਨ।
**ਸਹੀ/- ਕਾਰਜਕਾਰੀ ਇੰਜੀਨੀਅਰ/ਅਸਟੇਟ, ਪਟਿਆਲਾ ਨਹਿਰ ਹਲਕਾ, ਜਲ ਸਰੋਤ ਵਿਭਾਗ, ਪੰਜਾਬ।**
**Ro No PR ADVT NO: 3428/12/2025-26/224/ Dated CHD: 16/6/2025**

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

**PSPCL Punjab State Power Corporation Limited**
**Regd. Office : PSEB Head Office, The Mall Patiala - 147001)**
**Corporate Identity Number : U40109PP20SGC033813**
**ਥੋੜ੍ਹੇ ਸਮੇਂ ਦੀ ਟੈਂਡਰ ਇਨਕੁਆਇਰੀ ਨੰ. 02/2025-26 (ਡੀ.ਪੀ.ਸੈੱਲ, ਸੰਗਰੂਰ)**

ਦਫ਼ਤਰ : ਵਧੀਕ ਨਿਗਰਾਨ ਇੰਜੀਨੀਅਰ, ਡੀ.ਪੀ.ਸੈੱਲ, ਸੰਗਰੂਰ ਲਈ ਇੱਕ ਨੰਬਰ ਗੱਡੀ (ਮਹਿੰਦਰਾ ਬਲੈਰੋ / TUV-300/XYLO ਜਾਂ ਇਸ ਦੇ ਬਰਾਬਰ ਕੀਮਤ ਦੀ ਗੱਡੀ) ਇੱਕ ਸਾਲ ਲਈ ਕਿਰਾਏ ਤੇ ਲੈਣ ਸੰਬੰਧੀ (ਗੱਡੀ 05 ਸਾਲ ਤੋਂ ਵੱਧ ਪੁਰਾਣੀ ਨਹੀਂ ਹੋਣੀ ਚਾਹੀਦੀ)।
ਈ.ਐਮ.ਡੀ. ਟੈਂਡਰ ਦੀ ਕੀਮਤ ਦਾ 02% ਘੱਟੋ-ਘੱਟ ਰੁ: 12500/- ਦਾ ਡਿਮਾਂਡ ਡਰਾਫ਼ਟ AO/Cash, PSPCL, Patiala ਦੇ ਨਾਮ ਤੇ ਜਮ੍ਹਾਂ ਹੋਣ ਯੋਗ ਹੋਵੇ।

| | |
|---|---|
| ਟੈਂਡਰ ਵੇਚਣ ਦੀ ਆਖਰੀ ਮਿਤੀ : | 02.07.2025 ਸਮਾਂ 12:00 PM ਤੱਕ |
| ਟੈਂਡਰ ਜਮ੍ਹਾਂ ਕਰਵਾਉਣ ਦੀ ਮਿਤੀ : | 03.07.2025 ਸਮਾਂ 10:00 AM ਤੱਕ |
| ਟੈਂਡਰ ਖੋਲ੍ਹਣ ਦੀ ਮਿਤੀ : | 03.07.2025 ਸਮਾਂ 12:00 ਦੁਪਹਿਰ |
| ਟੈਂਡਰ ਦੀ ਕੀਮਤ : | 1180/- ਰੁ: |

ਨੋਟ : ਟੈਂਡਰ ਦੀਆਂ ਸਪੈਸੀਫ਼ਿਕੇਸ਼ਨਾਂ ਅਤੇ ਸ਼ਰਤਾਂ ਪੀ.ਐਸ.ਪੀ.ਸੀ.ਐਲ. ਦੀ ਵੈੱਬਸਾਈਟ (www.pspcl.in) ਤੇ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਜੇਕਰ ਕੋਈ ਕੋਰੀਜ਼ੈਂਡਮ ਹੋਇਆ ਤਾਂ ਉਹ ਅਖ਼ਬਾਰ ਵਿੱਚ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ। ਕਿਸੇ ਵੀ ਤਰ੍ਹਾਂ ਦੀ ਅਪਡੇਟ ਲਈ ਪੀ.ਐਸ.ਪੀ.ਸੀ.ਐਲ. ਦੀ ਵੈੱਬਸਾਈਟ ਤੇ ਲਗਾਤਾਰ ਦੇਖਿਆ ਜਾਵੇ।
**C 423/25**
**Ro No. PR-Advt. No. 1079 / 12 / 2025-26 / 232 / Dated CHD : 16-6-2025**

## ਚੰਡੀਗੜ੍ਹ ਪ੍ਰਸ਼ਾਸਨ
## ਆਬਕਾਰੀ ਅਤੇ ਕਰ ਵਿਭਾਗ

ਯੂ.ਟੀ., ਚੰਡੀਗੜ੍ਹ ਵਿੱਚ ਸਾਲ 2025-26 ਲਈ ਪ੍ਰਚੂਨ ਵਿਕਰੀ ਵਿਕਰੇਤਾਵਾਂ (L-2/L-14ਏ) ਲਈ ਲਾਇਸੈਂਸ ਅਲਾਟ ਕਰਨ ਲਈ ਆਮ ਜਨਤਾ ਤੋਂ ਈ-ਟੈਂਡਰ ਮੰਗਵਾਉਣ ਲਈ ਨੋਟਿਸ

1. ਆਮ ਜਨਤਾ ਦੀ ਜਾਣਕਾਰੀ ਲਈ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਆਬਕਾਰੀ ਨੀਤੀ, 2025-26 (1 ਅਪ੍ਰੈਲ, 2025 ਤੋਂ 31 ਮਾਰਚ 2026 ਤੱਕ ਸ਼ੁਰੂ) ਲਈ ਲਾਇਸੈਂਸਿੰਗ ਯੂਨਿਟਾਂ ਦੇ ਰੂਪ ਵਿੱਚ 08 ਪ੍ਰਚੂਨ ਵਿਕਰੀ ਯਾਨੀ L-2/L-14ਏ ਲਾਇਸੈਂਸ ਦੇਣ ਲਈ ਈ-ਟੈਂਡਰ ਮੰਗੇ ਜਾਂਦੇ ਹਨ। ਹਰੇਕ ਲਾਇਸੈਂਸਿੰਗ ਯੂਨਿਟ ਵਿੱਚ ਇੱਕ ਛੱਤ ਹੇਠ L-2/L-14ਏ (ਭਾਰਤੀ ਬਣੀ ਵਿਦੇਸ਼ੀ ਸ਼ਰਾਬ, ਆਯਾਤ ਕੀਤੀ ਵਿਦੇਸ਼ੀ ਸ਼ਰਾਬ ਅਤੇ ਦੇਸੀ ਸ਼ਰਾਬ) ਸ਼ਾਮਲ ਹੋਣਗੇ।
2. ਪ੍ਰਚੂਨ ਵਿਕਰੀ ਵਾਲੇ ਠੇਕੇ ਸਭ ਤੋਂ ਵੱਧ ਯੋਗ ਬੋਲੀਕਾਰ ਨੂੰ ਅਲਾਟ ਕੀਤੇ ਜਾਣਗੇ, ਜੋ ਲਾਇਸੈਂਸਿੰਗ ਯੂਨਿਟ ਦੀ ਰਿਜ਼ਰਵ ਕੀਮਤ ਦੇ ਬਰਾਬਰ ਜਾਂ ਇਸ ਤੋਂ ਵੱਧ ਬੋਲੀ ਦੇਵੇਗਾ। ਜੇਕਰ ਇੱਕੋ ਹੀ ਸਭ ਤੋਂ ਵੱਧ ਕੀਮਤ ਦਾ ਹਵਾਲਾ ਦੇਣ ਵਾਲੇ ਇੱਕ ਤੋਂ ਵੱਧ ਬੋਲੀ ਪ੍ਰਾਪਤ ਹੁੰਦੀ ਹੈ, ਤਾਂ ਅਲਾਟਮੈਂਟ ਉਸੇ ਹੀ ਸਭ ਤੋਂ ਵੱਧ ਕੀਮਤ ਦਾ ਹਵਾਲਾ ਦੇਣ ਵਾਲੇ ਬੋਲੀਕਾਰਾਂ ਵਿਚਕਾਰ ਲਾਟ ਦੇ ਡਰਾਅ ਦੁਆਰਾ ਨਿਰਧਾਰਤ ਕੀਤੀ ਜਾਵੇਗੀ।
3. ਸਾਰੇ ਇੱਛੁਕ ਭਾਗੀਦਾਰ ਜਾਣਕਾਰੀ ਲਈ/ ਪ੍ਰਕਿਰਿਆ ਨੂੰ ਜਾਣਨ ਲਈ ਵਿਭਾਗ ਦੀ ਅਧਿਕਾਰਤ ਵੈੱਬਸਾਈਟ ਯਾਨੀ www.etdut.gov.in/exciseonline 'ਤੇ ਜਾ ਸਕਦੇ ਹਨ। ਆਬਕਾਰੀ ਨੀਤੀ 2025-26 ਦੇ ਅਨੁਸਾਰ, ਈ-ਟੈਂਡਰਾਂ ਅਤੇ ਭਾਗੀਦਾਰੀ ਫੀਸ ਅਤੇ ਬਿਆਨਾ ਜਮ੍ਹਾਂ ਕਰਵਾਉਣ ਲਈ ਵਿਸਤ੍ਰਿਤ ਪ੍ਰਕਿਰਿਆ, ਵਿਭਾਗ ਦੀ ਅਧਿਕਾਰਤ ਵੈੱਬਸਾਈਟ ਯਾਨੀ www.etdut.gov.in/exciseonline ਦੇ ਨਾਲ-ਨਾਲ ਵਿਭਾਗ ਦੇ ਆਬਕਾਰੀ ਦਫਤਰ ਵਿੱਚ ਉਪਲਬਧ ਹੈ।
4. ਈ-ਬੋਲੀਆਂ ਜਮ੍ਹਾਂ ਕਰਾਉਣ ਲਈ, ਹਰੇਕ ਸੰਭਾਵੀ ਬੋਲੀਕਾਰ ਨੂੰ https://etenders.chd.nic.in 'ਤੇ ਆਪਣੇ ਆਪ ਨੂੰ ਰਜਿਸਟਰ ਕਰਵਾਉਣਾ ਲਾਜ਼ਮੀ ਹੈ।
5. ਲਾਇਸੈਂਸਿੰਗ ਯੂਨਿਟ ਕੋਡ ਦੇ ਇਲਾਕਿਆਂ/ਖੇਤਰਾਂ, ਵਿਕਰੇਤਾਵਾਂ ਦੀ ਆਗਿਆਯੋਗ ਗਿਣਤੀ/ਪ੍ਰਚੂਨ ਵਿਕਰੀ ਆਊਟਲੈੱਟ, ਕੋਟਾ ਅਤੇ ਰਿਜ਼ਰਵ ਕੀਮਤ ਦਾ ਜ਼ਿਕਰ ਕਰਨ ਵਾਲੇ ਨਿਯਮ ਅਤੇ ਸ਼ਰਤਾਂ ਅਤੇ ਵਿਸਤ੍ਰਿਤ ਸੂਚੀ ਨੂੰ ਆਬਕਾਰੀ ਅਤੇ ਕਰ ਵਿਭਾਗ ਦੀ ਅਧਿਕਾਰਤ ਵੈੱਬਸਾਈਟ www.etdut.gov.in/exciseonline ਤੋਂ 'ਜਨਤਕ ਨੋਟਿਸ' ਭਾਗ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।
6. ਸਾਰੇ ਲਾਇਸੈਂਸ ਪੰਜਾਬ ਆਬਕਾਰੀ ਐਕਟ, 1914 (ਜਿਵੇਂ ਕਿ ਯੂ.ਟੀ., ਚੰਡੀਗੜ੍ਹ 'ਤੇ ਲਾਗੂ ਹੁੰਦਾ ਹੈ) ਅਤੇ ਇਸਦੇ ਅਧੀਨ ਬਣਾਏ ਗਏ ਨਿਯਮਾਂ ਅਤੇ ਸਾਲ 2025-26 ਲਈ ਆਬਕਾਰੀ ਨੀਤੀ ਦੇ ਅਧੀਨ ਦਿੱਤੇ ਜਾਣਗੇ। ਸਾਲ 2025-26 ਲਈ ਆਬਕਾਰੀ ਨੀਤੀ ਵਿਭਾਗ ਦੀ ਅਧਿਕਾਰਤ ਵੈੱਬਸਾਈਟ www.etdut.gov.in/exciseonline 'ਤੇ ਉਪਲਬਧ ਹੈ।
7.ਈ-ਟੈਂਡਰ https://etenders.chd.nic.in 'ਤੇ 17.06.2025 ਨੂੰ 11:00 ਵਜੇ ਉਪਲਬਧ ਹੋਣਗੇ।
ਸਵੇਰੇ ਅਤੇ ਬੋਲੀਕਾਰ 17.06.2025 (ਸਵੇਰੇ 11:00 ਵਜੇ) ਤੋਂ ਆਪਣੀਆਂ ਬੋਲੀਆਂ ਜਮ੍ਹਾਂ ਕਰਵਾਉਣਾ ਸ਼ੁਰੂ ਕਰ ਸਕਦੇ ਹਨ।
**ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਲਈ ਤਰੀਕਾਂ ਦੀ ਸਮਾਂ-ਸਾਰਣੀ: -**

| | |
|---|---|
| ਬੋਲੀ ਜਮ੍ਹਾ ਕਰਨ ਦੀ ਸ਼ੁਰੂਆਤੀ ਮਿਤੀ ਅਤੇ ਸਮਾਂ | 17 ਜੂਨ 2025 (ਸਵੇਰੇ 11:00 ਵਜੇ) ਤੋਂ |
| ਬੋਲੀ ਜਮ੍ਹਾ ਕਰਨ ਦੀ ਆਖਰੀ ਮਿਤੀ ਅਤੇ ਸਮਾਂ | 19 ਜੂਨ, 2025 ਤੱਕ (ਦੁਪਹਿਰ 01:00 ਵਜੇ ਤੱਕ) |
| ਤਕਨੀਕੀ ਈ-ਬੋਲੀਆਂ ਦੀ ਸ਼ੁਰੂਆਤ | 19 ਜੂਨ, 2025 (ਦੁਪਹਿਰ 02:00 ਵਜੇ ਤੋਂ ਬਾਅਦ) |
| ਵਿੱਤੀ ਈ-ਬੋਲੀਆਂ ਦੀ ਸ਼ੁਰੂਆਤ | 19 ਜੂਨ, 2025 (ਦੁਪਹਿਰ 03:00 ਵਜੇ ਤੋਂ ਬਾਅਦ) ਕਾਨਫਰੰਸ ਹਾਲ, ਆਬਕਾਰੀ ਅਤੇ ਕਰ ਵਿਭਾਗ, ਯੂ.ਟੀ., ਸੈਕਟਰ-17, ਚੰਡੀਗੜ੍ਹ ਵਿਖੇ। |

**ਸਹੀ/- ਆਬਕਾਰੀ ਅਤੇ ਕਰ ਕਮਿਸ਼ਨਰ, ਕੇਂਦਰ ਸ਼ਾਸਤ ਪ੍ਰਦੇਸ਼, ਚੰਡੀਗੜ੍ਹ**

## ਸਟੇਟ ਬੈਂਕ ਆਫ ਇੰਡੀਆ
ਹੋਮ ਲੋਨ ਸੈਂਟਰ, ਦੂਜੀ ਮੰਜ਼ਿਲ, ਐਡਮਨਿਸਟ੍ਰੇਟਿਵ ਬਿਲਡਿੰਗ, ਮਾਡਲ ਟਾਊਨ, ਬਠਿੰਡਾ
**ਕਬਜ਼ਾ ਸੂਚਨਾ** **[ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8(1) ਦੇ ਅਧੀਨ]**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ **ਕਰਜ਼ਦਾਰ(ਾਂ)/ਜ਼ਾਮਨ (ਾਂ)** ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ **ਕਰਜ਼ਦਾਰ(ਾਂ)/ਜ਼ਾਮਨ (ਾਂ)** ਨੂੰ **ਮੰਗ ਸੂਚਨਾ** ਜਾਰੀ ਕੀਤੀ ਸੀ।
**ਕਰਜ਼ਦਾਰ(ਾਂ)/ਜ਼ਾਮਨ (ਾਂ)** ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ **ਕਰਜ਼ਦਾਰ(ਾਂ)/ਜ਼ਾਮਨ (ਾਂ)** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।
**ਕਰਜ਼ਦਾਰ(ਾਂ)/ਜ਼ਾਮਨ (ਾਂ)** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਵਸੂਲ ਹੋਈ ਰਕਮ, ਜੇਕਰ ਕੋਈ ਹੈ, ਮਨਫੀ ਕਰਕੇ ਹੋਰ ਫੀਸਾਂ/ਖਰਚਿਆਂ, ਲਾਗਤਾਂ ਸਮੇਤ ਰਕਮ ਦੇ ਲਈ **ਸਟੇਟ ਬੈਂਕ ਆਫ ਇੰਡੀਆ, ਹੋਮ ਲੋਨ ਸੈਂਟਰ ਬਠਿੰਡਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
ਕਰਜ਼ਦਾਰ/ਜ਼ਾਮਨਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰ(ਾਂ)/ਜ਼ਾਮਨ(ਾਂ) ਦਾ ਨਾਮ | ਚੱਲ/ਅਚੱਲ ਅਸਾਸਿਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਸ੍ਰੀ ਰਾਕੇਸ਼ ਕੁਮਾਰ ਸਪੁੱਤਰ ਸ਼ਿਵਜੀ ਰਾਮ** ਵਾਸੀ ਵਾਰਡ ਨੰ. 9 ਕੁਲਵੰਤ ਸਿੰਘ ਗਲੀ, ਨੇੜੇ ਕਾਮਰੇਡ ਦੀ ਆਟਾ ਚੱਕੀ ਮਾਨਸਾ-151505 (**ਕਰਜ਼ਦਾਰ**) | ਵਿਕਰੀ ਡੀਡ ਨੰਬਰ 4003 ਮਿਤੀ 17.8.2011 ਅਤੇ ਵਿਕਰੀ ਡੀਡ ਨੰਬਰ 6343 ਮਿਤੀ 21-02-2017 ਅਨੁਸਾਰ ਰਾਕੇਸ਼ ਕੁਮਾਰ ਦੇ ਨਾਮ 'ਤੇ 3-1/3 ਮਰਲੇ ਦੀ ਜ਼ਮੀਨ 'ਤੇ ਬਣਿਆ ਮਕਾਨ, ਜੋ ਕਿ 25 ਕਨਾਲ 05 ਮਰਲੇ ਦੇ 2/303 ਹਿੱਸੇ 'ਤੇ ਹੈ, ਜਿਸ ਵਿੱਚ ਰੈਕਟ ਐਂਡ ਕਿਲਾ ਨੰਬਰ 567/1(25-5) ਹੈ ਅਤੇ ਹੱਦਬੰਦੀ : ਪੂਰਬ: 15'-0" ਗਲੀ, ਪੱਛਮ: 15'-0" ਗਲੀ, ਉੱਤਰ: 60'-6" ਕ੍ਰਿਸ਼ਨ ਕੁਮਾਰ ਅਤੇ ਹਰੀਸ਼ ਕੁਮਾਰ, ਦੱਖਣ: 60'-6" ਹਰਬੰਸ ਲਾਲ । | 19.03.2025 | 11.06.2025 | Rs.2,99,809.00 19.03.2025 ਦੇ ਅਨੁਸਾਰ ਜਮ੍ਹਾਂ ਇਸ 'ਤੇ ਅਗਲੇਰਾ ਵਿਆਜ, ਲਾਗਤਾਂ ਅਤੇ ਖਰਚੇ |

ਮਿਤੀ : 17.06.2025 ਸਥਾਨ : ਮਾਨਸਾ ਅਧਿਕਾਰਤ ਅਧਿਕਾਰੀ

## ਸਟੇਟ ਬੈਂਕ ਆਫ ਇੰਡੀਆ
ਹੋਮ ਲੋਨ ਸੈਂਟਰ, ਦੂਜੀ ਮੰਜ਼ਿਲ, ਐਡਮਨਿਸਟ੍ਰੇਟਿਵ ਬਿਲਡਿੰਗ, ਮਾਡਲ ਟਾਊਨ, ਬਠਿੰਡਾ
**ਕਬਜ਼ਾ ਸੂਚਨਾ** **[ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8(1) ਦੇ ਅਧੀਨ]**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ **ਕਰਜ਼ਦਾਰ(ਾਂ)/ਜ਼ਾਮਨ (ਾਂ)** ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ **ਕਰਜ਼ਦਾਰ(ਾਂ)/ਜ਼ਾਮਨ (ਾਂ)** ਨੂੰ **ਮੰਗ ਸੂਚਨਾ** ਜਾਰੀ ਕੀਤੀ ਸੀ।
**ਕਰਜ਼ਦਾਰ(ਾਂ)/ਜ਼ਾਮਨ (ਾਂ)** ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ **ਕਰਜ਼ਦਾਰ(ਾਂ)/ਜ਼ਾਮਨ (ਾਂ)** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।
**ਕਰਜ਼ਦਾਰ(ਾਂ)/ਜ਼ਾਮਨ (ਾਂ)** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਵਸੂਲ ਹੋਈ ਰਕਮ, ਜੇਕਰ ਕੋਈ ਹੈ, ਮਨਫੀ ਕਰਕੇ ਹੋਰ ਫੀਸਾਂ/ਖਰਚਿਆਂ, ਲਾਗਤਾਂ ਸਮੇਤ ਰਕਮ ਦੇ ਲਈ **ਸਟੇਟ ਬੈਂਕ ਆਫ ਇੰਡੀਆ, ਹੋਮ ਲੋਨ ਸੈਂਟਰ ਬਠਿੰਡਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
ਕਰਜ਼ਦਾਰ/ਜ਼ਾਮਨਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰ(ਾਂ)/ਜ਼ਾਮਨ(ਾਂ) ਦਾ ਨਾਮ | ਚੱਲ/ਅਚੱਲ ਅਸਾਸਿਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. ਸ੍ਰੀ ਜਗਦੀਸ਼ ਰਾਏ ਪੁੱਤਰ ਸ੍ਰੀ ਲਛਮਣ ਦਾਸ ਅਤੇ ਸ੍ਰੀ ਗੁਰਪ੍ਰੀਤ ਬਜਾਜ ਪੁੱਤਰ ਸ੍ਰੀ ਜਗਦੀਸ਼ ਰਾਏ, ਦੋਵੇਂ ਗਲੀ ਨੰਬਰ 5, ਨਹਿਰੂ ਨਗਰ, ਵਾਰਡ ਨੰਬਰ 11, ਮੀਰਾ ਪਬਲਿਕ ਸਕੂਲ ਦੇ ਨੇੜੇ, ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ ਦੇ ਵਸਨੀਕ (ਕਰਜ਼ਦਾਰਾਂ) 2. ਸ੍ਰੀ ਸੁਰਿੰਦਰ ਕੁਮਾਰ ਪੁੱਤਰ ਮਦਨ ਲਾਲ ਵਾਸੀ ਬਿਸਕੁਟ ਵਾਲੀ ਗਲੀ ਸਰਦੂਲਗੜ੍ਹ (ਜ਼ਾਮਨ) | ਵਿਕਰੀ ਡੀਡ ਨੰਬਰ 447 ਮਿਤੀ 29.05.2009 ਦੇ ਅਧੀਨ ਸਾਲ 2014-15 ਲਈ ਜਮ੍ਹਾਂਬੰਦੀ ਅਨੁਸਾਰ ਸ੍ਰੀ ਜਗਦੀਸ਼ ਰਾਏ ਪੁੱਤਰ ਸ੍ਰੀ ਲਛਮਣ ਦਾਸ ਦੇ ਨਾਮ 'ਤੇ 5 ਮਰਲੇ ਦੀ ਜ਼ਮੀਨ 'ਤੇ ਬਣੇ ਰਿਹਾਇਸ਼ੀ ਮਕਾਨ ਦਾ ਬਰਾਬਰ ਗਿਰਵੀਨਾਮਾ, ਭਾਵ 10 ਮਰਲੇ ਦਾ 1/2 ਹਿੱਸਾ ਜਿਸ ਵਿੱਚ ਰੈਕਟ ਅਤੇ ਕਿਲ੍ਹਾ ਨੰਬਰ 97//22/1 ਮਿਨ (0-10) ਗੈਰ ਮੁਮਕਿਨ ਖੇਵਟ / ਖਾਤਾ ਨੰਬਰ 96/321 ਸੇਂਟ ਮੀਰਾ ਸਕੂਲ ਦੇ ਨੇੜੇ, ਵਾਰਡ ਨੰਬਰ 11, ਗਲੀ ਨੰਬਰ 5, ਸਰਦੂਲਗੜ੍ਹ ਵਿਖੇ ਸਥਿਤ ਅਤੇ ਹੱਦਬੰਦੀ : ਪੂਰਬ: ਗਲੀ, ਪੱਛਮ: ਅਮਰਦੀਪ ਸਿੰਘ ਪੁੱਤਰ ਸ੍ਰੀ ਤਾਰਾ ਸਿੰਘ, ਉੱਤਰ: ਡੀਸੀ ਜੈਨ, ਦੱਖਣ: ਰਮੇਸ਼ ਕੁਮਾਰ ਜੈਨ ਬੀਕਾਨੇਰ ਵਾਲੇ | 24.03.2025 | 11.06.2025 | Rs.3,50,997.25 **24.03.2025 ਦੇ ਅਨੁਸਾਰ** ਮਨਫੀ ਵਸੂਲੀ, ਜੇਕਰ ਕੋਈ ਹੈ, ਜਮ੍ਹਾਂ ਇਸ 'ਤੇ ਅਗਲੇਰਾ ਵਿਆਜ, ਹੋਰ ਫੀਸਾਂ ਅਤੇ ਖਰਚੇ। |
| **((ਨੋਟ: ਇਹ ਜਾਇਦਾਦ ਮੈਸਰਜ਼ ਬਜਾਜ ਟ੍ਰੇਡਿੰਗ ਕੰਪਨੀ ਸਰਦੂਲਗੜ੍ਹ ਖਾਤਾ ਨੰਬਰ 65119991674 ਨੂੰ ਦਿੱਤੀ ਗਈ 20.00 ਲੱਖ ਰੁਪਏ ਦੀ ਨਕਦ ਕ੍ਰੈਡਿਟ ਨੂੰ ਵੀ ਕਵਰ ਕਰਦੀ ਹੈ। ਮੌਜੂਦਾ ਦੇਣਦਾਰੀ ਰੁ. 31,80,316.00 24.03.2025 ਤੱਕ)** | | | | |
| 1. ਸ੍ਰੀ ਰਾਜ ਕੁਮਾਰ ਪੁੱਤਰ ਸ੍ਰੀ ਬ੍ਰਿਜ ਲਾਲ ਵਾਸੀ ਪਿੰਡ ਖੰਡਾ ਖੁਰਦ ਜ਼ਿਲ੍ਹਾ ਮਾਨਸਾ (ਕਰਜ਼ਦਾਰ) 2. ਸ੍ਰੀਮਤੀ ਉਰਮਿਲਾ ਦੇਵੀ ਪਤਨੀ ਸ੍ਰੀ ਰਾਜ ਕੁਮਾਰ ਵਾਸੀ ਗਲੀ ਗੜ੍ਹੀਆ ਵਾਲੀ, ਵਾਰਡ ਨੰ 2, ਹਨੂੰਮਾਨ ਮੰਦਿਰ ਵਾਲੀ ਦੇ ਪਿੱਛੇ, ਅਨਾਜ ਮੰਡੀ ਸਰਦੂਲਗੜ੍ਹ ਜਿਲਾ ਮਾਨਸਾ (ਜ਼ਾਮਨ) | ਵਿਕਰੀ ਡੀਡ ਨੰਬਰ 2372 ਮਿਤੀ 29.11.2012 ਅਤੇ 1067 ਮਿਤੀ 09.11.2015 ਅਨੁਸਾਰ ਸ੍ਰੀ ਰਾਜ ਕੁਮਾਰ ਪੁੱਤਰ ਸ੍ਰੀ ਬ੍ਰਿਜ ਲਾਲ ਦੇ ਨਾਮ ਤੇ ਸਬ ਰਜਿਸਟਰਾਰ ਸਰਦੂਲਗੜ੍ਹ ਵਿਖੇ ਦਰਜ ਖੇਵਟ ਅਤੇ ਖਤੌਨੀ ਨੰਬਰ 652/2283, 03 ਕਨਾਲ-08 ਮਰਲੇ, ਰੈਕਟ ਅਤੇ ਕਿਲ੍ਹਾ ਨੰਬਰ 85//21/1/4 (3-8) 6.12 ਮਰਲੇ ਦਾ 9/100 ਹਿੱਸਾ, ਗਲੀ ਗੜ੍ਹੀਆ ਵਾਲੀ, ਵਾਰਡ ਨੰਬਰ 2, ਸ੍ਰੀ ਹਨੂੰਮਾਨ ਮੰਦਰ ਦੇ ਪਿੱਛੇ, ਅਨਾਜ ਮੰਡੀ, ਸਰਦੂਲਗੜ੍ਹ ਜ਼ਿਲ੍ਹਾ ਮਾਨਸਾ ਵਿਖੇ ਸਥਿਤ ਅਚੱਲ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ ਅਤੇ ਹੱਦਬੰਦੀ : ਉੱਤਰ: ਗਲੀ, ਦੱਖਣ: ਕਾਕਾ ਸਿੰਘ, ਪੂਰਬ: ਸੰਤੋਸ਼, ਪੱਛਮ: ਮੀਰਾ ਰਾਣੀ | 08.04.2025 | 11.06.2025 | Rs.7,17,043.00 **08.04.2025 ਦੇ ਅਨੁਸਾਰ** ਮਨਫੀ ਵਸੂਲੀ, ਜੇਕਰ ਕੋਈ ਹੈ, ਜਮ੍ਹਾਂ ਇਸ 'ਤੇ ਅਗਲੇਰਾ ਵਿਆਜ, ਹੋਰ ਫੀਸਾਂ ਅਤੇ ਖਰਚੇ। |

ਮਿਤੀ : 17.06.2025 ਸਥਾਨ : ਸਰਦੂਲਗੜ੍ਹ ਅਧਿਕਾਰਤ ਅਧਿਕਾਰੀ

## SMFG Grihashakti — ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.
Nayi Asha. Naya Vishwas.
**ਕਾਰਪੋਰੇਟ ਦਫਤਰ** : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051,
**ਰਜਿ. ਦਫ਼ਤਰ** : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰ. 111, ਮਾਉਂਟ ਪੂਨਾਮੱਲੀ ਰੋਡ, ਪੋਰੂਰ, ਚੇਨੱਈ-600 116, ਟੀ.ਐਨ.

**ਅਚੱਲ ਸੰਪੱਤੀ ਦੇ ਲਈ ਕਬਜ਼ਾ ਸੂਚਨਾ [(ਅੰਤਿਕਾ IV) ਨਿਯਮ 8(1)]**

ਜਿਥੇ ਕਿ, ਨਿਮਨ ਹਸਤਾਖਰੀ ਨੇ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.** ਇੱਕ ਹਾਊਸਿੰਗ ਫਾਇਨਾਂਸ ਕੰਪਨੀ (ਨੈਸ਼ਨਲ ਹਾਊਸਿੰਗ ਬੈਂਕ (ਪੂਰੀ ਤਰ੍ਹਾਂ **ਆਰਬੀਆਈ** ਦੀ ਮਾਲਕੀ ਹੇਠ) ਨਾਲ ਪੂਰਨ ਪੰਜੀਕ੍ਰਿਤ) (ਇੱਥੇ ਬਾਅਦ ਵਿੱਚ "**ਐਸਐਮਐਚਐਫਸੀ**" ਵਜੋਂ ਸੰਦਰਭਿਤ) ਦੇ **ਅਧਿਕਾਰਤ ਅਧਿਕਾਰੀ** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਿਆਜ ਅਤੇ ਦਰਸਾਈ ਸੂਚਨਾ ਵਿੱਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰਾਂ (**ਨਾਮ ਨਿਮਨ ਦਰਸਾਏ**) ਨੂੰ ਸੱਦਾ ਦਿੰਦੇ ਹੋਏ ਦਰਸਾਏ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਇੱਥੇ ਦਰਸਾਏ ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਨਿਮਨ ਦਰਸਾਏ ਕਰਜ਼ਦਾਰਾਂ ਨੂੰ ਅਤੇ **ਆਮ ਕਰਕੇ ਜਨਤਾ** ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ। ਉਕਤ ਦਰਸਾਏ ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਕੋਈ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਅਤੇ ਵਿਆਜ ਦੇ ਲਈ "**ਐਸਐਮਐਚਐਫਸੀ**" ਦੇ ਚਾਰਜ ਨਾਲ ਸਬੰਧਤ ਹੋਵੇਗੀ।

| ਲ ਨੰ. | ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੁਰੱਖਿਅਤ ਅਸਾਸਿਆਂ (ਅਚੱਲ ਸੰਪੱਤੀ) ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਕਬਜ਼ੇ ਦੀ ਮਿਤੀ |
|---|---|---|---|---|
| 1 | LAN :- 617539511532930 1. ਬਲਜੀਤ ਕੌਰ ਪਤਨੀ ਰਘਬੀਰ ਸਿੰਘ 2. ਗਗਨਦੀਪ ਸਿੰਘ | ਪ੍ਰਾਪਰਟੀ ਪਲਾਟ ਦੇ ਸਾਰੇ ਭਾਗ ਅਤੇ ਹਿੱਸੇ 0 ਕਨਾਲ-15.5/6 ਮਰਲੇ ਮਾਪ ਭਾਵ 475 ਵਰਗ ਗਜ਼ ਲਗਭਗ, ਖਾਤਾ ਨੰਬਰ-8/27 ਤੋਂ 39 ਤੱਕ, ਖਸਰਾ ਨੰਬਰ-170/1/2(8-0), 171(16-0), 163 ਮਿਨ(1-8), 164 ਮਿਨ (1-7), 165 ਮਿਨ(7-7), 166 ਮਿਨ(8-0), 168/1 ਮਿਨ (0-4)173 ਮਿਨ (3-7), 175 ਮਿਨ(3-6), 168 ਮਿਨ(0-11), 169 ਮਿਨ(11-4), 498 ਮਿਨ(7-5), 688/499 ਮਿਨ(7-0), 690/501/1 ਮਿਨ(9-9), 00//165 ਮਿਨ(2-16), 0//166 ਮਿਨ (8-0), 0//167 ਮਿਨ (4-0), 0//168 ਮਿਨ(2-0), 00//172/2/2(2-1), 174/2/2/2(1-10), 162/2(9-12), 163 ਮਿਨ (17-8), 00//164 ਮਿਨ(17-9), 167 ਮਿਨ(8-13), 00//173 ਮਿਨ(12-13), 00//176/1 ਮਿਨ(9-10), 00//498 ਮਿਨ(10-3), 170/2(4-0), 172/2/1(6-0), 172/2/2(5-15), 174/2/1/ (4-0) 174/2/2/1(2-5), 165 ਮਿਨ(6-0), 161/1 ਮਿਨ(10-8), 161/2(5-12), 162/1(6-8), 176/2(6-8), 685/158(14-16), 687/177 (4-8), 172/1 (2-4),174/1 (7-16), 168/2(2-16), 170/1/1(4-0),ਬਕਦਾਰ 0 ਕਨਾਲ 5-1/2 ਮਰਲੇ ਦਾ 11/11822 ਹਿੱਸਾ ਅਤੇ ਜ਼ਮੀਨ 9 ਕਨਾਲ 1 ਮਰਲੇ ਖਾਤਾ/ਖਤੌਨੀ ਨੰ-9/40 ਤੋਂ 42, ਖਸਰਾ ਨੰ-339)0-9), 363(1-1), 366(4-10), 368 ਮਿਨ(7-19), 210 (0-3) ਦਾ (21(2-30)(12)/120) ਹਸਦਾਰ (21) 0 ਕਨਾਲ 2 ਮਰਲੇ ਕੁੱਲ ਜ਼ਮੀਨ 0 ਕਨਾਲ 7-1/2 ਮਰਲੇ ਜਿਵੇਂ ਕਿ ਸਾਲ 2015-16 ਲਈ ਜਮਾਂਬੰਦੀ ਵਿੱਚ ਦਾਖਲ ਕੀਤਾ ਗਿਆ, ਐੱਚ.ਬੀ. ਨੰਬਰ-448 ਅਤੇ ਖਾਤਾ ਨੰ-8/27 ਤੋਂ 39, ਖਸਰਾ ਨੰ-170/1/2(8-0), 171(16-0), 163 ਮਿਨ(1-8), 164 ਮਿਨ(1-7), 165 ਮਿਨ(7-7), 166 ਮਿਨ(8-0), 168/1 ਮਿਨ(0-4), 173 ਮਿਨ(3-7), 175 ਮਿਨ(3-6), 168 ਮਿਨ (0-11), 169 ਮਿਨ (11-4), 498 ਮਿਨ (7-5), 688/499 ਮਿਨ(7-0), 690/501/1 ਮਿਨ(9-9), 165 ਮਿਨ(2-16), 166 ਮਿਨ(8-0), 167 ਮਿਨ (4-0), 168 ਮਿਨ(2-0), 172/2/2(2-1),174/2/2/2 (1-10) , 162/2(9-12), 163 ਮਿਨ(17-8), 164 ਮਿਨ(17-9), 167 ਮਿਨ(8-13), 173 ਮਿਨ(12-13), 175 ਮਿਨ(12-12), 176/1 ਮਿਨ(9-10), 498 ਮਿਨ(10-3), 170/2/(4-0), 172/2/1/(6-0), 172/2/2/2(5-15), 174/2/1(4-0), 174/2/2/1(2-5), 165 ਮਿਨ(6-0), 161/1 ਮਿਨ(10-8), 161/2(5-12), 162/1(6-8), 176/2(6-8), 685/158(14-16), 687/8, 177 (4-8), 172/1 (2-4) 174/1(7-16), 168/2(2-16), 170/1/1(4-0), ਦਾ 1529/112800 ਹਿਸਾ ਬਕਦਰ 588/591100 ਹਿਸਾ ਬਕਦਰ 0 ਕਨਾਲ 5.88 ਮਰਲਾ ਅਤੇ ਜ਼ਮੀਨ 9 ਕਨਾਲ 1 ਮਰਲਾ ਖਾਤਾ ਖਤੌਨੀ ਨੰ. 9/40 ਤੋਂ 48 ਖਸਰਾ ਨੰ. 339(0-9), 363(1-1), 366(4-10), 368 ਮਿਨ(1-19), 211(0-3), 218(0-3), 210(0-3), 368 ਮਿਨ (0-13) ਕਾ 245/18100 ਹਿੱਸਾ ਬਕਦਰ 0 ਕਨਾਲ 2.45 ਮਰਲਾ ਕੁੱਲ ਮਾਪ 0 ਕਨਾਲ 8-1/3 ਮਰਲਾ, ਸਾਲ 2010-2011 ਦੇ ਹਿਸਾਬ ਨਾਲ ਐੱਚ.ਬੀ ਨੰਬਰ-448, ਪਿੰਡ-ਘਡਾਲੀ, ਤਹਿਸੀਲ-ਬਾਲਿਆਂਵਾਲੀ, ਜ਼ਿਲ੍ਹਾ-ਬਠਿੰਡਾ ਵਿਖੇ ਸਥਿਤ ਵਿਕਰੀ ਡੀਡ ਬੇਅਰਿੰਗ ਵਸੀਕਾ ਨੰ-241 ਮਿਤੀ 23-5-2017 ਅਤੇ ਵਸੀਕਾ ਨੰ. 812 ਮਿਤੀ 23.09.2016 ਦੇ ਅਧੀਨ ਬਲਜੀਤ ਕੌਰ ਪਤਨੀ ਰਘਬੀਰ ਸਿੰਘ ਦੇ ਨਾਮ 'ਤੇ ਮਲਕੀਅਤ। ਹੇਠ ਲਿਖੇ ਅਨੁਸਾਰ ਹੱਦਬੰਦੀ:-ਪੂਰਬ-ਸ੍ਰੀ ਪੱਪੀ ਸਰਪੰਚ ਦਾ ਮਕਾਨ, ਪੱਛਮ-ਸ੍ਰੀ ਸੇਵਕ, ਉੱਤਰੀ-ਰੋਡ, ਦੱਖਣੀ-ਸ੍ਰੀ ਬਲਕਾਰ ਸਿੰਘ ਦਾ ਮਕਾਨ। | 25.02.2025 Rs. 25,14,168.84 (ਰੁਪਏ ਪੱਚੀ ਲੱਖ ਚੌਦਾਂ ਹਜ਼ਾਰ ਇਕ ਸੌ ਅਠਾਹਠ ਅਤੇ ਚੁਰਾਸੀ ਪੈਸੇ ਕੇਵਲ) 24.02.2025 ਦੇ ਅਨੁਸਾਰ | 14.06.2025 |

ਸਥਾਨ: ਬਠਿੰਡਾ, ਪੰਜਾਬ
ਮਿਤੀ : 14.06.2025
ਸਹੀ/- ਅਧਿਕਾਰਤ ਅਧਿਕਾਰੀ, ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.

## ਪੰਜਾਬ ਸਰਕਾਰ — ਟੈਂਡਰ ਸੂਚਨਾ

| ਲੜੀ ਨੰ. | ਵਿਭਾਗ ਦਾ ਨਾਮ | ਕੰਮ ਦਾ ਨਾਮ/ਸੂਚਨਾ/ਟੈਂਡਰ | ਖੁੱਲ੍ਹਣ ਦੀ ਮਿਤੀ/ਬੰਦ ਹੋਣ ਦੀ ਮਿਤੀ | ਰਕਮ/ਈ.ਐਮ.ਡੀ. (ਅਨੁਮਾਨਤ) ਲੱਖਾਂ ਵਿੱਚ | ਨੋਡਲ ਅਫ਼ਸਰ/ਸੰਪਰਕ ਵੇਰਵੇ/ਈਮੇਲ |
|---|---|---|---|---|---|
| 1. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.2, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਬਠਿੰਡਾ | ਲਿਸਾਰਾ ਡਰੇਨ ਦੇ ਉੱਪਰ ਐੱਚ/ਐੱਲ ਪੁਲ 3 ਸਪੈਨ 12.00 ਮੀਟਰ ਹਰੇਕ ਦਾ ਨਿਰਮਾਣ ਐਸਕ-ਆਈਐਨਜੀਬੀਟੀਆਈ। ਖੇਓਵਾਲੀ ਸੜਕ ਐਨਐਚ-64 ਵਾਇਆ (ਜੱਸੀ-ਸੰਗਤ-ਫੁੱਲੋ-ਜੈ ਸਿੰਘ) ਇਸ ਦੇ ਪਹੁੰਚ ਅਤੇ ਡਾਇਵਰਜ਼ਨ, ਢਾਹਣਾ ਅਤੇ 2.5 ਮੀਟਰ ਉੱਚੀ ਆਰਸੀਸੀ ਰਿਟੇਨਿੰਗ ਵਾਲ ਪੈਕੇਜ ਨੰ. ਪੀਬੀ-02-048 ਪੀਐਮਜੀਐਸਵਾਈ-3 (ਬੈਚ-I) | 10/06/2025 01/07/2025 | 6.06 Lac | 9463785032 xenc2bti@gmail.com |
| 2. | ਕਾਰਜਕਾਰੀ ਇੰਜੀਨੀਅਰ, ਮਜੀਠਾ ਨਹਿਰ ਅਤੇ ਭੂਮੀਗਤ ਜਲ ਵਿਭਾਗ, ਜਲ ਸਰੋਤ ਵਿਭਾਗ; ਅੰਮ੍ਰਿਤਸਰ | "ਅਜਨਾਲਾ ਜ਼ਿਲ੍ਹੇ ਦੇ ਪੁਲ ਦੀ ਉਸਾਰੀ ਲਈ ਅਨੁਮਾਨ" | 16/06/2025 27/06/2025 | 0.62 Thousand | 8950065264 xenmajitha@gmail.com |
| 3. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.2, ਐਸ.ਏ.ਐਸ. ਨਗਰ | ਖੇਤਰ ਵਿੱਚ ਦਬਾਅ ਦੇ ਸੁਧਾਰ ਲਈ ਬੂਸਟਰ ਫੇਜ਼ 10 ਅਤੇ ਬੂਸਟਰ ਫੇਜ਼ 10 'ਤੇ ਪੰਪਿੰਗ ਮਸ਼ੀਨਰੀ ਸਮੇਤ ਪੋਲਡਰ ਕਿਸਮ ਦੇ ਪੰਪ ਨਾਲ ਪੀਵੀਸੀ , ਡੀਆਈ 160 ਐਮਐਮ ਓ/ਡੀ ਪਾਈਪਲਾਈਨ, 8" ਅਤੇ 6" ਐਮਐਸ ਪਾਈਪਲਾਈਨ ਨੂੰ ਵਿਛਾਉਣਾ। | 17/06/2025 01/07/2025 | 52.01 Thousand | 9815555418 eewss.div2mohalipb@yahoo.in |
| 4. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.1, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਕਪੂਰਥਲਾ | ਵੱਖ-ਵੱਖ ਲਿੰਕ ਸੜਕਾਂ ਦੇ ਐਸ/ਆਰ ਸਮੂਹ ਨੰ.1, 2. ਸਮੂਹ ਨੰ.2, 3. ਸਮੂਹ ਨੰ.3, 4. ਸਮੂਹ ਨੰ.4, 5. ਸਮੂਹ ਨੰ.5, ਸਾਰੇ ਨਗਰ ਨਿਗਮ ਭੁਲੱਥ ਜ਼ਿਲ੍ਹਾ ਕਪੂਰਥਲਾ ਵਿੱਚ। | 17/06/2025 09/07/2025 | 18.53 Lac | 9988668668 eecd1kptpwdpb@gmail.com |
| 5. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ ਨੰ.2, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਪਟਿਆਲਾ | ਨਿਆਂਇਕ ਦੀ ਵਿਸ਼ੇਸ਼ ਮੁਰੰਮਤ ਨਿਆਂਇਕ ਕੋਰਟ ਕੰਪਲੈਕਸ ਰਾਜਪੁਰਾ ਜ਼ਿਲ੍ਹਾ ਪਟਿਆਲਾ ਵਿੱਚ ਰਿਹਾਇਸ਼ ਨੰਬਰ ਏ-4 | 16/06/2025 02/07/2025 | 43.00 Thousand | 9988588515 eepd2ptapwdpb@gmail.com |
| 6. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.2, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਜਲੰਧਰ ਛਾਉਣੀ | ਵਿਸ਼ੇਸ਼ ਮੁਰੰਮਤ ਪ੍ਰੋਗਰਾਮ 2022-23, 2023-24 ਅਤੇ 2024-25 ਅਧੀਨ ਜ਼ਿਲ੍ਹਾ ਜਲੰਧਰ ਵਿੱਚ ਹੇਠ ਲਿਖੀਆਂ ਮਾਰਕੀਟ ਕਮੇਟੀਆਂ ਵਿੱਚ ਵੱਖ-ਵੱਖ ਲਿੰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ:- ਐਮ.ਐਸ. ਜਲੰਧਰ ਸ਼ਹਿਰ (ਗਰੁੱਪ 6 ਤੋਂ 10), ਐਮ.ਐਸ. ਭੋਗਪੁਰ (ਗਰੁੱਪ 1 ਤੋਂ 3) | 18/06/2025 09/07/2025 | 31.53 Lac | 9646400042 eecd2jalpwdpb@gmail.com |
| 7. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.1, ਲੋਕ ਨਿਰਮਾਣ ਵਿਭਾਗ(ਭ ਅਤੇ ਮ) ਸ਼ਾਖਾ, ਜਲੰਧਰ ਛਾਉਣੀ | ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਜ਼ਿਲ੍ਹਾ ਜਲੰਧਰ ਵਿਖੇ ਹੋਸਟਲ ਬਲਾਕ ਵਿੱਚ ਇੰਟਰਲਾਕ ਟਾਈਲਾਂ ਪ੍ਰਦਾਨ ਕਰਨਾ ਅਤੇ ਜੀ.ਆਈ. ਕੰਡਿਆਲੀ ਤਾਰ ਦੀ ਵਾੜ, ਕੰਸਰਟੀਨਾ ਕੋਇਲ ਦੇ ਨਾਲ ਸੀਮਾ ਦੀਵਾਰ ਨੂੰ ਉੱਚਾ ਕਰਨਾ। ਰਕਮ- 19,66,288/- | 13/06/2025 27/06/2025 | 39.33 Thousand | 9888800501 ee.cd1.jdr.pwd@punjab.gov.in |
| 8. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ ਨੰ.1, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਪਟਿਆਲਾ | ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿਖੇ ਗਰਲਜ਼ ਹੋਸਟਲ ਬਲਾਕ ਬੀ ਦੀ ਉਸਾਰੀ | 10/06/2025 07/07/2025 | 18.01 Lac | 9888821419 eepd1ptapwdpb@gmail.com |
| 9. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.1, ਅੰਮ੍ਰਿਤਸਰ | ਵੱਖ-ਵੱਖ ਮੌਜੂਦਾ ਜਲ ਸਪਲਾਈ ਸਕੀਮ ਬਲਾਕ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ ਜੇਜੇਐਮ/ਐਨਡਬਲਿਊਕਿਊਐਸਐਮ/ਨਾਬਾਰਡ XXVI ਅਧੀਨ) ਵਿੱਚ ਘਰੇਲੂ ਕੁਨੈਕਸ਼ਨ ਰਾਹੀਂ ਪਾਣੀ ਦੀ ਬਿਹਤਰ ਪਹੁੰਚ ਪ੍ਰਦਾਨ ਕਰਨਾ (ਧਾਰਾ 13-1)(ਧਾਰਾ 13-2)(ਧਾਰਾ 14)(ਧਾਰਾ 15-2)(ਧਾਰਾ 17-1) | 18/06/2025 26/06/2025 | 3.52 Lac | 9872672747 xenrws_1asr@yahoo.com |
| 10. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ, ਡਿਵੀਜ਼ਨ ਨੰ.2, ਲੁਧਿਆਣਾ | ਜਲ ਸਪਲਾਈ ਸਕੀਮ ਧੌਲਾ, ਬਲਾਕ ਲੁਧਿਆਣਾ-2, ਜ਼ਿਲ੍ਹਾ, ਲੁਧਿਆਣਾ ਵਿਖੇ ਫੇਲ੍ਹ ਹੋਏ ਟਿਊਬਵੈੱਲ ਅਤੇ ਹੋਰ ਕੰਮ ਦੇ ਵਿਰੁੱਧ 200ਐਮਐਮ ਸਟਰੀਟ ਟਿਊਬਵੈੱਲ ਡੂੰਘਾਈ 150 ਮੀਟਰ ਪ੍ਰਦਾਨ ਕਰਨਾ ਅਤੇ ਸਥਾਪਤ ਕਰਨਾ। | 17/06/2025 23/06/2025 | 21.00 Thousand | 9815273013 div2ldh@gmail.com |
| 11. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.1, ਗੁਰਦਾਸਪੁਰ | ਸਕੀਮ ਛੋੜ ਕੁੱਕੜ, ਮਕੀਮਪੁਰ, ਰੋਸੀ, ਕਿਲਾ ਨੱਥੂ, ਭਗਤਾਣਾ ਟੁੱਲੀਆਂ, ਲਖਨ ਖੁਰਦ, ਜ਼ਿਲ੍ਹਾ ਗੁਰਦਾਸਪੁਰ ਦੇ ਨਾਲ ਪ੍ਰਦਾਨ ਕਰਨਾ | 19/06/2025 02/07/2025 | 4.02 Lac | 9888332518 eewss_gsp@yahoo.in |
| 12. | ਜ਼ਿਲ੍ਹਾ ਖੇਡ ਅਧਿਕਾਰੀ, ਐਸ.ਬੀ.ਐਸ. ਨਗਰ | ਜ਼ਿਲ੍ਹਾ ਖੇਡਾਂ ਦੇ ਡੇ ਸਕਾਲਰ ਸਕੂਲ ਵਿੰਗ, ਐਸਬੀਐਸ ਨਗਰ ਦੇ ਖਿਡਾਰੀਆਂ ਨੂੰ ਖੁਰਾਕ ਪ੍ਰਦਾਨ ਕਰਨਾ | 12/06/2025 25/06/2025 | 1.76 Lac | 8054286074 dsonshar@gmail.com |
| 13. | ਕਾਰਜਕਾਰੀ ਇੰਜੀਨੀਅਰ, ਲਹਿਲ ਨਹਿਰ ਡਿਵੀਜ਼ਨ, ਜਲ ਸਰੋਤ ਵਿਭਾਗ, ਪੰਜਾਬ, ਪਟਿਆਲਾ | ਲੇਹਲ ਨਹਿਰ ਦੇ ਹੇਠਾਂ ਨਹਿਰੀ ਪਾਣੀ ਦੀ ਵਰਤੋਂ ਕਰਕੇ ਭੂਮੀਗਤ ਪਾਣੀ ਨਾਲ ਨਕਲੀ ਰੀਚਾਰਜਿੰਗ ਦੁਆਰਾ ਭੂਮੀਗਤ ਪਾਣੀ ਦੇ ਪੱਧਰ ਨੂੰ ਵਧਾਉਣ ਲਈ ਪਿੰਡ ਕਾਹਨਗੜ੍ਹ ਵਿਖੇ 3 ਨੰਬਰ ਰੀਚਾਰਜ ਸਕੀਮਾਂ ਅਤੇ ਤਲਾਅ ਨੂੰ ਬੋਹਾ ਸ਼ਾਖਾ ਨਾਲ ਜੋੜਨਾ। | 10/06/2025 25/06/2025 | 29.62 Thousand | 9646407185 XENIBLEHAL@GMAIL.COM |
| 14. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.2, ਬਠਿੰਡਾ | ਜਲ ਸਪਲਾਈ ਯੋਜਨਾ ਤਲਵੰਡੀ ਸਾਬੋ WTP-I ਅਤੇ WTP-2 ਦਾ ਸੁਧਾਰ ਅਤੇ ਦਸਮੇਸ਼ ਨਗਰ ਬਠਿੰਡਾ ਰੋਡ ਬਲਾਕ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਵਿੱਚ ਪਾਈਪ ਲਾਈਨ ਵਿਛਾਉਣਾ। | 17/06/2025 25/06/2025 | 1.72 Lac | 9803000038 xenwss2bti@yahoo.in |
| 15. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਜਲੰਧਰ ਛਾਉਣੀ | ਐਚਆਰਸੀ ਸ਼ਾਖਾ ਦੀ ਮੁਰੰਮਤ ਅਤੇ ਨਵੀਨੀਕਰਨ ਰਿਕਾਰਡ ਕਮਰਾ ਨੰਬਰ 207, 208, ਜਨਰਲ ਰਿਕਾਰਡ ਕਮਰਾ ਨੰਬਰ 308 (ਆਰਟੀਆਈ ਸ਼ਾਖਾ), 308/2 ਇਨ ਡੀਏਸੀ ਜਲ (ਸਿਵਲ ਵਰਕ) ਦੀ ਮੁਰੰਮਤ ਅਤੇ ਨਵੀਨੀਕਰਨ। | 13/06/2025 28/06/2025 | 33.80 Thousand | 9779948881 eepdjalpwdpb@gmail.com |
| 16. | ਕਾਰਜਕਾਰੀ ਇੰਜੀਨੀਅਰ, ਡਰੇਨੇਜ-ਕਮ-ਮਾਈਨਿੰਗ ਅਤੇ ਭੂ-ਵਿਗਿਆਨ ਵਿਭਾਗ, ਜਲ ਸਰੋਤ ਵਿਭਾਗ; ਗੁਰਦਾਸਪੁਰ | ਜ਼ਿਲ੍ਹਾ ਗੁਰਦਾਸਪੁਰ ਵਿੱਚ ਰਾਵੀ ਦਰਿਆ 'ਤੇ ਪਿੰਡ ਗੁਰਚੱਕ ਅਤੇ ਬਿਆਸ ਦਰਿਆ 'ਤੇ ਸ੍ਰੀ ਹਰਗੋਬਿੰਦਪੁਰ ਬਲਾਕ ਦੇ ਪਿੰਡ ਰਾਮਪੁਰ ਤਲਵਾੜਾ ਵਿਖੇ 2 ਨੰਬਰ ਹੜ੍ਹ ਸੁਰੱਖਿਆ ਕਾਰਜਾਂ ਦਾ ਕਾਰਜਸ਼ੀਲ ਹੋਣਾ | 16/06/2025 30/06/2025 | 1.22 Lac | 9646700766 drgdivngsp@yahoo.in |
| 17. | ਮੈਂਬਰ ਸਕੱਤਰ, ਜੰਗਲੀ ਜੀਵ ਵਿਭਾਗ ਖਰੀਦ ਕਮੇਟੀ-ਕਮ-ਫੀਲਡ ਡਾਇਰੈਕਟਰ, ਛੱਤਬੀੜ | 01.07.2025 ਤੋਂ 31.03.2026 ਦੇ ਸਮੇਂ ਦੌਰਾਨ ਐਮ ਸੀ ਜ਼ੈੱਡ.ਪੀ. ਛੱਤਬੀੜ ਵਿਖੇ ਸ਼ੈਲੋ ਲੇਕ ਕੰਟੀਨ ਦਾ ਸੰਚਾਲਨ। | 18/06/2025 24/06/2025 | 1.32 Lac | 9463596843 mczpchhatbir@gmail.com |
| 18. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਵਿਭਾਗ, ਬਠਿੰਡਾ | 1) ਜ਼ਿਲ੍ਹਾ ਰੁਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ, ਮਾਨਸਾ ਵਿਖੇ 01 ਨੰਬਰ ਮਹਿੰਦਰਾ ਬੋਲੇਰੋ ਨਿਓ ਓ/ਓ ਦੀ ਨਿਯੁਕਤੀ। 2) ਜ਼ਿਲ੍ਹਾ ਬਠਿੰਡਾ ਦੇ ਪਿੰਡ ਚੱਕ ਫਤਿਹ ਸਿੰਘ ਵਾਲਾ ਬਲਾਕ ਨਥਾਣਾ ਵਿਖੇ ਇੰਟਰਲਾਕ ਟਾਈਲ ਵਿਛਾਉਣਾ। | 13/06/2025 30/06/2025 | 0.22 Lac | 9646001663 xenprbti@gmail.com |
| 19. | ਕਾਰਜਕਾਰੀ ਇੰਜੀਨੀਅਰ/ਤਰਨ ਤਾਰਨ, ਡਰੇਨੇਜ-ਕਮ-ਮਾਈਨਿੰਗ ਅਤੇ ਭੂ-ਵਿਗਿਆਨ ਵਿਭਾਗ, ਡਬਲਯੂਆਰਡੀ, ਤਰਨ ਤਾਰਨ | ਜ਼ਿਲ੍ਹਾ ਅੰਮ੍ਰਿਤਸਰ ਵਿੱਚ ਖਡੂਰ ਸਾਹਿਬ ਡਰੇਨੇਜ ਸਬ ਡਿਵੀਜ਼ਨ ਅਧੀਨ ਆਰ.ਡੀ. 192000-218000, 231000-243000 ਤੋਂ ਪੱਟੀ ਨਾਲੇ ਦੀ ਸਫਾਈ। | 06/06/2025 18/06/2025 | 1.00 Lac | 7888512516 xenbaridoab@gmail.com |
| 20. | ਡਿਪਟੀ ਐਸਪੀਡੀ, ਸਮਗਰਾ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਐਸਏਐਸ ਨਗਰ (ਮੋਹਾਲੀ) | ਤਕਨੀਕੀ ਸਹਾਇਤਾ ਯੂਨਿਟ ਦੇ ਨਾਲ ਇੱਕ ਸਿੱਖਿਆ ਪ੍ਰਬੰਧਨ ਸੂਚਨਾ ਪ੍ਰਣਾਲੀ (E-MIS) ਦੇ ਡਿਜ਼ਾਈਨ, ਵਿਕਾਸ, ਤੈਨਾਤੀ ਅਤੇ ਰੱਖ-ਰਖਾਅ ਲਈ ਇੱਕ ਏਜੰਸੀ ਦੀ ਨਿਯੁਕਤੀ ਲਈ ਆਰਐਫਪੀ | 14/06/2025 04/07/2025 | 10.00 Lac | 9814178444 mispunjab@punjabeducation.gov.in |
| 21. | ਮਾਲ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਵਿਭਾਗ, ਪੰਜਾਬ, ਚੰਡੀਗੜ੍ਹ। | ਪੰਜਾਬ ਰਾਜ ਵਿੱਚ NAKSHA ਪ੍ਰੋਗਰਾਮ ਅਧੀਨ ਜੀਐਨਐਸਐਸ ਰੋਵਰਾਂ ਅਤੇ ਕੰਟਰੋਲਰਾਂ ਦੀ ਸਪਲਾਈ ਲਈ ਪ੍ਰਸਤਾਵਾਂ ਨੂੰ ਸੱਦਾ ਦੇਣਾ। | 17/06/2025 07/07/2025 | 6.30 Lac | 9800003310 punjabspmu@gmail.com |
| 22. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਵਿਭਾਗ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਰੂਪਨਗਰ | ਜ਼ਿਲ੍ਹਾ ਰੂਪਨਗਰ ਵਿੱਚ ਐਮਸੀ ਰੂਪਨਗਰ ਅਤੇ ਐਮਸੀ ਸ੍ਰੀ ਆਨੰਦਪੁਰ ਸਾਹਿਬ ਵਿੱਚ ਵੱਖ-ਵੱਖ ਲਿੰਕ ਸੜਕਾਂ ਦੇ ਐਸ/ਆਰ | 16/06/2025 07/07/2025 | 75.62 Lac | 9779970088 pwdropar@yahoo.co.in |

ਹੋਰ ਜਾਣਕਾਰੀ ਅਤੇ ਸੋਧ ਅਤੇ ਵਾਧਾ, ਜੇਕਰ ਕੋਈ ਹੈ, ਦੇ ਲਈ ਕਿਰਪਾ ਕਰਕੇ ਦੇਖੋ :
**www.pmgsytenders.gov.in, eproc.punjab.gov.in, www.eproc.punjab.gov.in, www.chhatbirzoo.gov.in**
RO No. PR-Advt. No.:1001/12/2025-26/249/Dated CHD: 16/6/2025
**RO Number: 1001/12/2025-26/249**

# ਖੇਤੀਬਾੜੀ

ਹਰਮਨਦੀਪ ਸਿੰਘ



## ਪੰਜਾਬ ਦੇ ਕਿਸਾਨਾਂ ਦੇ ਨਰਮੇ ਨੂੰ ਗੁਲਾਬੀ ਸੁੰਡੀ ਤੋਂ ਬਚਾਏਗਾ 'ਏਆਈ ਸਮਾਰਟ ਟਰੈਪ

**ਪੰਜਾਬ** ਵਿੱਚ ਕਪਾਹ ਜਾਂ ਨਰਮੇ ਦੀ ਫ਼ਸਲ ਨੂੰ ਚਿੱਟਾ ਸੋਨਾ ਵੀ ਕਿਹਾ ਜਾਂਦਾ ਹੈ ਪਰ ਪਿਛਲੇ ਕਈ ਸਾਲਾਂ ਤੋਂ ਕਪਾਹ ਹੇਠਾਂ ਰਕਬਾ ਬਹੁਤ ਘਟਿਆ ਹੈ। ਪਰ ਪੰਜਾਬ ਵਿੱਚ ਕਪਾਹ ਦੀ ਫ਼ਸਲ ਉੱਤੇ ਗੁਲਾਬੀ ਸੁੰਡੀ ਦੀ ਮਾਰ ਕਾਰਨ ਆਏ ਸਾਲ ਕਿਸਾਨਾਂ ਨੂੰ ਨੁਕਸਾਨ ਝੱਲਣਾ ਪੈਂਦਾ ਹੈ। ਇਸ ਤੋਂ ਬਚਾਅ ਲਈ ਕੇਂਦਰੀ ਕਪਾਹ ਖੋਜ ਸੰਸਥਾਨ ਦੁਆਰਾ ਵਿਕਸਿਤ ਕੀਤੇ ਗਏ ਏਆਈ-ਅਧਾਰਤ ਫੇਰੋਮੋਨ ਟਰੈਪ ਕਿਸਾਨਾਂ ਲਈ ਫਾਇਦੇਮੰਦ ਸਾਬਤ ਹੋ ਸਕਦੇ ਹਨ। ਪਰ ਇਸ ਬਾਰੇ ਕਿਸਾਨਾਂ ਨੂੰ ਸੀਮਤ ਜਾਣਕਾਰੀ ਹੀ ਹੈ। ਇਹ ਤਕਨੀਕ ਕੀ ਹੈ? ਇਹ ਕਿਵੇਂ ਕੰਮ ਕਰਦੀ ਹੈ? ਕੀ ਇਸ ਨੂੰ ਕਿਸਾਨ ਵੱਡੇ ਪੱਧਰ ਉੱਤੇ ਅਪਣਾਅ ਸਕਦੇ ਹਨ? ਇਸ ਬਾਰੇ ਅਸੀ ਰਿਪੋਰਟ ਵਿੱਚ ਦੱਸਾਂਗੇ। ਪੰਜਾਬ ਵਿੱਚ ਇਸ ਤਕਨੀਕ ਦੀ ਵਰਤੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ, ਪੰਜਾਬ ਖੇਤੀਬਾੜੀ ਵਿਭਾਗ ਅਤੇ ਕੇਂਦਰੀ ਕਪਾਹ ਖੋਜ ਸੰਸਥਾਨ (ਸੀਆਈਸੀਆਰ) ਦੇ ਸਿਰਸਾ ਵਿੱਚ ਸਥਿਤ ਖੇਤਰੀ ਸੰਸਥਾਨ ਦੀ ਅਗਵਾਈ ਅਤੇ ਨਿਗਰਾਨੀ ਵਿੱਚ ਹੋ ਰਹੀ ਹੈ। ਸੰਸਥਾਨ ਦੁਆਰਾ ਵਿਕਸਤ ਕੀਤੇ ਗਏ ਏਆਈ-ਅਧਾਰਤ ਫੇਰੋਮੋਨ ਟਰੈਪ ਪੰਜਾਬ ਦੇ ਬਠਿੰਡਾ, ਮਾਨਸਾ ਅਤੇ ਮੁਕਤਸਰ ਜ਼ਿਲ੍ਹਿਆਂ ਵਿੱਚ ਵਰਤੇ ਜਾ ਰਹੇ ਹਨ। ਸੰਸਥਾਨਾਂ ਮੁਤਾਬਕ ਇਹ ਤਕਨੀਕ ਗੁਲਾਬੀ ਸੁੰਡੀ ਤੋਂ ਕਪਾਹ ਦੀ ਫਸਲ ਨੂੰ ਬਚਾਉਣ ਵਿੱਚ ਮਦਦ ਕਰਦੀ ਹੈ। ਇਹ ਤਕਨੀਕ ਖੇਤ ਵਿੱਚ ਕਪਾਹ ਦੀ ਗੁਲਾਬੀ ਸੁੰਡੀ ਤੋਂ ਨਿਗਰਾਨੀ ਕਰਦੀ ਹੈ ਅਤੇ ਜਦੋਂ ਇਸ ਸੁੰਡੀ ਦਾ ਕਪਾਹ ਉੱਤੇ ਹਮਲਾ ਹੁੰਦਾ ਹੈ ਤਾਂ ਕਿਸਾਨਾਂ ਨੂੰ ਉਨ੍ਹਾਂ ਦੇ ਮੋਬਾਈਲ ਫੋਨ ਵਿੱਚ ਤਸਵੀਰਾਂ ਸਮੇਤ ਚਿਤਾਵਨੀ ਭੇਜਦੀ ਹੈ।

### ਇਹ ਤਕਨੀਕ ਕਿਵੇਂ ਕੰਮ ਕਰਦੀ ਹੈ ?

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪ੍ਰਮੁੱਖ ਕੀਟ ਵਿਗਿਆਨੀ ਡਾ. ਵਿਜੇ ਕੁਮਾਰ ਨੇ ਦੱਸਿਆ ਕਿ ਕਿਸਾਨਾਂ ਦੇ ਖੇਤਾਂ ਵਿੱਚ ਇੱਕ ਡਿਵਾਇਸ ਲਗਾਇਆ ਜਾਂਦਾ ਹੈ। ਜਿਸ ਨੂੰ ਏਆਈ ਅਧਾਰਤ ਫੇਰੋਮੋਨ ਟਰੈਪ ਕਿਹਾ ਜਾਂਦਾ ਹੈ। ਇਸ ਜਾਲ ਵਿੱਚ ਇੱਕ ਕੈਮਰਾ ਵੀ ਲੱਗਾ ਹੁੰਦਾ ਹੈ। ਇਹ ਕੈਮਰਾ ਫੇਰੋਮੋਨ ਦੀ ਗੰਧ ਦੁਆਰਾ ਆਕਰਸ਼ਿਤ ਹੋਣ ਤੋਂ ਬਾਅਦ ਜਾਲ ਵਿੱਚ ਫਸੇ ਕੀੜਿਆਂ ਦੀਆਂ ਤਸਵੀਰਾਂ ਲੈਂਦਾ ਹੈ। ਫੇਰੋਮੋਨ ਇੱਕ ਰਸਾਇਣ ਹੈ ਜੋ ਮਾਦਾ ਕੀਟ ਦੁਆਰਾ ਛੱਡਿਆ ਜਾਂਦਾ ਹੈ ਅਤੇ ਇਸ ਦੀ ਵਰਤੋਂ ਨਰ ਕੀਟਾਂ ਨੂੰ ਅਕਰਸ਼ਿਤ ਕਰਨ ਲਈ ਕੀਤੀ ਜਾਂਦੀ ਸੀ। ਅਤੇ ਫਿਰ ਨਰ ਕੀਟਾਂ ਦੀ ਗਤੀਵਿਧੀ ਤੋਂ ਹਮਲੇ ਦੇ ਪੱਧਰ ਦਾ ਅੰਦਾਜ਼ਾ ਲਗਾਇਆ ਜਾਂਦਾ ਸੀ। ਖਿੱਚੀਆਂ ਗਈਆਂ ਤਸਵੀਰਾਂ ਕਲਾਉਡ ਸਰਵਰ ਅਤੇ ਕਿਸਾਨਾਂ ਦੇ ਮੋਬਾਈਲ ਫੋਨਾਂ ਉੱਤੇ ਉਸੇ ਸਮੇਂ ਭੇਜੀਆਂ ਜਾਂਦੀਆਂ ਹਨ। ਇਹ ਡਿਵਾਇਸ ਇਨ੍ਹਾਂ ਤਸਵੀਰਾਂ ਦਾ ਮਸ਼ੀਨ ਲਰਨਿੰਗ ਐਲਗੋਰਿਦਮ ਦੀ ਵਰਤੋਂ ਨਾਲ ਵਿਸ਼ਲੇਸ਼ਣ ਕਰਕੇ ਗੁਲਾਬੀ ਸੁੰਡੀ ਦੀ ਪਛਾਣ ਕਰਦਾ ਅਤੇ ਉਸ ਦੀ ਗਿਣਤੀ ਵੀ ਕਰਦਾ ਹੈ। ਇਸ ਤਰ੍ਹਾਂ ਕਿਸਾਨਾਂ ਨੂੰ ਹਰ ਘੰਟੇ ਕੀੜਿਆਂ ਬਾਰੇ ਜਾਣਕਾਰੀ ਮਿਲਦੀ ਰਹਿੰਦੀ ਹੈ ਅਤੇ ਉਹ ਤੁਰੰਤ ਕੀਟਨਾਸ਼ਕਾਂ ਦੀ ਵਰਤੋਂ ਕਰ ਸਕਦੇ ਹਨ। ਡਾ. ਵਿਜੇ ਕੁਮਾਰ ਦੱਸਦੇ ਹਨ ਕਿ ਕੀਟਾਂ ਵਿੱਚ ਅਕਸਰ ਮਾਦਾ ਕੀਟਾਂ ਦੀ ਗਿਣਤੀ ਨਰ ਕੀਟਾਂ ਨਾਲੋਂ ਵੱਧ ਹੁੰਦੀ ਹੈ। ਇਸ ਲਈ ਜਾਲ ਵਿੱਚ ਫਸੇ ਨਰ ਕੀਟਾਂ ਦੀ ਗਿਣਤੀ ਤੋਂ ਗੁਲਾਬੀ ਸੁੰਡੀ ਦੇ ਹਮਲੇ ਦੇ ਪੱਧਰ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ।

### ਇਸ ਟਰੈਪ ਦੀ ਲੋੜ ਕਿਉਂ ਪਈ ?

ਡਾ. ਵਿਜੇ ਕੁਮਾਰ ਨੇ ਦੱਸਿਆ ਕਿ ਨਰਮਾ ਅਤੇ ਕਪਾਹ ਸਾਉਣੀ ਦੀ ਪ੍ਰਮੁੱਖ ਫ਼ਸਲ ਹੈ। ਮੌਜੂਦਾ ਸਮੇਂ ਪੰਜਾਬ ਵਿੱਚ ਇਸ ਦੀ ਕਾਸ਼ਤ ਮੁੱਖ ਤੌਰ ਉੱਤੇ ਬਠਿੰਡਾ, ਮਾਨਸਾ, ਫਾਜ਼ਿਲਕਾ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਵਿੱਚ ਹੁੰਦੀ ਹੈ। ਹਾਲਾਂਕਿ, ਪੰਜਾਬ ਦੇ ਹੋਰਨਾਂ ਜ਼ਿਲ੍ਹਿਆਂ ਵਿੱਚ ਵਿੱਚ ਵੀ ਕਪਾਹ ਬੀਜੀ ਜਾਂਦੀ ਹੈ ਪਰ ਇਨ੍ਹਾਂ ਜ਼ਿਲ੍ਹਿਆਂ ਵਿੱਚ ਇਸਦੀ ਖੇਤੀ ਬਹੁਤ ਛੋਟੇ ਪੱਧਰ ਉੱਤੇ ਹੁੰਦੀ ਹੈ। ਫਰੀਦਕੋਟ ਜ਼ਿਲ੍ਹੇ ਦੇ ਖਾਰਾ ਪਿੰਡ ਦੇ ਰਹਿਣ ਵਾਲੇ ਕਿਸਾਨ ਸੁਖਜਿੰਦਰ ਸਿੰਘ ਨੇ ਦੱਸਿਆ, "ਇਹ ਡਿਵਾਇਸ ਹਰ ਇੱਕ ਘੰਟੇ ਬਾਅਦ ਅਧਿਕਾਰੀਆਂ ਨੂੰ ਤਸਵੀਰਾਂ ਅਤੇ ਜਾਣਕਾਰੀ ਭੇਜਦਾ ਹੈ। ਇਸ ਜਾਣਕਾਰੀ ਦੇ ਆਧਾਰ ਉੱਤੇ ਅਧਿਕਾਰੀ ਸਾਨੂੰ ਲੋੜੀਦੀ ਸਲਾਹ ਦਿੰਦੇ ਹਨ।" ਵਿਜੇ ਕੁਮਾਰ ਦੱਸਦੇ ਹਨ ਕਿ ਇਸ ਤਜਰਬੇ ਤੋਂ ਮਿਲਣ ਵਾਲੇ ਨਤੀਜਿਆਂ ਦੇ ਅਧਾਰ ਉੱਤੇ ਇਸ ਤਕਨੀਕ ਦੀ ਕਿਸਾਨਾਂ ਲਈ ਵਰਤੋਂ ਬਾਰੇ ਸਿਫ਼ਾਰਿਸ਼ ਕੀਤੀ ਜਾਵੇਗੀ। ਪੀਏਯੂ ਮੁਤਾਬਕ ਕਿਸਾਨਾਂ ਲਈ ਇਸ ਦਾ ਮੁੱਲ 35000 ਰੁਪਏ ਦੇ ਕਰੀਬ ਹੋ ਸਕਦਾ ਹੈ ਪਰ ਕੁਝ ਮਾਹਰਾਂ ਮੁਤਾਬਕ ਇਸ ਦੀ ਵੱਧ ਕੀਮਤ ਕਰਕੇ ਕਿਸਾਨ ਇਸ ਦੀ ਵਰਤੋਂ ਤੋਂ ਪਿੱਛੇ ਹਟ ਸਕਦੇ ਹਨ।

### ਰਵਾਇਤੀ ਫੇਰੋਮੋਨ ਟਰੈਪ ਕੀ ਸੀ ?

ਡਾ. ਵਿਜੇ ਕੁਮਾਰ ਨੇ ਜਾਣਕਾਰੀ ਦਿੱਤੀ ਕਿ ਏਆਈ ਅਧਾਰਿਤ ਫੇਰੋਮੋਨ ਟਰੈਪ ਤੋਂ ਪਹਿਲਾਂ ਰਵਾਇਤੀ ਫੇਰੋਮਨ ਟਰੈਪ ਦੀ ਵਰਤੋਂ ਕੀਤੀ ਜਾਂਦੀ ਸੀ। ਕੁਝ ਕਮੀਆਂ ਹੋਣ ਕਰਕੇ ਇਹ ਟ੍ਰੈਪ ਜ਼ਿਆਦਾ ਕਾਰਗਰ ਸਾਬਤ ਨਹੀ ਹੋ ਸਕਿਆ। ਇਸ ਰਵਾਇਤੀ ਟ੍ਰਟਰੈਪ ਵਿੱਚ ਕਿਸਾਨਾਂ ਨੂੰ ਖ਼ੁਦ ਇਸ ਦੀ ਨਿਗਰਾਨੀ ਲਗਾਤਾਰ ਕਰਨੀ ਪੈਂਦੀ ਸੀ, ਜੋ ਕਿ ਹਰ ਸਮੇਂ ਮੁਮਕਿਨ ਨਹੀ ਸੀ। ਕਿਸਾਨਾਂ ਨੇ ਆਪਣੀਆਂ ਹੋਰ ਫ਼ਸਲਾਂ ਦੀ ਵੀ ਕਾਸ਼ਤ ਕਰਨੀ ਹੁੰਦੀ ਸੀ। ਇਸ ਲਈ ਉਹ ਲਗਾਤਾਰ ਇਸ ਟਰੈਪ ਦੀ ਨਿਗਰਾਨੀ ਨਹੀ ਕਰ ਸਕਦੇ ਸੀ। ਇਸ ਲਈ ਸਮੇਂ ਸਿਰ ਗੁਲਾਬੀ ਸੁੰਡੀ ਦੇ ਹਮਲੇ ਅਤੇ ਹਮਲੇ ਦੇ ਪੱਧਰ ਦਾ ਪਤਾ ਨਹੀ ਲੱਗਦਾ ਸੀ। ਏਆਈ ਅਧਾਰਤ ਟਰੈਪ ਵਿੱਚ ਕੈਮਰਾ ਅਤੇ ਮਸ਼ੀਨ ਲਰਨਿੰਗ ਐਲਗੋਰਿਦਮ ਗੁਲਾਬੀ ਸੁੰਡੀ ਦੀ ਪਛਾਣ, ਗਿਣਤੀ ਅਤੇ ਵਿਸ਼ਲੇਸ਼ਣ ਕਰ ਕੇ ਕਿਸਾਨਾਂ ਨੂੰ ਸਮੇਂ ਸਿਰ ਚਿਤਾਵਨੀ ਭੇਜ ਦਿੰਦਾ ਹੈ।

## ਝੋਨੇ ਅਤੇ ਬਾਸਮਤੀ ਦੇ ਮੁੱਖ ਕੀੜਿਆਂ ਦੀ ਸਰਵਪੱਖੀ ਢੰਗਾਂ ਨਾਲ ਰੋਕਥਾਮ

ਪ੍ਰੀਤਇੰਦਰ ਸਿੰਘ ਸਰਾਓ
ਹਰਪਾਲ ਸਿੰਘ ਰੰਧਾਵਾ
ਰੁਬਲਜੋਤ ਕੂਨਰ
98720-06248

**ਪੰਜਾਬ** ਵਿੱਚ ਝੋਨਾ ਅਤੇ ਬਾਸਮਤੀ ਫ਼ਸਲਾਂ ਹਨ ਹੇਠ ਕੁੱਲ ਰਕਬਾ 31.79 ਲੱਖ ਹੈਕਟੇਅਰ ਹੈ। ਇਹਨਾਂ ਫ਼ਸਲਾਂ ਨੂੰ ਗਰਮ ਜਲਵਾਯੂ ਅਤੇ ਵਧੇਰੇ ਨਮੀ ਦੀ ਲੋੜ ਹੁੰਦੀ ਹੈ। ਇਸ ਲਈ ਇਹਨਾਂ ਫ਼ਸਲਾਂ ਤੇ ਸਭ ਤੋ ਜ਼ਿਆਦਾ ਗੰਭੀਰ ਸਮੱਸਿਆ ਕੀੜੇ-ਮਕੌੜੇ ਹਨ। ਲਗਭਗ ਦਰਜਨ ਤੋ ਵੀ ਵੱਧ ਕੀੜੇ-ਮਕੌੜੇ, ਝੋਨਾ ਅਤੇ ਬਾਸਮਤੀ ਫ਼ਸਲਾਂ ਤੇ ਹਮਲਾ ਕਰਦੇ ਹਨ, ਜਿਸ ਕਾਰਣ ਝਾੜ ਅਤੇ ਉਪਜ ਦੀ ਕੁਆਲਿਟੀ ਬਹੁਤ ਪ੍ਰਭਾਵਿਤ ਹੁੰਦੀ ਹੈ। ਕਿਸਾਨ ਵੀਰ ਕੀੜਿਆਂ ਦੀ ਰੋਕਥਾਮ ਲਈ ਰਸ਼ਾਇਣਕ ਦਵਾਈਆਂ ਦੀ ਬੇਲੋੜੀ ਵਰਤੋਂ ਕਰਦੇ ਹਨ, ਜੋ ਕਿ ਉਪਜ/ਦਾਣਿਆ ਵਿੱਚ ਕੀਟਨਾਸ਼ਕਾਂ ਦੀ ਰਹਿੰਦ-ਖੂੰਦ, ਵਾਤਾਵਰਣ ਨੂੰ ਦੂਸ਼ਿਤ ਕਰਨ ਅਤੇ ਗੰਭੀਰ ਸਿਹਤ ਸਮੱਸਿਆਂ ਦਾ ਕਾਰਣ ਬਣਦੀ ਹੈ। ਇਸ ਲਈ ਸਰਵਪੱਖੀ ਰੋਕਥਾਮ ਕੀੜਿਆਂ ਦੀ ਸੁਚੱਜੀ ਰੋਕਥਾਮ ਦੀ ਉਹ ਵਿਧੀ ਹੈ ਜਿਸ ਵਿੱਚ ਕੀੜੇ ਨੂੰ ਕਾਬੂ ਕਰਨ ਅਤੇ ਮਾਰਨ ਲਈ ਵੱਖ-ਵੱਖ ਤਰੀਕਿਆਂ ਦੀ ਵਿਉਂਤਬੰਦ ਢੰਗ ਨਾਲ ਵਰਤੋਂ ਕੀਤੀ ਜਾਂਦੀ ਹੈ ਤਾਂ ਜੋ ਕੀੜਿਆਂ ਤੋਂ ਫ਼ਸਲ ਨੂੰ ਹੋਣ ਵਾਲੇ ਆਰਥਿਕ ਨੁਕਸਾਨ ਅਤੇ ਵਾਤਾਵਰਣ ਪ੍ਰਦੂਸ਼ਣ ਹੋਣ ਤੋ ਬਚਾਇਆ ਜਾ ਸਕੇ। ਝੋਨੇ ਅਤੇ ਬਾਸਮਤੀ ਦੇ ਵੱਖ-ਵੱਖ ਕੀੜਿਆਂ ਦੀ ਪਛਾਣ, ਹਮਲੇ ਦੀਆਂ ਨਿਸ਼ਾਨੀਆਂ ਅਤੇ ਸਰਵਪੱਖੀ ਰੋਕਥਾਮ ਹੇਠਾਂ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ ।

**ਤਣੇ ਦੇ ਗੜੂੰਏਂ/ਸੁੰਡੀਆਂ:** ਇਹ ਗੜੂੰਏਂ/ਸੁੰਡੀਆਂ ਦੀਆਂ ਤਿੰਨ ਕਿਸਮਾਂ ਹਨ, ਜਿਵੇਂ ਕਿ ਪੀਲਾ, ਚਿੱਟਾ ਅਤੇ ਗੁਲਾਬੀ ਸੁੰਡੀ, ਜੋ ਜੁਲਾਈ ਤੋ ਅਕਤੂਬਰ ਤੱਕ ਨੁਕਸਾਨ ਕਰਦੀਆਂ ਹਨ। ਪੀਲੀ ਸੁੰਡੀ ਦੇ ਮਾਦਾ ਪਤੰਗੇ ਦਾ ਰੰਗ ਪੀਲਾ-ਚਿੱਟਾ ਹੁੰਦਾ ਹੈ ਤੇ ਹਰੇਕ ਅਗਲੇ ਖੰਭ ਦੇ ਵਿਚਕਾਰ ਕਾਲਾ ਧੱਬਾ ਹੁੰਦਾ ਹੈ। ਚਿੱਟੀ ਸੁੰਡੀ ਦੇ ਮਾਦਾ ਪਤੰਗੇ ਪਤਲੇ ਅਤੇ ਚਿੱਟੇ ਰੰਗ ਦੇ ਹੁੰਦੇ ਹਨ। ਗੁਲਾਬੀ ਸੁੰਡੀ ਦੀ ਮਾਦਾ ਦੇ ਅਗਲੇ ਖੰਭਾਂ ਦੇ ਵਿਚਕਾਰ ਤੋਂ ਇੱਕ ਵੱਖਰੀ ਤਰ੍ਹਾਂ ਦੀ ਕਾਲੀ ਸਲੇਟੀ ਕਿਰਨ ਖੰਭ ਦੇ ਸਿਰੇ ਵੱਲ ਵੱਧਦੀ ਹੈ ਅਤੇ ਗੂੜੇ ਧੱਬਿਆਂ ਦੀ ਪੱਤਲੀ ਕਤਾਰ ਦੇ ਰੂਪ ਵਿੱਚ ਖਤਮ ਹੋ ਜਾਂਦੀ ਹੈ। ਪੀਲੀ ਅਤੇ ਚਿੱਟੀ ਸੁੰਡੀ ਦੇ ਮਾਦਾ ਪਤੰਗੇ ਵਾਲਾਂ ਨਾਲ ਢੱਕੇ ਅੰਡੇ ਅਕਸਰ ਪੱਤਿਆਂ ਦੇ ਸਿਰਿਆਂ ਦੇ ਨੇੜੇ ਝੁੰਡਾਂ ਵਿੱਚ ਦਿੰਦੇ ਹਨ, ਜਦੋ ਕਿ ਗੁਲਾਬੀ ਸੁੰਡੀ ਦੀ ਮਾਦਾ ਪੱਤਿਆਂ ਦੇ ਅੰਦਰਲੇ ਪਾਸੇ ਮਣਕਿਆ ਵਰਗੇ ਅੰਡੇ ਕਤਾਰਾ ਵਿੱਚ ਤਣੇ ਅਤੇ ਪੱਤੇ ਦੀ ਡੰਡੀ ਦੇ ਵਿੱਚ ਦਿੰਦੀ ਹੈ।ਸੁੰਡੀਆਂ ਮੁੰਜਰਾਂ ਨਿਕਲਣ ਤੇ ਪਹਿਲਾਂ ਗੋਭਾਂ ਵਿਚ ਵੜ ਜਾਂਦੀਆ ਹਨ ਤੇ ਗੋਭ ਨੂੰ ਅੰਦਰੋ-ਅੰਦਰ ਖਾਈ ਜਾਂਦੀਆਂ ਹਨ, ਜਿਸ ਨਾਲ ਗੋਭਾਂ ਸੁੱਕ ਜਾਂਦੀਆਂ ਹਨ। ਇਨ੍ਹਾਂ ਸੁੱਕੀਆਂ ਗੋਭਾਂ ਨੂੰ 'ਡੈਡ ਹਾਰਟ' ਆਖਦੇ ਹਨ ਜਿਹੜੀਆਂ ਬੂਟਿਆਂ ਵਿਚੋਂ ਆਸਾਨੀ ਨਾਲ ਬਾਹਰ ਖਿੱਚੀਆਂ ਜਾ ਸਕਦੀਆਂ ਹਨ। ਜੇਕਰ ਹਮਲਾ ਪੱਛੜ ਕੇ (ਮੁੰਜਰਾਂ ਨਿਕਲਣ ਤੋਂ ਬਾਅਦ) ਹੋਵੇ ਤਾਂ ਮੁੰਜਰਾਂ ਸੁੱਕ ਜਾਦੀਆਂ ਹਨ ਅਤੇ ਇਸ ਵਿਚ ਦਾਣੇ ਨਹੀ ਬਣਦੇ। ਅਜਿਹੀਆਂ ਚਿੱਟੀਆਂ ਅਤੇ ਸਿੱਧੀਆਂ ਖੜੀਆਂ ਮੁੰਜਰਾਂ ਖੇਤ ਵਿੱਚ ਦੂਰੋ ਹੀ ਬੜੀ ਅਸਾਨੀ ਨਾਲ ਪਛਾਣੀਆਂ ਜਾ ਸਕਦੀਆਂ ਹਨ। ਇਸ ਤਰਾਂ ਦੀਆਂ ਮੁੰਜਰਾਂ ਨੂੰ 'ਚਿੱਟੀਆਂ ਮੁੰਜਰਾਂ ਵੀ ਆਖਦੇ ਹਨ।

**ਸਮੇਂ ਸਿਰ ਬਿਜਾਈ:** ਫ਼ਸਲ ਦੀ ਪਨੀਰੀ ਦੀ ਬਿਜਾਈ/ਲਵਾਈ ਨੂੰ ਸਿਫ਼ਾਰਸ਼ ਕੀਤੇ ਸਮੇਂ ਅਨੁਸਾਰ ਹੀ ਲਗਾਉ। ਇਸ ਨਾਲ ਆਉਣ ਵਾਲੀ ਝੋਨਾ/ਬਾਸਮਤੀ ਫਸਲ ਤੇ ਵੀ ਤਣੇ ਦੀਆਂ ਸੁੰਡੀਆਂ ਦੀ ਪੁਸ਼ਤਾਂ/ਪੀੜੀਆਂ ਘੱਟਣਗੀਆਂ। ਪੂਸਾ 44, ਪੀਲੀ ਪੂਸਾ ਅਤੇ ਡੋਗਰ ਪੂਸਾ ਦੀ ਕਾਸ਼ਤ ਤੋਂ ਗੁਰੇਜ਼ ਕਰੋ। ਇਹਨਾਂ ਨੂੰ ਸਿਫਾਰਸ਼ ਕਿਸਮਾਂ ਦੇ ਮੁਕਾਬਲੇ 15-20% ਵੱਧ ਪਾਣੀ ਅਤੇ ਕੀਟਨਾਸ਼ਕਾਂ ਦੀਆਂ ਘੱਟੋ-ਘੱਟ ਦੋ ਵਾਧੂ ਸਪਰੇਆਂ ਦੀ ਲੋੜ ਪੈਂਦੀ ਹੈ, ਜਿਸ ਕਰਕੇ ਮੁਨਾਫਾ ਘੱਟਦਾ ਹੈ।

**ਕੀਟਨਾਸ਼ਕ:** ਫ਼ਸਲਾਂ ਵਿੱਚ ਲਗਾਤਾਰ ਸੁੰਡੀਆਂ ਦੇ ਨੁਕਸਾਨ ਦਾ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ ਅਤੇ ਜਦੋਂ ਝੋਨੇ ਵਿੱਚ ਸੁੱਕੀਆਂ ਗੋਭਾਂ 5 % (ਇਕਨਾਮਿਕ ਥਰੈਸ਼ਹੋਲਡ ਲੈਵਲ/ਈ ਟੀ ਐਲ) ਅਤੇ ਬਾਸਮਤੀ ਵਿੱਚ 2 % (ਈ ਟੀ ਐਲ) ਤੋਂ ਵੱਧ ਜਾਣ ਤਾਂ ਸਾਰਣੀ-1 ਵਿੱਚ ਲਿਖੀਆਂ ਕੀਟਨਾਸ਼ਕਾਂ ਵਿਚੋਂ ਕੋਈ ਇਕ ਦੀ ਵਰਤੋਂ ਕਰੋ। ਦੁਬਾਰਾ ਲੋੜ ਪੈਣ ਤੇ ਦਵਾਈਆਂ ਅਦਲ-ਬਦਲ ਕੇ ਵਰਤੋ।

**ਪੱਤਾ ਲਪੇਟ ਸੁੰਡੀ:** ਪੱਤਾ ਲਪੇਟ ਸੁੰਡੀ ਦੇ ਪਤੰਗੇ ਦੇ ਅਗਲੇ ਖੰਭ ਹਲਕੇ ਪੀਲੇ ਰੰਗ ਦੇ ਹੁੰਦੇ ਹਨ ਅਤੇ ਇਨ੍ਹਾਂ ਉੱਤੇ ਤਿੰਨ ਭੂਰੇ ਰੰਗ ਦੀਆਂ ਧਾਰੀਆਂ ਹੁੰਦੀਆਂ ਹਨ। ਮਾਦਾ ਪਤੰਗਾ ਪੱਤੇ ਦੇ ਹੇਠਲੇ ਪਾਸੇ ਇੱਕ-ਇੱਕ ਜਾਂ ਦੋ-ਦੋ ਕਰਕੇ ਚੌੜੇ ਅਤੇ ਪਾਰਦਰਸ਼ੀ ਅੰਡੇ ਦਿੰਦੀ ਹੈ। ਇਹ ਸੁੰਡੀ ਬਹੁਤਾ ਨੁਕਸਾਨ ਅਗਸਤ ਤੋਂ ਅਕਤੂਬਰ ਦੇ ਦੌਰਾਨ ਕਰਦੀ ਹੈ। ਛੋਟੀਆਂ ਸੁੰਡੀਆਂ ਸ਼ੁਰੂ ਵਿੱਚ ਨਰਮ ਪੱਤਿਆਂ ਨੂੰ ਬਿਨਾਂ ਲਪੇਟਿਆਂ ਹੀ ਖਾਂਦੀਆਂ ਹਨ, ਪਰ ਵੱਡੀਆਂ ਸੁੰਡੀਆਂ ਪੱਤਿਆਂ ਨੂੰ ਕਿਨਾਰਿਆਂ ਤੋਂ ਮੋੜ ਕੇ ਲੰਬੇ ਰੁੱਖ ਲਪੇਟ ਲੈਂਦੀਆਂ ਹਨ, ਅੰਦਰੋਂ-ਅੰਦਰ ਹਰਾ ਮਾਦਾ ਖਾਂਦੀਆਂ ਅਤੇ ਪੱਤੇ ਉੱਤੇ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਦੀਆਂ ਹਨ ਅਤੇ ਪੱਤੇ ਜਾਲੀਦਾਰ ਲਗਦੇ ਹਨ। ਇਸ ਨਾਲ ਪੌਦੇ ਦੀ ਪ੍ਰਕਾਸ਼ ਸੰਸਲੇਸ਼ਣ ਕਿਰਿਆ ਘੱਟ ਜਾਂਦੀ ਹੈ ਅਤੇ ਫ਼ਸਲ ਦੇ ਝਾੜ ਤੇ ਮਾੜਾ ਪ੍ਰਭਾਵ ਪੈਂਦਾ ਹੈ।



**ਕਾਸ਼ਤਕਾਰੀ ਢੰਗ:** ਪੱਤਾ ਲਪੇਟ ਸੁੰਡੀ ਦਾ ਹਮਲਾ ਅਤੇ ਨੁਕਸਾਨ ਦਰੱਖਤਾਂ ਦੀ ਛਾਂ ਹੇਠ ਵੱਧ ਹੁੰਦਾ ਹੈ। ਜੋ ਕੀੜੇ ਦੇ ਫੈਲਾਅ ਲਈ 'ਮੁੱਖ ਜਗ੍ਹਾ' ਬਣ ਜਾਂਦੀ ਹੈ। ਇਸ ਕਰਕੇ ਛਾਂਦਾਰ ਥਾਵਾਂ ਤੇ ਕੀੜੇ ਦੀ ਮੌਜੂਦਗੀ ਨੂੰ ਦੇਖਦੇ ਰਹਿਣਾ ਚਾਹੀਦਾ ਹੈ। ਜੇ ਹੋ ਸਕੇ ਤਾ ਇਹਨਾਂ ਥਾਂਵਾ ਤੇ ਪਨਰੀ ਦੀ ਬਿਜਾਈ/ਲਵਾਈ ਨਾ ਕੀਤੀ ਜਾਵੇ। ਫ਼ਸਲਾਂ ਨੂੰ ਖਾਦਾਂ ਦੀ ਸਹੀ ਵਰਤੋ ਮਿੱਟੀ ਪਰਖ ਅਧਾਰ ਜਾਂ ਪੱਤਾ ਰੰਗ ਚਾਰਟ ਅਧਾਰ ਤੇ ਹੀ ਕਰੋ ਅਤੇ ਪਾਣੀ ਲੋੜ ਅਨੁਸਾਰ ਹੀ ਲਗਾਉ।

**ਮਕੈਨੀਕਲ ਢੰਗ:** ਜੇਕਰ ਕੀੜੇ ਦਾ ਹਮਲਾ ਫ਼ਸਲ ਨਿਸਰਣ ਤੋਂ ਪਹਿਲਾਂ ਹੋਵੇ ਤਾਂ 20-30 ਮੀਟਰ ਲੰਬੀ ਨਾਰੀਅਲ ਜਾਂ ਮੁੰਜ ਦੀ ਰੱਸੀ ਫ਼ਸਲ ਦੇ ਉੱਪਰਲੇ ਹਿੱਸੇ ਤੇ 2 ਵਾਰੀ ਫੇਰੋ। ਪਹਿਲਾਂ ਕਿਆਰੇ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਰੱਸੀ ਫੇਰੋ ਅਤੇ ਫਿਰ ਉਹਨੀ ਪੈਰੀ ਰੱਸੀ ਫੇਰਦੇ ਹੋਏ ਵਾਪਸ ਮੁੜੋ। ਇਹ ਧਿਆਨ ਵਿਚ ਰੱਖੋ ਕਿ ਰੱਸੀ ਫੇਰਨ ਸਮੇਂ ਖੇਤ ਵਿੱਚ ਪਾਣੀ ਜਰੂਰ ਖੜਾ ਹੋਵੇ।

**ਕੀਟਨਾਸ਼ਕ:** ਜਦੋਂ ਖੇਤ ਵਿੱਚ ਫ਼ਸਲ ਦੇ ਇੱਕ ਤਿਹਾਈ (1/3) ਖਾਦੇ ਪੱਤਿਆਂ ਦੀ ਗਿਣਤੀ 10 % (ਈ ਟੀ ਐਲ) ਜਾਂ ਵਧੇਰੇ ਹੋਵੇ ਤਾਂ ਸਾਰਣੀ-1 ਵਿੱਚ ਲਿਖੀਆਂ ਕੀਟਨਾਸ਼ਕਾ ਵਿਚੋਂ ਕੋਈ ਇਕ ਦੀ ਵਰਤੋਂ ਕਰੋ।

**ਬੂਟਿਆਂ ਦੇ ਟਿੱਡੇ:** ਫ਼ਸਲ ਦਾ ਰਸ ਚੂਸ ਕੇ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਵਿੱਚੋ ਬੂਟਿਆਂ ਦੇ ਟਿੱਡੇ- ਚਿੱਟੀ ਪਿੱਠ ਵਾਲਾ ਟਿੱਡਾ ਅਤੇ ਭੂਰਾ ਟਿੱਡਾ ਮੁੱਖ ਹਨ। ਭੂਰਾ ਟਿੱਡੇ ਦੇ ਬਾਲਗ ਦਾ ਰੰਗ ਹਲਕੇ ਤੋਂ ਗੂੜਾ ਭੂਰਾ ਹੁੰਦਾ ਹੈ। ਚਿੱਟੀ ਪਿੱਠ ਵਾਲੇ ਟਿੱਡੇ ਦੇ ਬਾਲਗ ਤੇ ਇੱਕ ਪਤਲੀ (ਬਰੀਕ) ਚਿੱਟੀ ਪੱਟੀ ਉਪਰਲੇ ਪਾਸੇ ਦਿਖਾਈ ਦਿੰਦੀ ਹੈ। ਇੱਕ ਕਾਲਾ ਧੱਬਾ ਅਗਲੇ ਖੰਬਾਂ ਦੇ ਪਿੱਛਲੇ ਪਾਸੇ ਦੇ ਵਿਚਕਾਰ ਦਿਖਾਈ ਦਿੰਦਾ ਹੈ। ਇਹ ਟਿੱਡੇ ਲੀਫ਼ ਸ਼ੀਥ (ਤਣੇ ਦੇ ਦੁਆਲੇ ਪੱਤੇ ਦੇ ਖੋਲ) ਵਿੱਚ ਅੰਡੇ ਦਿੰਦੇ ਹਨ। ਇਹਨਾਂ ਟਿੱਡਿਆਂ ਦੇ ਬੱਚੇ ਅਤੇ ਬਾਲਗ ਜੁਲਾਈ ਤੋਂ ਅਕਤੂਬਰ ਤੱਕ ਫ਼ਸਲ ਦਾ ਰਸ ਚੂਸ ਕਿ ਬਹੁਤ ਨੁਕਸਾਨ ਕਰਦੇ ਹਨ। ਜਦੋਂ ਪਹਿਲੇ ਬੂਟੇ ਸੁੱਕ ਜਾਂਦੇ ਹਨ ਤਾਂ ਟਿੱਡੇ ਫਿਰ ਨੇੜੇ ਦੇ ਨਰੋਏ ਬੂਟਿਆਂ ਤੇ ਚਲੇ ਜਾਂਦੇ ਹਨ। ਕੁੱਝ ਹੀ ਦਿਨਾਂ ਵਿੱਚ ਹਮਲੇ ਵਾਲੇ ਥਾਵਾਂ ਵਿੱਚ ਬਹੁਤ ਵਾਧਾ ਹੋ ਜਾਂਦਾ ਹੈ। ਟਿੱਡਿਆਂ ਦੇ ਸਰੀਰ ਵਿੱਚ ਨਿਕਲਿਆਂ ਹੋਇਆਂ ਮਲ-ਮੂਤਰ ਪੱਤਿਆਂ ਤੇ ਜੰਮਣ ਕਾਰਨ ਪੱਤਿਆਂ ਤੇ ਕਾਲੀ ਉੱਲੀ ਵੀ ਲੱਗ ਜਾਂਦੀ ਹੈ। ਬੂਟਾ ਸੁੱਕਣ ਦੇ ਬਾਅਦ ਟਿੱਡੇ ਨਾਲ ਦੇ ਨਰੋਏ ਬੂਟਿਆਂ ਤੇ ਚਲੇ ਜਾਂਦੇ ਹਨ। ਜਿਸ ਨਾਲ ਫ਼ਸਲ ਧੌੜੀਆਂ ਵਿੱਚ ਸੁੱਕ ਜਾਂਦੀ ਹੈ ਅਤੇ ਇਸ ਨੂੰ 'ਟਿੱਡੇ ਦਾ ਸਾੜ ਜਾਂ ਹਾਪਰ ਬਰਨ' ਵੀ ਕਹਿੰਦੇ ਹਨ ਅਤੇ ਇਹ ਧੌੜੀਆਂ ਘੇਰੇ ਵਿੱਚ ਵੱਡੀਆਂ ਹੁੰਦੀਆਂ ਜਾਂਦੀਆ ਹਨ। ਬੂਟਿਆਂ ਦਾ ਮਧਰਾ ਰਹਿ ਜਾਣਾ ਝੋਨੇ ਦਾ ਇੱਕ ਨਵਾਂ ਵਿਸ਼ਾਣੂ ਰੋਗ ਹੈ, ਜਿਸ ਦੀ ਪਹਿਚਾਣ ਸਦਰਨ ਰਾਈਸ ਬਲੈਕ ਸਟਰੀਕਡ ਵਾਇਰਸ ਵੱਜੋਂ ਕੀਤੀ ਗਈ ਹੈ। ਇਸ ਰੋਗ ਨਾਲ ਪ੍ਰਭਾਵਿਤ ਬੂਟੇ ਮਧਰੇ, ਪੱਤੇ ਨੋਕਦਾਰ ਅਤੇ ਜੜ੍ਹਾਂ ਘੱਟ ਡੂੰਘੀਆਂ ਰਹਿ ਜਾਂਦੀਆਂ ਹਨ। ਇh ਰੋਗ ਭਾਰਤ ਵਿੱਚ ਪਹਿਲੀ ਵਾਰ ਸਨ 2022 ਵਿੱਚ ਵੇਖਿਆ ਗਿਆ, ਚਿੱਟੀ ਪਿੱਠ ਵਾਲੇ ਟਿੱਡੇ ਇਸ ਰੋਗ ਨੂੰ ਫਲਾਉਣ ਵਾਲੇ ਕੀੜੇ ਹਨ।

**ਪਾਣੀ ਦੀ ਸੁਚੱਜੀ ਵਰਤੋਂ:** ਝੋਨੇ/ਬਾਸਮਤੀ ਫ਼ਸਲ ਨੂੰ ਪਾਣੀ ਦੀ ਬਹੁਤ ਲੋੜ ਹੁੰਦੀ ਹੈ, ਪਰ ਖੇਤ ਵਿੱਚ ਪਾਣੀ ਖੜ੍ਹਾ ਰੱਖਣਾ ਜ਼ਰੂਰੀ ਨਹੀ। ਬੂਟਿਆਂ ਦੇ ਟਿੱਡਿਆਂ ਦੇ ਹਮਲੇ ਦੇ ਸਮੇਂ ਖੇਤ ਵਿੱਚੋਂ 3-4 ਦਿਨਾਂ ਲਈ ਪਾਣੀ ਕੱਢ ਦਿਉ, ਇਸ ਨਾਲ ਬੂਟਿਆਂ ਦੇ ਟਿੱਡਿਆਂ ਦਾ ਹਮਲਾ ਘਟ ਜਾਂਦਾ ਹੈ। ਪਰ ਇਸ ਗੱਲ ਦਾ ਧਿਆਨ ਰੱਖੋ ਕਿ ਜ਼ਮੀਨ ਵਿੱਚ ਤਰੇੜਾਂ ਨਾ ਪੈਣ।

**ਕੀਟਨਾਸ਼ਕ:** ਫ਼ਸਲ ਵਿੱਚ ਬੂਟਿਆਂ ਦੇ ਟਿੱਡਿਆਂ ਦੀ ਗਿਣਤੀ ਦਾ ਲਗਾਤਾਰ ਸਰਵੇਖਣ ਕਰਦੇ ਰਹੋ। ਝੋਨੇ/ਬਾਸਮਤੀ ਦੀ ਪਨੀਰੀ ਪੁੱਟ ਕੇ ਲਾਉਣ ਤੋਂ ਇੱਕ ਮਹੀਨੇ ਬਾਅਦ ਖੇਤ ਵਿੱਚ ਕੁਝ ਬੂਟਿਆਂ ਨੂੰ ਹਰ ਹਫਤੇ ਥੋੜਾ ਜਿਹਾ ਟੇਢੇ ਕਰਕੇ ਹੇਠਾਂ ਨੂੰ 2-3 ਵਾਰੀ ਝਾੜੋ। ਜੇਕਰ ਪ੍ਰਤੀ ਬੂਟਾ 5 ਟਿੱਡੇ (ਈ ਟੀ ਐਲ) ਜਾਂ ਵੱਧ ਟਿੱਡੇ ਪਾਣੀ ਉੱਤੇ ਤੈਰਦੇ ਦਿਖਾਈ ਦੇਣ ਤਾਂ ਕੋਈ ਇੱਕ ਕੀਟਨਾਸ਼ਕ (ਸਾਰਣੀ-1) ਦੀ ਵਰਤੋਂ ਕਰੋ। ਚੰਗੇ ਨਤੀਜਿਆਂ ਲਈ ਕੀਟਨਾਸ਼ਕਾਂ ਦਾ ਛਿੜਕਾਅ ਬੂਟਿਆਂ ਦੇ ਮੁੱਢਾਂ ਵੱਲ ਕਰਕੇ ਕਰੋ। ਇਹ ਟਿੱਡੇ ਮਾਰਨ ਲਈ ਹਮਲੇ ਵਾਲੀਆਂ ਧੌੜੀਆਂ/ਥਾਵਾਂ ਦੇ 3-4 ਮੀਟਰ ਆਲੇ-ਦੁਆਲੇ ਵੀ ਛਿੜਕਾਅ ਕਰੋ ।

**ਘਾਹ ਦਾ ਟਿੱਡਾ:** ਕੀੜੇ ਦੇ ਬੱਚੇ ਅਤੇ ਬਾਲਗ ਛੋਟੇ ਪੌਦਿਆਂ ਦੇ ਪੱਤਿਆਂ ਨੂੰ ਖਾਂਦੇ ਹਨ। ਜਿਆਦਾ ਹਮਲੇ ਦੀ ਸੂਰਤ ਵਿੱਚ ਪੌਦੇ ਪੱਤਿਆਂ ਤੋ ਰਹਿਤ ਹੋ ਜਾਂਦੇ ਹਨ। ਕੀੜੇ ਦੇ ਹਮਲੇ ਤੋ ਬਚਾ ਲਈ ਫ਼ਸਲਾਂ ਦਾ ਆਲਾ ਦੁਆਲਾ ਸਾਫ ਰੱਖੋ ਅਤੇ ਲੋੜ ਪੈਣ ਤੇ ਰੋਕਥਾਮ ਲਈ ਬੂਟਿਆਂ ਦੇ ਟਿੱਡਿਆਂ ਲਈ ਸਿਫ਼ਾਰਸ਼ ਕੀਤੀਆਂ ਕੀਟਨਾਸ਼ਕਾਂ ਵਰਤੀਆਂ ਜਾ ਸਕਦੀਆਂ ਹਨ।

**ਝੋਨੇ ਦਾ ਹਿਸਪਾ (ਕੰਡਿਆਲੀ-ਭੂੰਡੀ):** ਭੂੰਡੀ ਦਾ ਜਵਾਨ ਕੀੜਾ ਚਮਕਦਾਰ ਅਤੇ ਨੀਲੇ-ਕਾਲੇ ਰੰਗ ਦਾ ਹੁੰਦਾ ਹੈ। ਇਸ ਦੇ ਸਰੀਰ ਉੱਪਰ ਛੋਟੇ-ਛੋਟੇ ਕੰਡੇ ਹੋਣ ਕਰਕੇ ਇਸ ਨੂੰ 'ਕੰਡਿਆਲੀ ਭੂੰਡੀ' ਵੀ ਕਹਿੰਦੇ ਹਨ। ਕੀੜੇ ਦਾ ਗਰੱਬ (ਬੱਚਾ) ਅਤੇ ਜਵਾਨ ਕੀੜਾ ਦੋਵੇਂ ਹੀ ਫ਼ਸਲ ਨੂੰ ਨੁਕਸਾਨ ਕਰਦੇ ਹਨ। ਗਰੱਬ ਪੱਤਿਆਂ ਵਿੱਚ ਸੁਰੰਗਾਂ ਬਣਾ ਕੇ ਅੰਦਰੋ ਹਰਾ ਮਾਦਾ ਖਾਂਦੀਆਂ ਹਨ, ਜਦ ਕਿ ਜਵਾਨ ਭੂੰਡੀਆਂ ਪੱਤੇ ਦੇ ਬਾਹਰਲੇ ਪਾਸੇ ਤੋਂ ਖੁਰਚ ਕੇ ਹਰਾ ਮਾਦਾ ਖਾਂਦੀਆਂ ਹਨ। ਇਸ ਤਰ੍ਹਾਂ ਪੱਤਿਆਂ ਉੱਪਰ ਚਿੱਟੇ ਰੰਗ ਦੀਆਂ ਇੱਕ ਸਾਰ ਧਾਰੀਆਂ ਪੈ ਜਾਂਦੀਆਂ ਹਨ ਅਤੇ ਖੇਤ ਦੂਰੋਂ ਹੀ ਚਿੱਟਾ-ਜਿਹਾ ਜਾਪਦਾ ਹੈ।

**ਰੋਕਥਾਮ:** ਪਨੀਰੀ ਵਿਚ ਹਮਲਾ ਹੋਣ ਤੇ ਖੇਤ ਵਿਚੋਂ ਪਨੀਰੀ ਪੁੱਟ ਕੇ ਲਾਉਣ ਤੋਂ ਪਹਿਲਾਂ ਹਮਲੇ ਵਾਲੇ ਬੂਟਿਆਂ ਦੇ ਪੱਤੇ ਕੱਟ ਕੇ ਨਸ਼ਟ ਕਰ ਦਿਉ।ਕੀੜੇ ਦੇ ਹਮਲੇ ਤੋਂ ਬਚਾ ਲਈ ਖੇਤ ਵਿੱਚ ਪਾਣੀ ਲੰਬਾ ਸਮਾਂ ਖੜ੍ਹਾ ਨਹੀ ਰੱਖਣਾ ਚਾਹੀਦਾ। ਲੋੜ ਅਨੁਸਾਰ ਸਾਰਣੀ-1 ਵਿੱਚ ਲਿਖੀ ਕੀਟਨਾਸ਼ਕ ਦੀ ਵਰਤੋਂ ਕਰੋ।



### ਕੀੜਿਆਂ ਦੀ ਸਰਵਪੱਖੀ ਰੋਕਥਾਮ ਦੇ ਉਪਾਅ

- ਬੂਟਿਆਂ ਦਾ ਮਧਰਾ ਰਹਿ ਜਾਣਾ ਝੋਨੇ ਦਾ ਇੱਕ ਨਵਾਂ ਵਿਸ਼ਾਣੂ ਰੋਗ ਹੈ, ਜਿਸ ਦੀ ਪਛਾਣ ਸਾਲ 2022 ਵਿਚ "ਸਦਰਨ ਰਾਈਸ ਬਲੈਕ ਸਟਰੀਕਡ ਵਾਇਰਸ" ਵੱਜੋਂ ਕੀਤੀ ਗਈ ਹੈ। ਪਨੀਰੀ ਦੀ ਬਿਜਾਈ ਤੋ ਇਸ ਰੋਗ ਨੂੰ ਫਲਾਉਣ ਵਾਲੇ ਕੀੜੇ (ਚਿੱਟੀ ਪਿੱਠ ਵਾਲੇ ਟਿੱਡੇ ਦੀ ਸੁਚੱਜੀ ਰੋਕਥਾਮ ਲਈ ਫ਼ਸਲ ਦਾ ਸਮੇਂ-ਸਮੇਂ ਸਿਰ ਨਿਰੀਖਣ ਕਰਦੇ ਰਹੋ। ਚਿੱਟੀ ਪਿੱਠ ਵਾਲੇ ਟਿੱਡੇ ਬਲਬ ਦੀ ਰੌਸ਼ਨੀ ਵੱਲ ਆਕਰਸ਼ਿਤ ਹੁੰਦੇ ਹਨ। ਇਸ ਲਈ ਇਹਨਾਂ ਦੀ ਆਮਦ ਨੂੰ ਵੇਖਣ ਲਈ ਖੇਤਾਂ ਨੇੜੇ ਬਲਬ (ਲਾਈਟ ਟਰੈਪ) ਲਗਾਉ।
- ਮਧਰੇ ਬਿਮਾਰੀਵਾਲੇ ਬੂਟਿਆਂ ਨੂੰ ਸ਼ੁਰੂ ਵਿੱਚ ਹੀ ਪੁੱਟ ਕਿ ਮਿੱਟੀ ਵਿੱਚ ਡੂੰਘਾਂ ਦਬਾ ਦਿਉ।
- ਪਿਛਲੀ ਫ਼ਸਲ ਦੀ ਰਹਿੰਦ-ਖੂੰਦ ਨੂੰ ਖੇਤ ਵਿੱਚ ਡੂੰਘਾਂ ਵਾਹੋ ਅਤੇ ਖੇਤ ਦੇ ਵੱਟਾਂ-ਬੰਨਿਆ ਅਤੇ ਪਾਣੀ ਵਾਲੇ ਖਾਲਿਆਂ ਨੂੰ ਘਾਹ/ਨਦੀਨ ਤੋਂ ਮੁਕਤ ਰੱਖੋ। ਜੇਕਰ ਚਿੱਟੀ ਪਿੱਠ ਵਾਲੇ ਟਿੱਡੇ ਦੀ ਆਮਦ ਨਜ਼ਰ ਆਉਦੀ ਹੈ ਤਾਂ ਸਾਰਣੀ-1 ਵਿੱਚ ਬੂਟਿਆਂ ਦੇ ਟਿੱਡਿਆਂ ਦੀ ਲਿਖੀਆਂ ਕੀਟਨਾਸ਼ਕਾ ਵਿਚੋਂ ਕੋਈ ਇਕ ਦੀ ਵਰਤੋਂ ਕਰੋ।
- ਝੋਨੇ ਨੂੰ ਸਿਫ਼ਾਰਸ਼ ਕੀਤੀਆਂ ਹੋਈਆਂ ਖਾਦਾਂ ਹੀ ਪਾਉ। ਖਾਦਾਂ ਦੀ ਸਹੀ ਵਰਤੋਂ ਮਿੱਟੀ ਪਰਖ ਅਧਾਰ ਜਾਂ ਪੱਤਾ ਰੰਗ ਚਾਰਟ ਅਧਾਰ ਤੇ ਹੀ ਕਰੋ।ਪੱਤਾ ਰੰਗ ਚਾਰਟ ਯੂਨੀਵਰਸਿਟੀ ਦੀ ਬੀਜਾਂ ਦੀ ਦੁਕਾਨ, ਰਿਜਨਲ ਕੇਂਦਰਾਂ, ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰਾਂ ਤੋਂ ਲਿਆ ਜਾ ਸਕਦਾ ਹੈ।
- ਕਈ ਤਰਾਂ ਦੇ ਮਿੱਤਰ ਕੀੜੇ/ਮੱਕੜੀਆਂ ਹੁੰਦੇ ਹਨ ਜੋ ਕਿ ਝੋਨੇ ਦੇ ਹਾਨੀਕਾਰਕ ਕੀੜਿਆਂ ਦਾ ਸ਼ਿਕਾਰ ਕਰਦੇ ਹਨ। ਇਸ ਲਈ ਮਿੱਤਰ ਕੀੜਿਆਂ/ਮੱਕੜੀਆਂ ਨੂੰ ਵੱਧਣ ਫੁੱਲਣ ਵਿੱਚ ਮਦਦ ਕਰਨੀ ਚਾਹੀਦੀ ਹੈ ਅਤੇ ਕੀਟਨਾਸ਼ਕਾਂ ਦੀ ਵਰਤੋਂ ਬਹੁਤ ਧਿਆਨ ਨਾਲ ਕਰਨੀ ਚਾਹੀਦੀ ਹੈ ਤਾਂ ਕਿ ਮਿੱਤਰ ਕੀੜੇ ਖਤਮ ਨਾ ਹੋਣ।

### ਸਾਵਧਾਨੀਆਂ

- ਫ਼ਸਲਾਂ ਦੇ ਸ਼ੁਰੂਆਤੀ ਸਮੇਂ ਤੇ ਕਦੇ ਵੀ ਬੇਲੋੜ ਕੀਟਨਾਸ਼ਕਾਂ ਦੀ ਵਰਤੋਂ ਨਾਂ ਕਰੋ ਖਾਸ ਕਰਕੇ ਸਿੰਥੈਟਿਕ ਪਰਿਥਰਾਇਡ ਦੀ ਕਿਉਕਿ ਇਨ੍ਹਾਂ ਦੀ ਵਰਤੋਂ ਨਾਲ ਕੀੜੇ-ਮਕੌੜੇ ਖਾਸ ਕਰਕੇ ਬੂਟਿਆਂ ਦੇ ਟਿੱਡਿਆਂ ਦੀ ਗਿਣਤੀ ਵੱਧਦੀ ਹੈ ਅਤੇ ਮਿੱਤਰ ਕੀੜੇ ਮਰਨ ਦੀ ਸੰਭਾਵਨਾਂ ਵੱਧ ਜਾਂਦੀ ਹੈ।
- ਕਿਸਾਨ ਵੀਰ ਮਨੁੱਖੀ ਸਹਿਤ ਨੂੰ ਧਿਆਨ ਰੱਖਦੇ ਹੋਏ ਪੰਜਾਬ ਸਰਕਾਰ ਵੱਲੋ ਪਾਬੰਦੀਸ਼ੁਦਾ ਕੀਟਨਾਸ਼ਕਾਂ, ਜਿਵੇ ਕਿ ਐਸੀਫੇਟ, ਥਿਆਮਿਥੋਕਸਮ, ਪ੍ਰੋਫੀਨੋਫੋਸ, ਕਲੋਰੋਪਾਇਰੀਫਾਸ, ਬੁਪਰੋਫੇਜਿਨ, ਮੀਥਾਮੀਡੋਫੋਸ ਦੀ ਵਰਤੋਂ ਨਾ ਕਰਨ।
- ਕੀਟਨਾਸ਼ਕ ਦਵਾਈਆਂ ਦੀ ਵਰਤੋਂ ਅਦਲ-ਬਦਲ ਅਤੇ ਸਿਫਾਰਸ਼ ਕੀਤੀ ਮਾਤਰਾ ਅਨੁਸਾਰ ਹੀ ਕਰੋ।
- ਜੇਕਰ ਕੀੜਿਆਂ ਦਾ ਹਮਲਾ ਥੋੜੀ ਜਗ੍ਹਾ ਜਾਂ ਵੱਟਾਂ/ਦੱਰਖਤਾਂ/ਬਿਲਡਿੰਗਾਂ ਦੀ ਛਾਂ ਥੱਲੇ ਹੋਵੇ ਤਾਂ ਰੋਕਥਾਮ ਹਮਲੇ ਵਾਲੀ ਥਾਂ ਦੇ ਨਾਲ ਨਾਲ 3-4 ਮੀਟਰ ਆਲੇ-ਦੁਆਲੇ ਦਵਾਈਆਂ ਦਾ ਛਿੜਕਾਅ ਕਰਕੇ ਕੀਤੀ ਜਾ ਸਕਦੀ ਹੈ।
- ਸਿਫਾਰਸ਼ ਕੀਟਨਾਸ਼ਕਾ ਦੀ ਵਰਤੋ 100 ਲਿਟਰ ਪਾਣੀ ਪ੍ਰਤੀ ਏਕੜ ਅਨੁਸਾਰ ਹੀ ਕਰੋ। ਕੀਟਨਾਸ਼ਕਾ ਦੇ ਛਿੜਕਾਅ ਲਈ ਟ੍ਰਿਪਲ ਐਕਸ਼ਨ ਨੋਜ਼ਲ ਵਾਲੇ ਨੈਪਸੇਕ ਪੰਪ ਨੂੰ ਵਰਤਿਆ ਜਾ ਸਕਦਾ ਹੈ। ਬਾਸਮਤੀ ਵਿੱਚ ਦਾਣੇਦਾਰ ਕੀਟਨਾਸ਼ਕਾਂ ਨੂੰ ਹੱਥਾਂ ਉੱਪਰ ਦਸਤਾਨੇ ਚਾੜ੍ਹ ਕੇ ਖੜੇ ਪਾਣੀ ਵਿੱਚ ਹੀ ਪਾਉ।

**ਪੀ ਏ ਯੂ ਨਿੰਮ ਦੇ ਘੋਲ ਤਿਆਰ ਕਰਨ ਦੀ ਵਿਧੀ:** ਚਾਰ ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿਮੋਲੀਆਂ) ਨੂੰ 10 ਲਿਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ। ਇਸ ਘੋਲ ਨੂੰ ਠੰਡਾਂ ਕਰਕੇ ਕੱਪੜ ਛਾਣ ਕਰ ਲਓ ਅਤੇ ਤਰਲ ਨੂੰ ਸਿਫਾਰਸ਼ ਕੀਤੀ ਮਾਤਰਾ ਮੁਤਾਬਿਕ ਛਿੜਕਾਅ ਕਰੋ।

ਨੋਟ: ਫੇਮ 480 ਐਸ ਸੀ ਜਾਂ ਟਾਕੂਮੀ 20 ਡਬਲਯੂ ਜੀ ਜਾਂ ਮੋਰਟਰ 75 ਐਸ ਜੀ ਜਾਂ ਕੋਰਾਜਨ 18.5 ਐਸ ਸੀ ਜਾਂ ਫਰਟੇਰਾ/ਮਾਰਕਟੇਰਾ 0.4 ਜੀ.ਆਰ. ਜਾਂ ਵਾਈਬਰੇਂਟ 4 ਜੀ ਆਰ ਜਾਂ ਪਡਾਨ/ਕੈਲਡਾਨ/ਕਰੀਟਾਪ/ਸੈਨਵੈਕਸ/ਨਿਦਾਨ/ਮਾਰਕਟੈਪ/ਮਿਫਟੈਪ/ਫੈਲਟਾਪ-ਜੀ/ਕਾਟਸੂ 4 ਜੀ ਜਾਂ ਰੀਜੈਂਟ/ਮੋਰਟੈਲ/ਮਿਫਪਰੋ-ਜੀ/ਮਹਾਂਵੀਰ ਜੀ ਆਰ/ਸ਼ਿਨਜ਼ਨ 0.3 ਜੀ ਜਾਂ ਇਕੋਟਿਨ ਜਾਂ ਅਚੂਕ/ਨੀਮ ਕਵਚ ਦੀ ਵਰਤੋਂ ਨਾਲ ਬਾਸਮਤੀ ਵਿੱਚ ਪੱਤਾ ਲਪੇਟ ਸੁੰਡੀ ਦੀ ਰੋਕਥਾਮ ਵੀ ਹੋ ਜਾਂਦੀ ਹੈ।

## ਪੰਜਾਬ ਸਰਕਾਰ ਦੇ ਮਨ੍ਹਾਂ ਕਰਨ ਦੇ ਬਾਵਜੂਦ ਕਿਸਾਨ ਕਿਉਂ ਲਗਾ ਰਹੇ ਹਨ ਝੋਨੇ ਦੀ ਇਹ ਕਿਸਮ ?



ਹਰਮਨਦੀਪ ਸਿੰਘ
ਕੁਲਵੀਰ ਨਮੋਲ

**ਸੰਗਰੂਰ** ਦੇ ਪਿੰਡ ਲੱਡੀ ਦੇ ਕਿਸਾਨ ਚਮਕੌਰ ਸਿੰਘ ਨੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਦੇ ਉਲਟ 18 ਏਕੜ ਵਿੱਚ ਝੋਨੇ ਦੀ ਪੂਸਾ ਕਿਸਮ ਬੀਜੀ ਹੈ। ਹਾਲਾਂਕਿ, ਸਰਕਾਰ ਦਾ ਕਹਿਣਾ ਹੈ ਕਿ ਉਹ ਝੋਨੇ ਦੀ ਇਸ ਕਿਸਮ ਦੀ ਖਰੀਦ ਨਹੀਂ ਕਰੇਗੀ ਪਰ ਚਮਕੌਰ ਸਿੰਘ ਨੇ ਇਸ ਦੇ ਬਾਵਜੂਦ ਪੂਸਾ ਕਿਸਮ ਹੀ ਬੀਜੀ ਹੈ। ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦੇ ਸੰਕਟ ਨਾਲ ਨਜਿੱਠਣ ਅਤੇ ਵਾਤਾਵਰਨ ਦੇ ਨੁਕਸਾਨ ਨੂੰ ਘਟਾਉਣ ਲਈ ਪੰਜਾਬ ਦੇ ਵੱਡੇ ਖੇਤਰ ਵਿੱਚ ਪ੍ਰਸਿੱਧ ਪੂਸਾ 44 ਕਿਸਮ ਦੀ ਕਾਸ਼ਤ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਪਰ ਬਾਵਜੂਦ ਇਸ ਦੇ ਪੰਜਾਬ ਦੇ ਕਈ ਕਿਸਾਨ ਇਸੇ ਕਿਸਮ ਨੂੰ ਬੀਜਣ ਨੂੰ ਤਰਜੀਹ ਦੇ ਰਹੇ ਹਨ। ਖੇਤੀਬਾੜੀ ਵਿਭਾਗ, ਸੰਗਰੂਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਾਲਾਂ ਬੱਧੀ ਕੀਤੀ ਗਈ ਖੋਜ ਮੁਤਾਬਕ, ਪੂਸਾ 44 ਬਹੁਤ ਜ਼ਿਆਦਾ ਪਾਣੀ ਦੀ ਖਪਤ ਕਰਦੀਆਂ ਹਨ ਅਤੇ ਇਹ ਬੀਜਣ ਤੋਂ ਲੈ ਕੇ ਪੱਕਣ ਤੱਕ ਦੂਸਰੀਆਂ ਕਿਸਮਾਂ ਦੇ ਮੁਕਾਬਲੇ ਜ਼ਿਆਦਾ ਸਮਾਂ ਲੈਂਦੀਆਂ ਹਨ। ਖੇਤੀਬਾੜੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੂਸਾ 44 ਕਿਸਮਾਂ ਦਾ ਵਾਤਾਵਰਨ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ ਕਿਉਕਿ ਇਸ ਦੇ ਪੌਦੇ ਲੰਬੇ ਹੁੰਦੇ ਹਨ, ਜੋ ਜ਼ਿਆਦਾ ਬਾਇਓਮਾਸ ਛੱਡਦੇ ਹਨ। ਇਸ ਨੂੰ ਮਿੱਟੀ ਵਿੱਚ ਮਿਲਾਉਣਾ ਮੁਸ਼ਕਲ ਹੁੰਦਾ ਹੈ, ਜੋ ਹਵਾ ਨੂੰ ਪ੍ਰਦੂਸ਼ਿਤ ਕਰਨ ਦਾ ਵੱਡਾ ਕਾਰਨ ਬਣਦਾ ਹੈ। ਸਰਕਾਰ ਵੱਲੋਂ ਪੀਆਰ -126 ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤੀਆਂ ਗਈਆਂ ਹੋਰ ਕਿਸਮਾਂ ਦੀ ਸਿਫਾਰਿਸ਼ ਕੀਤੀ ਗਈ ਹੈ ਤਾਂ ਜੋ ਪਰਾਲ਼ੀ ਕਾਰਨ ਹੁੰਦੇ ਪ੍ਰਦੂਸ਼ਣ ਅਤੇ ਪਾਣੀ ਦੀ ਖਪਤ ਨੂੰ ਘਟਾਇਆ ਜਾ ਸਕੇ। ਇਸ ਫ਼ੈਸਲੇ ਨੇ ਝੋਨੇ ਦੀ ਖੇਤੀ ਕਰਨ ਵਾਲੇ ਕਿਸਾਨਾਂ ਦੇ ਵਿੱਚ ਅਨਿਸ਼ਚਿਤਤਾ ਪੈਦਾ ਕਰ ਦਿੱਤੀ ਹੈ। ਇਸ ਸਾਲ ਪੰਜਾਬ ਸਰਕਾਰ ਵੱਲੋਂ ਝੋਨੇ ਨੂੰ ਲਗਾਉਣ ਦੀ ਮਿਤੀ 1 ਜੂਨ ਦਿੱਤੀ ਗਈ ਸੀ, ਜਿਸ ਦੇ ਤਹਿਤ ਪੰਜਾਬ ਨੂੰ ਵੱਖ-ਵੱਖ ਜ਼ੋਨਾਂ ਦੇ ਵਿੱਚ ਵੰਡਿਆ ਗਿਆ ਸੀ। ਫਰੀਦਕੋਟ, ਬਠਿੰਡਾ, ਫਾਜ਼ਿਲਕਾ, ਫਿਰੋਜ਼ਪੁਰ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਦੇ ਕਿਸਾਨਾਂ ਨੂੰ 1 ਜੂਨ ਨੂੰ ਬਿਜਾਈ ਸ਼ੁਰੂ ਕਰਨ ਲਈ ਕਿਹਾ ਗਿਆ, ਜਦੋਂ ਕਿ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਰੂਪਨਗਰ, ਐੱਸਏਐੱਸ ਨਗਰ (ਮੁਹਾਲੀ), ਸ੍ਰੀ ਫਤਿਹਗੜ੍ਹ ਸਾਹਿਬ ਅਤੇ ਹੁਸ਼ਿਆਰਪੁਰ ਦੇ ਕਿਸਾਨਾਂ ਨੂੰ 5 ਜੂਨ ਤੋਂ ਬਿਜਾਈ ਸ਼ੁਰੂ ਕਰਨ ਲਈ ਕਿਹਾ ਗਿਆ। ਇਸ ਤੋਂ ਚਾਰ ਦਿਨਾਂ ਬਾਅਦ, 9 ਜੂਨ ਨੂੰ ਲੁਧਿਆਣਾ, ਮੋਗਾ, ਜਲੰਧਰ, ਮਾਨਸਾ, ਮਲੇਰਕੋਟਲਾ, ਸੰਗਰੂਰ, ਪਟਿਆਲਾ, ਬਰਨਾਲਾ, ਸ਼ਹੀਦ ਭਗਤ ਸਿੰਘ ਨਗਰ ਅਤੇ ਕਪੂਰਥਲਾ ਸਮੇਤ ਸੂਬੇ ਦੇ ਬਾਕੀ ਹਿੱਸਿਆਂ ਵਿੱਚ ਬਿਜਾਈ ਸ਼ੁਰੂ ਹੋ ਗਈ ਹੈ। ਪਿਛਲੇ ਦਿਨੀ ਸੰਗਰੂਰ ਦੇ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪ੍ਰੈੱਸ ਕਾਨਫਰੰਸ ਵਿੱਚ ਪੁੱਛੇ ਸਵਾਲ ਉੱਤੇ ਕਿਹਾ ਗਿਆ ਕਿ ਇਸ ਸਾਲ ਪੰਜਾਬ ਸਰਕਾਰ ਝੋਨੇ ਦੀ ਪੂਸਾ ਕਿਸਮ ਨੂੰ ਨਹੀ ਖਰੀਦੇਗੀ। ਜੇਕਰ ਕੋਈ ਕਿਸਾਨ ਇਹ ਕਿਸਮਾਂ ਬੀਜਦਾ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ ਤੇ ਇਸ ਦੇ ਨਾਲ ਹੀ ਉਨ੍ਹਾਂ ਨੇ ਪੰਜਾਬ ਸਰਕਾਰ ਦੁਆਰਾ ਸਿਫਾਰਿਸ਼ ਕੀਤੀਆਂ ਕਿਸਮਾਂ ਕਿਸਾਨਾਂ ਨੂੰ ਬੀਜਣ ਦੀ ਸਲਾਹ ਦਿੱਤੀ। ਉਨ੍ਹਾਂ ਨੇ ਕਿਹਾ, "ਕੇਂਦਰ ਸਰਕਾਰ ਵੀ ਪੀਆਰ 126 ਦੀ ਸਿਫਾਰਿਸ਼ ਕਰ ਰਹੀ ਹੈ।" 9 ਜੂਨ ਤੋਂ ਸੰਗਰੂਰ ਵਿੱਚ ਝੋਨਾ ਬੀਜਣ ਦੀ ਸ਼ੁਰੂਆਤ ਹੋ ਚੁੱਕੀ ਹੈ। ਉਨ੍ਹਾਂ ਕਿਸਾਨਾਂ ਦੇ ਨਾਲ ਗੱਲਬਾਤ ਕੀਤੀ ਜੋ ਸਰਕਾਰ ਦੁਆਰਾ ਪਾਬੰਦੀ ਲਗਾਉਣ ਦੇ ਬਾਵਜੂਦ ਵੀ ਝੋਨੇ ਦੀ ਪੂਸਾ 44 ਵਰਗੀਆਂ ਕਿਸਮਾਂ ਲਗਾ ਰਹੇ ਹਨ।

### ਕਿਸਾਨਾਂ ਦਾ ਕੀ ਕਹਿਣਾ ਹੈ

ਸੰਗਰੂਰ ਜ਼ਿਲ੍ਹੇ ਦੇ ਪਿੰਡ ਲੱਡੀ ਦੇ ਕਿਸਾਨ ਚਮਕੌਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ 18 ਏਕੜ ਵਿੱਚ ਝੋਨੇ ਦੀ ਪੂਸਾ 44 ਕਿਸਮ ਬੀਜ ਰਹੇ ਹਨ, ਜਿਸ ਨੂੰ ਉਹ ਪਿਛਲੇ ਲੰਬੇ ਸਮੇਂ ਤੋਂ ਬੀਜਦੇ ਆ ਰਹੇ ਹਨ। ਪੂਸਾ 44 ਕਿਸਮ ਨੂੰ ਬੀਜਣ ਪਿੱਛੇ ਚਮਕੌਰ ਸਿੰਘ ਤਰਕ ਦਿੰਦੇ ਹਨ ਕਿ ਇਸ ਦਾ ਝਾੜ ਦੂਸਰੀਆਂ ਕਿਸਮਾਂ ਦੇ ਮੁਕਾਬਲੇ ਜ਼ਿਆਦਾ ਹੈ ਤੇ ਇਹ ਕਿਸਮ ਬਿਮਾਰੀਆਂ ਅਤੇ ਬਦਲਦੇ ਮੌਸਮ ਨੂੰ ਝੱਲਣ ਦੇ ਸਮਰੱਥ ਹੈ। ਪੂਸਾ ਕਿਸਮ ਦੇ ਉੱਪਰ ਧਰਤੀ ਹੇਠਲੇ ਪਾਣੀ ਦੀ ਵੱਧ ਵਰਤੋਂ ਨੂੰ ਲੈ ਕੇ ਚਮਕੌਰ ਸਿੰਘ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਦੇ ਵੱਲੋਂ ਇਸ ਸਾਲ ਝੋਨਾ ਲਗਾਉਣ ਦੀ ਮਿਤੀ 20 ਜੂਨ ਤੋਂ ਘਟਾ ਕੇ 9 ਜੂਨ ਕਰ ਦਿੱਤੀ ਹੈ ਤਾਂ ਹੁਣ ਇਸ ਵੇਲ਼ੇ ਵੱਧ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਲਗਾਉਣ ਦਾ ਹੀ ਸਮਾਂ ਹੈ। ਪੂਸਾ 44 ਲਗਾਉਣ ਦਾ ਵੱਡਾ ਕਾਰਨ ਇਹ ਵੀ ਹੈ। ਪੰਜਾਬ ਸਰਕਾਰ ਦੁਆਰਾ ਸਿਫਾਰਿਸ਼ ਕੀਤੀ ਕਿਸਮ ਪੀਆਰ 126, 131 ,132, 128, 129 ਆਦਿ ਨੂੰ ਲੈ ਕੇ ਉਨ੍ਹਾਂ ਦਾ ਕਹਿਣਾ ਸੀ ਕਿ ਪਿਛਲੇ ਸਾਲ ਝੋਨੇ ਦੀਆਂ ਇਹਨਾਂ ਕਿਸਮਾਂ ਨੂੰ ਲੈ ਕੇ ਕਿਸਾਨਾਂ ਨੂੰ ਮੰਡੀਆਂ ਵਿੱਚ ਲੰਮਾ ਸਮਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਇਸੇ ਕਾਰਨ ਕਿਸਾਨਾਂ ਨੂੰ ਆਪਣਾ ਝੋਨਾ 10 ਤੋਂ ਲੈ ਕੇ 12 ਕਿਲੋ ਪ੍ਰਤੀ ਕੁਇੰਟਲ ਕੱਟ ਲਗਾ ਕੇ ਵੇਚਣਾ ਪਿਆ, ਜਿਸ ਨਾਲ ਕਿਸਾਨਾਂ ਨੂੰ ਵੱਡਾ ਆਰਥਿਕ ਨੁਕਸਾਨ ਹੋਇਆ। ਝੋਨੇ ਲਈ ਹੋਣ ਵਾਲੀ ਪਾਣੀ ਦੀ ਵਰਤੋਂ ਨੂੰ ਲੈ ਕੇ ਚਮਕੌਰ ਸਿੰਘ ਕਹਿੰਦੇ ਹਨ ਕਿ ਉਹ ਖ਼ੁਦ ਵੀ ਚਿੰਤਿਤ ਹਨ। ਕਿਸਾਨ ਝੋਨੇ ਦੇ ਸੰਕਟ ਵਿੱਚੋ ਨਿਕਲਣਾ ਚਾਹੁੰਦੇ ਹਨ ਪਰ ਜੇਕਰ ਸਰਕਾਰ ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦਾ ਸਮਰਥਨ ਮੁੱਲ ਦੇਵੇ ਅਤੇ ਖੇਤੀ ਉੱਪਰ ਕੋਈ ਨੀਤੀ ਲੈ ਕੇ ਆਵੇ। ਉਨ੍ਹਾਂ ਨੇ ਕਿਹਾ, "ਕਿਸਾਨ ਝੋਨੇ ਦੀ ਬਾਸਮਤੀ ਕਿਸਮ ਲਗਾਉਣ ਨੂੰ ਵੀ ਤਿਆਰ ਹਨ ਜੋ ਕਿ ਮੌਨਸੂਨ ਸੀਜ਼ਨ ਵਿੱਚ ਲੱਗਣੀ ਸ਼ੁਰੂ ਹੁੰਦੀ ਹੈ।" "ਪਰ ਜਦੋਂ ਵੱਡੇ ਪੱਧਰ ਉੱਤੇ ਕਿਸਾਨ ਬਾਸਮਤੀ ਕਿਸਮ ਬੀਜਦੇ ਹਨ ਤਾਂ ਉਨ੍ਹਾਂ ਨੂੰ ਮੰਡੀ ਵਿੱਚ ਸਹੀ ਕੀਮਤ ਨਹੀ ਮਿਲਦੀ ਕਿਉਂਕਿ ਇਸ ਦੇ ਉੱਪਰ ਐੱਮਐੱਸਪੀ ਨਹੀ ਹੈ। ਇਸੇ ਲਈ ਉਹ ਸਰਕਾਰ ਤੋਂ ਵਧੇਰੇ ਫ਼ਸਲਾਂ 'ਤੇ ਐੱਮਐੱਸਪੀ ਦੀ ਮੰਗ ਕਰ ਰਹੇ ਹਨ।"

ਵਿਧਾਨ ਸਭਾ ਹਲਕਾ ਸੁਨਾਮ ਦੇ ਪਿੰਡ ਨਮੋਲ ਦੇ ਕਿਸਾਨ ਜਗਸੀਰ ਸਿੰਘ ਦਾ ਵੀ ਇਹੋ ਕਹਿਣਾ ਹੈ ਕਿ ਉਨ੍ਹਾਂ ਦੇ ਇਲਾਕੇ ਵਿੱਚ ਵੱਡੇ ਪੱਧਰ 'ਤੇ ਕਿਸਾਨ ਝੋਨੇ ਦੀ ਪੂਸਾ 44 ਕਿਸਮ ਨੂੰ ਲਗਾਉਣ ਨੂੰ ਤਰਜੀਹ ਦੇ ਰਹੇ ਹਨ। ਉਹ ਖ਼ੁਦ ਪਿਛਲੇ ਲੰਮੇ ਸਮੇਂ ਤੋ ਆਪਣੀ 16 ਏਕੜ ਜ਼ਮੀਨ ਵਿੱਚ ਝੋਨੇ ਦੀ ਇਸ ਕਿਸਮ ਦੀ ਖੇਤੀ ਕਰਦੇ ਆ ਰਹੇ ਹਨ। ਜਗਸੀਰ ਸਿੰਘ ਦਾ ਕਹਿਣਾ ਹੈ, "ਪਿਛਲੇ ਸਾਲ ਕਿਸਾਨਾਂ ਨੇ ਵੱਡੇ ਪੱਧਰ ਉੱਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੀ ਗਈ ਪੀਆਰ 126 ਕਿਸਮ ਨੂੰ ਤਰਜੀਹ ਦਿੱਤੀ ਪਰ ਨਤੀਜੇ ਵਜੋਂ ਮੰਡੀਆਂ ਵਿੱਚ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ।" ਉਨ੍ਹਾਂ ਦਾ ਕਹਿਣਾ ਹੈ ਕਿ ਸ਼ੈਲਰ ਮਾਲਕ ਅਤੇ ਆੜ੍ਹਤੀਏ ਵਰਗ ਵੀ ਉਨ੍ਹਾਂ ਨੂੰ ਪੂਸਾ 44 ਕਿਸਮ ਨੂੰ ਬੀਜਣ ਲਈ ਉਤਸ਼ਾਹਿਤ ਕਰ ਰਿਹਾ ਹੈ। ਜਗਸੀਰ ਸਿੰਘ ਨੇ ਦੱਸਿਆ, "ਇਸ ਵਾਰ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਖੇਤਾਂ ਵਾਲੀ ਬਿਜਲੀ 9 ਜੂਨ ਤੋਂ ਦਿੱਤੀ ਗਈ ਜਿਸ ਕਾਰਨ ਕਿਸਾਨ ਝੋਨੇ ਦੀ ਪੂਸਾ 44 ਕਿਸਮ ਬੀਜ ਰਹੇ ਹਨ, ਕਿਉਕਿ ਇਹ ਸਮਾਂ ਝੋਨੇ ਦੀਆਂ ਵਧੇਰੇ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਦਾ ਹੈ।" ਪੂਸਾ 44 ਨੂੰ ਮੰਡੀਆਂ ਵਿੱਚ ਵੇਚਣ ਬਾਰੇ ਪੁੱਛੇ ਗਏ ਸਵਾਲ 'ਤੇ ਜਗਸੀਰ ਸਿੰਘ ਦਾ ਕਹਿਣਾ ਸੀ ਕਿ ਇਸ ਨੂੰ ਲੈ ਕੇ ਉਨ੍ਹਾਂ ਨੂੰ ਕਿਸਾਨ ਜਥੇਬੰਦੀਆਂ ਤੋਂ ਆਸ ਹੈ ਕਿ ਉਹ ਇਸ ਮਸਲੇ ਨੂੰ ਭਵਿੱਖ ਵਿੱਚ ਉਠਾਉਣਗੀਆਂ। ਪੂਸਾ 44 ਝੋਨੇ ਦੀ ਇੱਕ ਕਿਸਮ ਹੈ, ਜਿਸਨੂੰ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ (ਆਈਸੀਏਆਰ) ਦੁਆਰਾ ਵਿਕਸਤ ਕੀਤਾ ਗਿਆ ਹੈ। ਇਹ ਪੰਜਾਬ ਵਿੱਚ ਬਹੁਤ ਪ੍ਰਸਿੱਧ ਕਿਸਮ ਹੈ, ਪਰ ਹੁਣ ਇਸਦੀ ਵਿਕਰੀ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ।




### ਪੂਸਾ-44 ਝੋਨੇ ਦੇ ਬੀਜ ਬਾਰੇ ਕੁਝ ਮਹੱਤਵਪੂਰਨ ਨੁਕਤੇ

**ਉਤਪਾਦਨ:** ਪੂਸਾ-44 ਝੋਨੇ ਦੀ ਕਿਸਮ ਵਧੇਰੇ ਝਾੜ ਦਿੰਦੀ ਹੈ, ਜੋ ਕਿਸਾਨਾਂ ਨੂੰ ਆਕਰਸ਼ਿਤ ਕਰਦੀ ਹੈ।

**ਪੱਕਣ ਦੀ ਮਿਆਦ:** ਪੂਸਾ-44 ਝੋਨੇ ਦੀ ਕਿਸਮ ਪੱਕਣ ਲਈ 143-150 ਦਿਨ ਲੈਂਦੀ ਹੈ, ਜੋ ਇਸ ਨੂੰ ਹੋਰ ਝੋਨੇ ਦੀਆਂ ਕਿਸਮਾਂ ਦੇ ਮੁਕਾਬਲੇ ਲੰਬੇ ਸਮੇਂ ਦੀ ਕਿਸਮ ਬਣਾਉਂਦੀ ਹੈ।

**ਪਾਣੀ ਦੀ ਖਪਤ:** ਝੋਨੇ ਦੀ ਇਹ ਕਿਸਮ ਜ਼ਿਆਦਾ ਪਾਣੀ ਦੀ ਖਪਤ ਕਰਦੀ ਹੈ, ਜਿਸ ਕਾਰਨ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ ਗਿਰਾਵਟ ਆਉਂਦੀ ਹੈ।

**ਵਾਤਾਵਰਣ ਪ੍ਰਭਾਵ:** ਪੂਸਾ-44 ਝੋਨੇ ਦੀ ਕਿਸਮ ਦੀ ਕਾਸ਼ਤ ਕਾਰਨ, ਪਰਾਲ਼ੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵੀ ਵਧਦੀਆਂ ਹਨ।

### ਸਰਕਾਰ ਤੋਂ ਮੰਗ

ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਸੂਬਾ ਆਗੂ ਜਸਵਿੰਦਰ ਸਿੰਘ ਲੌਂਗੋਵਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਵਾਰ ਪੰਜਾਬ ਵਿੱਚ ਵੱਡੇ ਪੱਧਰ ਉੱਤੇ ਕਿਸਾਨ ਪੂਸਾ 44 ਅਤੇ ਹਾਈਬ੍ਰਿਡ ਕਿਸਮਾਂ ਲਗਾ ਰਹੇ ਹਨ, ਜਿਸ ਦਾ ਵੱਡਾ ਕਾਰਨ ਪਿਛਲੇ ਸਾਲ ਕਿਸਾਨਾਂ ਨੂੰ ਪੀਆਰ 126 ਨੂੰ ਮੰਡੀਆਂ ਵਿੱਚ ਵੇਚਣ ਸਮੇਂ ਆਈਆਂ ਮੁਸ਼ਕਲਾਂ ਹਨ। ਉਨ੍ਹਾਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਪਾਣੀ ਦੇ ਸੰਕਟ ਦੇ ਤੌਰ ਉੱਤੇ ਇਸ ਦਾ ਹੱਲ ਕੱਢਣਾ ਚਾਹੁੰਦੀ ਹੈ ਤਾਂ ਉਨ੍ਹਾਂ ਨੂੰ ਬਾਸਮਤੀ ਕਿਸਮਾਂ ਦੇ ਉੱਪਰ ਕਿਸਾਨਾਂ ਲਈ ਐੱਮਐੱਸਪੀ ਲਾਗੂ ਕਰਨੀ ਚਾਹੀਦੀ ਹੈ। ਸੰਗਰੂਰ ਸੈਲਰ ਐਸੋਸੀਏਸ਼ਨ ਦੇ ਪ੍ਰਧਾਨ ਵਰਿੰਦਰ ਪਾਲ ਸਿੰਘ ਨੇ ਦੱਸਿਆ ਕਿ ਪੀਆਰ 126 ਨੂੰ ਲੈ ਕੇ ਮੰਡੀਆਂ ਵਿੱਚ ਸ਼ੈਲਰ ਮਾਲਕਾਂ ਤੇ ਆੜ੍ਹਤੀਆਂ ਦੀ ਮਿਲੀ ਭੁਗਤ ਦੇ ਨਾਲ ਕਿਸਾਨਾਂ ਦੀ ਵੱਡੇ ਪੱਧਰ ਉੱਤੇ ਲੁੱਟ ਹੋਈ ਹੈ। ਸਰਕਾਰ ਵੱਲੋਂ ਭਰੋਸਾ ਦਵਾਇਆ ਗਿਆ ਸੀ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾਵੇਗੀ ਪਰ ਹਾਲੇ ਤੱਕ ਕੋਈ ਇਨਸਾਫ਼ ਨਹੀ ਮਿਲਿਆ। ਉਨ੍ਹਾਂ ਦਾ ਕਹਿਣਾ ਸੀ ਕਿ ਪੀਆਰ 126 ਕਿਸਮਾਂ ਵਿੱਚੋਂ ਸ਼ੈਲਰ ਨੂੰ ਲੋੜੀਦੀ ਮਾਤਰਾ ਦੇ ਵਿੱਚ ਚੌਲ ਪ੍ਰਾਪਤ ਨਹੀ ਹੁੰਦਾ, ਜਿਸ ਕਾਰਨ ਉਨ੍ਹਾਂ ਨੂੰ ਵਿੱਤੀ ਘਾਟਾ ਝੱਲਣਾ ਪੈਂਦਾ ਹੈ। "ਅਸੀ ਸਰਕਾਰ ਨੂੰ ਪ੍ਰਤੀ ਕੁਇੰਟਲ ਝੋਨੇ ਦੇ ਹਿਸਾਬ ਨਾਲ 67 ਕਿਲੋ ਚੌਲ ਮੁਹੱਈਆ ਕਰਵਾਉਂਦੇ ਹਾਂ, ਜੋ ਪੂਸਾ 44 ਕਿਸਮ ਤੋਂ ਪ੍ਰਾਪਤ ਹੁੰਦਾ ਹੈ ਤੇ ਪੀਆਰ 126,131,128,126, ਆਦਿ ਕਿਸਮਾਂ ਤੋਂ 62 ਕਿੱਲੋ ਚੌਲ ਨਿਕਲਦਾ ਹੈ, ਜਿਸ ਕਾਰਨ ਸ਼ੈਲਰ ਮਾਲਕਾ ਨੂੰ ਨੁਕਸਾਨ ਝੱਲਣਾ ਪੈਂਦਾ ਹੈ । ਉਨ੍ਹਾਂ ਨੇ ਕਿਹਾ ਕਿ ਪੀਆਰ 126 ਆਦਿ ਕਿਸਮਾਂ ਸਰਕਾਰ ਦੁਆਰਾ ਸ਼ੈਲਰਾਂ ਨੂੰ ਦਿੱਤੇ ਮਾਪ ਦੰਡਾਂ ਦੇ ਉੱਪਰ ਨਹੀ ਉਤਰਦੀਆਂ, ਇਸੇ ਦੇ ਚਲਦਿਆਂ ਇਸ ਸਮੇਂ ਪੰਜਾਬ ਵਿੱਚ 1000 ਦੇ ਕਰੀਬ ਸ਼ੈਲਰ ਬੰਦ ਹੋਣ ਦੇ ਕੰਢੇ ਹਨ।




### ਮਾਹਰਾਂ ਦੀ ਰਾਇ

ਸੰਗਰੂਰ ਦੇ ਮੁੱਖ ਖੇਤੀਬਾੜੀ ਅਫ਼ਸਰ ਧਰਮਿੰਦਰਜੀਤ ਸਿੰਘ ਸਿੱਧੂ ਨੇ ਗੱਲਬਾਤ ਦੌਰਾਨ ਦੱਸਿਆ ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵੱਲੋਂ ਜੇਕਰ ਕੋਈ ਐਡਵਾਈਜਰੀ ਕਿਸਾਨਾਂ ਨੂੰ ਜਾਰੀ ਕੀਤੀ ਜਾਂਦੀ ਹੈ ਤਾਂ ਉਸ ਦੇ ਪਿੱਛੇ ਯੂਨੀਵਰਸਿਟੀ ਦੀ ਤੱਥਾਂ 'ਤੇ ਅਧਾਰਤ ਲੰਮੀ ਖੋਜ ਹੁੰਦੀ ਹੈ। ਮੁੱਖ ਖੇਤੀਬਾੜੀ ਅਫ਼ਸਰ ਨੇ ਕਿਹਾ, "ਕਿਸਾਨਾਂ ਨੂੰ ਬੇਨਤੀ ਹੈ ਕਿ ਉਹ ਝੋਨੇ ਦੀਆਂ ਉਹ ਕਿਸਮਾਂ ਨਾ ਲਗਾਉਣ, ਜਿੰਨਾਂ ਉੱਪਰ ਪਾਬੰਦੀ ਲਗਾਈ ਗਈ ਹੈ। ਜੇਕਰ ਉਹ ਲਗਾਉਦੇ ਹਨ ਤਾਂ ਉਨ੍ਹਾਂ ਨੂੰ ਮੰਡੀਆਂ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।" ਉਨ੍ਹਾਂ ਨੇ ਕਿਹਾ ਕਿ ਖੇਤੀਬਾੜੀ ਵਿਭਾਗ ਪਿਛਲੇ ਇੱਕ ਮਹੀਨੇ ਤੋਂ ਲਗਾਤਾਰ ਸੁਚੇਤ ਹੈ ਕਿ ਕਿਸੇ ਵੀ ਬੀਜ ਸਟੋਰ ਮਾਲਕ ਨੂੰ ਪਾਬੰਦੀਸ਼ੁਦਾ ਕਿਸਮਾਂ ਦਾ ਬੀਜ ਵੇਚਣ ਦੀ ਇਜਾਜ਼ਤ ਨਹੀ ਦਿੱਤੀ ਜਾਵੇਗੀ। ਉੱਧਰ ਐਗਰੀਕਲਚਰ ਜੁਆਇੰਟ ਡਾਇਰੈਕਟਰ ਵਜੋਂ ਰਿਟਾਇਰਡ ਹੋਏ ਡਾਕਟਰ ਬਲਦੇਵ ਸਿੰਘ ਦਾ ਕਹਿਣਾ ਹੈ ਕਿ ਪੂਸਾ 44 ਕਿਸੇ ਸਮੇਂ ਕਿਸਾਨਾਂ ਲਈ ਬਹੁਤ ਵਰਦਾਨ ਸਾਬਤ ਹੋਈ ਹੈ, ਪਰ ਜਿਵੇਂ ਹੌਲੀ-ਹੌਲੀ ਇਸ ਦਾ ਰਕਬਾ ਵਧਦਾ ਗਿਆ ਤਾਂ ਇਸ ਨੇ ਵਾਤਾਵਰਨ ਨੂੰ ਸਭ ਤੋਂ ਵੱਧ ਨੁਕਸਾਨ ਕੀਤਾ। ਉਨ੍ਹਾਂ ਦੱਸਿਆ, "ਇਹ 15 ਤੋਂ 20 ਫੀਸਦ ਪਾਣੀ ਵੱਧ ਲੈਂਦੀ, ਇਸ ਦੀ ਪਰਾਲ਼ੀ ਵੀ ਵੱਧ ਹੁੰਦੀ ਹੈ ਅਤੇ ਇਸ ਨੂੰ ਖਾਦਾਂ ਵੀ ਵੱਧ ਦੇਣੀਆਂ ਪੈਂਦੀਆਂ ਹਨ। 1980 ਵਿੱਚ ਜਿਹੜਾ ਸਾਡਾ ਝੋਨੇ ਹੇਠ ਰਕਬਾ ਸੀ, ਉਹ 11,80,000 ਹੈਕਟੇਅਰ ਸੀ, ਜਿਹੜਾ ਹੁਣ ਵਧ ਕੇ 32.5 ਲੱਖ ਹੈਕਟੇਅਰ ਹੋ ਗਿਆ ਹੈ।" ਉਨ੍ਹਾਂ ਦੱਸਿਆ ਕਿ ਇਸ ਦੇ ਵਾਤਾਵਰਨ ਪ੍ਰਭਾਵ ਦੀ ਪੰਜਾਬ ਯੂਨੀਵਰਸਿਟੀ ਨੇ ਰਿਸਰਚ ਕੀਤੀ ਤਾਂ ਇਸੇ ਲਈ ਨਵੀਆਂ ਕਿਸਮਾਂ ਜਿਹੜੀਆਂ ਘੱਟ ਸਮਾਂ ਲੈਣ ਵਾਲੀਆਂ, ਘੱਟ ਪਰਾਲ਼ੀ ਪੈਦਾ ਕਰਨ ਵਾਲੀਆਂ, ਕੱਢੀਆਂ ਤਾਂ ਖੇਤੀਬਾੜੀ ਕਿਸਾਨ ਭਲਾਈ ਵਿਭਾਗ ਨੇ ਆਪਣੇ ਕਿਸਾਨਾਂ ਵਿੱਚ ਕੈਂਪ ਲਗਾ ਕੇ ਪ੍ਰਚਾਰ ਕੀਤਾ। ਹੁਣ 74 ਫੀਸਦ ਰਕਬਾ ਪੀਆਰ 126,131,128, ਥੱਲੇ ਨਾਮਾਤਰ ਹੀ ਰਕਬਾ ਪੂਸਾ 44 ਹੇਠਾਂ ਰਹਿ ਗਿਆ ਸੀ।

# ਸਿੱਖ ਨੈਸ਼ਨਲ ਕਾਲਜ ਦਾ ਭੰਗੜਾ ਸਿਖਲਾਈ ਕੈਂਪ ਸ਼ਾਨੋ ਸ਼ੌਕਤ ਨਾਲ ਸੰਪੰਨ



ਬੰਗਾ, 16 ਜੂਨ (ਪ੍ਰਭਜੋਤ ਸਿੰਘ) : ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਆਯੋਜਿਤ ਕੀਤੇ ਗਏ ਛੇਵੇਂ ਭੰਗੜਾ ਸਿਖਲਾਈ ਕੈਂਪ ਦਾ ਸਮਾਪਨ ਸਮਾਰੋਹ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਦੇ ਦਿਸ਼ਾ ਨਿਰਦੇਸ਼ ਤਹਿਤ ਡਾ. ਇੰਦੂ ਰੱਤੀ ਜੀ ਦੀ ਦੇਖ ਰੇਖ ਹੇਠ ਆਯੋਜਿਤ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਅੰਤਰਰਾਸ਼ਟਰੀ ਨਾਮਵਰ ਭੰਗੜਾ ਸ਼ਖ਼ਸੀਅਤ ਪ੍ਰਿਤਪਾਲ ਸਿੰਘ ਗਿੱਲ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਨਾਲ ਜਰਨੈਲ ਸਿੰਘ ਪੱਲੀ ਝਿੱਕੀ (ਸਕੱਤਰ, ਸਥਾਨਕ ਪ੍ਰਬੰਧਕੀ ਕਮੇਟੀ) ਵੀ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ। ਇਨ੍ਹਾਂ ਮਹਿਮਾਨਾਂ ਦਾ ਮਨਮੀਤ ਸਿੰਘ ਲਾਇਬ੍ਰੇਰੀਅਨ ਤੇ ਪਵਨ ਬਾਈ ਭੰਗੜਾ ਕੋਚ ਨੇ ਫੁੱਲਾਂ ਦੇ ਗੁਲਦਸਤਿਆਂ ਨਾਲ ਸਵਾਗਤ ਕੀਤਾ। ਇਸ ਸਮੇਂ ਮਹਿਮਾਨਾਂ ਲਈ ਸਵਾਗਤੀ ਸ਼ਬਦ ਸਾਂਝੇ ਕਰਦਿਆਂ ਡਾ. ਇੰਦੂ ਰੱਤੀ ਨੇ ਆਖਿਆ ਕਿ ਇਸ ਪ੍ਰੋਗਰਾਮ ਦਾ ਮਨੋਰਥ ਇਲਾਕੇ ਦੇ ਬੱਚਿਆਂ ਨੂੰ ਆਪਣੀ ਅਮੀਰ ਸੱਭਿਆਚਾਰਕ ਵਿਰਾਸਤ ਨਾਲ ਜੋੜਨਾ ਹੈ। ਪ੍ਰੋਗਰਾਮ ਦੌਰਾਨ ਬੱਚਿਆਂ ਦੇ ਸੋਲੋ ਭੰਗੜਾ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਉਸਤਾਦ ਪਵਨ ਬਾਈ ਸਮੇਤ ਗੁਰਪ੍ਰੀਤ ਸਿੰਘ ਤੇ ਪਲਕ ਢਿੱਲੋਂ ਨੇ ਜੱਜਮੈਂਟ ਕੀਤੀ। ਜੇਤੂਆਂ ਨੂੰ ਇਨਾਮ ਦਿੱਤੇ ਗਏ। ਜਰਨੈਲ ਸਿੰਘ ਪੱਲੀ ਝਿੱਕੀ ਨੇ ਸੰਬੋਧਨ ਹੁੰਦਿਆਂ ਕਿਹਾ ਕਿ ਭੰਗੜਾ ਸਿੱਖਣ ਆਏ ਸਿਖਿਆਰਥੀਆਂ ਦੀਆਂ ਪੇਸ਼ਕਾਰੀਆਂ ਦੀ ਖੂਬ ਸ਼ਲਾਘਾ ਕੀਤੀ। ਸਮੂਹ ਭਾਗੀਦਾਰ ਸਿਖਿਆਰਥੀਆਂ ਨੂੰ ਪ੍ਰਮਾਣ ਪੱਤਰ ਦਿੱਤੇ ਗਏ। ਮੰਚ ਸੰਚਾਲਨ ਇੰਦਰਪ੍ਰੀਤ ਕੌਰ ਵੱਲੋਂ ਕੀਤਾ ਗਿਆ। ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਅੰਤ ਧੰਨਵਾਦੀ ਸ਼ਬਦ ਸਾਂਝੇ ਕਰਦਿਆਂ ਪਵਨ ਬਾਈ ਨੇ ਦੱਸਿਆ ਕਿ ਸਕੱਤਰ ਸਾਹਿਬ ਨੇ ਐਲਾਨ ਕੀਤਾ ਹੈ ਕਿ ਕੈਂਪ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਸਿਖਿਆਰਥੀਆਂ ਨੂੰ ਅਉਣ ਵਾਲੇ ਸਮੇਂ 'ਚ ਵਿਸ਼ੇਸ਼ ਟ੍ਰੇਨਿੰਗ ਦੇ ਕੇ ਭੰਗੜਾ ਦੀਆਂ ਬਰੀਕੀਆਂ ਦੱਸੀਆਂ ਜਾਣਗੀਆਂ। ਇਸ ਮੌਕੇ ਸਵੀਟੀ ਜਿਆਣ, ਮਨਜੋਤ ਕੌਰ, ਦੀਪਇੰਦਰ ਕੌਰ, ਮਿਲਨ, ਕਰਨ, ਸਿਮਰਨ, ਅਜੇ, ਦਿਪਤਾਂਸ਼ੂ ਯਸ਼ਪ੍ਰੀਤ, ਅਰਸ਼, ਭੱਟੀ ਸਮੇਤ ਅਨੇਕਾਂ ਭੰਗੜਾ ਪ੍ਰੇਮੀ ਹਾਜ਼ਰ ਸਨ।

# 15,000 ਰੁਪਏ ਰਿਸ਼ਵਤ ਲੈਂਦਾ ਸਫ਼ਾਈ ਇੰਸਪੈਕਟਰ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ



ਜਲਾਲਾਬਾਦ, 16 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਨਗਰ ਕੌਂਸਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਵਿਖੇ ਤਾਇਨਾਤ ਸਫ਼ਾਈ (ਸੈਨੀਟੇਸ਼ਨ) ਇੰਸਪੈਕਟਰ ਗੁਰਬਿੰਦਰ ਸਿੰਘ ਨੂੰ 15,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ।ਅੱਜ ਇੱਥੇ ਇਸ ਬਾਰੇ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਜਲਾਲਾਬਾਦ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਇਹ ਗ੍ਰਿਫ਼ਤਾਰੀ ਕੀਤੀ ਗਈ ਹੈ।ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਇੰਸਪੈਕਟਰ ਨੇ ਸ਼ਹਿਰ ਵਿੱਚ ਉਸ ਵੱਲੋਂ ਕੀਤੇ ਗਏ ਸਫ਼ਾਈ ਕਾਰਜਾਂ ਦੇ ਬਿੱਲ ਪਾਸ ਕਰਨ ਬਦਲੇ ਉਸਤੋਂ 20,000 ਰੁਪਏ ਰਿਸ਼ਵਤ ਮੰਗੀ ਸੀ, ਪਰ ਉਸ ਵੱਲੋਂ ਮਿੰਨਤਾਂ ਕਰਨ 'ਤੇ ਉਹ 15000 ਰੁਪਏ ਲੈਣ ਲਈ ਰਾਜ਼ੀ ਹੋ ਗਿਆ ਹੈ।ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ, ਜਿਸ ਦੌਰਾਨ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 15000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।ਇਸ ਸਬੰਧੀ ਨਗਰ ਕੌਂਸਲ ਦੇ ਉਕਤ ਕਰਮਚਾਰੀ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਰੇਂਜ ਵਿਖੇ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

# ਵਿਸ਼ਵ ਭਾਈ ਮਰਦਾਨਾ ਸੁਸਾਇਟੀ ਵੱਲੋਂ ਰਾਣਾ ਸੋਢੀ ਨੂੰ ਵਧਾਈ

ਫਿਰੋਜ਼ਪੁਰ, 16 ਜੂਨ (ਤਿਵਾੜੀ) : ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੋਸਾਇਟੀ ਵੱਲੋਂ ਸਾਬਕਾ ਮੰਤਰੀ ਅਤੇ ਬੀਜੇ ਪੀ ਮੈਂਬਰ ਨੂੰ ਫਿਰੋਜ਼ਪੁਰ ਤੋਂ ਸੱਚਖੰਡ ਹਜ਼ੂਰ ਸਾਹਿਬ ਲਈ ਹਫਤਾਵਾਰੀ ਟਰੇਨ ਚਲਵਾਉਣ ਲਈ ਵਧਾਈ ਦਿੱਤੀ ਗਈ। ਇਸ ਗੱਲ ਦੀ ਜਾਣਕਾਰੀ ਦਿੰਦੇ ਹੋਏ ਸੋਸਾਇਟੀ ਦੇ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਆਖਿਆ ਕਿ ਸਰਦਾਰ ਗੁਰਮੀਤ ਸਿੰਘ ਸੋਢੀ ਜੀ ਦੇ ਯਤਨਾ ਸਦਕਾ ਇਹ ਟਰੇਨ ਸ਼ੁਰੂ ਕੀਤੀ ਗਈ। ਕਾਫੀ ਸਮੇਂ ਤੋਂ ਸੋਢੀ ਸਾਹਿਬ ਇਸ ਪ੍ਰੋਜੈਕਟ ਦੇ ਪਿੱਛੇ ਲੱਗੇ ਹੋਏ ਸਨ। ਦਿੱਲੀ ਜਾ ਜਾ ਕੇ ਕਈ ਰੇਲ ਮੰਤਰੀ ਅਸ਼ਵਨੀ ਵੈਸ਼ਨੋ ਅਤੇ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਨਾਲ ਮੁਲਾਕਾਤ ਕਰਕੇ ਸੱਚੇ ਦਿਲ ਨਾਲ ਮਿਹਨਤ ਕੀਤੀ। ਇਸ ਦੇ ਕਾਰਣ ਇਹ ਟਰੇਨ ਦੀ ਮਨਜ਼ੂਰੀ ਮਿਲੀ। ਜਗਜੀਤ ਸਿੰਘ ਭੁੱਲਰ ਨੇ ਆਖਿਆ ਕਿ ਫਿਰੋਜ਼ਪੁਰ ਰੇਲਵੇ ਇਕ ਬਹੁਤ ਵੱਡੀ ਡਵੀਜਨ ਹੈ। ਇੱਥੋਂ ਹੋਰ ਵੀ ਤੇ ਵੱਡੇ ਸ਼ਹਿਰਾਂ ਨੂੰ ਟਰੇਨਾਂ ਚੱਲਣੀਆਂ ਚਾਹੀਦੀਆਂ ਹਨ। ਫਿਰੋਜ਼ਪੁਰ ਨਾਲ ਇੱਕ ਪੱਛੜਾ ਸ਼ਬਦ ਜੋ ਲੱਗਾ ਹੈ, ਉਸ ਨੂੰ ਹਟਾਉਣ ਦਾ ਸਮਾਂ ਆ ਰਿਹਾ ਹੈ। ਰਾਣਾ ਸੋਢੀ ਵਰਗਾ ਲੀਡਰ ਫਿਰੋਜ਼ਪੁਰ ਨੂੰ ਸੈਂਟਰ ਸਰਕਾਰ ਤੋਂ ਇਲਾਕੇ ਦੀ ਤਰੱਕੀ ਲਈ ਨਵੇਂ ਨਵੇਂ ਪ੍ਰੋਜੈਕਟ ਅਤੇ ਰੋਜ਼ਗਾਰ ਦੀਆਂ ਸਕੀਮਾਂ ਲਿਆ ਸਕਦਾ ਹੈ। ਅਸੀ ਸੋਸਾਇਟੀ ਵੱਲੋਂ ਸ਼ਹਿਰ ਛਾਉਣੀ ਅਤੇ ਆਸ ਪਾਸ ਇਲਾਕੇ ਦੀਆਂ ਸੰਗਤਾਂ ਵੱਲੋਂ ਰਾਣਾ ਸੋਢੀ ਸਾਹਿਬ ਜੀ ਦਾ ਧੰਨਵਾਦ ਕਰਦੇ ਹਾਂ। ਇਹਨਾਂ ਦੇ ਸਪੁੱਤਰ ਅਨੁਮੀਤ ਸਿੰਘ ਹੀਰਾ ਸੋਢੀ ਵੀ ਇਲਾਕੇ ਵਿੱਚ ਵਿਚਰਕੇ ਲੋਕਾਂ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੁੰਦੇ ਹਨ। ਇਸ ਮੌਕੇ ਹਰਜੀਤ ਸਿੰਘ ਧਾਲੀਵਾਲ, ਦਰਸ਼ਨ ਲਾਲ ਹੀਰਾ, ਇੰਦਰਪਾਲ ਪ੍ਰਿੰਸ, ਗੁਰਮੀਤ ਸਿੰਘ ਹਸਤੀ ਵਾਲਾ, ਹਰਦੀਪ ਸਿੰਘ ਸਰਪੰਚ ਰੰਜੀਵਾਲਾ ਰਾਜੇਸ਼ ਕੁਮਾਰ, ਨਿਸ਼ਮਲ ਸਿੰਘ ਹਾਜ਼ਰ ਸਨ।


ਅਸਟੇਟ ਦਫਤਰ, ਯੂ.ਟੀ., ਚੰਡੀਗੜ੍ਹ

ਜਨਤਕ ਸੂਚਨਾ



[illegible]

ਸਹਾਇਕ ਅਸਟੇਟ ਅਫਸਰ, ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ

ਦ ਚੰਡੀਗੜ੍ਹ ਈਐਸਆਈਸੀ ਕਰਮਚਾਰੀ ਸਹਿਕਾਰੀ ਘਰ ਨਿਰਮਾਣ (ਪਹਿਲੀ) ਸੁਸਾਇਟੀ ਲਿਮਿਟਿਡ. ਪਲਾਟ ਨੰ. 01, ਸੈਕਟਰ 51-ਬੀ ਚੰਡੀਗੜ੍ਹ

ਜਨਤਕ ਸੂਚਨਾ

ਆਮ ਜਨਤਾ ਦੀ ਜਾਣਕਾਰੀ ਲਈ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਸਵਰਗੀ ਸ੍ਰੀਮਤੀ ਊਸ਼ਾ ਰਾਣੀ ਪਤਨੀ ਸ੍ਰੀ ਨਰੇਸ਼ ਕੁਮਾਰ, ਫਲੈਟ ਨੰਬਰ 1601, ਬਲਾਕ 'ਈ', ਪਹਿਲੀ ਮੰਜ਼ਿਲ, ਦ ਚੰਡੀਗੜ੍ਹ ਈਐਸਆਈਸੀ ਕਰਮਚਾਰੀ ਸਹਿਕਾਰੀ ਘਰ ਨਿਰਮਾਣ (ਪਹਿਲੀ) ਸੋਸਾਇਟੀ ਲਿਮਿਟਿਡ, ਪਲਾਟ ਨੰ. 1, ਸੈਕਟਰ 51ਬੀ, ਚੰਡੀਗੜ੍ਹ [illegible]

ਪੰਕਜ ਸ਼ਰਮਾ (ਪ੍ਰਧਾਨ) ਦ ਚੰਡੀਗੜ੍ਹ ਈਐਸਆਈਸੀ ਕਰਮਚਾਰੀ ਸਹਿਕਾਰੀ ਘਰ ਨਿਰਮਾਣ (ਪਹਿਲੀ) ਸੋਸਾਇਟੀ ਲਿਮਿਟਿਡ ਪਲਾਟ ਨੰਬਰ 1, ਸੈਕਟਰ 51-ਬੀ, ਚੰਡੀਗੜ੍ਹ

ਮੋਬਾਇਲ: 9041014464


# ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ

ਰਈਆ, 16 ਜੂਨ (ਜੁਗਰਾਜ ਸਿੰਘ ਖਾਲਸਾ): ਸ਼ਹੀਦਾਂ ਦੇ ਸਿਰਤਾਜ ਪੰਜਵੀਂ ਪਾਤਿਸ਼ਾਹੀ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਿੰਡ ਉਧੋ ਨੰਗਲ ਖੁਰਦ ਵਿਖੇ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਨੌਜਵਾਨ ਸਭਾ ਅਤੇ ਨਗਰ ਦੀਆਂ ਸੰਗਤਾਂ ਵੱਲੋਂ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ। ਇਸ ਮੌਕੇ ਸੇਵਾਦਾਰਾਂ ਵੱਲੋਂ ਬੜੇ ਪਿਆਰ ਅਤੇ ਸਤਿਕਾਰ ਨਾਲ ਵਾਹਿਗੁਰੂ ਜੀ ਦਾ ਜਾਪ ਕਰਦਿਆਂ ਠੰਢੇ ਮਿੱਠੇ ਜਲ ਦੀ ਛਬੀਲ ਛਕਾਈ ਗਈ। ਇਸ ਮੌਕੇ ਜਥੇਦਾਰ ਭਾਈ ਜੁਗਰਾਜ ਸਿੰਘ, ਪ੍ਰਧਾਨ ਬਾਬਾ ਲੱਖਾ ਸਿੰਘ,ਬਾਬਾ ਬਲਦੇਵ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਜਸਮੇਲ ਸਿੰਘ, ਭਾਈ ਸੁਖਦੇਵ ਸਿੰਘ, ਭਾਈ ਬੀਰ ਸਿੰਘ, ਭਾਈ ਸੋਨੂੰ ਸਿੰਘ ਕਰਿਆਨਾ ਸਟੋਰ, ਸਰਪੰਚ ਦੀਪਕ ਸਿੰਘ, ਸਾਬਕਾ ਸਰਪੰਚ ਬਲਵੰਤ ਸਿੰਘ, ਭਾਈ ਪ੍ਰਮਜੀਤ ਸਿੰਘ, ਭਾਈ ਤਰਸੇਮ ਸਿੰਘ , ਭਾਈ ਲਵਪ੍ਰੀਤ ਸਿੰਘ, ਭਾਈ ਜਸਵਿੰਦਰ ਸਿੰਘ, ਭਾਈ ਜਸਪਾਲ ਸਿੰਘ, ਭਾਈ ਜੋਬਨ ਸਿੰਘ ਕੈਮਰਾਮੈਨ ਨਿਹੰਗ ਸਿੰਘ, ਗੁਰਪ੍ਰੀਤ ਸਿੰਘ ਆਦਿ ਸੇਵਾਦਾਰ ਹਾਜ਼ਰ ਸਨ।


## ਉੱਤਰ ਰੇਲਵੇ

### ਨੋਟਿਸ

[illegible] ਚੀਫ ਮੈਡੀਕਲ ਸੁਪਰਟੈਂਡੈਂਟ, ਐਕਸਟ੍ਰਾ ਮੰਡਲ ਹਸਪਤਾਲ, ਜਗਾਧਰੀ ਵਰਕਸ਼ਾਪ ਦੁਆਰਾ ਆਨਰੇਰੀ ਵਿਜਿਟਿੰਗ ਸਪੈਸ਼ਲਿਸਟ (ਫਿਜ਼ੀਸ਼ਿਯਨ-01, ਇਸਤਰੀ ਰੋਗ ਮਾਹਿਰ-01) ਦੇ ਕਾਂਟਰੈਕਟ ਦੇ ਆਧਾਰ ਤੇ ਨਿਯੁਕਤੀ ਦੇ ਲਈ ਦਰਖਾਸਤਾਂ ਦੀ ਮੰਗ ਕੀਤੀ ਜਾ ਰਹੀ ਹੈ, ਜੋ ਐਕਸਟ੍ਰਾ ਮੰਡਲ ਰੇਲਵੇ ਹਸਪਤਾਲ, ਜਗਾਧਰੀ ਵਰਕਸ਼ਾਪ ਵਿਚ ਆਨਰੇਰੀ ਵਿਜਿਟਿੰਗ ਸਪੈਸ਼ਲਿਸਟ ਦੇ ਰੂਪ ਵਿਚ ਰੇਲਵੇ ਦੇ ਲਾਭਆਰਥੀਆਂ ਨੂੰ ਪੇਸ਼ੇਵਰ ਸੇਵਾਵਾਂ ਪ੍ਰਦਾਨ ਕਰਨ ਦੇ ਲਈ ਅਤੇ ਘੱਟ ਕਰਨ ਦੇ ਇਛੁਕ ਹਨ।

**ਆਨਰੇਰੀ ਵਿਜਿਟਿੰਗ ਮਾਹਿਰ ਦੀ ਨਿਯੁਕਤੀ:**

1. ਯੋਗਤਾ

P.G ਡਿਗਰੀ ਹੋਲਡਰ ਮਾਹਿਰ ਨੂੰ ਡਿਗਰੀ ਪ੍ਰਾਪਤ ਕਰਨ ਦੇ ਬਾਅਦ ਘੱਟੋ ਘੱਟ 3 ਸਾਲਾਂ ਦਾ ਤਜਰਬਾ ਹੋਣਾ ਜਰੂਰੀ ਹੈ।

ਤੇ

P.G ਡਿਪਲੋਮਾ ਹੋਲਡਰ ਮਾਹਿਰ ਨੂੰ ਡਿਪਲੋਮਾ ਪ੍ਰਾਪਤ ਕਰਨ ਦੇ ਬਾਅਦ ਘੱਟੋ ਘੱਟ 5 ਸਾਲਾਂ ਦਾ ਤਜਰਬਾ ਹੋਣਾ ਜਰੂਰੀ ਹੈ।

2. ਉਮਰ ਪ੍ਰੋਫਾਈਲ – 30 ਸਾਲ ਤੋਂ 64 ਸਾਲ

3. ਮਿਹਨਤਾਨਾ–

| HVS Speciality | Working Hours/Period | Renumeration |
|---|---|---|
| HVS Physician | 02 Hrs a day for 06 days/week | Rs:52000/- per month |
| HVS Obs& Gynae | 02 Hrs a day for 06 days/week | Rs:52000/- per month |

4. ਉਮੀਦਵਾਰ ਚੀਫ ਮੈਡੀਕਲ ਸੁਪਰਟੈਂਡੈਂਟ, ਐਕਸਟ੍ਰਾ ਮੰਡਲ ਹਸਪਤਾਲ, ਜਗਾਧਰੀ ਵਰਕਸ਼ਾਪ ਦੇ ਦਫਤਰ ਤੋਂ ਦਰਖਾਸਤ ਫਾਰਮ ਅਤੇ ਨਿਯਮ & ਸ਼ਰਤ 11:00 ਵਜੇ ਤੋਂ 13:00 ਵਜੇ ਦੇ ਵਿਚ, ਕਿਸੇ ਵੀ ਕੰਮ ਵਾਲੇ ਉਤੇ ਪ੍ਰਾਪਤ ਕਰ ਸਕਦੇ ਹਨ। ਜਾਂ ਇਹ ਸਾਡੀ ਵੈਬਸਾਈਟ www.nr.indianrailways.gov.in 'ਤੇ ਉਪਲਬਧ ਹੈ।

5. ਮੁਹਰਬੰਦ ਦਰਖਾਸਤ ਚੀਫ ਮੈਡੀਕਲ ਸੁਪਰਟੈਂਡੈਂਟ, ਐਕਸਟ੍ਰਾ ਮੰਡਲ ਹਸਪਤਾਲ, ਜਗਾਧਰੀ ਵਰਕਸ਼ਾਪ ਦੇ ਦਫਤਰ ਵਿਚ ਅੰਤਮ ਮਿਤੀ 02.07.2025 ਵਿਚ 12:00 ਵਜੇ ਤਕ ਹੀ ਜਮ੍ਹਾ ਕਰ ਪਾਉਣਗੇ ਅਤੇ ਸੀਲ ਕੀਤੇ ਗਏ ਦਰਖਾਸਤ 02.07.2025 ਨੂੰ 12:30 ਵਜੇ ਖੋਹਲੇ ਜਾਣਗੇ।

ਦਫਤਰ ਸੁਪਰਟੈਂਡੈਂਟ

1781/2025 ਸੀਨੀਅਰ ਮੰਡਲ ਮੈਡੀਕਲ ਅਧਿਕਾਰੀ/ਜਗਾਧਰੀ ਵਰਕਸ਼ਾਪ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਡੀ. ਏ. ਪੀ. ਖਾਦ ਦੇ ਬਦਲ ਵੱਜੋਂ ਕਿਸਾਨ ਖਾਦ, ਟ੍ਰਿਪਲ ਸੁਪਰ ਫਾਸਫੇਟ ਖਾਦ, ਸਿੰਗਲ ਸੁਪਰ ਫਾਸਫੇਟ ਅਤੇ ਹੋਰ ਫਾਸਫੈਟਿਕ ਖਾਦਾਂ ਦੀ ਵੀ ਵਰਤੋਂ ਕਰਨ : ਮੁੱਖ ਖੇਤੀਬਾੜੀ ਅ.ਫਸਰ



ਗੁਰਦਾਸਪੁਰ, 16 ਜੂਨ :ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਜੀ ਦੇ ਹੁਕਮਾਂ 'ਤੇ ਕਿਸਾਨਾਂ ਨੂੰ ਮਿਆਰੀ ਖੇਤੀ ਸਮੱਗਰੀ ਖਾਸ ਕਰਕੇ ਹਾੜ੍ਹੀ ਦੀਆਂ ਫਸਲਾਂ ਦੀ ਕਾਸ਼ਤ ਲਈ ਲੋੜੀਂਦੀਆਂ ਖਾਦਾਂ ਮੁਹੱਈਆ ਕਰਵਾਉਣ ਦੇ ਮੰਤਵ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਸ਼ੁਰੂ ਕੀਤੀ ਵਿਸ਼ੇਸ਼ ਮੁਹਿੰਮ ਤਹਿਤ ਬਲਾਕ ਗੁਰਦਾਸਪੁਰ ਦੇ ਥੋਕ ਅਤੇ ਪ੍ਰਚੂਨ ਖਾਦ ਵਿਕ੍ਰੇਤਾਵਾਂ ਦੀਆਂ ਦੁਕਾਨਾਂ ਅਤੇ ਗੋਦਾਮਾਂ ਦੀ ਚੈਕਿੰਗ ਕੀਤੀ ਗਈ ਤਾਂ ਜੋ ਯੂਰੀਆ ਖਾਦ ਦੀ ਕਾਲਾਬਜ਼ਾਰੀ ਜਾਂ ਜਮ੍ਹਾਂਖੋਰੀ ਨੂੰ ਰੋਕਿਆ ਜਾ ਸਕੇ। ਇਸ ਮੌਕੇ ਡਾ. ਮਨਪ੍ਰੀਤ ਸਿੰਘ ਖੇਤੀਬਾੜੀ ਅਫ਼ਸਰ, ਡਾ. ਅੰਮ੍ਰਿਤਪਾਲ ਸਿੰਘ ਖੇਤੀਬਾੜੀ ਵਿਕਾਸ ਅਫਸਰ ਹਾਜ਼ਰ ਸਨ। ਗੱਲਬਾਤ ਕਰਦਿਆਂ ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਕਿਸਾਨਾਂ ਨੂੰ ਸਰਕਾਰ ਵੱਲੋਂ ਨਿਰਧਾਰਿਤ ਮੁੱਲ ਤੇ ਜਨ ਖੇਤੀ ਸਮਗਰੀ ਖਾਸ ਕਰਕੇ ਖਾਦਾਂ ਉਪਲੱਬਧ ਕਰਵਾਉਣ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਖਾਦ ਵਿਕ੍ਰੇਤਾਵਾਂ ਦੇ ਕਾਰੋਬਾਰ ਨਾਲ ਸਬੰਧਤ ਦੁਕਾਨਾਂ ਅਤੇ ਗੁਦਾਮਾਂ ਦੀ ਚੈਕਿੰਗ ਤੋਂ ਇਲਾਵਾ ਕਾਗਜ਼ਾਤ ਦੀ ਵੀ ਚੈਕਿੰਗ ਕੀਤੀ ਜਾ ਰਹੀ ਹੈ। ਉਨਾਂ ਦੱਸਿਆ ਕਿ ਝੋਨੇ ਦੇ ਸੀਜ਼ਨ ਨੂੰ ਦੇਖਦਿਆਂ ਖਾਦਾਂ ਦੇ ਅਗਾਂਹ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਜੋਂ ਕਿਸੇ ਕਿਸਾਨ ਨੂੰ ਖਾਦ ਦੀ ਖਰੀਦ ਸਮੇਂ ਕੋਈ ਮੁਸ਼ਕਲ ਪੇਸ਼ ਨਾਂ ਆਵੇ ।ਉਨ੍ਹਾਂ ਦੱਸਿਆ ਕਿ ਜੂਨ 2025 ਤਕ ਕੁੱਲ 62 ਹਜ਼ਾਰ ਮੀਟ੍ਰਿਕ ਟਨ ਯੂਰੀਆ ਅਤੇ 14500 ਮੀਟ੍ਰਿਕ ਟਨ ਡੀ ਏ ਪੀ ਖਾਦ ਚਾਹੀਦੀ ਹੈ, ਜਦ ਕਿ ਮਿਤੀ 16 ਜੂਨ ਤੱਕ ਜ਼ਿਲ੍ਹਾ ਗੁਰਦਾਸਪੁਰ ਵਿਚ 51639 ਮੀਟ੍ਰਿਕ ਟਨ ਯੂਰੀਆ ਅਤੇ 6137 ਮੀਟ੍ਰਿਕ ਟਨ ਡੀ ਏ ਪੀ ਖਾਦ ਪਹੁੰਚ ਚੁੱਕੀ ਹੈ।ਉਨਾਂ ਦੱਸਿਆ ਕਿ ਮੌਜੂਦਾ ਸਮੇਂ ਦੌਰਾਨ ਝੋਨੇ ਦੀ ਲਵਾਈ ਦਾ ਕੰਮ ਚੱਲ ਰਿਹਾ, ਜੋ ਤਕਰੀਬਨ 55-65 ਫੀਸਦੀ ਮੁਕੰਮਲ ਹੋ ਚੁੱਕਾ ਹੈ।ਉਨ੍ਹਾਂ ਦੱਸਿਆ ਕਿ ਕਿਸਾਨਾਂ ਵੱਲੋਂ ਫ਼ਸਲ ਨੂੰ ਫਾਸਫੋਰਸ ਖੁਰਾਕੀ ਤੱਤ ਦੀ ਪੂਰਤੀ ਲਈ ਡੀ ਏ ਪੀ ਖਾਦ ਦੀ ਲਵਾਈ ਤੋਂ 3-4 ਦਿਨਾਂ ਬਾਅਦ ਛੱਟੇ ਨਾਲ ਵਰਤੋਂ ਕੀਤੀ ਜਾਂਦੀ ਹੈ। ਉਨਾਂ ਦੱਸਿਆ ਕਿ ਮਿੱਟੀ ਪਰਖ ਰਿਪੋਰਟਾਂ ਦੇ ਅਧਿਐਨ ਤੋਂ ਪਤਾ ਲੱਗਾ ਹੈ ਕਿ ਫਾਸਫੋਰਸ ਖੁਰਾਕੀ ਤੱਤ ਬਹੁਤਾਤ ਵਿਚ ਮੌਜੂਦ ਹੈ ਅਤੇ ਵਧੇਰੇ ਫਾਸਫੋਰਸ ਖੁਰਾਕੀ ਤੱਤ ਦੀ ਵਰਤੋਂ ਕਰਾਂਗੇ ਤਾਂ ਫ਼ਸਲ ਵਿਚ ਜ਼ਿੰਕ ਦੀ ਘਾਟ ਆਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕਣਕ ਦੀ ਫ਼ਸਲ ਨੂੰ ਇੱਕ ਬੋਰੀ ਡੀ ਏ ਪੀ ਖਾਦ ਪਾਈ ਗਈ ਸੀ ਤਾਂ ਝੋਨੇ ਜਾਂ ਬਾਸਮਤੀ ਦੀ ਫ਼ਸਲ ਨੂੰ ਡੀ ਏ ਪੀ ਖਾਦ ਪਾਉਣ ਦੀ ਜ਼ਰੂਰਤ ਨਹੀਂ ਕਿਉਂਕਿ ਕਣਕ ਦੀ ਫ਼ਸਲ 30 ਫੀਸਦੀ ਹੀ ਫਾਸ ਫੋਰਸ ਦੀ ਵਰਤੋਂ ਕਰਦੀ ਹੈ ਜਦ ਕਿ 70 ਫੀਸਦੀ ਮਿੱਟੀ ਵਿਚ ਜਮ੍ਹਾਂ ਰਹਿੰਦੀ ਹੈ ਜਿਸ ਦੀ ਵਰਤੋਂ ਝੋਨੇ ਦੀ ਫ਼ਸਲ ਕਰ ਲੈਂਦੀ ਹੈ। ਉਨ੍ਹਾਂ ਕਿਹਾ ਕਿ ਡੀ ਏ ਪੀ ਖਾਦ ਦੇ ਬਦਲ ਵੱਜੋਂ ਕਿਸਾਨ ਖਾਦ ਅਤੇ ਟ੍ਰਿਪਲ ਸੁਪਰ ਫਾਸਫੇਟ ਖਾਦ ,ਸਿੰਗਲ ਸੁਪਰ ਫਾਸਫੇਟ ਹੋਰ ਫਾਸਫੈਟਿਕ ਖਾਦਾਂ ਦੀ ਵੀ ਵਰਤੋਂ ਕੀਤੀ ਜਾ ਸਕਦੀ ਹੈ।ਉਨਾਂ ਕਿਹਾ ਕਿ ਡੀਲਰਾਂ ਵੱਲੋਂ ਕਿਸਾਨਾਂ ਨੂੰ ਜੋ ਵੀ ਖੇਤੀ ਸਮੱਗਰੀ ਦੀ ਵਿਕਰੀ ਕੀਤੀ ਜਾਂਦੀ ਹੈ , ਉਸ ਦਾ ਪੱਕਾ ਬਿੱਲ ਕੱਟ ਕੇ ਦਿੱਤਾ ਜਾਵੇ ਅਤੇ ਕੇਵਲ ਲੋੜੀਂਦੀ ਸਮੱਗਰੀ ਹੀ ਕਿਸਾਨਾਂ ਨੂੰ ਵਿਕਰੀ ਕੀਤੀ ਜਾਵੇ ਅਤੇ ਕੋਈ ਹੋਰ ਬੇਲੋੜੀਆਂ ਵਸਤਾਂ ਕਿਸਾਨਾਂ ਨੂੰ ਨਾ ਦਿੱਤੀਆਂ ਜਾਣ।ਉਨ੍ਹਾਂ ਕਿਹਾ ਕਿ ਚੈਕਿੰਗ ਦੌਰਾਨ ਜੇਕਰ ਕੋਈ ਦੁਕਾਨਦਾਰ ਬਗੈਰ ਬਿੱਲ ਤੋਂ ਖਾਦ,ਦਵਾਈ ਜਾਂ ਬੀਜ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਖਾਦ,ਕੀਟਨਾਸ਼ਕ ਰਸਾਇਣ ਜਾਂ ਬੀਜ ਖ੍ਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ ਅਤੇ ਜੇਕਰ ਕੋਈ ਡੀਲਰ ਬਿੱਲ ਦੇਣ ਤੋਂ ਇਨਕਾਰੀ ਹੁੰਦਾ ਹੈ ਤਾਂ ਉਸ ਦੀ ਲਿਖਤੀ ਤੌਰ 'ਤੇ ਸ਼ਿਕਾਇਤ ਸੰਬੰਧਤ ਖੇਤੀਬਾੜੀ ਅਧਿਕਾਰੀ ਜਾਂ ਮੁੱਖ ਖੇਤੀਬਾੜੀ ਅਫਸਰ ਨੂੰ ਕਰਨ।

# ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਵੱਲੋਂ ਡਾਇਲੋਗ ਵਿੱਦ ਡਾਕਟਰ ਤਹਿਤ ਮੀਟਿੰਗ

ਘੁਮਾਣ ਸ੍ਰੀ ਹਰਿਗੋਬਿੰਦਪੁਰ ਸਾਹਿਬ, 16 ਜੂਨ (ਡਾਕਟਰ ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬ ਸਰਕਾਰ ਅਤੇ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਸੋਚ ਸਦਕਾ ਅੱਜ ਲੁਧਿਆਣਾ ਵਿਖੇ Dialogue with Doctors ਤਹਿਤ ਪੰਜਾਬ ਦੇ ਸਮੂਹ ਡਾਕਟਰਾਂ ਸਾਹਿਬਾਨਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਡਾਕਟਰ ਕੀਜੇ ਸਿੰਘ ਸੀਨੀਅਰ ਆਗੂ ਆਮ ਆਦਮੀ ਪਾਰਟੀ ਹਲਕਾ ਸ੍ਰੀ ਹਰਿਗੋਬਿੰਦਪੁਰ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਉਹਨਾਂ ਦੱਸਿਆ ਕਿ ਇਸ ਮੀਟਿੰਗ ਦੌਰਾਨ ਪੰਜਾਬ ਵੱਖ ਵੱਖ ਡਾਕਟਰ ਸਾਹਿਬਾਨਾਂ ਵੱਲੋਂ ਪੰਜਾਬ ਦੀ ਸਿਹਤ ਕ੍ਰਾਂਤੀ ਅਤੇ ਹਰ ਦਿਨ ਸਿਹਤ ਖੇਤਰ ਵਿਚ ਹੋ ਰਹੇ ਵੱਡੇ ਬਦਲਾਵ ਮੁੱਹਲਾ ਕਲੀਨਿਕ ਦਾ ਪੰਜਾਬ ਵਿੱਚ ਖੁੱਲ੍ਹਣਾ, ਨਵੀਆਂ ਤਕਨੀਕ ਦੀਆਂ ਐਂਬੂਲੈਂਸ ਵੱਖ ਵੱਖ ਸਰਕਾਰੀ ਹਸਪਤਾਲ ਵਿਖੇ ਦੇਣੀਆਂ SSF ਫੋਰਸ ਦਾ ਗਠਨ ਕੀਤਾ, ਜਿਸ ਨਾਲ ਕਿਸੇ ਵੀ ਐਕਸੀਡੈਂਟ ਕੇਸ ਵਿੱਚ ਮਰੀਜ਼ ਨੂੰ First Aid ਦੇ ਕੇ ਨੇੜੇ ਦੇ ਸਰਕਾਰੀ ਜਾਂ ਗੈਰ ਸਰਕਾਰੀ ਹਸਪਤਾਲ ਵਿਖੇ ਪਹੁੰਚਣਾ ਅਤੇ ਇਲਾਜ ਦਾ ਸਾਰਾ ਖਰਚਾ ਪੰਜਾਬ ਸਰਕਾਰ ਵੱਲੋਂ ਕੀਤਾ ਜਾਂਦਾ ਹੈ। ਪੰਜਾਬ ਸਰਕਾਰ ਵੱਲੋਂ ਦਿਲ ਦੇ ਮਰੀਜ਼ਾਂ ਲਈ ਅੰਮ੍ਰਿਤ ਸਟੈਮੀ ਨਾਮ ਦੀ ਨਵੀਂ ਯੋਜਨਾ ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਇਕਦਮ ਹਾਰਟ ਅਟੈਕ ਆਉਂਣ ਵਾਲੇ ਮਰੀਜ਼ਾਂ ਨੂੰ ਥਰਮੋਲਾਈਸਿਸ ਕਰਨ ਵਾਸਤੇ ਮਹਿੰਗਾ ਟੀਕਾ ਹੁਣ 72 ਸੈਂਟਰਾਂ ਵਿੱਚ ਬਿਲਕੁਲ ਮੁਫਤ ਲਗਾਇਆ ਜਾਵੇਗਾ।

# ਟ੍ਰੈਫ਼ਿਕ ਚਲਾਨ ਕੇਸਾਂ ਦੇ ਨਿਪਟਾਰੇ ਲਈ ਵਿਸ਼ੇਸ਼ ਲੋਕ ਅਦਾਲਤਾਂ 1 ਜੁਲਾਈ

ਚੰਡੀਗੜ੍ਹ, 16 ਜੂਨ (ਅੰਮ੍ਰਿਤਪਾਲ ਸਿੰਘ) : ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ, ਚੰਡੀਗੜ੍ਹ ਦੇ ਆਦੇਸ਼ਾਂ ਅਨੁਸਾਰ, ਟ੍ਰੈਫ਼ਿਕ ਚਲਾਨ ਕੇਸਾਂ ਦੇ ਨਿਪਟਾਰੇ ਲਈ ਜੁਡੀਸ਼ੀਅਲ ਮੈਜਿਸਟ੍ਰੇਟ ਦੁਆਰਾ ਆਪਣੀਆਂ ਸਬੰਧਤ ਅਦਾਲਤਾਂ ਵਿੱਚ 1 ਜੁਲਾਈ ਤੋਂ 11 ਜੁਲਾਈ 2025 ਵਿਸ਼ੇਸ਼ ਲੋਕ ਅਦਾਲਤਾਂ ਲਗਾਈਆਂ ਜਾਣਗੀਆਂ। ਇਹ 12 ਜੁਲਾਈ 2025 ਨੂੰ ਹੋਣ ਵਾਲੀ ਰਾਸ਼ਟਰੀ ਲੋਕ ਅਦਾਲਤ ਤੋਂ ਇਲਾਵਾ ਹੋਵੇਗਾ।ਆਮ ਲੋਕਾਂ ਨੂੰ ਆਪਣੇ ਲੰਬਿਤ ਟ੍ਰੈਫ਼ਿਕ ਚਲਾਨ ਕੇਸਾਂ ਦਾ ਸੁਹਿਰਦਤਾ ਨਾਲ ਨਿਪਟਾਰਾ ਕਰਨ ਲਈ ਇਸ ਮੌਕੇ ਦਾ ਲਾਭ ਉਠਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।


## ਜਨਤਕ ਸੂਚਨਾ
## ਚੰਡੀਗੜ੍ਹ ਪ੍ਰਸ਼ਾਸਨ
## ਆਬਕਾਰੀ ਅਤੇ ਟੈਕਸ ਵਿਭਾਗ

**ਯੂ.ਟੀ., ਚੰਡੀਗੜ੍ਹ ਵਿੱਚ ਸਾਲ 2025-26 ਲਈ ਭਾਰਤੀ ਬਣੀ ਵਿਦੇਸ਼ੀ ਸ਼ਰਾਬ, ਆਯਾਤ ਵਿਦੇਸ਼ੀ ਸ਼ਰਾਬ, ਬੀਅਰ, ਵਾਈਨ ਅਤੇ ਦੇਸੀ ਸ਼ਰਾਬ (L-2/L-14ਏ) ਦੇ ਪ੍ਰਚੂਨ ਸ਼ਰਾਬ ਲਾਇਸੈਂਸਾਂ ਦੀ ਅਲਾਟਮੈਂਟ ਲਈ ਈ-ਟੈਂਡਰਿੰਗ ਪ੍ਰਕਿਰਿਆ ਵਿੱਚ ਭਾਗੀਦਾਰੀ ਲਈ ਰਜਿਸਟ ?ਰੇਸ਼ਨ ਲਈ ਨੋਟਿਸ।**

ਇਹ ਆਮ ਜਨਤਾ ਦੀ ਜਾਣਕਾਰੀ ਲਈ ਹੈ ਕਿ ਯੂ.ਟੀ., ਚੰਡੀਗੜ੍ਹ ਵਿੱਚ ਸਾਲ 2025-26 ਲਈ ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਲਈ ਈ-ਟੈਂਡਰਿੰਗ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਵਿਅਕਤੀਆਂ ਦੀ ਔਨਲਾਈਨ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ 17.06.2025 ਤੋਂ ਸ਼ੁਰੂ ਹੋਵੇਗੀ।

ਸਾਰੇ ਇੱਛੁਕ ਵਿਅਕਤੀ ਪ੍ਰਕਿਰਿਆ ਦੀ ਜਾਣਕਾਰੀ ਲਈ ਵਿਭਾਗ ਦੀ ਅਧਿਕਾਰਤ ਵੈੱਬਸਾਈਟ www.etdut.gov.in/exciseonline 'ਤੇ ਜਾ ਸਕਦੇ ਹਨ ਅਤੇ ਜੋ ਲੋਕ ਈ-ਟੈਂਡਰਿੰਗ ਵਿੱਚ ਹਿੱਸਾ ਲੈਣਾ ਚਾਹੁੰਦੇ ਹਨ ਉਹ https://etenders.chd.nic.in 'ਤੇ ਆਪਣੇ ਆਪ ਨੂੰ ਰਜਿਸਟਰ ਕਰਵਾ ਸਕਦੇ ਹਨ।

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਸਾਰੇ ਸੰਭਾਵੀ ਬੋਲੀਕਾਰਾਂ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੀ ਈ-ਟੈਂਡਰ ਵੈੱਬਸਾਈਟ https://etenders.chd.nic.in 'ਤੇ ਈ-ਟੈਂਡਰਿੰਗ ਲਈ ਆਪਣੇ ਆਪ ਨੂੰ ਰਜਿਸਟਰ ਕਰਵਾਉਣਾ ਹੋਵੇਗਾ।

ਈ-ਟੈਂਡਰਿੰਗ ਲਈ ਭਾਗੀਦਾਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਸਹਾਇਕ ਆਬਕਾਰੀ ਅਤੇ ਕਰ ਕਮਿਸ਼ਨਰ, ਯੂ.ਟੀ., ਚੰਡੀਗੜ੍ਹ ਦੇ ਦਫ਼ਤਰ ਵਿੱਚ ਇੱਕ ਹੈਲਪਡੈਸਕ ਵੀ ਸਥਾਪਤ ਕੀਤਾ ਗਿਆ ਹੈ।

**ਸਹੀ/-ਆਬਕਾਰੀ ਅਤੇ ਕਰ ਕਮਿਸ਼ਨਰ,**
**ਕੇਂਦਰ ਸ਼ਾਸਤ ਪ੍ਰਦੇਸ਼, ਚੰਡੀਗੜ੍ਹ।**


# ਸੜਕਾਂ, ਜਿਨ੍ਹਾਂ ਨੇ ਭਾਰਤ ਦੇ ਵਿਕਾਸ ਦੀ ਦਿਸ਼ਾ ਬਦਲ ਦਿੱਤੀ

**ਨਿਤਿਨ ਗਡਕਰੀ**

ਸਾਲ 2014 ਵਿੱਚ ਜਦੋਂ ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ, ਉਦੋਂ ਤੋਂ ਹੀ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਸਭ ਤੋਂ ਵੱਧ ਤਰਜ਼ੀਹ ਦਿੰਦੀ ਆ ਰਹੀ ਹੈ। ਇਸ ਦਿਸ਼ਾ ਵਿੱਚ, ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲਾ ਬੁਨਿਆਦੀ ਢਾਂਚੇ ਦੇ ਵਿਕਾਸ ਦਾ ਕੇਂਦਰ ਬਿੰਦੂ ਬਣ ਗਿਆ। ਮੋਦੀ ਦੀ ਅਗਵਾਈ ਹੇਠ, ਇਸ ਮੰਤਰਾਲੇ ਨੇ 2014 ਤੋਂ ਬਾਅਦ ਇਨ੍ਹਾਂ 11 ਸਾਲਾਂ ਦੌਰਾਨ ਨਾ ਸਿਰਫ਼ ਦੇਸ਼ ਦੇ ਆਰਥਿਕ ਵਿਕਾਸ ਨੂੰ ਤੇਜ਼ ਕੀਤਾ ਹੈ, ਸਗੋਂ ਇਸ ਨੂੰ ਇੱਕ ਨਵਾਂ ਮੁਕਾਮ ਵੀ ਦਿੱਤਾ ਹੈ।ਦੇਸ਼ ਦੇ ਵਿਕਾਸ ਦੀ ਦਿਸ਼ਾ ਬਦਲਣ ਵਿੱਚ ਮੁਕੰਮਲ ਅਤੇ ਨਿਰਮਾਣ ਅਧੀਨ ਦੋਵੇਂ ਤਰ੍ਹਾਂ ਦੇ ਹਾਈਵੇਅਜ਼ ਦੇ ਨਿਰਮਾਣ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਕੁਸ਼ਲ ਰਾਜਮਾਰਗ, ਜਲਮਾਰਗ ਅਤੇ ਰੇਲਵੇ ਢੋਆ-ਢੁਆਈ ਲਾਗਤਾਂ ਨੂੰ ਘਟਾ ਸਕਦੇ ਹਨ ਅਤੇ ਅਰਥਵਿਵਸਥਾ ਨੂੰ ਹੁਲਾਰਾ ਦੇ ਸਕਦੇ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਾਰਤ ਨੂੰ ਵਿਸ਼ਵਗੁਰੂ ਬਣਾਉਣ ਦਾ ਸੁਪਨਾ ਦੇਖਿਆ ਹੈ। ਭਾਰਤ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਅਤੇ 5 ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਵਜੋਂ ਉੱਭਰਿਆ ਹੈ। ਇਸ ਸੁਪਨੇ ਨੂੰ ਸਾਕਾਰ ਕਰਨ ਲਈ, ਸਾਨੂੰ ਨਿਰਯਾਤ ਵਧਾਉਣ ਦੀ ਲੋੜ ਹੈ, ਜਿਸ ਨਾਲ ਖੇਤੀਬਾੜੀ, ਸੇਵਾਵਾਂ ਅਤੇ ਉਦਯੋਗਿਕ ਖੇਤਰਾਂ ਵਿੱਚ ਤਰੱਕੀ ਨੂੰ ਹੁਲਾਰਾ ਮਿਲੇਗਾ।

ਪਿਛਲੇ 11 ਸਾਲਾਂ ਵਿੱਚ ਬਣੀਆਂ ਸੜਕਾਂ ਨੇ ਸਾਡੀ ਲੌਜਿਸਟਿਕਸ ਲਾਗਤ ਨੂੰ 16% ਤੋਂ ਘਟਾ ਕੇ 10% ਕਰ ਦਿੱਤਾ ਹੈ ਅਤੇ ਅਗਲੇ ਸਾਲ, ਅਸੀਂ ਇਸ ਨੂੰ ਹੋਰ ਘਟਾ ਕੇ 9% ਕਰਨ ਦਾ ਟੀਚਾ ਮਿੱਥਿਆ ਹੈ। ਇਹ ਸਾਡੇ ਨਿਰਯਾਤ ਨੂੰ ਵਧਾਏਗਾ, ਸਾਨੂੰ ਵਧੇਰੇ ਪ੍ਰਤੀਯੋਗੀ ਬਣਾਏਗਾ ਅਤੇ ਭਾਰਤ ਨੂੰ ਵਿਸ਼ਵਗੁਰੂ ਬਣਨ ਵੱਲ ਹੋਰ ਮਜ਼ਬੂਤੀ ਨਾਲ ਅੱਗੇ ਵਧਣ ਵਿੱਚ ਮਦਦ ਕਰੇਗਾ।ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲਾ ਦੇਸ਼ ਭਰ ਵਿੱਚ 25 ਨਵੇਂ ਗ੍ਰੀਨਫੀਲਡ ਐਕਸਪ੍ਰੈਸ ਹਾਈਵੇਜ਼ ਬਣਾ ਰਿਹਾ ਹੈ। ਬੰਦਰਗਾਹਾਂ ਨੂੰ ਜੋੜਨ ਅਤੇ ਧਾਰਮਿਕ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ 3,000 ਕਿਲੋਮੀਟਰ ਤੋਂ ਵੱਧ ਹਾਈਵੇਅਜ਼ ਵੀ ਬਣਾਏ ਜਾ ਰਹੇ ਹਨ। ਧਾਰਮਿਕ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੇ ਯਤਨ ਵੀ ਆਕਾਰ ਲੈ ਰਹੇ ਹਨ। 22,000 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਬੋਧੀ ਸਰਕਟ ਪ੍ਰੋਜੈਕਟ ਸਦਕਾ ਦੱਖਣੀ ਏਸ਼ੀਆ, ਇੰਡੋਨੇਸ਼ੀਆ, ਮਲੇਸ਼ੀਆ, ਚੀਨ, ਸਿੰਗਾਪੁਰ ਅਤੇ ਜਾਪਾਨ ਤੋਂ ਭਗਵਾਨ ਬੁੱਧ ਦੇ ਜਨਮ ਸਥਾਨ ਤੇ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ।ਇਸ ਨਾਲ, ਚਾਰ ਧਾਮਾਂ - ਬਦਰੀਨਾਥ, ਕੇਦਾਰਨਾਥ, ਗੰਗੋਤਰੀ ਅਤੇ ਯਮੁਨੋਤਰੀ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਦੀ ਗਿਣਤੀ ਤਿੰਨ ਗੁਣਾ ਵਧ ਗਈ ਹੈ। ਕੇਦਾਰਨਾਥ ਨੂੰ ਜੋੜਨ ਲਈ 12,000 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਰੋਪਵੇਅ ਬਣਾਇਆ ਜਾ ਰਿਹਾ ਹੈ। ਕੈਲਾਸ਼ ਮਾਨਸਰੋਵਰ ਨੂੰ ਉੱਤਰਾਖੰਡ ਦੇ ਪਿਥੌਰਾਗੜ੍ਹ ਨਾਲ ਜੋੜਨ ਵਾਲੀ ਸੜਕ ਦਾ ਲੱਗਭੱਗ 90% ਕੰਮ ਪੂਰਾ ਹੋ ਗਿਆ ਹੈ।

ਭਾਰਤ ਵਿੱਚ, ਖਾਸ ਕਰਕੇ ਰਾਸ਼ਟਰੀ ਰਾਜਧਾਨੀ ਵਿੱਚ ਉੱਡਣ ਵਾਲੀਆਂ ਬੱਸਾਂ ਦਾ ਸੁਪਨਾ ਹਕੀਕਤ ਬਣਨ ਦੇ ਕੰਢੇ 'ਤੇ ਹੈ। ਇਸ ਵਿੱਚ ਪਹਾੜੀ ਖੇਤਰਾਂ ਲਈ ਉੱਡਣ ਵਾਲੀਆਂ ਬੱਸਾਂ, ਫਲੈਸ਼-ਚਾਰਜਿੰਗ ਇਲੈਕਟ੍ਰਿਕ ਬੱਸਾਂ ਅਤੇ ਉੱਡਣ ਵਾਲੀਆਂ ਡਬਲ-ਡੈਕਰ ਬੱਸਾਂ ਸ਼ਾਮਲ ਹਨ। ਦਿੱਲੀ ਦੇ ਧੌਲਾ ਕੁਆਂ ਤੋਂ ਮਾਨੇਸਰ ਤੱਕ ਸਕਾਈਵੇਅ ਸਿਸਟਮ 'ਤੇ ਅਧਾਰਤ ਉੱਡਣ ਵਾਲੀ ਬੱਸ ਸੇਵਾ ਲੱਗਭੱਗ ਆਪਣੇ ਆਖਰੀ ਪੜਾਅ 'ਤੇ ਹੈ। ਮੈਨੂੰ ਯਕੀਨ ਹੈ ਕਿ ਇਹ ਪ੍ਰਯੋਗ ਇਸ ਖਾਸ ਰੂਟ 'ਤੇ ਟ੍ਰੈਫਿਕ ਜਾਮ ਦੀ ਸਥਾਈ ਸਮੱਸਿਆ ਨੂੰ ਹੱਲ ਕਰਨ ਵਿੱਚ ਮਹੱਤਵਪੂਰਨ ਹੋਵੇਗਾ। ਪਹਿਲੀ ਫਲੈਸ਼-ਚਾਰਜਿੰਗ ਇਲੈਕਟ੍ਰਿਕ ਬੱਸ ਜਲਦੀ ਹੀ ਨਾਗਪੁਰ ਵਿੱਚ ਸ਼ੁਰੂ ਕੀਤੀ ਜਾਵੇਗੀ। ਇਸ ਵਿੱਚ 135 ਸੀਟਾਂ, ਐਗਜ਼ੀਕਿਊਟਿਵ ਕਲਾਸ, ਸਾਹਮਣੇ ਟੀਵੀ ਸਕ੍ਰੀਨ ਅਤੇ ਏਅਰ ਹੋਸਟੇਸ ਜਿਹੀਆਂ ਬੱਸ ਹੋਸਟੇਸ ਹੋਣਗੀਆਂ। ਬੱਸ ਦੀ ਵੱਧ ਤੋਂ ਵੱਧ ਰਫ਼ਤਾਰ 120 ਕਿਲੋਮੀਟਰ ਪ੍ਰਤੀ ਘੰਟਾ ਹੋਵੇਗੀ ਅਤੇ ਇਹ ਆਪਣੀ ਯਾਤਰਾ ਨੂੰ ਮੁੜ ਸ਼ੁਰੂ ਕਰਨ ਤੋਂ ਪਹਿਲਾਂ ਪੂਰੀ ਤਰ੍ਹਾਂ ਚਾਰਜ ਹੋਣ ਲਈ ਹਰ 40 ਕਿਲੋਮੀਟਰ ਤੇ ਸਿਰਫ਼ 30 ਸਕਿੰਟ ਲਈ ਰੁਕੇਗੀ।

ਇਹ ਸਿਰਫ਼ ਦਫ਼ਤਰ ਵਿੱਚ ਬੈਠ ਕੇ ਅਤੇ ਡੀਪੀਆਰ ਤਿਆਰ ਕਰਕੇ ਨਹੀਂ ਕੀਤਾ ਜਾ ਸਕਦਾ - ਇਸ ਲਈ ਬਹੁਤ ਮਿਹਨਤ ਦੀ ਲੋੜ ਹੁੰਦੀ ਹੈ! ਆਈਆਈਐੱਮ-ਬੰਗਲੌਰ ਵੱਲੋਂ ਸੜਕ ਨਿਰਮਾਣ 'ਤੇ ਕੀਤੇ ਗਏ ਇੱਕ ਤਾਜ਼ਾ ਅਧਿਐਨ ਤੋਂ ਪਤਾ ਲੱਗਾ ਹੈ ਕਿ ਰਾਸ਼ਟਰੀ ਰਾਜਮਾਰਗ (ਐੱਨਐੱਚ) ਨਿਰਮਾਣ 'ਤੇ ਖਰਚ ਕੀਤੇ ਗਏ, ਹਰ 1 ਰੁਪਏ ਨਾਲ ਭਾਰਤ ਦੀ ਜੀਡੀਪੀ ਵਿੱਚ 3.21 ਰੁਪਏ ਦਾ ਵਾਧਾ ਹੋਇਆ ਹੈ, ਜੋ 3.2 ਗੁਣਾ ਦਾ ਗੁਣਾਤਮਕ ਪ੍ਰਭਾਵ ਦਰਸਾਉਂਦਾ ਹੈ। ਨਤੀਜੇ ਵਜੋਂ, ਘਰੇਲੂ ਉਤਪਾਦਨ ਵਿੱਚ 9% ਅਤੇ ਕਾਰਾਂ ਦੀ ਵਿਕਰੀ ਵਿੱਚ 10.4% ਦਾ ਵਾਧਾ ਹੋਇਆ ਹੈ। ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਵੱਲੋਂ ਕੀਤੇ ਗਏ ਕੰਮ ਨੇ ਨਾ ਸਿਰਫ਼ ਆਰਥਿਕ ਗਤੀਵਿਧੀਆਂ ਨੂੰ ਹੁਲਾਰਾ ਦਿੱਤਾ ਹੈ ਬਲਕਿ ਰੋਜ਼ਗਾਰ ਦੇ ਕਈ ਮੌਕੇ ਵੀ ਪੈਦਾ ਕੀਤੇ ਹਨ।

ਕੁਝ ਧਿਆਨ ਦੇਣ ਯੋਗ ਅੰਕੜੇ: 2014 ਵਿੱਚ, ਭਾਰਤ ਵਿੱਚ ਸਿਰਫ਼ 91,000 ਕਿਲੋਮੀਟਰ ਦੇ ਰਾਸ਼ਟਰੀ ਰਾਜਮਾਰਗ ਸਨ। 2024 ਤੱਕ, ਇਹ ਨੈੱਟਵਰਕ ਲੱਗਭੱਗ 60% ਵੱਧ ਕੇ 1.46 ਲੱਖ ਕਿਲੋਮੀਟਰ ਹੋ ਗਿਆ ਹੈ। ਸੜਕ ਨਿਰਮਾਣ ਦੀ ਰੋਜ਼ਾਨਾ ਗਤੀ 12 ਕਿਲੋਮੀਟਰ/ਦਿਨ ਤੋਂ ਵੱਧ ਕੇ 28-30 ਕਿਲੋਮੀਟਰ/ਦਿਨ ਹੋ ਗਈ ਹੈ। 5.35 ਲੱਖ ਕਰੋੜ ਰੁਪਏ ਦੀ ਅਭਿਲਾਸ਼ੀ ਭਾਰਤਮਾਲਾ ਪਰਿਯੋਜਨਾ ਦੇ ਤਹਿਤ 65,000 ਕਿਲੋਮੀਟਰ ਸੜਕਾਂ ਬਣਾਉਣ ਦਾ ਟੀਚਾ ਹੈ, ਜਿਸ ਵਿੱਚ ਆਰਥਿਕ ਗਲਿਆਰੇ, ਅੰਤਰਰਾਸ਼ਟਰੀ ਸਰਹੱਦੀ ਸੜਕਾਂ ਅਤੇ ਸਰਹੱਦੀ ਖੇਤਰ ਕੁਨੈਕਟਿਵਿਟੀ ਸ਼ਾਮਲ ਹੈ। ਇਹ ਯੋਜਨਾ ਭਾਰਤ ਦੇ ਲੌਜਿਸਟਿਕਸ ਖਰਚਿਆਂ ਨੂੰ ਹੋਰ ਘਟਾਉਣ ਵੱਲ ਇੱਕ ਫੈਸਲਾਕੁੰਨ ਕਦਮ ਹੈ।

ਗਤੀ ਸ਼ਕਤੀ ਅਤੇ ਮਲਟੀਮਾਡਲ ਕਨੈਕਟੀਵਿਟੀ ਪਹਿਲਕਦਮੀਆਂ ਸੜਕ, ਰੇਲਵੇ, ਹਵਾਈ, ਜਲ ਮਾਰਗਾਂ ਅਤੇ ਬੰਦਰਗਾਹਾਂ ਨੂੰ ਇੱਕ ਸਿੰਗਲ ਡਿਜੀਟਲ ਪਲੇਟਫਾਰਮ ਵਿੱਚ ਜੋੜਦੀਆਂ ਹਨ, ਜਿਸ ਨੇ ਸਮੇਂ ਸਿਰ ਪ੍ਰੋਜੈਕਟ ਪੂਰਾ ਕਰਨ ਨੂੰ ਯਕੀਨੀ ਬਣਾਉਣ ਵਿੱਚ ਸਹਾਇਤਾ ਕੀਤੀ ਹੈ। ਸਾਡੇ ਮੰਤਰਾਲੇ ਨੇ ਜਨਤਕ-ਨਿੱਜੀ ਭਾਈਵਾਲੀ (ਪੀਪੀਪੀ) ਮਾਡਲ ਰਾਹੀਂ ਸੜਕ ਵਿਕਾਸ ਪ੍ਰੋਜੈਕਟਾਂ ਨੂੰ ਲਾਗੂ ਕਰਨਾ ਵੀ ਸ਼ੁਰੂ ਕਰ ਦਿੱਤਾ ਹੈ, ਜਿਸ ਨੇ ਮਹੱਤਵਪੂਰਨ ਨਿੱਜੀ ਨਿਵੇਸ਼ ਨੂੰ ਆਕਰਸ਼ਿਤ ਕੀਤਾ ਹੈ। ਇਸ ਮਾਡਲ ਦੇ ਤਹਿਤ 12 ਲੱਖ ਕਰੋੜ ਰੁਪਏ ਤੋਂ ਵੱਧ ਦੇ ਸੜਕ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ।

2014 ਵਿੱਚ ਸ਼ੁਰੂ ਹੋਈ ਇਹ ਯਾਤਰਾ ਸਿਰਫ਼ ਸੜਕਾਂ ਦੀ ਨਹੀਂ; ਇਹ ਭਾਰਤ ਦੀ ਤਰੱਕੀ ਦੀ ਜੀਵਨ ਰੇਖਾ ਬਣ ਗਈ ਹੈ। ਹਾਈਵੇਅ ਨੈੱਟਵਰਕ ਦੇ ਵਿਸਥਾਰ ਨੇ ਨਾ ਸਿਰਫ਼ ਯਾਤਰਾ ਨੂੰ ਸੁਖਾਲ਼ਾ ਬਣਾਇਆ ਹੈ ਬਲਕਿ ਘਰੇਲੂ ਵਪਾਰ, ਉਦਯੋਗ, ਸੈਰ-ਸਪਾਟਾ ਅਤੇ ਸੁਰੱਖਿਆ ਨੂੰ ਵੀ ਹੁਲਾਰਾ ਦਿੱਤਾ ਹੈ।

ਪਹਿਲੇ ਦਿਨ ਤੋਂ, ਸਾਡੀ ਸਰਕਾਰ ਇਹ ਯਕੀਨੀ ਬਣਾਉਣ ਲਈ ਅਣਥੱਕ ਮਿਹਨਤ ਕਰ ਰਹੀ ਹੈ ਕਿ ਸੰਮਲਿਤ ਵਿਕਾਸ ਸਮਾਜ ਦੀ ਆਖਰੀ ਕਤਾਰ ਵਿੱਚ ਖੜ੍ਹੇ ਹਰ ਵਿਅਕਤੀ ਤੱਕ ਪਹੁੰਚੇ। ਅਸੀਂ ਆਉਣ ਵਾਲੇ ਸਾਲਾਂ ਵਿੱਚ ਇਸ ਟੀਚੇ ਨੂੰ ਜਲਦੀ ਤੋਂ ਜਲਦੀ ਪ੍ਰਾਪਤ ਕਰਨ ਲਈ ਇਸ ਕੰਮ ਨੂੰ ਹੋਰ ਵੀ ਤੇਜ਼ ਰਫ਼ਤਾਰ ਨਾਲ ਕਰਨ ਲਈ ਵਚਨਬੱਧ ਹਾਂ।

ਸਾਡੇ ਕੋਲ ਹੁਣ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਬਣਾਉਣ ਅਤੇ 2047 ਤੱਕ ਆਪਣੇ ਰਾਸ਼ਟਰੀ ਰਾਜਮਾਰਗ ਨੈੱਟਵਰਕ ਨੂੰ ਅਮਰੀਕਾ ਨਾਲੋਂ ਬਿਹਤਰ ਬਣਾਉਣ ਦਾ ਵਿਜ਼ਨ ਹੈ, ਤਾਂ ਜੋ ਭਾਰਤ ਇੱਕ ਆਰਥਿਕ ਮਹਾਸ਼ਕਤੀ ਬਣ ਸਕੇ।

ਅਮਰੀਕਾ ਕੋਲ ਚੰਗੀਆਂ ਸੜਕਾਂ ਇਸ ਲਈ ਨਹੀਂ ਹਨ ਕਿਉਂਕਿ ਉਹ ਅਮੀਰ ਹੈ, ਅਮਰੀਕਾ ਅਮੀਰ ਇਸ ਲਈ ਹੈ।ਕਿਉਂਕਿ ਇਸ ਕੋਲ ਚੰਗੀਆਂ ਸੜਕਾਂ ਹਨ। ਸਾਬਕਾ ਅਮਰੀਕੀ ਰਾਸ਼ਟਰਪਤੀ ਜੌਨ ਐੱਫ ਕੈਨੇਡੀ ਦਾ ਇਹ ਕਥਨ, ਜੋ ਦਿੱਲੀ ਦੇ ਟ੍ਰਾਂਸਪੋਰਟ ਭਵਨ ਵਿਖੇ ਮੇਰੇ ਦਫ਼ਤਰ ਵਿੱਚ ਅਤੇ ਇਸ ਤੋਂ ਪਹਿਲਾਂ ਜਦੋਂ ਮੈਂ ਮਹਾਰਾਸ਼ਟਰ ਵਿੱਚ ਮੰਤਰੀ ਸੀ, ਉੱਥੇ ਲੱਗਾ ਹੋਇਆ ਸੀ। ਮੋਦੀ ਜੀ ਦੀ ਅਗਵਾਈ ਵਿੱਚ ਅਧੀਨ ਪਿਛਲੇ 11 ਸਾਲਾਂ ਤੋਂ ਇਹ ਸਾਡਾ ਮਾਰਗਦਰਸ਼ਕ ਮੰਤਰ ਰਿਹਾ ਹੈ।

ਅਸੀਂ ਭਵਿੱਖ ਵਿੱਚ ਇਸ ਕੰਮ ਨੂੰ ਹੋਰ ਵੀ ਤੇਜ਼ੀ ਨਾਲ ਅੱਗੇ ਵਧਾਉਣ ਲਈ ਵਚਨਬੱਧ ਹਾਂ। ਆਉਣ ਵਾਲੇ ਸਾਲਾਂ ਵਿੱਚ, ਭਾਰਤ ਦਾ ਸੜਕੀ ਢਾਂਚਾ ਅਮਰੀਕਾ ਨਾਲੋਂ ਬਿਹਤਰ ਹੋਵੇਗਾ - ਇਹ ਕੋਈ ਸੁਪਨਾ ਨਹੀਂ ਸਗੋਂ ਇੱਕ ਹਕੀਕਤ ਹੈ ਜੋ ਆਕਾਰ ਲੈ ਰਹੀ ਹੈ। ਗੁਣਵੱਤਾ, ਗਤੀ, ਪਾਰਦਰਸ਼ਤਾ ਅਤੇ ਵਾਤਾਵਰਣ-ਅਨੁਕੂਲ ਨੀਤੀਆਂ ਦੇ ਸੰਤੁਲਨ ਨੂੰ ਬਰਕਰਾਰ ਰੱਖਦੇ ਹੋਏ ਭਾਰਤ ਦੇ ਰਾਸ਼ਟਰੀ ਰਾਜਮਾਰਗ ਨੈੱਟਵਰਕ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਮਿਲੇਗੀ।

**(ਲੇਖਕ ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਹਨ)**


ਈ-ਨਿਲਾਮੀ ਵਿਕਰੀ ਸੂਚਨਾ 23.07.2025 ਨੂੰ 11.00 ਵਜੇ ਤੋਂ 15.00 ਵਜੇ ਤੱਕ

## ਸਟੇਟ ਬੈਂਕ ਆਫ ਇੰਡੀਆ

ਸ਼ਾਖਾ ਦਫਤਰ : ਐਸਐਮਈਸੀ ਬਠਿੰਡਾ (50786)

ਈ-ਨਿਲਾਮੀ ਵਿਕਰੀ ਸੂਚਨਾ 23.07.2025 ਨੂੰ 11.00 ਵਜੇ ਤੋਂ 15.00 ਵਜੇ ਤੱਕ

23.07.2025 ਨੂੰ 11.00 ਵਜੇ ਤੋਂ 15.00 ਵਜੇ ਤੱਕ ਚੱਲ/ਅਚੱਲ ਸੰਪੱਤੀਆਂ ਦੀ ਵਿਕਰੀ ਲਈ ਈ-ਨਿਲਾਮੀ ਬਾਰੇ ਜਨਤਕ ਸੂਚਨਾ
ਬਿਆਨਾ ਰਕਮ ਅਤੇ ਦਸਤਾਵੇਜ਼ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ ਅਤੇ ਸਮਾਂ ਈ-ਨਿਲਾਮੀ ਦੇ ਬੰਦ ਹੋਣ 'ਤੇ ਜਾਂ ਪਹਿਲਾਂ। ਆਰਟੀਜੀਐਸ/ਐਨਈਐਫਟੀ ਦੇ ਮਾਧਿਅਮ ਦੁਆਰਾ ਈ-ਨਿਲਾਮੀ ਸਾਈਟ : https://baanknet.com 'ਤੇ ਮੈਯ. ਪੀਐਸਬੀ ਇਲਾਇੰਸ ਪ੍ਰਾ.ਲਿਮ. ਨਾਲ ਪੰਜੀਕ੍ਰਿਤ ਬੋਲੀਕਾਰਾਂ ਦੇ ਆਪਣੇ ਵੈਲੇਟ ਦੁਆਰਾ।

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਅਤੇ 6(2) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।** ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸਟੇਟ ਬੈਂਕ ਆਫ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਕੋਲ ਗਿਰਵੀ/ਬੰਦੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਸ ਦਾ **ਭੌਤਿਕ ਕਬਜ਼ਾ** ਸਟੇਟ ਬੈਂਕ ਆਫ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਦਰਸਾਏ ਕਰਜ਼ਦਾਰਾਂ/ਜ਼ਾਮਨਾਂ ਤੋਂ ਸਟੇਟ ਬੈਂਕ ਆਫ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਵੱਲ ਬਕਾਇਆ ਰਕਮ + ਵਿਆਜ (ਸੰਪੱਤੀ ਅਧੀਨ ਨਿਮਨ ਦਰਸਾਏ ਅਨੁਸਾਰ) ਦੀ ਵਸੂਲੀ ਦੇ ਲਈ 23.07.2025 ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"** 'ਤੇ ਕੀਤੀ ਜਾਵੇਗੀ। **ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਪੱਤੀ ਦੇ ਅਧੀਨ ਨਿਮਨ ਦਰਸਾਏ ਅਨੁਸਾਰ ਹੋਵੇਗੀ। "ਸਾਰੇ ਵਿਧਾਨਿਕ/ਗੈਰ-ਵਿਧਾਨਿਕ ਬਕਾਏ, ਕਰ, ਦਰਾਂ, ਮੁਲਾਂਕਣ, ਖਰਚੇ, ਫੀਸ ਆਦਿ, ਕਿਸੇ ਵੱਲ ਵੀ ਬਕਾਇਆ ਦਾ ਭੁਗਤਾਨ ਕੇਵਲ ਸਫਲ ਬੋਲੀਕਾਰ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ। ਸਫਲ ਬੋਲੀਕਾਰ ਵੱਲੋਂ ਵਿਕਰੀ ਕੀਮਤ ਦੀ ਕਿਸੇ ਵੀ ਰਕਮ ਦਾ ਭੁਗਤਾਨ ਕਰਨ ਵਿਚ ਅਸਫਲਤਾ ਦਾ ਨਤੀਜਾ ਉਨ੍ਹਾਂ ਵੱਲੋਂ ਜਮ੍ਹਾ ਕੀਤੀ ਰਕਮ ਦੀ ਜ਼ਬਤੀ ਵਿਚ ਹੋਵੇਗਾ। ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਵੈਬਸਾਈਟ : (a) https:sbi.co.in/ (b) https://baanknet.com** ਵਿਚ ਨਿਮਨ ਦਰਸਾਏ ਹਨ/ਹਵਾਲਾ ਲਓ।

| ਕਰਜ਼ਦਾਰ(ਾਂ)/ ਜ਼ਾਮਨ ਦਾ ਨਾਮ | ਸੰਪੱਤੀ /ਆਂ ਦੇ ਵੇਰਵੇ | ਬਕਾਇਆ ਰਕਮ ਅਤੇ ਕਬਜ਼ੇ ਦੀ ਮਿਤੀ | ਰਾਖਵੀਂ ਕੀਮਤ ਜਮ੍ਹਾਂ ਬਿਆਨਾ ਰਕਮ ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਈ-ਨਿਲਾਮੀ ਦੀ ਮਿਤੀ/ਸਮਾਂ | ਅਧਿਕਾਰਤ ਅਧਿਕਾਰੀ ਅਤੇ ਸੰਪਰਕ ਨੰ. |
|---|---|---|---|---|---|---|
| ਮੈਸ. ਮਾਹੀ ਬੇਕਰਜ਼, # 4165, ਕਿਲਾ ਰੋਡ, ਬਠਿੰਡਾ-151001, ਰਾਹੀਂ ਇਸ ਦੇ ਪ੍ਰੋਪ. ਸ੍ਰੀ ਰਜਿੰਦਰ ਕੁਮਾਰ ਗੋਇਲ ਸਪੁੱਤਰ ਸ੍ਰੀ ਮੇਘ ਰਾਜ ਗੋਇਲ, ਵਾਸੀ # 4165, ਕਿਲਾ ਰੋਡ, ਬਠਿੰਡਾ-151001 | 1. ਰੋਟਰੀ ਰੈਕ 28 ਟਰੇਅ ਆਇਲ ਫਾਇਰਡ ਬਰੈਡ ਓਵਨ, 2. ਪਲੈਨੇਟਰੀ ਮਿਕਸਰ 60 ਲਿਟ., 3. ਸ਼ੂਗਰ ਗਰਾਈਂਡਰ 50 ਕਿ.ਗ੍ਰਾ. ਸਮਰੱਥਾ, 4. ਬੇਕਿੰਗ ਟ੍ਰੇਅਜ਼ (600), 5. ਗਲਾਸ ਰੈਫਰਿਜਰੇਟਰ, 6. ਡਬਲ ਆਰਮ ਡੋਅ ਮਿਕਸਰ, 7. ਸਿੰਗਲ ਡੋਰ ਰੈਫਰਿਜਰੇਟਰ, 8. ਡਿਜੀਟਲ ਵੇਇੰਗ ਮਸ਼ੀਨ, 9. ਬੇਕਰੀ ਬਿਸਕਿਟ ਮੇਕਿੰਗ ਮਸ਼ੀਨ। | Rs 5,07,361.78 26.06.2024 ਦੇ ਅਨੁਸਾਰ ਜਮ੍ਹਾਂ ਇਸ 'ਤੇ ਭਾਵੀ ਵਿਆਜ ਅਤੇ ਫੀਸਾਂ (ਸੂਚਨਾ ਧਾਰਾ 13 (2)ਅਨੁਸਾਰ ਬਕਾਇਆ) 16.12.2024 | Rs. 4,26,000.00 Rs. 42,600.00 Rs. 5,000.00 | 19.07.2025 11:00 Hrs to 15:00 Hrs | 23.07.2025 11: 00 Hrs to 15:00 Hrs | ਸ੍ਰੀ ਮਨੂ ਸਚਦੇਵਾ MOB: 98761-62901 |

**ਇਹ ਪ੍ਰਕਾਸ਼ਨ ਸੁਰੱਖਿਆ ਵਿਆਜ (ਲਾਗੂ ਕਰਨ) ਨਿਯਮ 2002 ਦੇ ਨਿਯਮ 6(2) ਅਤੇ 8(6) ਦੇ ਅਧੀਨ ਉਪਰੋਕਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਵੀ 30 ਦਿਨਾਂ ਦਾ ਨੋਟਿਸ ਹੈ।**

ਸਰਫਾਇਸੀ ਐਕਟ, 2002 ਦੇ ਉਪਬੰਧਾਂ ਦੇ ਅਨੁਸਾਰ, ਹੁਣ 23.07.2025 ਨੂੰ ਸਵੇਰੇ 11.00 ਵਜੇ https://baanknet.com ਦੁਆਰਾ, ਵਿਸਤ੍ਰਿਤ ਸ਼ਰਤਾਂ ਲਈ ਹੋਣ ਵਾਲੀ ਜਨਤਕ ਈ-ਨਿਲਾਮੀ ਦੁਆਰਾ ਬੈਂਕ ਦੇ ਕਬਜ਼ੇ ਵਿੱਚ ਅਚੱਲ ਜਾਇਦਾਦ ਵੇਚਣ ਦਾ ਪ੍ਰਸਤਾਵ ਹੈ। ਅਤੇ ਵਿਕਰੀ ਦੀਆਂ ਸ਼ਰਤਾਂ, ਕਿਰਪਾ ਕਰਕੇ ਵੈੱਬਸਾਈਟਾਂ ਨੂੰ ਵੇਖੋ: https://baanknet.com

ਮਿਤੀ : 17.06.2025 ਸਥਾਨ : ਬਠਿੰਡਾ ਅਧਿਕਾਰਤ ਅਧਿਕਾਰੀ



ਵਸੂਲੀ ਅਧਿਕਾਰੀ ਦਾ ਦਫ਼ਤਰ-I/II
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)
ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਈਐਕਸਐਚ ਨੰ. 27

ਆਰ.ਸੀ./382/2017 ਮਿਤੀ :04.04.2025

**ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਨਾਲ ਪੜ੍ਹੇ ਜਾਣ ਵਾਲੇ ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 48 ਅਧੀਨ ਅਚੱਲ ਸੰਪੱਤੀ ਨੂੰ ਜੋੜਨ ਦਾ ਵਾਰੰਟ**

**ਸਟੇਟ ਬੈਂਕ ਆਫ ਇੰਡੀਆ**
**ਬਨਾਮ**
**ਮੈਸ. ਸ਼ਰਮਾ ਰਾਈਸ ਮਿਲਜ਼**

ਵੱਲ,

**(ਸੀਡੀ 1) ਮੈਸ. ਸ਼ਰਮਾ ਰਾਈਸ ਮਿੱਲਜ਼ ਧੂਲਕੋਟ ਰੋਡ ਮਹਿਤਾਬਗੜ੍ਹ ਨੇੜੇ ਮੰਡੀ ਅਹਿਮਦਗੜ੍ਹ ਤਹਿਸੀਲ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ, ਪੰਜਾਬ ਆਪਣੇ ਇਕੱਲਾ ਮਾਲਕ ਰਜਨੀਸ਼ ਸ਼ਰਮਾ ਪੁੱਤਰ ਜੱਟੀ ਰਾਮ (ਡੈਫ. ਨੰਬਰ 2) ਵਾਸੀ ਅਨਾਜ ਮੰਡੀ, ਮੰਡੀ ਅਹਿਮਦਗੜ੍ਹ, ਤਹਿਸੀਲ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ ਰਾਹੀਂ।**

**(ਸੀਡੀ 2) ਸ੍ਰੀ ਰਜਨੀਸ਼ ਸ਼ਰਮਾ ਪੁੱਤਰ ਜੱਟੀ ਰਾਮ ਵਾਸੀ ਅਨਾਜ ਮੰਡੀ, ਮੰਡੀ ਅਹਿਮਦਗੜ੍ਹ, ਤਹਿਸੀਲ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ**

**(ਸੀਡੀ 3) ਸ਼੍ਰੀਮਤੀ ਸੁਦੇਸ਼ ਸ਼ਰਮਾ ਪਤਨੀ ਰਜਨੀਸ਼ ਸ਼ਰਮਾ (ਮੌਤ ਤੋਂ ਬਾਅਦ) ਆਪਣੇ ਕਾਨੂੰਨੀ ਵਾਰਸਾਂ (ਡੈਫ. ਨੰ. 2, 4 ਅਤੇ 5) ਰਾਹੀਂ ਅਨਾਜ ਮੰਡੀ, ਮੰਡੀ ਅਹਿਮਦਗੜ੍ਹ, ਤਹਿਸੀਲ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ ਦੀ ਵਸਨੀਕ**

**(ਸੀਡੀ 4) ਸ਼੍ਰੀਮਤੀ ਰਸ਼ਮੀ ਪੁੱਤਰੀ ਰਜਨੀਸ਼ ਸ਼ਰਮਾ ਪਤਨੀ ਵਿਸ਼ਾਲ ਦਾਦਾ ਵਾਸੀ ਅਨਾਜ ਮੰਡੀ, ਮੰਡੀ ਅਹਿਮਦਗੜ੍ਹ, ਤਹਿਸੀਲ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ।**

**(ਸੀਡੀ 5) ਸ਼੍ਰੀਮਤੀ ਭਾਵਨਾ ਪੁੱਤਰੀ ਰਜਨੀਸ਼ ਸ਼ਰਮਾ ਪਤਨੀ ਅਤੁਲ ਦਾਦਾ ਵਾਸੀ ਅਨਾਜ ਮੰਡੀ, ਮੰਡੀ ਅਹਿਮਦਗੜ੍ਹ, ਤਹਿਸੀਲ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ।**

ਜਿਥੇ ਕਿ (ਸੀਡੀ) ਨੂੰ ਪ੍ਰਧਾਨਗੀ ਅਧਿਕਾਰੀ, **ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)** ਵੱਲੋਂ ਆਦੇਸ਼ ਦਿੱਤਾ ਗਿਆ ਸੀ, ਜਿਨ੍ਹਾਂ ਨੇ ਪੂਰਤੀ ਹੋਣ ਤੱਕ 20.05.2014 ਤੋਂ ਪ੍ਰਭਾਵੀ 16.25% **ਦੀ ਦਰ 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ ਰੁ. 3,66,75,937.00/- (ਰੁਪਏ ਤਿੰਨ ਕਰੋੜ ਛਿਆਹਠ ਲੱਖ ਪਛੱਤਰ ਹਜ਼ਾਰ ਨੌਂ ਸੌ ਸੈਂਤੀ ਕੇਵਲ)** ਦੀ ਰਕਮ ਅਤੇ **ਰੁ. 2,11,505/- (ਰੁਪਏ ਦੋ ਲੱਖ ਗਿਆਰਾਂ ਹਜ਼ਾਰ ਪੰਜ ਸੌ ਪੰਜ ਕੇਵਲ) ਦੀਆਂ ਲਾਗਤਾਂ** ਨੂੰ ਸਰਟੀਫਿਕੇਟ ਧਾਰਕ ਬੈਂਕ/ਐਫਆਈ ਨੂੰ ਅਦਾ ਕਰਨ ਲਈ **ਐਮਏ/9/2017** ਵਿਚ ਮਿਤੀ 30.03.2017 ਨੂੰ ਵਸੂਲੀ ਪ੍ਰਮਾਣ ਪੱਤਰ ਜਾਰੀ ਕੀਤਾ ਸੀ ਅਤੇ ਜਿਥੇ ਕਿ ਦਰਸਾਈ ਰਕਮ ਅਦਾ ਨਹੀਂ ਕੀਤੀ ਗਈ ਹੈ।

2.ਇਹ ਆਦੇਸ਼ ਦਿੱਤਾ ਜਾਂਦਾ ਹੈ ਕਿ ਤੁਹਾਡੇ 'ਤੇ ਨਿਰਧਾਰਤ ਸਰਟੀਫਿਕੇਟ ਡੈਬਟਰ ਵਜੋਂ ਇਸ ਦੁਆਰਾ ਕਿਸੇ ਵੀ ਰੂਪ ਵਿਚ ਨਿਮਨ ਦਰਸਾਈ ਸੰਪੱਤੀ ਦੇ ਤਬਾਦਲੇ ਜਾਂ ਚਾਰਜ ਕਰਨ ਤੋਂ ਨਿਮਨ ਹਸਤਾਖਰੀ ਦੇ ਅਗਲੇ ਹੁਕਮਾਂ ਤੱਕ ਪਾਬੰਦੀ ਅਤੇ ਰੋਕ ਲਗਾਈ ਜਾਂਦੀ ਹੈ ਅਤੇ ਇਹ ਕਿ ਸਾਰੇ ਵਿਅਕਤੀ ਅਤੇ ਇਹ ਕਿ ਉਨ੍ਹਾਂ ਨੂੰ ਇਸ ਦੁਆਰਾ ਅਜਿਹੇ ਤਬਾਦਲੇ ਜਾਂ ਚਾਰਜ ਦੇ ਅਧੀਨ ਕੋਈ ਲਾਭ ਲੈਣ ਤੋਂ ਰੋਕਿਆ ਜਾਂਦਾ ਹੈ।

3. ਤੁਹਾਨੂੰ ਵਿਕਰੀ ਦੇ ਐਲਾਨ ਦੀਆਂ ਸ਼ਰਤਾਂ ਦੇ ਗਠਨ ਲਈ ਨਿਰਧਾਰਤ ਮਿਤੀ ਦਾ ਨੋਟਿਸ ਲੈਣ ਲਈ 18.06.2025 **ਨੂੰ ਸਵੇਰੇ** 10.30 **ਵਜੇ** ਵਸੂਲੀ ਅਧਿਕਾਰੀ, **ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ3)** ਕੋਲ ਹਾਜ਼ਰ ਹੋਣ ਦੀ ਲੋੜ ਹੈ।

**ਸੰਪੱਤੀ ਦਾ ਵੇਰਵਾ**

ਸੰਪੱਤੀ ਵੇਰਵੇ

| ਸੰਪੱਤੀ ਦੀ ਕਿਸਮ | ਸੰਪੱਤੀ ਦਾ ਵੇਰਵਾ |
|---|---|
| ਅਚੱਲ ਸੰਪੱਤੀ | ਸਵਰਗੀ ਸ੍ਰੀ ਰਜਨੀਸ਼ ਸ਼ਰਮਾ ਪੁੱਤਰ ਸ੍ਰੀ ਜੱਟੀ ਰਾਮ ਸ਼ਰਮਾ ਦੀ ਮਲਕੀਅਤ ਖੇਤੀਬਾੜੀ ਵਾਲੀ ਜ਼ਮੀਨ ਕੁੱਲ 13.33 ਮਰਲੇ ਜ਼ਮੀਨ ਜੋ ਕਿ ਖਸਰਾ ਨੰਬਰ 13//7/1/2(6-10) ਖੇਵਟ ਨੰਬਰ 1066 ਖਤੌਨੀ ਨੰਬਰ 1386 ਵਿੱਚ ਸਾਲ 2017-2018 ਦੀ ਜਮ੍ਹਾਂਬੰਦੀ ਅਨੁਸਾਰ ਪਿੰਡ ਭਦੁਰਗੜ੍ਹ ਹਦਬਸਤ ਨੰਬਰ 339 ਉਪ ਤਹਿਸੀਲ ਅਹਿਮਦਗੜ੍ਹ ਅਤੇ ਜ਼ਿਲ੍ਹਾ ਮਲੇਰਕੋਟਲਾ ਵਿਖੇ ਸਥਿਤ । |

**ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਮਿਤੀ 04.04.2025 ਨੂੰ ਜਾਰੀ।**

ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਗਰਮੀਆਂ 'ਚ ਗੁੜ ਖਾਣ ਦਾ ਕੀ ਹੈ ਸਹੀ ਤਰੀਕਾ

ਗੁੜ ਸਿਰਫ਼ ਸਰਦੀ ਦੇ ਮੌਸਮ 'ਚ ਹੀ ਨਹੀਂ, ਗਰਮੀਆਂ 'ਚ ਵੀ ਸਹੀ ਢੰਗ ਨਾਲ ਖਾਧਾ ਜਾਵੇ ਤਾਂ ਇਹ ਕਈ ਤਰੀਕੇ ਨਾਲ ਲਾਭਕਾਰੀ ਹੋ ਸਕਦਾ ਹੈ। ਇਹ ਆਯੁਰਵੇਦਕ ਤਰੀਕੇ ਨਾਲ ਪਾਚਣ-ਸ਼ਕਤੀ ਨੂੰ



ਬਿਹਤਰ ਬਣਾਉਣ ਦੇ ਨਾਲ-ਨਾਲ ਸਰੀਰ ਨੂੰ ਡੀਟੌਕਸ ਕਰਦੈ ਤੇ ਊਰਜਾ ਪ੍ਰਦਾਨ ਕਰਦਾ ਹੈ ਪਰ ਗਰਮੀਆਂ 'ਚ ਇਸ ਦੀ ਤਾਸੀਰ ਕਾਰਨ, ਇਸ ਨੂੰ ਸਹੀ ਢੰਗ ਨਾਲ ਖਾਣਾ ਜ਼ਰੂਰੀ ਹੁੰਦਾ ਹੈ ਤਾਂ ਜੋ ਇਹ ਸਰੀਰ ਦੀ ਗਰਮੀ ਨਾ ਵਧਾਵੇ। ਇਸ ਲੇਖ 'ਚ ਅਸੀਂ ਗੁੜ ਨੂੰ ਗਰਮੀਆਂ 'ਚ ਖਾਣ ਦੇ ਸਹੀ ਤਰੀਕਿਆਂ ਬਾਰੇ ਜਾਣਕਾਰੀ ਦੇਵਾਂਗੇ।

**ਨਿੰਬੂ ਪਾਣੀ:** ਗਰਮੀਆਂ 'ਚ ਗੁੜ ਦਾ ਸਿੱਧਾ ਸੇਵਨ ਕਰਨ ਦੀ ਬਜਾਏ, ਨਿੰਬੂ ਪਾਣੀ 'ਚ ਗੁੜ ਮਿਲਾ ਕੇ ਪੀਣ ਨਾਲ ਇਹ ਠੰਡਕ ਦਿੰਦਾ ਹੈ। ਇਹ ਤਰੀਕਾ ਪਚਾਉਣ 'ਚ ਆਸਾਨ ਹੁੰਦਾ ਹੈ ਅਤੇ ਸਰੀਰ ਨੂੰ ਹਾਈਡ੍ਰੇਟ ਰੱਖਦਾ ਹੈ।

**ਗੁੜ ਤੇ ਸੌਂਫ ਦਾ ਪਾਣੀ:** ਰਾਤ ਨੂੰ ਗੁੜ ਨੂੰ ਸੌਂਫ ਦੇ ਪਾਣੀ 'ਚ ਭਿਓਂ ਕੇ ਰੱਖ ਦਿਓ ਤੇ ਸਵੇਰੇ ਇਹ ਪਾਣੀ ਛਾਣ ਕੇ ਪੀਣ ਨਾਲ ਪੇਟ ਠੀਕ ਰਹਿੰਦਾ ਹੈ ਅਤੇ ਸਰੀਰ ਦੀ ਗਰਮੀ ਵੀ ਕਟਦੀ ਹੈ।

ਦਹੀਂ ਜਾਂ ਲੱਸੀ ; - ਗੁੜ ਨੂੰ ਲੱਸੀ ਜਾਂ ਦਹੀਂ ਨਾਲ ਮਿਲਾ ਕੇ ਖਾਣ ਨਾਲ ਇਹ ਹਲਕਾ ਅਤੇ ਹਜ਼ਮ ਹੋਣ ਵਾਲਾ ਬਣ ਜਾਂਦਾ ਹੈ। ਇਹ ਪੇਟ ਦੀ ਤਪਸ਼ ਘਟਾਉਂਦਾ ਹੈ ਅਤੇ ਗਰਮੀਆਂ 'ਚ ਸਰੀਰ ਨੂੰ ਠੰਡਾ ਰੱਖਣ 'ਚ ਮਦਦ ਕਰਦਾ ਹੈ।

**ਤੁਲਸੀ ਜਾਂ ਮਿੰਟ ਦਾ ਸ਼ਰਬਤ:** ਗਰਮੀਆਂ 'ਚ ਤੁਲਸੀ ਜਾਂ ਪੁਦੀਨੇ ਦੇ ਪੱਤਿਆਂ ਦਾ ਪਾਣੀ ਤਿਆਰ ਕਰਕੇ, ਉਸ 'ਚ ਗੁੜ ਮਿਲਾ ਕੇ ਪੀਣ ਨਾਲ ਇਹ ਡੀਟੌਕਸ ਕਰਦਾ ਹੈ। ਇਹ ਨਾੜੀ ਤੰਤਰ ਨੂੰ ਮਜਬੂਤ ਕਰਦਾ ਹੈ ਅਤੇ ਗਰਮੀਆਂ ਦੀ ਤਪਸ਼ ਤੋਂ ਬਚਾਉਂਦਾ ਹੈ।

**ਰੋਟੀ ਨਾਲ ਖਾਣਾ:** ਦਿਨ ਦੇ ਖਾਣੇ 'ਚ ਗੁੜ ਨੂੰ ਘਿਓ ਨਾਲ ਮਿਲੀ ਚਪਾਤੀ ਖਾਣੀ ਚੰਗੀ ਰਹਿੰਦੀ ਹੈ ਪਰ ਇਹ ਬਹੁਤ ਜ਼ਿਆਦਾ ਨਾ ਖਾਓ ਕਿਉਂਕਿ ਇਹ ਸਰੀਰ ਦੀ ਗਰਮੀ ਵਧਾ ਸਕਦੀ ਹੈ।

**ਸਾਵਧਾਨੀਆਂ:**
ਗਰਮੀਆਂ 'ਚ ਗੁੜ ਜ਼ਿਆਦਾ ਮਾਤਰਾ 'ਚ ਨਾ ਖਾਓ ਕਿਉਂਕਿ ਇਹ ਗਰਮੀ ਨੂੰ ਵਧਾ ਸਕਦਾ ਹੈ।
ਮਿੱਠੀਆਂ ਚੀਜ਼ਾਂ ਅਤੇ ਚਾਹ ਨਾਲ ਗੁੜ ਲੈਣ ਤੋਂ ਬਚੋਂ ਕਿਉਂਕਿ ਇਹ ਗਰਮ ਤਾਸੀਰ ਵਾਲਾ ਹੁੰਦਾ ਹੈ।
ਗੁੜ ਨੂੰ ਨਾਰੀਅਲ ਪਾਣੀ, ਲੱਸੀ ਨਾਲ ਲਓ ਤਾਂ ਕਿ ਤੁਹਾਡੇ ਸਰੀਰ 'ਚ ਹਾਈਡ੍ਰੇਸ਼ਨ ਵੀ ਕਾਇਮ ਰਹਿ ਸਕੇ।
ਇਹ ਤਰੀਕੇ ਗਰਮੀਆਂ ਵਿੱਚ ਗੁੜ ਨੂੰ ਸਿਹਤਮੰਦ ਢੰਗ ਨਾਲ ਖਾਣ ਵਿੱਚ ਮਦਦ ਕਰ ਸਕਦੇ ਹਨ।

# ਈਰਾਨ ਨੇ ਮੰਨੀ ਭਾਰਤ ਦੀ ਮੰਗ, ਭਾਰਤੀ ਨਾਗਰਿਕਾਂ ਨੂੰ ਕੱਢਣ ਲਈ ਖੋਲ੍ਹੇ ਬਾਰਡਰ




ਤਹਿਰਾਨ, 16 ਜੂਨ (ਚ.ਨ.ਸ.) : ਇਜ਼ਰਾਈਲ ਨਾਲ ਜੰਗ ਦੌਰਾਨ ਈਰਾਨ ਵਿੱਚ ਫਸੇ ਭਾਰਤੀਆਂ ਨੂੰ ਸੁਰੱਖਿਅਤ ਬਾਹਰ ਕੱਢਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਦੌਰਾਨ ਈਰਾਨ ਵਿਚ ਫਸੇ ਭਾਰਤੀਆਂ ਲਈ ਰਾਹਤ ਦੀ ਖ਼ਬਰ ਹੈ। ਈਰਾਨ ਨੇ ਸੋਮਵਾਰ ਨੂੰ ਭਾਰਤ ਦੀ ਉਸ ਬੇਨਤੀ ਨੂੰ ਹਰੀ ਝੰਡੀ ਦੇ ਦਿੱਤੀ, ਜਿਸ ਵਿਚ ਕਿਹਾ ਗਿਆ ਸੀ ਕਿ ਈਰਾਨੀ ਸ਼ਹਿਰਾਂ ਵਿੱਚ ਫਸੇ ਭਾਰਤੀ ਵਿਦਿਆਰਥੀਆਂ ਅਤੇ ਨਾਗਰਿਕਾਂ ਨੂੰ ਸੁਰੱਖਿਅਤ ਕੱਢਿਆ ਜਾਵੇਗਾ ਕਿਉਂਕਿ ਇਜ਼ਰਾਈਲ ਇਸਲਾਮੀ ਗਣਰਾਜ ਵਿੱਚ ਕੁਝ ਟਿਕਾਣਿਆਂ 'ਤੇ ਲਗਾਤਾਰ ਬੰਬਾਰੀ ਕਰ ਰਿਹਾ ਹੈ। ਤਹਿਰਾਨ ਨੇ ਕਿਹਾ ਹੈ ਕਿ ਹਾਲਾਂਕਿ ਈਰਾਨ ਦੇ ਹਵਾਈ ਖੇਤਰ ਬੰਦ ਹਨ, ਪਰ ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਕੱਢਣ ਲਈ ਸਾਰੀਆਂ ਜ਼ਮੀਨੀ ਸਰਹੱਦਾਂ ਖੁੱਲ੍ਹੀਆਂ ਹਨ। ਖ਼ਾਸ ਗੱਲ ਇਹ ਹੈ ਕਿ ਈਰਾਨੀ ਸਰਕਾਰ ਨੇ ਭਾਰਤੀਆਂ ਸਮੇਤ ਵਿਦੇਸ਼ੀ ਨਾਗਰਿਕਾਂ ਨੂੰ ਸੁਰੱਖਿਅਤ ਆਪਣੇ ਦੇਸ਼ ਭੇਜਣ ਲਈ ਸਹਿਮਤੀ ਦੇ ਦਿੱਤੀ ਹੈ। ਬੇਨਤੀ ਦੇ ਜਵਾਬ ਵਿੱਚ ਈਰਾਨ ਦੇ ਵਿਦੇਸ਼ ਮੰਤਰੀ ਨੇ ਭਾਰਤ ਦੇ ਕੂਟਨੀਤਕ ਮਿਸ਼ਨ ਨੂੰ ਹਰੀ ਝੰਡੀ ਦਿੱਤੀ ਅਤੇ ਡਿਪਲੋਮੈਟਾਂ ਅਤੇ ਨਾਗਰਿਕਾਂ ਦੀ ਸੁਰੱਖਿਅਤ ਕੱਢਣ ਵਿੱਚ ਮਦਦ ਦੀ ਪੇਸ਼ਕਸ਼ ਕੀਤੀ।

ਇਸ ਵਿੱਚ ਕਿਹਾ ਗਿਆ ਹੈ, ਮੌਜੂਦਾ ਸਥਿਤੀ ਅਤੇ ਦੇਸ਼ ਦੇ ਹਵਾਈ ਅੱਡੇ ਬੰਦ ਹੋਣ ਅਤੇ ਕਈ ਰਾਜਨੀਤਿਕ ਮਿਸ਼ਨਾਂ ਵੱਲੋਂ ਆਪਣੇ ਡਿਪਲੋਮੈਟਾਂ ਅਤੇ ਨਾਗਰਿਕਾਂ ਨੂੰ ਵਿਦੇਸ਼ਾਂ ਵਿੱਚ ਤਬਦੀਲ ਕਰਨ ਦੀਆਂ ਬੇਨਤੀਆਂ ਨੂੰ ਦੇਖਦੇ ਹੋਏ ਅਸੀਂ ਸੂਚਿਤ ਕਰਦੇ ਹਾਂ ਕਿ ਸਾਰੀਆਂ ਜ਼ਮੀਨੀ ਸਰਹੱਦਾਂ ਪਾਰ ਕਰਨ ਲਈ ਖੁੱਲ੍ਹੀਆਂ ਹਨ।ਤਹਿਰਾਨ ਨੇ ਭਾਰਤ ਨੂੰ ਆਪਣੇ ਜਨਰਲ ਪ੍ਰੋਟੋਕੋਲ ਵਿਭਾਗ ਨੂੰ ਸਰਹੱਦ ਪਾਰ ਕਰਨ ਵਾਲੇ ਲੋਕਾਂ ਦੇ ਨਾਮ, ਪਾਸਪੋਰਟ ਨੰਬਰ ਅਤੇ ਵਾਹਨ ਵੇਰਵੇ ਪ੍ਰਦਾਨ ਕਰਨ ਲਈ ਕਿਹਾ। ਇਸ ਨੇ ਯਾਤਰਾ ਦਾ ਸਮਾਂ ਅਤੇ ਲੋੜੀਂਦੀ ਸਰਹੱਦ ਵੀ ਮੰਗੀ ਜਿਸ ਰਾਹੀਂ ਵਿਅਕਤੀ ਦੇਸ਼ ਤੋਂ ਬਾਹਰ ਨਿਕਲੇਗਾ, ਤਾਂ ਜੋ ਡਿਪਲੋਮੈਟਾਂ ਅਤੇ ਹੋਰ ਨਾਗਰਿਕਾਂ ਦੀ ਸੁਰੱਖਿਅਤ ਯਾਤਰਾ ਲਈ ਜ਼ਰੂਰੀ ਪ੍ਰਬੰਧ ਕੀਤੇ ਜਾ ਸਕਣ।

## ਈਰਾਨ ਤੋਂ ਭੱਜ ਰਹੇ ਨੇ ਲੋਕ, ਸਰਹੱਦੀ ਇਲਾਕਿਆਂ 'ਚ ਲੱਗੇ ਭਿਆਨਕ ਜਾਮ

ਤਹਿਰਾਨ, 16 ਜੂਨ (ਚ.ਨ.ਸ.) : ਇਜ਼ਰਾਈਲੀ ਹਮਲਿਆਂ ਵਿਚਕਾਰ ਵੱਡੀ ਗਿਣਤੀ ਵਿੱਚ ਲੋਕ ਈਰਾਨ ਦੀ ਰਾਜਧਾਨੀ ਤਹਿਰਾਨ ਨੂੰ ਛੱਡ ਕੇ ਜਾ ਰਹੇ ਹਨ। ਰਾਜਧਾਨੀ ਤਹਿਰਾਨ ਵਿੱਚ ਰਾਤ ਭਰ ਧਮਾਕਿਆਂ ਦੀਆਂ ਆਵਾਜ਼ਾਂ ਗੂੰਜਦੀਆਂ ਰਹੀਆਂ। ਸਾਦਤ ਅਬਾਦ ਵਰਗੇ ਅਮੀਰ ਖੇਤਰ ਹਮਲੇ ਦੀ ਲਪੇਟ ਵਿੱਚ ਆਉਣ ਤੋਂ ਬਾਅਦ ਹੁਣ ਸ਼ਹਿਰ ਵਾਸੀਆਂ ਦਾ ਪਲਾਇਨ ਸ਼ੁਰੂ ਹੋ ਗਿਆ ਹੈ।ਇਜ਼ਰਾਈਲ ਦੇ ਉਲਟ ਈਰਾਨ ਦੀ ਰਾਜਧਾਨੀ ਤਹਿਰਾਨ ਵਿੱਚ ਆਧੁਨਿਕ ਬੰਬ ਸ਼ੈਲਟਰ ਨਹੀਂ ਹਨ,



ਇਸ ਲਈ ਲੋਕ ਆਪਣੀਆਂ ਜਾਨਾਂ ਬਚਾਉਣ ਲਈ ਸੁਰੰਗਾਂ, ਬੇਸਮੈਂਟਾਂ ਜਾਂ ਪੁਰਾਣੇ ਸ਼ੈਲਟਰ ਵਿੱਚ ਲੁਕਣ ਲਈ ਮਜ਼ਬੂਰ ਹਨ। ਇਨ੍ਹਾਂ ਦੀ ਵਰਤੋਂ ਆਖਰੀ ਵਾਰ 1980 ਦੇ ਦਹਾਕੇ ਦੀ ਈਰਾਨ-ਇਰਾਕ ਜੰਗ ਵਿੱਚ ਕੀਤੀ ਗਈ ਸੀ।ਤਹਿਰਾਨ ਸਿਟੀ ਕੌਂਸਲ ਦੇ ਚੇਅਰਮੈਨ ਮੇਹਦੀ ਚਮਰਾਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਤਹਿਰਾਨ ਵਿੱਚ ਕੋਈ ਸ਼ੈਲਟਰ ਨਹੀਂ ਹਨ, ਲੋਕ ਰਾਤ ਨੂੰ ਬੇਸਮੈਂਟਾਂ ਵਿੱਚ ਚਲੇ ਗਏ ਸਨ। ਉਨ੍ਹਾਂ ਅੱਗੇ ਕਿਹਾ ਕਿ ਮੈਟਰੋ ਦੀ ਵਰਤੋਂ ਬਹੁਤ ਜ਼ਿਆਦਾ ਸੰਕਟ ਵਿੱਚ ਇੱਕ ਆਸਰਾ ਸਥਾਨ ਵਜੋਂ ਕੀਤੀ ਜਾ ਸਕਦੀ ਹੈ, ਪਰ ਸਾਨੂੰ ਇਸ ਪ੍ਰਣਾਲੀ ਨੂੰ ਬੰਦ ਕਰਨਾ ਪਵੇਗਾ। ਈਰਾਨੀ ਸਰਕਾਰ ਵੱਲੋਂ ਜਾਰੀ ਇੱਕ ਬਿਆਨ ਵਿੱਚ ਤਹਿਰਾਨ ਵਿੱਚ ਮੈਟਰੋ ਨੂੰ ਐਤਵਾਰ ਰਾਤ ਤੋਂ ਲੋਕਾਂ ਨੂੰ ਆਸਰਾ ਪ੍ਰਦਾਨ ਕਰਨ ਲਈ 24 ਘੰਟੇ ਖੁੱਲ੍ਹਾ ਰਹਿਣ ਦਾ ਐਲਾਨ ਕੀਤਾ ਗਿਆ ਹੈ। ਸਰਕਾਰ ਨੇ ਕਿਹਾ ਹੈ ਕਿ ਸਕੂਲ ਅਤੇ ਮਸਜਿਦਾਂ ਵੀ ਖੁੱਲ੍ਹੀਆਂ ਰਹਿਣਗੀਆਂ।

# ਹਮਲੇ ਦਾ ਡਰ ! ਈਰਾਨੀ ਸੁਪਰੀਮ ਲੀਡਰ ਖਮੇਨੀ ਪਰਿਵਾਰ ਸਮੇਤ ਹੋਏ ਅੰਡਰਗ੍ਰਾਊਂਡ

ਤਹਿਰਾਨ, 16 ਜੂਨ (ਚ.ਨ.ਸ.) : ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਮੇਨੀ ਆਪਣੇ ਪਰਿਵਾਰ ਸਮੇਤ ਤਹਿਰਾਨ ਦੇ ਉੱਤਰ-ਪੂਰਬੀ ਹਿੱਸੇ ਵਿੱਚ ਸਥਿਤ ਲਵੀਜ਼ਾਨ ਦੇ ਇੱਕ ਬੰਕਰ ਵਿੱਚ ਭੂਮੀਗਤ ਹੋ ਗਏ ਹਨ।

ਈਰਾਨ ਇੰਟਰਨੈਸ਼ਨਲ ਦੀ ਰਿਪੋਰਟ ਅਨੁਸਾਰ ਖਮੇਨੀ ਦਾ ਪੁੱਤਰ ਮੁਜਤਬਾ ਵੀ ਉਨ੍ਹਾਂ ਦੇ ਨਾਲ ਹੈ। ਹਾਲਾਂਕਿ ਉਨ੍ਹਾਂ ਦੇ ਹੋਰ ਪੁੱਤਰ ਮਸੂਦ ਅਤੇ ਮੁਸਤਫਾ ਉਨ੍ਹਾਂ ਦੇ ਨਾਲ ਨਹੀਂ ਹਨ। ਖਮੇਨੀ ਦੇ ਭੂਮੀਗਤ ਹੋਣ ਦੀ ਖ਼ਬਰ ਇਜ਼ਰਾਈਲ ਵੱਲੋਂ ਕੀਤੇ ਗਏ ਹਵਾਈ ਹਮਲਿਆਂ ਦੇ ਜਵਾਬ ਵਿੱਚ ਈਰਾਨ ਵੱਲੋਂ ਆਪਰੇਸ਼ਨ ਟਰੂ ਫੇਜ਼ 1 ਅਤੇ ਟਰੂ ਫੇਜ਼ 2 ਦੀ ਫੌਜੀ ਕਾਰਵਾਈ ਤੋਂ ਬਾਅਦ ਆਈ ਹੈ। ਇਸ ਆਪ੍ਰੇਸ਼ਨ ਤਹਿਤ ਈਰਾਨ ਨੇ ਇਜ਼ਰਾਈਲ ਵਿਰੁੱਧ ਵੱਡੇ ਪੱਧਰ 'ਤੇ ਮਿਜ਼ਾਈਲ ਹਮਲੇ ਕੀਤੇ ਸਨ। ਇਸ ਤੋਂ ਪਹਿਲਾਂ



ਇਜ਼ਰਾਈਲ ਨੇ ਐਤਵਾਰ ਨੂੰ ਆਪ੍ਰੇਸ਼ਨ ਰਾਈਜ਼ਿੰਗ ਲਾਇਨ ਤਹਿਤ 2,300 ਕਿਲੋਮੀਟਰ ਦੂਰ ਸਥਿਤ ਮਸ਼ਹਦ ਸ਼ਹਿਰ ਨੂੰ ਨਿਸ਼ਾਨਾ ਬਣਾਇਆ ਸੀ। ਇਹ ਹਮਲਾ ਕਥਿਤ ਤੌਰ ਤੇ ਈਰਾਨੀ ਨੇਤਾ ਨੂੰ ਚੇਤਾਵਨੀ ਦੇਣ ਲਈ ਕੀਤਾ ਗਿਆ ਸੀ ਕਿ ਉਹ ਦੇਸ਼ ਵਿੱਚ ਕਿਤੇ ਵੀ ਸੁਰੱਖਿਅਤ ਨਹੀਂ ਹੈ।

ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਖਮੇਨੀ ਅਤੇ ਈਰਾਨ ਨੂੰ ਆਪਣੇ ਯੂਰੇਨੀਅਮ ਸੰਸ਼ੋਧਨ ਪ੍ਰੋਗਰਾਮ ਨੂੰ ਖਤਮ ਕਰਨ ਅਤੇ ਸੰਬੰਧਿਤ ਸਮਝੌਤੇ ਨੂੰ ਅੰਤਿਮ ਰੂਪ ਦੇਣ ਲਈ ਦੋ ਮਹੀਨਿਆਂ ਦੀ ਸਮਾਂ ਸੀਮਾ ਦਿੱਤੀ ਸੀ।

# ਸਿੰਗਾਪੁਰ 'ਚ ਚੋਰੀ ਦੇ ਦੋਸ਼ ਵਿੱਚ ਭਾਰਤੀ ਔਰਤ ਨੂੰ ਜੇਲ੍ਹ ਦੀ ਸਜ਼ਾ

ਸਿੰਗਾਪੁਰ, 16 ਜੂਨ (ਚ.ਨ.ਸ.) : ਇਸ ਮਹੀਨੇ ਦੇ ਸ਼ੁਰੂ ਵਿੱਚ ਸਿੰਗਾਪੁਰ ਦੇ ਚਾਂਗੀ ਹਵਾਈ ਅੱਡੇ 'ਤੇ ਦੁਕਾਨ ਤੋਂ ਚੋਰੀ ਕਰਨ ਵਾਲੀਆਂ ਫੜੀਆਂ ਗਈਆਂ ਦੋ ਭਾਰਤੀ ਔਰਤਾਂ ਵਿੱਚੋਂ ਇੱਕ ਨੂੰ ਅੱਠ ਦਿਨ ਦੀ ਕੈਦ ਦੀ ਸਜ਼ਾ ਸੁਣਾਈ ਗਈ ਜਦੋਂ ਕਿ ਦੂਜੀ ਨੂੰ ਜੁਰਮਾਨਾ ਲਗਾਇਆ ਗਿਆ। ਗੋਇਨਕਾ ਸਿਮਰਨ (29) ਨੂੰ ਘਰ ਵਿਚ ਚੋਰੀ ਦੇ ਮਾਮਲੇ ਵਿੱਚ ਦੋਸ਼ੀ ਪਾਏ ਜਾਣ ਤੋਂ ਬਾਅਦ ਅੱਠ ਦਿਨ ਦੀ ਕੈਦ ਦੀ ਸਜ਼ਾ ਸੁਣਾਈ ਗਈ। ਅਖ਼ਬਾਰ ਦੀ ਰਿਪੋਰਟ ਅਨੁਸਾਰ ਉਸਦੀ ਸਜ਼ਾ ਦੌਰਾਨ ਇੱਕ



ਹੋਰ ਇਸੇ ਤਰ੍ਹਾਂ ਦੇ ਦੋਸ਼ ਤੇ ਵੀ ਵਿਚਾਰ ਕੀਤਾ ਗਿਆ। ਗੋਇਨਕਾ ਕੋਲਕਾਤਾ ਤੋਂ ਸਿੰਗਾਪੁਰ ਗਈ ਸੀ ਅਤੇ ਬਾਲੀ ਲਈ ਆਪਣੀ ਕਨੈਕਟਿੰਗ ਫਲਾਈਟ ਦੀ ਉਡੀਕ ਕਰ ਰਹੀ ਸੀ ਜਦੋਂ ਉਸਨੇ ਟਰਮੀਨਲ 3 ਤੇ ਖਰੀਦਦਾਰੀ ਕਰਨ ਦਾ ਫੈਸਲਾ ਕੀਤਾ। ਅਦਾਲਤ ਨੂੰ ਦੱਸਿਆ ਗਿਆ ਕਿ ਉਹ ਦੁਪਹਿਰ 1:40 ਵਜੇ ਫੁਰਲਾ ਸਟੋਰ ਵਿੱਚ ਦਾਖਲ ਹੋਈ ਅਤੇ ਇੱਕ ਪੀਲਾ ਪਰਸ ਦੇਖਿਆ। ਫਿਰ ਉਸਨੇ ਪਰਸ, ਜਿਸਦੀ ਕੀਮਤ 300 ਸਿੰਗਾਪੁਰ ਡਾਲਰ ਤੋਂ ਵੱਧ ਸੀ ਲੈ ਲਿਆ ਅਤੇ ਇਸਨੂੰ ਇੱਕ ਸਮਾਨ ਵਾਲੀ ਟਰਾਲੀ 'ਤੇ ਰੱਖ ਦਿੱਤਾ ਜਿਸਨੂੰ ਉਹ ਧੱਕ ਰਹੀ ਸੀ। ਫਿਰ ਉਹ ਬਿਨਾਂ ਪੈਸੇ ਦਿੱਤੇ ਸਟੋਰ ਛੱਡ ਗਈ। ਉਸਨੇ ਟਰਮੀਨਲ 2 ਤੇ ਇੱਕ ਕਾਸਮੈਟਿਕਸ ਸਟੋਰ ਤੋਂ ਪਰਫਿਊਮ ਦੀ ਇੱਕ ਬੋਤਲ ਚੋਰੀ ਕਰਨ ਦੀ ਗੱਲ ਵੀ ਕਬੂਲ ਕੀਤੀ, ਜਿਸਦੀ ਕੀਮਤ 200 ਸਿੰਗਾਪੁਰ ਡਾਲਰ ਤੋਂ ਵੱਧ ਸੀ।

# ਯੂਨਾਈਟਿਡ ਕਿੰਗਡਮ ਦੀ ਖ਼ੁਫ਼ੀਆ ਸਰਵਿਸ ਦੀ ਕਮਾਨ ਹੋਵੇਗੀ ਮਹਿਲਾ ਪ੍ਰਮੁੱਖ ਹੱਥ

ਲੰਡਨ, 16 ਜੂਨ (ਚ.ਨ.ਸ.) : ਯੂਨਾਈਟਿਡ ਕਿੰਗਡਮ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਪਹਿਲੀ ਵਾਰ ਦੇਸ਼ ਦੀ ਖੁਫੀਆ ਸੇਵਾ (ਐੱਮਆਈ6) ਲਈ ਇੱਕ ਮਹਿਲਾ ਮੁਖੀ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ। ਬਲੇਸ ਮੈਟਰੇਵੇਲੀ ਯੂਕੇ ਦੇ 116 ਸਾਲਾਂ ਦੇ ਇਤਿਹਾਸ ਵਿੱਚ ਇਹ ਭੂਮਿਕਾ ਨਿਭਾਉਣ ਵਾਲੀ ਪਹਿਲੀ ਮਹਿਲਾ ਹਨ।

ਮੈਟਰੇਵੇਲੀ 1999 ਵਿੱਚ ਐੱਮਆਈ6 ਵਿੱਚ ਸ਼ਾਮਿਲ ਹੋਏ ਸਨ ਅਤੇ ਇਸ ਸਾਲ ਦੇ ਅੰਤ ਵਿੱਚ ਸਰ ਰਿਚਰਡ ਮੂਰ ਦੀ ਥਾਂ ਲੈਣਗੇ। ਪ੍ਰਧਾਨ ਮੰਤਰੀ ਨੇ ਇਸ ਨਿਯੁਕਤੀ ਨੂੰ ਇਤਿਹਾਸਕ ਦੱਸਿਆ ਅਤੇ ਕਿਹਾ ਕਿ ਸਾਡੀਆਂ ਖੁਫੀਆ ਸੇਵਾਵਾਂ ਦਾ ਕੰਮ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ।ਐਮ.ਆਈ.6 ਦਾ ਕੰਮ ਯੂਕੇ ਦੀ ਸੁਰੱਖਿਆ ਨੂੰ ਵਧਾਉਣ ਲਈ ਵਿਦੇਸ਼ਾਂ ਤੋਂ ਖੁਫੀਆ ਜਾਣਕਾਰੀ ਇਕੱਠੀ ਕਰਨਾ ਹੈ। ਇਸਦਾ ਉਦੇਸ਼ ਅੱਤਵਾਦ ਨੂੰ ਰੋਕਣਾ, ਦੁਸ਼ਮਣ ਦੇਸ਼ਾਂ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਕਰਨਾ ਅਤੇ ਸਾਈਬਰ ਸੁਰੱਖਿਆ ਨੂੰ ਮਜ਼ਬੂਤ ਕਰਨਾ ਹੈ।



ਐਮਆਈ6 ਦੇ ਮੁਖੀ ਨੂੰ ਆਮ ਤੌਰ 'ਤੇ ਸੀ ਕਿਹਾ ਜਾਂਦਾ ਹੈ।ਇਹ ਸੰਗਠਨ ਦੀ ਇਕਲੌਤੀ ਜਨਤਕ ਤੌਰ ਤੇ ਨਾਮਜ਼ਦ ਮੈਂਬਰ ਹੈ। ਉਹ ਵਿਦੇਸ਼ ਸਕੱਤਰ ਨੂੰ ਰਿਪੋਰਟ ਕਰਦੇ ਹਨ। ਮੈਟਰੇਵੇਲੀ ਵਰਤਮਾਨ ਵਿੱਚ ਕਿਊ ਵਜੋਂ ਤਕਨਾਲਾਜੀ ਅਤੇ ਨਵੀਨਤਾ ਵਿਭਾਗ ਦੀ ਡਾਇਰੈਕਟਰ ਹਨ ਅਤੇ ਪਹਿਲਾਂ ਐਮਆਈ-5 ਵਿੱਚ ਡਾਇਰੈਕਟਰ-ਪੱਧਰ ਦੀ ਭੂਮਿਕਾ ਨਿਭਾਅ ਚੁੱਕੇ ਹਨ।

# ਰਾਸ਼ਟਰਪਤੀ ਮੁਰਮੂ ਨੂੰ ਮਿਲੇ ਸਿੱਕਮ ਦੇ ਮੁੱਖ ਮੰਤਰੀ, ਸਿੱਕਾ ਅਤੇ ਡਾਕ ਟਿਕਟ ਕੀਤੀ ਭੇਟ

ਗੰਗਟੋਕ, 16 ਜੂਨ (ਚ.ਨ.ਸ.) : ਮੁੱਖ ਮੰਤਰੀ ਪ੍ਰੇਮ ਸਿੰਘ ਤਮਾਂਗ ਨੇ ਸੋਮਵਾਰ ਨੂੰ ਨਵੀਂ ਦਿੱਲੀ ਚ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਸਿੱਕਮ ਸੂਬੇ ਦੀ ਸਥਾਪਨਾ ਦੇ 50 ਸਾਲ ਪੂਰੇ ਹੋਣ ਮੌਕੇ ਸਿੱਕਾ ਅਤੇ ਇਕ ਡਾਕ ਟਿਕਟ ਸਮੇਤ ਯਾਦਗਾਰੀ ਚਿੰਨ੍ਹ ਭੇਟ ਕੀਤੇ। ਤਮਾਂਗ ਨੇ ਹਿਮਾਲਿਆਈ ਸੂਬੇ ਦੇ ਲੋਕਾਂ ਵੱਲੋਂ ਨਿੱਘੀਆਂ ਸ਼ੁੱਭਕਾਮਨਾਵਾਂ ਦਿੱਤੀਆਂ।ਮੁੱਖ ਮੰਤਰੀ ਦਫ਼ਤਰ (ਸੀ.ਐੱਮ.ਓ) ਨੇ



ਇਕ ਬਿਆਨ 'ਚ ਕਿਹਾ ਗਿਆ ਹੈ ਕਿ ਮੁਲਾਕਾਤ ਦੌਰਾਨ ਤਮਾਂਗ ਨੇ ਰਾਸ਼ਟਰਪਤੀ ਨੂੰ ਇਕ ਯਾਦਗਾਰੀ ਚਿੰਨ੍ਹ, ਇਕ ਸਿੱਕਾ ਅਤੇ ਇਕ ਡਾਕ ਟਿਕਟ ਭੇਟ ਕੀਤਾ, ਜੋ ਕਿ ਭਾਰਤੀ ਸੰਘ ਵਿਚ ਸਿੱਕਮ ਦੇ ਇਕ ਸੂਬੇ ਦੇ ਰੂਪ ਵਿਚ ਏਕੀਕਰਨ ਦੇ 50 ਸਾਲ ਪੂਰੇ ਹੋਣ ਮੌਕੇ ਜਾਰੀ ਕੀਤਾ ਗਿਆ ਸੀ। ਇਸ ਮੌਕੇ ਨੂੰ ਇਕ ਮਾਣਮੱਤਾ ਅਤੇ ਇਤਿਹਾਸਕ ਪਲ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਸੰਕੇਤ ਸਿੱਕਮ ਦੇ ਲੋਕਾਂ ਦੀ ਏਕਤਾ ਅਤੇ ਇੱਛਾਵਾਂ ਦਾ ਪ੍ਰਤੀਕ ਹੈ।

# ਯੂਕ੍ਰੇਨ ਦੇ ਰਾਸ਼ਟਰਪਤੀ ਜ਼ੇਲੇਂਸਕੀ ਪਹਿਲੀ ਵਾਰ ਆਸਟਰੀਆ ਦੌਰੇ 'ਤੇ

ਵਿਆਨਾ, 16 ਜੂਨ (ਚ.ਨ.ਸ.) : ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਸੋਮਵਾਰ ਨੂੰ ਯੂਰਪੀਅਨ ਯੂਨੀਅਨ ਦੇ ਮੈਂਬਰ ਦੇਸ਼ ਆਸਟਰੀਆ ਪਹੁੰਚੇ। ਸਾਲ 2022 ਵਿੱਚ ਯੂਕ੍ਰੇਨ ਤੇ ਰੂਸ ਦੇ ਹਮਲੇ ਤੋਂ ਬਾਅਦ ਇਹ ਉਨ੍ਹਾਂ ਦਾ ਆਸਟਰੀਆ ਦਾ ਪਹਿਲਾ ਦੌਰਾ ਹੈ। ਆਸਟਰੀਆ ਆਪਣੀ ਨਿਰਪੱਖਤਾ ਲਈ ਮਸ਼ਹੂਰ ਹੈ ਅਤੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ 1955 ਵਿੱਚ ਆਪਣੇ ਸਟੈਂਡ ਦਾ ਐਲਾਨ ਕੀਤਾ ਸੀ। ਰੂਸ-ਯੂਕ੍ਰੇਨ ਯੁੱਧ ਦੀ ਸ਼ੁਰੂਆਤ ਤੋਂ ਹੀ ਮਾਸਕੋ ਨਾਲ ਸਬੰਧ ਬਣਾਈ ਰੱਖਣ ਲਈ ਆਸਟਰੀਆ ਨੂੰ ਸਖ਼ਤ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ। ਯੂਕ੍ਰੇਨ ਦੀ ਹਵਾਈ ਸੈਨਾ ਨੇ ਕਿਹਾ ਕਿ ਰੂਸ ਨੇ ਰਾਤੋ-ਰਾਤ ਯੂਕ੍ਰੇਨ ਤੇ 138 ਹਮਲੇ ਕੀਤੇ ਅਤੇ ਡਰੋਨ ਨਸ਼ਟ ਕੀਤੇ, ਖਾਸ ਕਰਕੇ ਪੂਰਬੀ ਡੋਨੇਟਸਕ ਖੇਤਰ ਵਿੱਚ। ਯੂਕ੍ਰੇਨ ਦੀ ਹਵਾਈ ਸੈਨਾ ਨੇ ਕਿਹਾ ਕਿ ਇਨ੍ਹਾਂ ਵਿੱਚੋਂ 125 ਹਮਲਿਆਂ ਨੂੰ ਜਾਂ ਤਾਂ ਰੋਕਿਆ ਗਿਆ ਜਾਂ ਜਾਮ ਕਰ ਦਿੱਤਾ ਗਿਆ, ਜਦੋਂ ਕਿ 10 ਆਪਣੇ ਨਿਸ਼ਾਨੇ 'ਤੇ ਪਹੁੰਚ ਗਏ। ਅੱਠ ਹੋਰ ਹਮਲਿਆਂ ਨੇ ਵੀ ਨੁਕਸਾਨ ਪਹੁੰਚਾਇਆ ਅਤੇ ਇਮਾਰਤ ਮਲਬੇ ਵਿੱਚ ਬਦਲ ਗਈ।



ਜ਼ੇਲੇਂਸਕੀ ਦਾ ਆਸਟ੍ਰੀਆ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਵੈਨ ਡੇਰ ਬੇਲੇਨ ਅਤੇ ਚਾਂਸਲਰ ਕ੍ਰਿਸਚੀਅਨ ਸਟਾਕਰ ਨਾਲ ਮੁਲਾਕਾਤ ਕਰਨ ਦਾ ਪ੍ਰੋਗਰਾਮ ਹੈ। ਦੋਵੇਂ ਰਾਸ਼ਟਰਪਤੀ ਸੋਮਵਾਰ ਨੂੰ ਬਾਅਦ ਵਿੱਚ ਇੱਕ ਸਾਂਝੀ ਪ੍ਰੈਸ ਕਾਨਫਰੰਸ ਕਰਨ ਵਾਲੇ ਹਨ। ਸਟਾਕਰ ਵੱਲੋਂ ਮਾਰਚ ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਇਹ ਕਿਸੇ ਵਿਦੇਸ਼ੀ ਮੁਖੀ ਦਾ ਪਹਿਲਾ ਉੱਚ-ਪੱਧਰੀ ਦੌਰਾ ਹੈ। ਜ਼ੇਲੇਂਸਕੀ ਦੀ ਪਤਨੀ (ਪਹਿਲੀ ਮਹਿਲਾ) ਓਲੇਨਾ ਜ਼ੇਲੇਂਸਕੀ ਅਤੇ ਵੈਨ ਡੇਰ ਬੇਲੇਨ ਦੀ ਪਤਨੀ ਡੋਰਿਸ ਸ਼ਮਿਡਾਉਅਰ ਵੀ ਇਸ ਦੌਰੇ ਦੌਰਾਨ ਸ਼ਾਂਤੀ ਅਤੇ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਵਿੱਚ ਔਰਤਾਂ ਦੀ ਭੂਮਿਕਾ ਤੇ ਇੱਕ ਚਰਚਾ ਦੀ ਮੇਜ਼ਬਾਨੀ ਕਰਨਗੀਆਂ।

# ਪੁਲਿਸ ਨੇ ਪਿਛਲੇ ਸਾਲ ਆਨਲਾਈਨ ਧੋਖਾਧੜੀ ਦੇ 294000 ਮਾਮਲੇ ਕੀਤੇ ਹੱਲ, 570 ਗ੍ਰਿਫ਼ਤਾਰ

ਬੀਜਿੰਗ, 16 ਜੂਨ (ਚ.ਨ.ਸ.) : ਚੀਨ ਵਿੱਚ ਟੈਲੀਕਾਮ ਅਤੇ ਆਨਲਾਈਨ ਧੋਖਾਧੜੀ ਵਿਰੁੱਧ ਇੱਕ ਵਿਆਪਕ ਦੇਸ਼ ਵਿਆਪੀ ਮੁਹਿੰਮ ਵਿੱਚ ਪੁਲਸ ਨੇ ਪਿਛਲੇ ਸਾਲ 294,000 ਮਾਮਲੇ ਹੱਲ ਕੀਤੇ। ਜਨਤਕ ਸੁਰੱਖਿਆ ਮੰਤਰਾਲੇ ਅਨੁਸਾਰ ਮੁਹਿੰਮ ਦੌਰਾਨ ਵੱਡੀ ਗਿਣਤੀ ਵਿੱਚ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਵਿੱਚ 570 ਤੋਂ ਵੱਧ ਸਰਗਨਾ, ਵਿੱਤਦਾਤਾ ਅਤੇ ਯੋਜਨਾਵਾਂ ਦੇ ਮੁੱਖ ਸੰਚਾਲਕ ਸ਼ਾਮਲ ਹਨ। ਪੁਲਸ ਨੇ ਵਿਦੇਸ਼ੀ ਘੁਟਾਲੇ ਦੇ ਕਾਰਜਾਂ ਨੂੰ ਗੈਰ-ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਵਾਲੇ ਅਪਰਾਧਿਕ ਨੈਟਵਰਕਾਂ ਨੂੰ ਨਿਸ਼ਾਨਾ ਬਣਾਇਆ। ਮੰਤਰਾਲੇ ਅਨੁਸਾਰ ਇਨ੍ਹਾਂ ਸਮੂਹਾਂ ਨੇ ਆਨਲਾਈਨ ਪ੍ਰਚਾਰ, ਮਨੀ ਲਾਂਡਰਿੰਗ, ਤਕਨੀਕੀ ਵਿਕਾਸ ਅਤੇ




ਗੈਰ-ਕਾਨੂੰਨੀ ਸਰਹੱਦੀ ਕ੍ਰਾਸਿੰਗ ਦੀ ਸਹੂਲਤ ਸਮੇਤ ਕਈ ਸੇਵਾਵਾਂ ਪ੍ਰਦਾਨ ਕੀਤੀਆਂ। ਗੌਰਤਲਬ ਹੈ ਕਿ 2024 ਦੀ ਸ਼ੁਰੂਆਤ ਤੋਂ ਚੀਨ ਦੇ ਰਾਸ਼ਟਰੀ ਧੋਖਾਧੜੀ ਵਿਰੋਧੀ ਕੇਂਦਰ ਨੇ 18 ਕਰੋੜ ਚੇਤਾਵਨੀਆਂ ਜਾਰੀ ਕੀਤੀਆਂ ਅਤੇ ਇਸਨੂੰ ਰੋਕਣ ਲਈ ਸ਼ੁਰੂਆਤੀ ਚੇਤਾਵਨੀਆਂ ਅਤੇ ਤਕਨੀਕੀ ਯਤਨਾਂ ਨੂੰ ਤੇਜ਼ ਕੀਤਾ ਹੈ। ਹੋਰ ਏਜੰਸੀਆਂ ਨਾਲ ਤਾਲਮੇਲ ਕਰਕੇ ਕੇਂਦਰ ਨੇ ਘੁਟਾਲੇ ਨਾਲ ਜੁੜੇ ਲਗਭਗ 4.7 ਬਿਲੀਅਨ ਕਾਲਾਂ ਅਤੇ 3.4 ਬਿਲੀਅਨ ਧੋਖਾਧੜੀ ਵਾਲੇ ਟੈਕਸਟ ਸੁਨੇਹਿਆਂ ਨੂੰ ਰੋਕਿਆ, ਜਦੋਂ ਕਿ ਸ਼ੱਕੀ ਗੈਰ-ਕਾਨੂੰਨੀ ਫੰਡਾਂ ਵਿੱਚ 315 ਬਿਲੀਅਨ ਯੂਆਨ (ਲਗਭਗ 43.9 ਬਿਲੀਅਨ ਅਮਰੀਕੀ ਡਾਲਰ) ਨੂੰ ਰੋਕਿਆ। ਸਰਕਾਰ ਨੇ ਧੋਖਾਧੜੀ ਰੋਕਥਾਮ ਪਹਿਲਕਦਮੀਆਂ ਸ਼ੁਰੂ ਕਰਕੇ ਅਤੇ ਜਨਤਕ ਚੌਕਸੀ ਨੂੰ ਉਤਸ਼ਾਹਿਤ ਕਰਨ ਅਤੇ ਘੁਟਾਲਿਆਂ ਤੋਂ ਬਚਣ ਦੀ ਯੋਗਤਾ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਟੈਲੀਵਿਜ਼ਨ ਪ੍ਰੋਗਰਾਮਾਂ ਦਾ ਪ੍ਰਸਾਰਣ ਕਰਕੇ ਜਨਤਕ ਜਾਗਰੂਕਤਾ ਦੇ ਯਤਨਾਂ ਨੂੰ ਵੀ ਤੇਜ਼ ਕੀਤਾ।

# ਪ੍ਰਾਰਥਨਾ ਸਮਾਗਮ ਦੌਰਾਨ ਨ਼ਫਰਤੀ ਹਿੰਸਾ ਖ਼ਤਮ ਕਰਨ ਦਾ ਦਿੱਤਾ ਸੱਦਾ

ਓਟਵਾ, 16 ਜੂਨ (ਚ.ਨ.ਸ.) : ਕੰਕਰੀਟ ਸਮਾਰਕ ਨੂੰ ਪੇਂਟ ਨਾਲ ਵਿਗਾੜਨ ਤੋਂ ਇੱਕ ਹਫ਼ਤੇ ਬਾਅਦ ਐਤਵਾਰ ਨੂੰ ਰਾਸ਼ਟਰੀ ਹੋਲੋਕਾਸਟ ਸਮਾਰਕ ਵਿਖੇ ਹੋਏ ਇੱਕ ਚੌਕਸੀ ਸਮਾਗਮ ਵਿੱਚ ਪ੍ਰਾਰਥਨਾ ਕੀਤੀ ਗਈ, ਜਿਸ 'ਚ ਨ਼ਫਰਤੀ ਹਿੰਸਾ ਖ਼ਤਮ ਕਰਨ ਦਾ ਸੱਦਾ ਦਿੱਤਾ ਗਿਆ। ਲੇਬਰੇਟਨ ਫਲੈਟਸ ਦੇ ਨੇੜੇ ਕਿਚੀ ਜ਼ੀਬੀ ਮਿਕਨ ਤੇ ਸਥਿਤ ਸਮਾਰਕ 'ਤੇ 9 ਜੂਨ ਦੀ ਸਵੇਰ ਨੂੰ ਲਾਲ ਰੰਗ ਨਾਲ ਛਿੜਕਾਅ ਕੀਤਾ ਪਾਇਆ ਗਿਆ, ਜਿਸ ਤੇ 'ਫੀਡ ਮੀ' ਸ਼ਬਦ ਵੱਡੇ ਅੱਖਰਾਂ ਵਿੱਚ ਲਿਖੇ ਹੋਏ ਸਨ। ਇਹ ਅਜੇ ਵੀ ਸਪੱਸ਼ਟ ਨਹੀਂ ਹੈ ਕਿ ਇਸਨੂੰ ਕਿਸਨੇ ਵਿਗਾੜਿਆ ਜਾਂ ਉਨ੍ਹਾਂ ਦਾ ਮਕਸਦ



ਕੀ ਸੀ। ਇਹ ਨਾਅਰਾ ਗਾਜ਼ਾ ਦਾ ਹਵਾਲਾ ਜਾਪਦਾ ਸੀ, ਜਿਸਨੂੰ ਸੰਯੁਕਤ ਰਾਸ਼ਟਰ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਧਰਤੀ ਤੇ ਸਭ ਤੋਂ ਭੁੱਖੀ ਜਗ੍ਹਾ ਵਜੋਂ ਦਰਸਾਇਆ ਸੀ।ਇਸ ਕਾਰਵਾਈ ਦੀ ਕਈ ਹਾਈ-ਪ੍ਰੋਫਾਈਲ ਓਟਵਾ ਵਾਸੀਆਂ ਵੱਲੋਂ ਯਹੂਦੀ-ਵਿਰੋਧੀ ਕਾਰਵਾਈ ਵਜੋਂ ਨਿੰਦਾ ਕੀਤੀ ਗਈ ਸੀ, ਜਿਸ ਵਿੱਚ ਓਟਵਾ ਸੈਂਟਰ ਦੇ ਸੰਸਦ ਮੈਂਬਰ ਯਾਸਿਰ ਨਕਵੀ, ਓਟਵਾ ਸੈਂਟਰ ਦੇ ਸੰਸਦ ਮੈਂਬਰ ਕੈਥਰੀਨ ਮੈਕਕੇਨੀ ਅਤੇ ਲਾਰੈਂਸ ਗ੍ਰੀਨਸਪੋਨ, ਇੱਕ ਪ੍ਰਮੁੱਖ ਓਟਵਾ ਬਚਾਅ ਪੱਖ ਦੇ ਵਕੀਲ ਅਤੇ ਰਾਸ਼ਟਰੀ ਹੋਲੋਕਾਸਟ ਸਮਾਰਕ ਕਮੇਟੀ ਦੇ ਸਹਿ-ਚੇਅਰਮੈਨ ਸ਼ਾਮਲ ਹਨ। ਐਤਵਾਰ ਦੇ ਇਕੱਠ ਵਿੱਚ, ਗ੍ਰੀਨਸਪੌਨ ਨੇ ਇਸ ਕਾਰਵਾਈ ਨੂੰ ਯਹੂਦੀ ਭਾਈਚਾਰੇ ਲਈ ਭਿਆਨਕ ਘਟਨਾ ਅਤੇ ਨਿੱਜੀ ਤੌਰ 'ਤੇ ਦਰਦਨਾਕ ਵੀ ਕਿਹਾ। ਉਨ੍ਹਾਂ ਕਿਹਾ ਕਿ ਯਹੂਦੀ-ਵਿਰੋਧ 'ਚ ਵਾਧਾ ਹੋ ਰਿਹਾ ਹੈ।

# ਤਖ਼ਤ ਸ੍ਰੀ ਪਟਨਾ ਸਾਹਿਬ ਧਰਮ ਪ੍ਰਚਾਰ ਕਮੇਟੀ ਨੇ ਗੁਰਮਤਿ ਕੈਂਪ ਦੇ ਜੇਤੂਆਂ ਨੂੰ ਕੀਤਾ ਸਨਮਾਨਤ

ਪਟਨਾ, 16 ਜੂਨ (ਚ.ਨ.ਸ.) : ਤਖ਼ਤ ਪਟਨਾ ਸਾਹਿਬ ਧਰਮ ਪ੍ਰਚਾਰ ਕਮੇਟੀ ਵੱਲੋਂ 6 ਤੋਂ 15




ਜੂਨ ਤੱਕ ਗੁਰਮਤਿ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਪਟਨਾ ਦੇ ਵੱਖ-ਵੱਖ ਖੇਤਰਾਂ ਦੇ ਬੱਚਿਆਂ ਨੇ ਕੈਂਪ ਵਿੱਚ ਆ ਕੇ ਹਿੱਸਾ ਲਿਆ ਅਤੇ ਆਪਣੀ ਮਾਂ ਬੋਲੀ ਪੰਜਾਬੀ, ਸਿੱਖ ਇਤਿਹਾਸ, ਗੁਰਬਾਣੀ ਪਾਠ, ਕੀਰਤਨ, ਗੱਤਕਾ ਆਦਿ ਸਿੱਖਿਆ। ਭਾਗ ਲੈਣ ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਤਖ਼ਤ ਪਟਨਾ ਸਾਹਿਬ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ।ਤਖ਼ਤ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ, ਜਨਰਲ ਸਕੱਤਰ ਇੰਦਰਜੀਤ ਸਿੰਘ ਨੇ ਦੱਸਿਆ ਕਿ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਵਿਸ਼ੇਸ਼ ਯਤਨਾਂ ਸਦਕਾ ਇਸ ਵਾਰ ਤਖ਼ਤ ਸਾਹਿਬ ਦੇ ਪਰਿਸਰ ਵਿੱਚ 6 ਜੂਨ ਤੋਂ 15 ਜੂਨ ਤੱਕ ਵਿਸ਼ੇਸ਼ ਗੁਰਮਤਿ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਚਿਤਕੋਰਾ, ਨਵਾਂ ਟੋਲਾ, ਫਰੇਜ਼ਰ ਰੋਡ ਸਮੇਤ ਕਈ ਖੇਤਰਾਂ ਦੇ ਬੱਚਿਆਂ ਨੇ ਆ ਕੇ ਗੁਰਮਤਿ ਅਤੇ ਸਿੱਖ ਇਤਿਹਾਸ ਸਿੱਖਿਆ। ਕੈਂਪ ਦੇ ਅੰਤ ਵਿੱਚ ਤਖ਼ਤ ਕਮੇਟੀ ਦੇ ਜਨਰਲ ਸਕੱਤਰ ਇੰਦਰਜੀਤ ਸਿੰਘ, ਧਰਮ ਪ੍ਰਚਾਰ ਮੁਖੀ ਮਹਿੰਦਰਪਾਲ ਸਿੰਘ ਢਿੱਲੋਂ, ਬੁਲਾਰੇ ਹਰਪਾਲ ਸਿੰਘ ਜੌਹਲ ਵੱਲੋਂ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਬੱਚਿਆਂ ਨੂੰ ਪੜ੍ਹਾਉਣ ਵਾਲੇ ਵਲੰਟੀਅਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ।

# ਚੰਡੀਗੜ੍ਹ ਸਟੇਟ ਕੋਆਪ੍ਰੇਟਿਵ ਬੈਂਕ ਨੇ ਡਿਜੀਟਲ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ 93 ਨਵੇਂ ਕੰਪਿਊਟਰ ਲਗਾਏ



ਚੰਡੀਗੜ੍ਹ, 16 ਜੂਨ (ਚ.ਨ.ਸ.) : ਬੈਂਕਿੰਗ ਕੁਸ਼ਲਤਾ ਨੂੰ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਚੰਡੀਗੜ੍ਹ ਸਟੇਟ ਕੋਆਪਰੇਟਿਵ ਬੈਂਕ ਲਿਮਟਿਡ, ਚੰਡੀਗੜ੍ਹ ਨੇ ਨਾਬਾਰਡ ਪ੍ਰੋਜੈਕਟ 2025 ਦੇ ਤਹਿਤ ਆਪਣੇ ਮੌਜੂਦਾ ਕੋਰ ਬੈਂਕਿੰਗ ਸਲਿਊਸ਼ਨ ਸੰਸਕਰਣ ਨੂੰ ਅਪਗ੍ਰੇਡ ਕੀਤਾ।ਇਸ ਮੌਕੇ ਦੌਰਾਨ, ਸੰਸਕਰਣ ਨਾਲ ਲੈਸ 93 ਨਵੇਂ ਡੈਸਕਟਾਪਾਂ ਦਾ ਉਦਘਾਟਨ ਸ਼੍ਰੀ ਸਤਿੰਦਰ ਪਾਲ ਸਿੰਘ ਸਿੱਧੂ, ਚੇਅਰਮੈਨ ਅਤੇ ਐਮਸੀ ਕੌਂਸਲਰ, ਬੈਂਕ ਦੇ ਬੋਰਡ ਆਫ਼ ਡਾਇਰੈਕਟਰਜ਼ ਅਤੇ ਪ੍ਰਬੰਧਨ ਦੁਆਰਾ ਸ਼੍ਰੀਮਤੀ ਅਨੁਰਾਧਾ ਐਸ. ਚਗਤੀ, ਸੀ.ਐਸ.ਐਸ., ਬੈਂਕ ਦੀ ਮੈਨੇਜਿੰਗ ਡਾਇਰੈਕਟਰ ਦੀ ਮੌਜੂਦਗੀ ਵਿੱਚ ਸਫਲਤਾਪੂਰਵਕ ਕੀਤਾ ਗਿਆ।

# ਅਮਰੀਕਾ ਦੇ ਵੈਰਾਨੀ ਜਿਊਲਰਜ਼ 'ਚ ਤੀਜੀ ਵਾਰ ਲੁੱਟ-ਖੋਹ

ਨਿਊਜਰਸੀ, 16 ਜੂਨ (ਚ.ਨ.ਸ.) : ਅਮਰੀਕਾ ਦੇ ਨਿਊ ਜਰਸੀ ਦੇ ਟਾਊਨ ਇਜ਼ਲੀਨ ਵਿੱਚ ਸਥਿਤ ਇੱਕ ਭਾਰਤੀ ਗਹਿਣਿਆਂ ਦੀ ਦੁਕਾਨ ਵਿਰਾਨੀ ਜਵੈਲਰਜ਼ ਵਿੱਚ ਇੱਕ ਡਕੈਤੀ ਹੋਈ। ਜਿਸ ਵਿੱਚ ਲੁਟੇਰਿਆਂ ਨੇ ਦਿਨ-ਦਿਹਾੜੇ ਲੱਖਾਂ ਡਾਲਰ ਦੇ ਗਹਿਣੇ ਚੋਰੀ ਕਰ ਲਏ ਅਤੇ ਮੌਕੇ ਤੋਂ ਭੱਜ ਗਏ। ਮੁੱਢਲੀ ਜਾਣਕਾਰੀ ਅਨੁਸਾਰ ਲੁਟੇਰੇ ਦੁਪਹਿਰ 12.15 ਵਜੇ ਦੇ ਕਰੀਬ ਇੱਕ ਕਾਲੇ ਰੰਗ ਦੀ ਕਾਰ ਵਿੱਚ ਵਿਰਾਨੀ ਜਵੈਲਰਜ਼ ਸ਼ੋਅਰੂਮ ਵਿੱਚ ਪਹੁੰਚੇ। ਉਨ੍ਹਾਂ ਨੇ ਸਟੋਰ ਵਿੱਚ ਵੜ ਕੇ ਭੰਨਤੋੜ ਕੀਤੀ ਅਤੇ ਲੁੱਟ-ਖੋਹ ਕੀਤੀ।ਜ਼ਿਕਰਯੋਗ ਹੈ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਵਿਰਾਨੀ ਜਵੈਲਰਜ਼ ਨੂੰ ਨਿਸ਼ਾਨਾ ਬਣਾਇਆ ਗਿਆ ਹੋਵੇ। ਵੈਰਾਨੀ ਜਿਊਲਰਜ਼ ਨੂੰ 12 ਸਾਲਾਂ ਵਿੱਚ ਤੀਜੀ ਵਾਰ ਲੁੱਟਿਆ ਗਿਆ। ਇਸੇ ਤਰ੍ਹਾਂ ਦੀ ਡਕੈਤੀ 12 ਜੂਨ, 2022 ਨੂੰ ਹੋਈ ਸੀ, ਜਦੋਂ ਨਕਾਬਪੋਸ਼ ਚੋਰਾਂ ਨੇ ਕੁਝ ਮਿੰਟਾਂ ਵਿੱਚ ਲੱਖਾਂ ਡਾਲਰਾਂ ਦੇ ਗਹਿਣੇ ਲੁੱਟ ਕੇ ਲੈ ਗਏ ਸਨ। ਮੂੰਹ ਢੱਕੇ ਹੋਣ ਕਾਰਨ, ਸ਼ੱਕੀਆਂ ਦੀ ਪਛਾਣ ਕਰਨਾ ਮੁਸ਼ਕਲ ਸਾਬਤ ਹੋਇਆ ਹੈ। ਖੁਸ਼ਕਿਸਮਤੀ ਨਾਲ ਡਕੈਤੀ ਦੌਰਾਨ ਮੌਜੂਦ ਕਿਸੇ ਵੀ ਸਟਾਫ ਨੂੰ ਨੁਕਸਾਨ ਨਹੀਂ ਪਹੁੰਚਿਆ। ਇਹ ਸਾਰੀ ਘਟਨਾ ਸਟੋਰ ਦੇ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ। ਇਸ ਤੋਂ ਪਹਿਲਾਂ 31 ਅਕਤੂਬਰ, 2013 ਨੂੰ ਨਿਊਯਾਰਕ ਦੇ ਕਵੀਨਜ਼ ਦੇ ਜੈਕਸਨ ਹਾਈਟਸ ਵਿੱਚ ਸਥਿਤ ਵਿਰਾਨੀ ਜਵੈਲਰਜ਼ ਨੂੰ ਵੀ ਇੱਕ ਡਕੈਤੀ ਦਾ ਨਿਸ਼ਾਨਾ ਬਣਾਇਆ ਗਿਆ ਸੀ।



# ਧੂਰੀ ਵਿਕਾਸ ਮੰਚ ਨੇ ਡਾਕਖਾਨੇ ਵਿੱਚ ਪਾਸਪੋਰਟ ਸੇਵਾ ਕੇਂਦਰ ਖੋਲ੍ਹਣ ਦੀ ਮੰਗ ਨੂੰ ਲੈ ਕੇ ਮੰਗ ਪੱਤਰ ਸੌਂਪਿਆ



ਧੂਰੀ, 16 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ): ਸ਼ਹਿਰ ਦੀਆਂ ਮੰਗਾਂ ਤੇ ਮੁਸ਼ਕਲਾਂ ਦੇ ਹੱਲ ਲਈ ਲਗਾਤਾਰ ਤੱਤਪਰ ਧੂਰੀ ਵਿਕਾਸ ਮੰਚ ਦੇ ਅੱਜ ਸਥਾਨਕ ਮੁੱਖ ਮੰਤਰੀ ਸੁਵਿਧਾ ਕੇਂਦਰ ਵਿਖੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਨਾਲ ਮੁਲਾਕਾਤ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਮ ਮੰਗ ਪੱਤਰ ਸੌਂਪਦਿਆਂ ਸਥਾਨਕ ਡਾਕਖਾਨਾ ਵਿੱਚ ਪਾਸਪੋਰਟ ਸੇਵਾ ਕੇਂਦਰ ਖੋਲ੍ਹੇ ਜਾਣ ਦੀ ਮੰਗ ਕੀਤੀ ਹੈ।ਧੂਰੀ ਵਿਕਾਸ ਮੰਚ ਦੇ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ, ਉੱਪ ਚੇਅਰਮੈਨ ਰਾਜੇਸ਼ਵਰ ਚੌਧਰੀ, ਪ੍ਰਧਾਨ ਅਮਨ ਗਰਗ, ਸਕੱਤਰ ਜਨਰਲ ਹੰਸ ਰਾਜ ਬਜਾਜ, ਨੇ ਇਸ ਮੁਲਾਕਾਤ ਦੇ ਵੇਰਵੇ ਪ੍ਰੈੱਸ ਨੂੰ ਜਾਰੀ ਕਰਦਿਆਂ ਦੱਸਿਆ ਕਿ ਧੂਰੀ ਡਾਕਘਰ, ਰੇਲਵੇ ਸਟੇਸ਼ਨ ਦੇ ਨੇੜੇ ਸਥਿਤ ਹੋਣ ਕਾਰਨ ਜਿਲ੍ਹੇ ਭਰ ਅਤੇ ਲਾਗਲੇ ਜਿਲ੍ਹਿਆਂ ਦੇ ਲੋਕਾਂ ਲਈ ਅਸਾਨ ਸਥਾਨ ਹੈ ਅਤੇ ਇਸਦੇ ਆਲੇ ਦੁਆਲੇ ਕਾਫੀ ਪਾਰਕਿੰਗ ਦੀ ਸੁਵਿਧਾ ਵੀ ਹੈ।ਉਨ੍ਹਾਂ ਦੱਸਿਆ ਕਿ ਪੂਰੇ ਜ਼ਿਲ੍ਹਾ ਸੰਗਰੂਰ ਵਿੱਚ ਕੋਈ ਪਾਸਪੋਰਟ ਸੇਵਾ ਕੇਂਦਰ ਨਹੀਂ ਹੈ ਅਤੇ ਪਾਸਪੋਰਟ ਸੇਵਾ ਕੇਂਦਰ ਦੀ ਅਣਹੋਂਦ ਵਿੱਚ, ਸਾਡੇ ਜ਼ਿਲ੍ਹੇ ਦੇ ਵਸਨੀਕਾਂ ਲਈ ਕਾਫ਼ੀ ਅਸੁਵਿਧਾ ਦਾ ਕਾਰਨ ਬਣਿਆ ਹੈ, ਜੋ ਪਾਸਪੋਰਟ ਨਾਲ ਸਬੰਧਤ ਸੇਵਾਵਾਂ ਲਈ ਦੂਜੇ ਸ਼ਹਿਰਾਂ ਵਿੱਚ ਜਾਣ ਲਈ ਮਜਬੂਰ ਹਨ। ਧੂਰੀ ਡਾਕਘਰ ਵਿਖੇ ਪਾਸਪੋਰਟ ਸੇਵਾ ਕੇਂਦਰ ਦੀ ਸ਼ੁਰੂਆਤ ਨਾ ਸਿਰਫ਼ ਲੋਕਾਂ 'ਤੇ ਬੋਝ ਨੂੰ ਘੱਟ ਕਰੇਗੀ ਬਲਕਿ ਸੰਗਰੂਰ ਵਿੱਚ ਪਾਸਪੋਰਟ ਅਰਜ਼ੀ ਪ੍ਰਕਿਰਿਆ ਦੀ ਸਮੁੱਚੀ ਕੁਸ਼ਲਤਾ ਵਿੱਚ ਵੀ ਯੋਗਦਾਨ ਪਾਵੇਗੀ।ਇਸ ਮੌਕੇ ਇਲਾਕੇ ਦੀਆਂ ਹੋਰ ਮੁਸ਼ਕਲਾਂ ਤੇ ਮੰਗਾਂ 'ਤੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਮੁੱਖ ਮੰਤਰੀ ਕੈਂਪਸ ਦਫਤਰ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਨੇ ਜੱਥੇਬੰਦੀ ਦੀ ਮੰਗ ਨਾਲ ਸਹਿਮਤ ਹੁੰਦਿਆਂ ਜਲਦੀ ਹੀ ਜੱਥੇਬੰਦੀ ਦੀ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਵੀ ਦਿੱਤਾ।

ਇਸ ਮੌਕੇ ਐਡਵੋਕੇਟ ਜਤਿੰਦਰ ਸਿੰਘ ਸੋਨੀ ਮੰਡੇਰ, ਵਰਿੰਦਰ ਸਿੰਘ ਭੁੱਲਰ, ਸੁਰਿੰਦਰਪਾਲ ਸਿੰਘ ਨੀਟਾ, ਮੀਡੀਆ ਸਕੱਤਰ ਮਨੋਹਰ ਸਿੰਘ ਸੱਗੂ, ਮੋਹਿਤ ਜਿੰਦਲ ਆਦਿ ਵੀ ਹਾਜ਼ਰ ਸਨ।

# ਨਗਰ ਕੌਂਸਲ ਲੌਂਗੋਵਾਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਮੀਤ ਪ੍ਰਧਾਨ ਦੀ ਸਰਬਸੰਮਤੀ ਨਾਲ ਚੋਣ



ਸੁਨਾਮ/ਲੌਂਗੋਵਾਲ, 16 ਜੂਨ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ) : ਨਗਰ ਕੌਂਸਲ ਲੌਂਗੋਵਾਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਮੀਤ ਪ੍ਰਧਾਨ ਦੀ ਚੋਣ ਅੱਜ ਸਰਬਸੰਮਤੀ ਨਾਲ ਦਫ਼ਤਰ ਵਿਖੇ ਹੋਈ, ਇਸ ਚੋਣ ਵਿੱਚ ਵਾਰਡ ਨੰਬਰ 5 ਤੋਂ ਜਸਪ੍ਰੀਤ ਕੌਰ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਵਾਰਡ ਨੰਬਰ 9 ਤੋਂ ਸੁਸ਼ਮਾ ਰਾਣੀ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਇਸ ਚੋਣ ਮੌਕੇ ਸ੍ਰ ਚਰਨਜੋਤ ਸਿੰਘ ਵਾਲੀਆ, ਐਸ ਡੀ ਐਮ ਸੰਗਰੂਰ, ਕਾਰਜ ਸਾਧਕ ਅਫਸਰ ਸ਼੍ਰੀ ਬਾਲ ਕ੍ਰਿਸ਼ਨ, ਡੀ ਐਸ ਪੀ ਦਲਜੀਤ ਸਿੰਘ ਵਿਰਕ, ਨਗਰ ਕੌਂਸਲ ਪ੍ਰਧਾਨ ਸ਼੍ਰੀਮਤੀ ਪਰਮਿੰਦਰ ਕੌਰ, ਬਲਵਿੰਦਰ ਸਿੰਘ, ਰਿਤੂ ਰਾਣੀ, ਰਣਜੀਤ ਸਿੰਘ, ਰੀਨਾ ਰਾਣੀ, ਗੁਰਮੀਤ ਸਿੰਘ ਫ਼ੌਜੀ, ਮੇਲਾ ਸਿੰਘ, ਸੁਕਰ ਪਾਲ, ਨਸੀਬ ਕੌਰ, ਬਲਵਿੰਦਰ ਸਿੰਘ ਕਾਲਾ, ਗੁਰਮੀਤ ਸਿੰਘ ਲਾਲੀ, ਬਲਜਿੰਦਰ ਕੌਰ, ਜਗਜੀਤ ਸਿੰਘ ਕਾਲਾ (ਸਾਰੇ ਕੌਂਸਲਰ) ਵਿਸ਼ੇਸ਼ ਤੌਰ ਉੱਤੇ ਹਾਜ਼ਰ ਸਨ। ਇਸ ਤੋਂ ਇਲਾਵਾ ਸੰਜੀਵ ਕੁਮਾਰ ਪੀ ਏ ਸ਼੍ਰੀ ਅਮਨ ਅਰੋੜਾ, ਸਰਪੰਚ ਬਲਵਿੰਦਰ ਸਿੰਘ, ਰਾਜ ਸਿੰਘ, ਸੁਖਪਾਲ ਸਿੰਘ, ਵਿਕੀ ਵਸ਼ਿਸ਼ਟ ਬਲਾਕ ਪ੍ਰਧਾਨ, ਭੀਮ ਬਾਵਾ ਸਰਪੰਚ, ਜਗਰਾਜ ਸਿੰਘ ਸਰਪੰਚ, ਵਿਕੀ, ਬਲਵੰਤ ਸਿੰਘ ਐੱਸ ਐੱਚ ਓ ਲੌਂਗੋਵਾਲ, ਵਿਜੈ ਕੁਮਾਰ ਅਤੇ ਸੁਭਾਸ਼ ਸ਼ਰਮਾ ਵੀ ਹਾਜ਼ਰ ਸਨ। ਇਸ ਮੌਕੇ ਚੁਣੇ ਗਏ ਅਹੁਦੇਦਾਰਾਂ ਨੇ ਵਚਨਬੱਧਤਾ ਦੁਹਰਾਈ ਕਿ ਉਹ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਵਿੱਚ ਲੌਂਗੋਵਾਲ ਅਤੇ ਨਾਲ ਲੱਗਦੇ ਇਲਾਕਿਆਂ ਵਿੱਚ ਵਿਕਾਸ ਲਈ ਸਿਰ ਤੋੜ ਯਤਨ ਕਰਨਗੇ।

# ਖ਼ਾਲਸਾ ਕਾਲਜ ਦੇ ਕੰਪਿਊਟਰ ਸਾਇੰਸ ਵਿਭਾਗ ਦਾ ਨਤੀਜਾ ਰਿਹਾ ਸ਼ਾਨਦਾਰ



ਭਗਤਾ ਭਾਈ ਕਾ, 16 ਜੂਨ (ਸਵਰਨ ਸਿੰਘ ਭਗਤਾ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ੍ਰੀ ਅੰਮ੍ਰਿਤਸਰ ਸਾਹਿਬ)ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ,ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਅਤੇ ਸਿਕੰਦਰ ਸਿੰਘ ਮਲੂਕਾ (ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਅਨਰੇਰੀ ਸਕੱਤਰ ਕਾਲਜ) ਦੀ ਰਹਿਨੁਮਾਈ ਅਤੇ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈਕਾ (ਬਠਿੰਡਾ) ਦੇ ਕੰਪਿਊਟਰ ਸਾਇੰਸ ਵਿਭਾਗ ਦੇ ਪੀ.ਜੀ.ਡੀ.ਸੀ.ਏ. (ਸਮੈਸਟਰ ਪਹਿਲਾ) ਦਾ ਨਤੀਜਾ ਸ਼ਾਨਦਾਰ ਰਿਹਾ। ਜਿਸ ਵਿੱਚ ਮਨਦੀਪ ਕੌਰ ਪੁੱਤਰੀ ਬਲਜੀਤ ਸਿੰਘ ਨੇ 87 ਫੀਸਦੀ ਅੰਕਾਂ ਨਾਲ ਪਹਿਲਾ ਸਥਾਨ, ਵਰਿੰਦਰਜੀਤ ਕੌਰ ਪੁੱਤਰੀ ਰਾਜਵਿੰਦਰ ਸਿੰਘ ਨੇ 80 ਫੀਸਦੀ ਅੰਕਾਂ ਨਾਲ ਦੂਜਾ ਸਥਾਨ ਅਤੇ ਕਾਜਲ ਦੇਵੀ ਪੁੱਤਰੀ ਸੁਨੀਲ ਕੁਮਾਰ ਨੇ 69 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਵਿਭਾਗ ਦੇ ਮੁਖੀ ਡਾ. ਅਮਨਦੀਪ ਕੌਰ ਨੇ ਕਾਲਜ ਵਿੱਚ ਉਪਲਬਧ ਆਈ ਸੀ ਟੀਮ ਲੈਬ ਅਤੇ ਸਮਾਰਟ ਕਲਾਸ ਰੂਮਜ਼ ਬਾਰੇ ਜਾਣਕਾਰੀ ਦਿੱਤੀ ਜਿੱਥੇ ਵਿਦਿਆਰਥੀਆਂ ਨੂੰ ਤਕਨੀਕੀ ਵਿਦਿਆ ਮੁਹੱਈਆ ਕਰਵਾਈ ਜਾਂਦੀ ਹੈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਨੇ ਵਿਦਿਆਰਥੀਆਂ,ਉਹਨਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਦੇ ਰਹਿਣ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਪ੍ਰੋ. ਰੁਪਿੰਦਰ ਕੌਰ, ਪ੍ਰੋ. ਗਿਆਨਜੀਤ ਕੌਰ, ਪ੍ਰੋ. ਸੰਦੀਪ ਕੌਰ, ਪ੍ਰੋ. ਮਨਜੀਤ ਕੌਰ ਅਤੇ ਸਮੂਹ ਸਟਾਫ਼ ਹਾਜ਼ਰ ਸਨ।

# ਬਠਿੰਡਾ 'ਚ ਅਪਰਾਧੀ ਬੇਲਗਾਮ,ਚਾਹ ਪੀਂਦੇ ਵਪਾਰੀ 'ਤੇ ਅੰਨ੍ਹੇਵਾਹ ਫ਼ਾਇਰਿੰਗ



ਬਠਿੰਡਾ, 16 ਜੂਨ (ਦੀਪਕ ਸ਼ਰਮਾ):ਸੋਮਵਾਰ ਸਵੇਰੇ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਹਮਲਾਵਰਾਂ ਨੇ ਥਰਮਲ ਕਲੋਨੀ ਦੇ ਗੇਟ ਨੰਬਰ ਦੋ ਦੇ ਬਾਹਰ ਬਣੇ ਇੱਕ ਚਾਹ ਦੇ ਖੋਖੇ 'ਤੇ ਚਾਹ ਪੀ ਰਹੇ ਇੱਕ ਵਿਅਕਤੀ 'ਤੇ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ। ਇਸ ਗੋਲੀਬਾਰੀ ਵਿੱਚ ਪੀੜਤ ਵਿਅਕਤੀ ਨੂੰ ਦੋ ਗੋਲੀਆਂ ਲੱਗੀਆਂ, ਜਦੋਂ ਕਿ ਹਮਲਾਵਰ ਮੋਟਰਸਾਈਕਲ 'ਤੇ ਸਵਾਰ ਹੋ ਕੇ ਜੋਗਾਨੰਦ ਰੋਡ ਵੱਲ ਭੱਜ ਗਏ। ਜ਼ਖ਼ਮੀ ਵਿਅਕਤੀ ਨੂੰ ਉਸਦੇ ਸਾਥੀਆਂ ਨੇ ਤੁਰੰਤ ਇਲਾਜ ਲਈ ਸਿਵਲ ਹਸਪਤਾਲ ਵਿੱਚ ਭਰਤੀ ਕਰਵਾਇਆ। ਮੁਢਲੀ ਸਹਾਇਤਾ ਦੇਣ ਤੋਂ ਬਾਅਦ ਉਕਤ ਵਿਅਕਤੀ ਨੂੰ ਏਮਜ਼ ਹਸਪਤਾਲ ਬਠਿੰਡਾ ਰੈਫਰ ਕਰ ਦਿੱਤਾ ਗਿਆ। ਜ਼ਖ਼ਮੀ ਵਿਅਕਤੀ ਦੀ ਪਛਾਣ ਸੰਤਪੁਰਾ ਰੋਡ ਨਿਵਾਸੀ ਲਲਿਤ ਛਾਬੜਾ (35) ਵਜੋਂ ਹੋਈ ਹੈ ਅਤੇ ਉਹ ਸ਼ਹਿਰ ਵਿੱਚ ਸੈਨੇਟਰੀ ਦੇ ਸਮਾਨ ਦੀ ਦੁਕਾਨ ਚਲਾਉਂਦਾ ਹੈ।ਘਟਨਾ ਦੀ ਸੂਚਨਾ ਮਿਲਦੇ ਹੀ ਐਸ.ਪੀ. ਸਿਟੀ ਨਰਿੰਦਰ ਸਿੰਘ ਤੋਂ ਇਲਾਵਾ ਸੀ.ਆਈ.ਏ. ਸਟਾਫ਼ ਦੀਆਂ ਪੁਲਿਸ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ। ਉੱਥੇ ਹੀ ਥਾਣਾ ਥਰਮਲ ਦੀ ਪੁਲਿਸ ਨੇ ਅਣਪਛਾਤੇ ਹਮਲਾਵਰਾਂ 'ਤੇ ਕੇਸ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ, ਜਦੋਂ ਕਿ ਮੁਲਜ਼ਮਾਂ ਦੀ ਪਛਾਣ ਕਰਨ ਲਈ ਘਟਨਾ ਸਥਾਨ ਦੇ ਆਸ-ਪਾਸ ਲੱਗੇ ਸਾਰੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਚੈੱਕ ਕੀਤੀ ਜਾ ਰਹੀ ਹੈ, ਤਾਂ ਜੋ ਉਨ੍ਹਾਂ ਦੀ ਬਾਈਕ ਦਾ ਨੰਬਰ ਜਾਂ ਕਿਸ ਪਾਸਿਓਂ ਆਏ ਸਨ ਅਤੇ ਕਿਸ ਪਾਸੇ ਗਏ ਹਨ, ਉਸ ਦੇ ਸਬੂਤ ਜੁਟਾ ਕੇ ਉਨ੍ਹਾਂ ਨੂੰ ਫੜਿਆ ਜਾ ਸਕੇ। ਪੀੜਤ 'ਤੇ ਗੋਲੀਆਂ ਕਿਸ ਨੇ ਅਤੇ ਕਿਉਂ ਚਲਾਈਆਂ ਹਨ, ਇਸ ਦਾ ਅਜੇ ਤੱਕ ਕੁਝ ਪਤਾ ਨਹੀਂ ਲੱਗ ਸਕਿਆ ਹੈ। ਪੁਲਿਸ ਨੇ ਜ਼ਖ਼ਮੀ ਵਿਅਕਤੀ ਦੇ ਬਿਆਨ ਲੈ ਕੇ ਮਾਮਲੇ ਦੀ ਵੱਖ-ਵੱਖ ਐਂਗਲ ਤੋਂ ਜਾਂਚ ਕਰ ਰਹੀ ਹੈ।ਜਾਣਕਾਰੀ ਅਨੁਸਾਰ ਸੰਤਪੁਰਾ ਰੋਡ ਨਿਵਾਸੀ ਲਲਿਤ ਛਾਬੜਾ ਹਰ ਰੋਜ਼ ਦੀ ਤਰ੍ਹਾਂ ਆਪਣੇ ਕੁਝ ਦੋਸਤਾਂ ਨਾਲ ਸਵੇਰੇ ਸੈਰ ਕਰਨ ਤੋਂ ਬਾਅਦ ਥਰਮਲ ਕਲੋਨੀ ਗੇਟ ਨੰਬਰ ਦੋ ਦੇ ਬਾਹਰ ਬਣੇ ਇੱਕ ਚਾਹ ਦੇ ਖੋਖੇ 'ਤੇ ਚਾਹ ਪੀਣ ਜਾਂਦਾ ਸੀ, ਪਰ ਅੱਜ ਉਹ ਇਕੱਲਾ ਆਇਆ ਸੀ ਅਤੇ ਰੋਜ਼ਾਨਾ ਵਾਂਗ ਉਸ ਨੇ ਥਰਮਲ ਕਲੋਨੀ ਦੇ ਗੇਟ ਨੰਬਰ 2 ਦੇ ਬਾਹਰ ਬਣੇ ਉਕਤ ਖੋਖੇ ਤੋਂ ਚਾਹ ਪੀਤੀ। ਇਸੇ ਦੌਰਾਨ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਨੌਜਵਾਨ ਪਹਿਲਾਂ ਤੋਂ ਖੋਖੇ 'ਤੇ ਮੌਜੂਦ ਸਨ, ਜੋ ਉਸੇ ਖੋਖੇ ਤੋਂ ਚਾਹ ਪੀ ਰਹੇ ਸਨ। ਚਾਹ ਪੀ ਕੇ ਜਦੋਂ ਲਲਿਤ ਚੱਲਣ ਲੱਗਾ, ਤਾਂ ਇੱਕ ਨੌਜਵਾਨ ਨੇ ਅਚਾਨਕ ਉਸ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਗੋਲੀਆਂ ਤੋਂ ਬਚਣ ਲਈ ਜਦੋਂ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਤਾਂ ਇੱਕ ਗੋਲੀ ਉਸ ਦੇ ਸੀਨੇ ਅਤੇ ਇੱਕ ਪੈਰ ਵਿੱਚ ਲੱਗੀ। ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਹਮਲਾਵਰ ਮੋਟਰਸਾਈਕਲ 'ਤੇ ਸਵਾਰ ਹੋ ਕੇ ਜੋਗਾਨੰਦ ਰੋਡ ਵੱਲ ਭੱਜ ਗਏ। ਇਸ ਘਟਨਾ ਤੋਂ ਬਾਅਦ ਸ਼ਹਿਰ ਵਿੱਚ ਡਰ ਦਾ ਮਾਹੌਲ ਦੇਖਣ ਨੂੰ ਮਿਲਿਆ। ਉੱਥੇ ਹੀ ਘਟਨਾ ਸਥਾਨ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਅਣਪਛਾਤੇ ਹਮਲਾਵਰਾਂ ਨੇ ਨੌਜਵਾਨ 'ਤੇ ਲਗਾਤਾਰ ਪੰਜ ਤੋਂ ਛੇ ਗੋਲੀਆਂ ਚਲਾਈਆਂ ਸਨ।ਮੌਕੇ 'ਤੇ ਪਹੁੰਚੇ ਐਸ.ਪੀ. ਸਿਟੀ ਨਰਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਥਰਮਲ ਕਲੋਨੀ ਦੇ ਗੇਟ ਨੰਬਰ ਦੋ 'ਤੇ ਇੱਕ ਵਿਅਕਤੀ 'ਤੇ ਫਾਇਰਿੰਗ ਕੀਤੀ ਗਈ ਹੈ। ਸੂਚਨਾ ਮਿਲਣ ਤੋਂ ਬਾਅਦ ਪੁਲਿਸ ਟੀਮ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮਾਮਲੇ ਨੂੰ ਟਰੇਸ ਕਰਨ ਲਈ ਸੀ.ਆਈ.ਏ. ਸਟਾਫ਼ ਦੀਆਂ ਟੀਮਾਂ ਜਾਂਚ ਵਿੱਚ ਜੁਟ ਗਈਆਂ ਹਨ। ਘਟਨਾ ਸਥਾਨ ਦੇ ਆਸ-ਪਾਸ ਲੱਗੇ ਸੀ.ਸੀ.ਟੀ.ਵੀ. ਕੈਮਰੇ ਦੀ ਫੁਟੇਜ ਚੈੱਕ ਕੀਤੀ ਜਾ ਰਹੀ ਹੈ, ਤਾਂ ਜੋ ਹਮਲਾਵਰਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਸਕੇ। ਉੱਥੇ ਹੀ ਮਾਮਲੇ ਵਿੱਚ ਅਣਪਛਾਤੇ ਲੋਕਾਂ 'ਤੇ ਮਾਮਲਾ ਦਰਜ ਕਰ ਲਿਆ ਗਿਆ ਹੈ।

# ਕਾਲਜ ਕੈਂਪਸ ਵਿੱਚ ਬੀਐੱਡ ਸੈਸ਼ਨ 2025-2027 ਲਈ ਦਾਖਲਾ ਟੈਸਟ ਫਾਰਮ ਲਈ ਮੁਫ਼ਤ ਰਜਿਸਟ੍ਰੇਸ਼ਨ ਸ਼ੁਰੂ

ਮੌੜ ਮੰਡੀ, 16 ਜੂਨ (ਭੋਲਾ ਸਿੰਘ ਮਾਨ): ਪੰਜਾਬ ਯੂਨੀਵਰਸਟੀ ਚੰਡੀਗੜ੍ਹ ਅਤੇ ਪੰਜਾਬ ਸਰਕਾਰ ਵੱਲੋਂ ਜੋ ਬੀਐੱਡ ਸੈਸ਼ਨ 2025-2027 ਦੇ ਦਾਖਲੇ ਲਈ ਦਾਖਲਾ ਟੈਸਟ ਲਿਆ ਜਾ ਰਿਹਾ ਹੈ। ਇਸ ਸਬੰਧੀ ਮਾਤਾ ਮਾਈਸਰਖਾਨਾ ਕਾਲਜ ਆਫ ਐਜੂਕੇਸ਼ਨ ਵੱਲੋਂ ਵਿਦਿਆਰਥੀਆਂ ਦੀ ਸਹੂਲਤ ਦੇ ਮੱਦੇਨਜ਼ਰ ਕਾਲਜ ਕੈਂਪਸ ਵਿੱਚ ਮੁਫ਼ਤ ਰਜਿਸਟ੍ਰੇਸ਼ਨ ਅਤੇ ਦਾਖਲਾ ਟੈਸਟ ਲਈ ਫਾਰਮ ਭਰਨ ਵਾਸਤੇ ਹੈਲਪ ਡੇਕਸ ਖੋਲ੍ਹ ਦਿੱਤਾ ਗਿਆ ਹੈ, ਤਾ ਜੋ ਵਿਦਿਆਰਥੀਆਂ ਨੂੰ ਕਿਸੀ ਵੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ,ਅਤੇ ਜੋ ਵੀ ਟੈਸਟ ਸਬੰਧੀ ਜਾਣਕਾਰੀ ਦੀ ਜ਼ਰੂਰਤ ਹੈ ਉਹ ਵੀ ਪ੍ਰਦਾਨ ਕੀਤੀ ਜਾਵੇਗੀ। ਜੋ ਇਹ ਆਨਲਾਈਨ ਟੈਸਟ ਲਈ ਫਾਰਮ ਭਰੇ ਜਾਣਗੇ, ਇਸ ਦੀ ਸ਼ੁਰੂਆਤ ਯੂਨੀਵਰਸਟੀ ਵੱਲੋਂ ਨਿਰਧਾਰਤ ਵੈਬਸਾਈਟ 'ਤੇ ਮਿਤੀ 18-6-2025 ਤੋਂ ਸ਼ੁਰੂ ਹੋ ਜਾਵੇਗੀ , ਵਿਦਿਆਰਥੀ ਕਾਲਜ ਸਮੇਂ ਆ ਕੇ ਇਸ ਹੈਲਪ ਡੇਕਸ ਦਾ ਲਾਭ ਉਠਾ ਸਕਦੇ ਹਨ।

# ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਗੁਲਜ਼ਾਰ ਸਿੰਘ ਬੌਬੀ ਨੇ ਲੋਕਾਂ ਦੀਆਂ ਸੁਣੀਆਂ ਸ਼ਿਕਾਇਤਾਂ



ਸੁਨਾਮ ਉੱਧਮ ਸਿੰਘ ਵਾਲਾ, 16 ਜੂਨ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਗੁਲਜ਼ਾਰ ਸਿੰਘ ਬੌਬੀ ਨੇ ਪਿੰਡ ਛਾਜਲੀ ਵਿਖੇ ਅਨੁਸੂਚਿਤ ਜਾਤੀਆਂ ਭਾਈਚਾਰੇ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਉਨ੍ਹਾਂ ਦੇ ਜਲਦੀ ਹੱਲ ਦਾ ਭਰੋਸਾ ਦਿੱਤਾ।ਇਸ ਮੌਕੇ ਸ਼੍ਰੀ ਬੌਬੀ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਨਾਲ ਭੇਦਭਾਵ ਕਿਸੇ ਵੀ ਹਾਲਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਗ਼ਰੀਬ ਵਰਗ ਨੂੰ ਇਨਸਾਫ਼ ਦਿਵਾਉਣ ਲਈ ਕਮਿਸ਼ਨ ਕੋਲ ਸੰਵਿਧਾਨਕ ਸ਼ਕਤੀਆਂ ਹਨ ਤੇ ਕਿਸੇ ਵੀ ਖੇਤਰ ਵਿੱਚ ਜਾਤੀ ਵਿਤਕਰੇਬਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸ਼੍ਰੀ ਬੌਬੀ ਨੇ ਐੱਸ.ਸੀ.ਭਾਈਚਾਰੇ ਦੇ ਲੋਕਾਂ ਨੂੰ ਬੇਝਿਜਕ ਹੋ ਕੇ ਆਪਣੀਆਂ ਸ਼ਿਕਾਇਤਾਂ ਦਰਜ ਕਰਵਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸ਼ਿਕਾਇਤ ਦਰਜ ਕਰਵਾਉਣ ਨਾਲ ਉਹਨਾਂ ਨੂੰ ਜਲਦ ਇਨਸਾਫ਼ ਮਿਲੇਗਾ। ਉਨ੍ਹਾਂ ਇਹ ਵੀ ਕਿਹਾ ਕਿ ਅਨੁਸੂਚਿਤ ਜਾਤੀਆਂ ਦੇ ਜਾਅਲੀ ਸਰਟੀਫਿਕੇਟ ਬਣਾ ਕੇ ਅਸਲ ਹੱਕਦਾਰਾਂ ਦਾ ਹੱਕ ਮਾਰਨ ਵਾਲਿਆਂ ਖ਼ਿਲਾਫ਼ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਭੀਮ ਆਰਮੀ ਅਤੇ ਬਰਾਸ ਫਾਊਂਡੇਸ਼ਨ ਵੱਲੋਂ ਸਿਰੋਪਾਓ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਤੋਂ ਇਲਾਵਾ ਭੀਮ ਆਰਮੀ ਦੇ ਜ਼ਿਲ੍ਹਾ ਆਗੂ ਰੋਹੀ ਸਿੰਘ ਗੋਬਿੰਦਗੜ੍ਹ, ਬਰਾਸ ਫਾਊਂਡੇਸ਼ਨ ਦੇ ਗੁਰਪ੍ਰੀਤ ਸਿੰਘ ਖੋਖਰ, ਮਹਿੰਦਰ ਸਿੰਘ, ਅਜੈਬ ਸਿੰਘ ਨੀਲੋਵਾਲ, ਸੂਬੇਦਾਰ ਗੁਰਸੇਵਕ ਸਿੰਘ, ਤਰਸੇਮ ਸਿੰਘ ਜੇ.ਈ., ਜਸਵੰਤ ਸਿੰਘ ਫੌਜੀ, ਬਿੰਦਰ ਸਿੰਘ ਗੋਬਿੰਦਗੜ੍ਹ, ਐਡਵੋਕੇਟ ਹੰਸਰਾਜ ਬਖ਼ਸ਼ੀਵਾਲਾ, ਚਰਨਜੀਤ ਸਿੰਘ ਨਫਰੀਆ, ਡਾ. ਰਾਜ ਭਲਵਾਨ, ਰਾਮ ਸਿੰਘ ਟਿੱਬੀ, ਹਰਦੇਵ ਸਿੰਘ ਮਰਾੜ, ਸੋਨੀ ਮੈਂਬਰ, ਹਰਦੇਵ ਸਿੰਘ ਸੌਣੀ, ਰਜਿੰਦਰਪਾਲ ਸੰਗਰੂਰ, ਘੱਣਈਆ ਲਾਲ ਕੌਂਸਲਰ, ਰਾਮ ਸਿੰਘ ਸੁਨਾਮ ਅਤੇ ਰਾਜਪਾਲ ਸਿੰਘ ਆਦਿ ਹਾਜ਼ਰ ਸਨ।

# 22 ਜੂਨ ਨੂੰ ਬਸਪਾ ਦੀ ਸੰਗਰੂਰ ਰੈਲੀ ਮੌਕੇ ਵੱਡੀ ਗਿਣਤੀ 'ਚ ਪਹੁੰਚਣਗੇ ਹਲਕਾ ਲਹਿਰਾ ਦੇ ਵਰਕਰ : ਇੰਜੀ ਅਮਨ ਬੋਧ



ਖਨੌਰੀ, 16 ਜੂਨ (ਓਮਪ੍ਰਕਾਸ਼ ਮੁਆਲ): ਬਹੁਜਨ ਸਮਾਜ ਪਾਰਟੀ ਵੱਲੋਂ 22 ਜੂਨ ਨੂੰ ਇੱਕ ਵਿਸ਼ੇਸ਼ ਰੈਲੀ ਸੰਗਰੂਰ ਵਿੱਚ ਕੀਤੀ ਜਾ ਰਹੀ ਹੈ। ਜਿਸ ਦੀ ਤਿਆਰੀ ਅਤੇ ਰੈਲੀ ਨੂੰ ਸਫ਼ਲ ਬਣਾਉਣ ਸਬੰਧੀ ਹਲਕਾ ਲਹਿਰਾ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਬਸਪਾ ਪਾਰਟੀ ਦੀ ਟੀਮ ਵੱਲੋਂ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਬਸਪਾ ਦੇ ਜਿਲ੍ਹਾ ਕੋਆਰਡੀਨੇਟਰ ਅਤੇ ਹਲਕਾ ਲਹਿਰਾ ਦੇ ਇੰਚਾਰਜ ਇੰਜੀ ਅਮਨ ਬੋਧ ਨੇ ਦੱਸਿਆ ਕਿ ਮਾਣਯੋਗ ਬਸਪਾ ਪੰਜਾਬ ਪ੍ਰਧਾਨ ਦੀ ਅਗਵਾਈ ਹੇਠ ਚਲਾਈ ਜਾ ਰਹੀ ਪੰਜਾਬ ਸੰਭਾਲੋ ਮੁਹਿੰਮ ਤਹਿਤ ਸੰਗਰੂਰ ਵਿੱਚ 22 ਜੂਨ ਨੂੰ ਬਸਪਾ ਵੱਲੋਂ ਮਹਾਂਰੈਲੀ ਜੋ ਜ਼ਮੀਨ ਸਰਕਾਰੀ ਹੈ, ਵੋ ਜ਼ਮੀਨ ਹਮਾਰੀ ਹੈ ਨੂੰ ਲੈਕੇ ਹਲਕੇ ਦੇ ਬਸਪਾ ਕਾਡਰ ਅਤੇ ਵਰਕਰਾਂ ਅੰਦਰ ਭਾਰੀ ਉਤਸ਼ਾਹ ਹੈ । ਪਿੰਡਾਂ ਸ਼ਹਿਰਾ ਅੰਦਰ ਵੱਖ ਵੱਖ ਬੂਥਾਂ ਤੇ ਬੂਥ ਕਮੇਟੀਆਂ ਗਠਿਤ ਹੋ ਚੁੱਕੀਆਂ ਹਨ ਅਤੇ ਵਰਕਰ ਰੈਲੀ 'ਚ ਜਾਣ ਲਈ ਭਾਰੀ ਗਿਣਤੀ ਵਿੱਚ ਤਿਆਰ ਹਨ । ਉਨ੍ਹਾਂ ਕਿਹਾ ਕਿ ਜਿੱਥੇ ਇਹ ਰੈਲੀ ਪੰਜਾਬ ਅੰਦਰ ਪਈ ਬੇਨਾਮੀ ਜ਼ਮੀਨ ਜੋ ਲੱਗਭੱਗ 9 ਲੱਖ ਏਕੜ ਹੈ ਨੂੰ ਬਸਪਾ ਦੀ ਸਰਕਾਰ ਆਉਣ 'ਤੇ ਹਰ ਵਰਗ ਜਾਤ ਧਰਮ ਦੇ ਗਰੀਬ ਲੋਕਾਂ ਅੰਦਰ ਵੰਡੀ ਜਾਵੇਗੀ।ਓਥੇ ਹੀ ਰੈਲੀ ਦਾ ਇੱਕ ਹੋਰ ਉਦੇਸ਼ ਪੰਜਾਬ ਅੰਦਰ ਨਸ਼ਿਆਂ, ਬੇਰੋਜ਼ਗਾਰੀ ਦੇ ਮੁੱਦੇ 'ਤੇ ਸਰਕਾਰ ਦੀ ਅਸਫਲਤਾ ਨੂੰ ਪੰਜਾਬ ਦੇ ਲੋਕਾਂ ਸਾਹਮਣੇ ਪੇਸ਼ ਕਰਨਾ ਹੈ । ਐਸ.ਸੀ. ਬੀ.ਸੀ. ਬੱਚਿਆਂ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨੂੰ ਲਾਗੂ ਕਰਾਉਣ ਲਈ ਵੀ ਰੈਲੀ ਅੰਦਰ ਸਰਕਾਰ 'ਤੇ ਦਬਾਅ ਬਣਾਇਆ ਜਾਵੇਗਾ। ਓਨ੍ਹਾਂ ਆਖਿਆ ਕੇ ਰੈਲੀ ਵਿੱਚ ਬਤੌਰ ਮੁੱਖ ਮਹਿਮਾਨ ਪੰਜਾਬ ਦੇ ਇੰਚਾਰਜ ਵਿਪੁਲ ਕੁਮਾਰ, ਪੰਜਾਬ ਬਸਪਾ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਜੀ ਅਤੇ ਪੰਜਾਬ ਬਸਪਾ ਦੇ ਇੰਚਾਰਜ ਅਜੀਤ ਸਿੰਘ ਜੀ ਭੈਣੀ ਪ੍ਰਜਾਪਤ ਪਹੁੰਚ ਰਹੇ ਹਨ । ਜਿਨ੍ਹਾਂ ਨਾਲ ਚਮਕੌਰ ਸਿੰਘ ਵੀਰ, ਡਾਕਟਰ ਮੱਖਣ ਸਿੰਘ ਅਤੇ ਅਮਰਜੀਤ ਸਿੰਘ ਝਲੂਰ ਤਿੰਨੋ ਸਟੇਟ ਸਕੱਤਰ ਬਤੌਰ ਵਿਸ਼ੇਸ਼ ਮਹਿਮਾਨ ਪਹੁੰਚਣਗੇ। ਇਸ ਮੌਕੇ ਹਲਕੇ ਦੇ ਪ੍ਰਧਾਨ ਡਾ ਰਾਜਕੁਮਾਰ ਬੋਪੁਰ, ਜਨਰਲ ਸਕੱਤਰ ਸੰਭੂ ਰੰਗਾ, ਸਕੱਤਰ ਅਮਰੀਕ ਮੰਡਵੀ, ਯੂਥ ਵਿੰਗ ਪ੍ਰਧਾਨ ਤਰਸੇਮ ਚੱਠਾ, ਟਰਾਂਸਪੋਰਟ ਵਿੰਗ ਪ੍ਰਧਾਨ ਪ੍ਰਗਟ ਭੁਕਲ, ਸ਼ਹਿਰੀ ਪ੍ਰਧਾਨ ਖਨੌਰੀ ਗੁਲਾਬ ਛਾਛੀਆ, ਬੂਥ ਪ੍ਰਧਾਨ ਮਨਪ੍ਰੀਤ ਠਸਕਾ, ਰਾਜੇਸ਼, ਪਰਵੀਨ, ਗੁਰਦਾਸ ਬਨਾਰਸੀ, ਡਾ ਸੋਹਨ ਗੁਲਾੜੀ, ਜਸਵੰਤ ਚੋਹਾਨ, ਕਰਮਜੀਤ ਗੋਰੂ ਆਦਿ ਆਗੂ ਹਾਜ਼ਰ ਸਨ।

# ਰਾਜਿੰਦਰ ਦੀਪਾ ਦੀ ਕਾਂਗਰਸ ਪਾਰਟੀ ਵਿਚ ਹੋਈ ਘਰ ਵਾਪਸੀ



ਸੁਨਾਮ ਉੱਧਮ ਸਿੰਘ ਵਾਲਾ, 16 ਜੂਨ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ) : ਸੁਨਾਮ ਉੱਧਮ ਸਿੰਘ ਵਾਲਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਅਤੇ ਨਿਧੜਕ ਆਗੂ ਵਜੋਂ ਜਾਣੇ ਜਾਂਦੇ ਬਾਬੂ ਰਾਜਿੰਦਰ ਦੀਪਾ ਵੱਲੋਂ ਦੁਬਾਰਾ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋ ਕੇ ਘਰ ਵਾਪਸੀ ਕੀਤੀ ਗਈ ਹੈ। ਉਨ੍ਹਾਂ ਨੂੰ ਚੰਡੀਗੜ੍ਹ ਵਿਖੇ ਹੋਏ ਇਕ ਸਮਾਗਮ ਦੌਰਾਨ ਕਾਂਗਰਸ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ, ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਸਾਬਕਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪਾਰਟੀ ਵਿਚ ਸ਼ਾਮਿਲ ਕਰਨ ਦੀ ਰਸਮ ਅਦਾ ਕੀਤੀ। ਜ਼ਿਕਰਯੋਗ ਹੈ ਕਿ ਬਾਬੂ ਰਾਜਿੰਦਰ ਦੀਪਾ ਕਾਂਗਰਸ ਪਾਰਟੀ ਦੇ ਹਲਕਾ ਸੁਨਾਮ ਤੋਂ ਟਕਸਾਲੀ ਆਗੂ ਸਨ ਤੇ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਹਨਾਂ ਦੀ ਟਿਕਟ ਕੱਟੇ ਜਾਣ ਕਾਰਨ ਉਹਨਾਂ ਕਾਂਗਰਸ ਪਾਰਟੀ ਤੋਂ ਬਗਾਵਤ ਕਰ ਦਿੱਤੀ ਸੀ ਅਤੇ ਆਜ਼ਾਦ ਚੋਣ ਲੜ ਕੇ ਕਾਂਗਰਸ ਦੇ ਉਮੀਦਵਾਰ ਦੀ ਹਾਰ ਦਾ ਕਾਰਨ ਬਣੇ ਸਨ।ਇਸ ਤੋਂ ਬਾਅਦ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਮੂਲੀਅਤ ਕਰ ਲਈ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੰ ਸੁਨਾਮ ਉੱਧਮ ਸਿੰਘ ਵਾਲਾ ਹਲਕੇ ਦਾ ਇੰਚਾਰਜ ਬਣਾਇਆ ਹੋਇਆ ਸੀ।

# ਲਹੂ ਦਬਾਅ ਸਬੰਧੀ ਲੋਕਾਂ ਨੂੰ ਕੀਤਾ ਜਾਗਰੂਕ

ਭਗਤਾ ਭਾਈ ਕਾ, 16 ਜੂਨ (ਸਵਰਨ ਸਿੰਘ ਭਗਤਾ):ਉੱਚ ਲਹੂ ਦਬਾਅ(ਹਾਈ ਬਲੱਡ ਪ੍ਰੈਸ਼ਰ) ਸਬੰਧੀ ਲੋਕਾਂ ਨੂੰ ਜਾਗਰਿਤ ਕਰਨ ਦੀ ਮਹਿਮ ਅਧੀਨ ਸਿਹਤ ਬਲਾਕ ਭਗਤਾ ਭਾਈਕਾ ਵਿਖੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੀਮਾ ਗੁਪਤਾ ਦੀ ਦੇਖਰੇਖ ਹੇਠ ਅਰੋਗਿਆ ਕੇਂਦਰਾਂ ਦੇ ਮੁਲਾਜ਼ਮ ਨਿਰੰਤਰ ਲੋਕਾਂ ਨੂੰ ਇਸ ਬਿਮਾਰੀ ਸਬੰਧੀ ਜਾਗਰੂਕ ਕਰ ਰਹੇ ਹਨ। ਇਸੇ ਕੜੀ ਅਧੀਨ ਪਿੰਡ ਬੁਰਜਗਿੱਲ ਵਿਖੇ ਪਿੰਡ ਵਾਸੀਆਂ ਲੋਕਾਂ ਨੂੰ ਜਾਗਰਿਤ ਕਰਨ ਦੇ ਉਦੇਸ਼ ਨਾਲ ਇੱਕ ਰੈਲੀ ਕੀਤੀ ਗਈ।ਇਸ ਤੋਂ ਪਹਿਲਾਂ ਸੰਬੋਧਨ ਕਰਦੇ ਹੋਏ ਸੀਐਚਓ ਪਰਮਜੀਤ ਕੌਰ ਨੇ ਕਿਹਾ ਕਿ ਸਾਡੀਆਂ ਗਲਤ ਆਦਤਾਂ ਕਾਰਨ ਸੂਗਰ ਅਤੇ ਉੱਚ ਲਹੂ ਦਬਾਅ ਸਬੰਧੀ ਬਿਮਾਰੀਆਂ ਵਿੱਚ ਨਿਰੰਤਰ ਵਾਧਾ ਹੋ ਰਿਹਾ ਹੈ।ਉਹਨਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ 17 ਮਈ ਤੋਂ 16 ਜੂਨ ਤੱਕ ਲੋਕਾਂ ਨੂੰ ਇਸ ਬਿਮਾਰੀ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ।ਇਹ ਬਿਮਾਰੀ ਸਾਡੀਆਂ ਗਲਤੀਆਂ ਜਿਨ੍ਹਾਂ ਵਿੱਚ ਹੱਥਾਂ ਨਾਲ ਕੰਮ ਨਾ ਕਰਨਾ, ਜਿਆਦਾ ਮਾਤਰਾ ਵਿੱਚ ਤਲੀਆਂ ਵਸਤਾਂ ਖਾਣਾ, ਜ਼ਿਆਦਾ ਲੂਣ,ਘਿਓ ਦੀ ਵੱਧ ਵਰਤੋਂ ਕਰਨਾ ਆਦਿ ਸ਼ਾਮਿਲ ਹੈ,ਉਹਨਾਂ ਸੁਝਾ ਦਿੱਤਾ ਤੇ ਬਿਮਾਰੀ ਤੋਂ ਬਚਣ ਲਈ ਰੋਜ਼ਨਾ 30 ਮਿੰਟਾਂ ਲਈ ਕਸਰਤ ਕੀਤੀ ਜਾਵੇ। ਇਸ ਕਸਰਤ ਦੇ ਵਿੱਚ ਤੇਜ ਤੁਰਨਾ,ਸਾਈਕਲ ਚਲਾਉਣਾ ਯੋਗਾ ਕਰਨਾ ਆਦਿ ਹੋ ਸਕਦਾ ਹੈ।ਰੇਸ਼ਮ ਸਿੰਘ ਕੰਪਿਊਟਰ ਨੇ ਦੱਸਿਆ ਕਿ ਅਰੋਗਿਆ ਕੇਂਦਰਾਂ ਸਿਰੀਏਵਾਲਾ,ਹਮੀਰਗੜ੍ਹ ਅਕਾਲੀਆ ਜਲਾਲ,ਮਲੂਕਾ ਆਦਿ ਥਾਵਾਂ 'ਤੇ ਵੀ ਲੋਕਾਂ ਨੂੰ ਜਾਗਰਿਤ ਕੀਤਾ ਗਿਆ।

# ਯੁੱਧ ਨਸ਼ਿਆਂ ਦੇ ਖ਼ਿਲਾਫ਼ ਮੁਹਿੰਮ ਤਹਿਤ ਵੱਡੀ ਕਾਰਵਾਈ: ਸਰਕਾਰੀ ਜ਼ਮੀਨ 'ਤੇ ਬਣੇ ਘਰਾਂ ਉਤੇ ਚਲਾਇਆ ਪੀਲਾ ਪੰਜਾ



ਬਠਿੰਡਾ, 16 ਜੂਨ (ਦੀਪਕ ਸ਼ਰਮਾ):ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਿਲਾਫ ਸ਼ੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆਂ ਦੇ ਖਿਲਾਫ ਤਹਿਤ ਬਠਿੰਡਾ ਪੁਲਿਸ ਨੇ ਸੋਮਵਾਰ ਨੂੰ ਨਸ਼ਿਆਂ ਲਈ ਬਦਨਾਮ ਧੋਬੀਆਣਾ ਬਸਤੀ ਦੀਆਂ ਦੋ ਮਹਿਲਾ ਤਸਕਰਾਂ 'ਤੇ ਵੱਡੀ ਕਾਰਵਾਈ ਕੀਤੀ ਹੈ। ਨਸ਼ਾ ਵੇਚ ਕੇ ਸਰਕਾਰੀ ਜ਼ਮੀਨ 'ਤੇ ਨਾਜਾਇਜ਼ ਤਰੀਕੇ ਨਾਲ ਬਣਾਏ ਗਏ ਦੋ ਮਕਾਨਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਨੇ ਜੇ.ਸੀ.ਬੀ. ਦੀ ਮੱਦਦ ਨਾਲ ਢਾਹ ਦਿੱਤਾ। ਜਿਨ੍ਹਾਂ ਮਕਾਨਾਂ 'ਤੇ ਕਾਰਵਾਈ ਕੀਤੀ ਗਈ ਹੈ, ਉਨ੍ਹਾਂ ਵਿੱਚੋਂ ਇੱਕ ਮਕਾਨ ਇੱਕ ਨਸ਼ਾ ਤਸਕਰ ਦੰਪਤੀ ਦਾ ਸੀ, ਜੋ ਲੰਬੇ ਸਮੇਂ ਤੋਂ ਚਿੱਟਾ ਵੇਚਣ ਦਾ ਕੰਮ ਕਰ ਰਹੇ ਸਨ, ਜਦੋਂ ਕਿ ਦੂਸਰਾ ਮਕਾਨ ਵੀ ਇੱਕ ਮਹਿਲਾ ਤਸਕਰ ਦਾ ਸੀ। ਇਸ ਤੋਂ ਇਲਾਵਾ ਇੱਕ ਮਕਾਨ ਨੂੰ ਸੀਲ ਕੀਤਾ ਗਿਆ ਹੈ, ਜਿਸਦੇ ਪਰਿਵਾਰ ਦੇ ਮੈਂਬਰਾਂ 'ਤੇ ਵੀ ਨਸ਼ਾ ਤਸਕਰੀ ਦੇ ਮਾਮਲੇ ਦਰਜ ਹਨ।ਐਸ.ਪੀ. ਸਿਟੀ ਨਰਿੰਦਰ ਸਿੰਘ ਨੇ ਦੱਸਿਆ ਕਿ ਸਬ-ਡਿਵੀਜ਼ਨ ਸਿਟੀ-2 ਬਠਿੰਡਾ ਦੇ ਥਾਣਾ ਸਿਵਲ ਲਾਈਨਜ਼ ਏਰੀਆ ਅਧੀਨ ਮਹਿਲਾ ਤਸਕਰ ਜੋਤੀ ਪਤਨੀ ਗੁਰਪ੍ਰੀਤ ਸਿੰਘ ਉਰਫ਼ ਬਾਂਗੀ ਅਤੇ ਦੂਸਰੀ ਮਹਿਲਾ ਤਸਕਰ ਰਾਜੂ ਕੌਰ ਪਤਨੀ ਜਸਵੰਤ ਸਿੰਘ ਉਰਫ਼ ਰਿੰਕਪਾਲ ਸਿੰਘ ਨਿਵਾਸੀ ਧੋਬੀਆਣਾ ਬਸਤੀ ਬਠਿੰਡਾ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ ਉਕਤ ਪ੍ਰਾਪਰਟੀ ਬਣਾਈ ਗਈ ਸੀ। ਇਸ ਮਾਮਲੇ ਵਿੱਚ ਸਮਰੱਥ ਅਥਾਰਟੀ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ ਦੁਆਰਾ ਮਹਿਲਾ ਜੋਤੀ ਦੁਆਰਾ ਨਾਜਾਇਜ਼ ਤੌਰ 'ਤੇ ਬਣਾਇਆ ਗਿਆ 75 ਵਰਗ ਗਜ਼ ਦਾ ਮਕਾਨ ਅਤੇ ਰਾਜੂ ਕੌਰ ਦਾ 100 ਗਜ਼ ਵਿੱਚ ਬਣਿਆ ਮਕਾਨ ਢਾਹੁਣ ਲਈ ਪੁਲਿਸ ਸੁਰੱਖਿਆ ਪ੍ਰਬੰਧ ਕਰਨ ਲਈ ਹਦਾਇਤਾਂ ਪ੍ਰਾਪਤ ਹੋਈਆਂ ਸਨ, ਜਿਸ ਤੋਂ ਬਾਅਦ ਸਿਵਲ ਪ੍ਰਸ਼ਾਸਨ ਦੁਆਰਾ ਕਾਰਵਾਈ ਕਰਦੇ ਹੋਏ ਉਕਤ ਮਕਾਨਾਂ ਨੂੰ ਢਾਹ ਦਿੱਤਾ ਗਿਆ। ਸਿਵਲ ਪ੍ਰਸ਼ਾਸਨ ਦੁਆਰਾ ਦਿੱਤੀ ਗਈ ਜਾਣਕਾਰੀ ਮੁਤਾਬਕ ਉਕਤ ਦੋਵੇਂ ਪ੍ਰਾਪਰਟੀਜ਼ ਨੂੰ ਢਾਹੁਣ ਤੋਂ ਪਹਿਲਾਂ ਸਬੰਧਤਾਂ ਨੂੰ ਕਈ ਵਾਰ ਨੋਟਿਸ ਵੀ ਦਿੱਤੇ ਗਏ ਸਨ, ਪਰ ਕਬਜ਼ਾਧਾਰੀਆਂ ਵੱਲੋਂ ਉਕਤ ਜਗ੍ਹਾ ਨੂੰ ਖਾਲੀ ਨਾ ਕਰਨ ਕਾਰਨ ਬੁਲਡੋਜ਼ਰ ਕਾਰਵਾਈ ਕੀਤੀ ਗਈ।ਐਸ.ਪੀ. ਸਿਟੀ ਨੇ ਦੱਸਿਆ ਕਿ ਦੋਵਾਂ ਔਰਤਾਂ ਦੇ ਖਿਲਾਫ ਨਸ਼ਾ ਤਸਕਰੀ ਸਮੇਤ ਹੋਰ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਹਨ। ਉਨ੍ਹਾਂ ਦੱਸਿਆ ਕਿ ਮਹਿਲਾ ਤਸਕਰ ਜੋਤੀ ਦੇ ਖਿਲਾਫ 13 ਮਾਰਚ 2025 ਨੂੰ ਥਾਣਾ ਸਿਵਲ ਲਾਈਨਜ਼ ਬਠਿੰਡਾ ਵਿੱਚ ਐਨ.ਡੀ.ਪੀ.ਐਸ. ਐਕਟ ਅਧੀਨ ਕੇਸ ਦਰਜ ਹੋਇਆ ਸੀ, ਜਦੋਂ ਕਿ ਉਸਦੇ ਪਤੀ ਗੁਰਪ੍ਰੀਤ ਸਿੰਘ ਉਰਫ਼ ਬਾਂਗੀ ਦੇ ਖਿਲਾਫ 11 ਨਵੰਬਰ 2021 ਨੂੰ ਥਾਣਾ ਸਿਵਲ ਲਾਈਨਜ਼ ਵਿੱਚ ਐਨ.ਡੀ.ਪੀ.ਐਸ. ਐਕਟ ਦਾ ਕੇਸ, 16 ਜੂਨ 2024 ਨੂੰ ਥਾਣਾ ਸਿਵਲ ਲਾਈਨਜ਼ ਵਿੱਚ ਐਨ.ਡੀ.ਪੀ.ਐਸ. ਐਕਟ ਅਧੀਨ ਕੇਸ ਅਤੇ 13 ਮਾਰਚ 2025 ਨੂੰ ਥਾਣਾ ਸਿਵਲ ਲਾਈਨਜ਼ ਵਿੱਚ ਹੀ ਐਨ.ਡੀ.ਪੀ.ਐਸ. ਐਕਟ ਦੇ ਅਧੀਨ ਕੇਸ ਦਰਜ ਹੈ। ਇਸੇ ਤਰ੍ਹਾਂ ਦੋਸ਼ੀ ਰਾਜੂ ਕੌਰ ਦੇ ਖਿਲਾਫ ਵੀ 21 ਜੁਲਾਈ 2022 ਨੂੰ ਥਾਣਾ ਸਿਵਲ ਲਾਈਨਜ਼ ਬਠਿੰਡਾ ਵਿੱਚ ਐਨ.ਡੀ.ਪੀ.ਐਸ. ਐਕਟ ਤਹਿਤ ਕੇਸ ਦਰਜ ਹੈ। ਉਨ੍ਹਾਂ ਦੱਸਿਆ ਕਿ ਉਕਤ ਲੋਕਾਂ ਨੇ ਨਸ਼ਾ ਵੇਚ ਕੇ ਸਰਕਾਰੀ ਜ਼ਮੀਨ 'ਤੇ ਨਾਜਾਇਜ਼ ਮਕਾਨ ਬਣਾਏ ਸਨ।ਐਸ.ਪੀ. ਸਿਟੀ ਨਰਿੰਦਰ ਸਿੰਘ ਨੇ ਦੱਸਿਆ ਕਿ ਬਠਿੰਡਾ ਪੁਲਿਸ ਦੁਆਰਾ ਯੁੱਧ ਨਸ਼ੇ ਦੇ ਵਿਰੁੱਧ ਮੁਹਿੰਮ ਤਹਿਤ 1 ਮਾਰਚ 2025 ਤੋਂ ਹੁਣ ਤੱਕ ਨਸ਼ਾ ਤਸਕਰੀ ਨਾਲ ਸਬੰਧਤ ਕੁੱਲ 592 ਮਾਮਲੇ ਦਰਜ ਕਰਕੇ 927 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿੱਚ 19 ਵੱਡੇ ਨਸ਼ੇ ਦੇ ਸੌਦਾਗਰ ਵੀ ਸ਼ਾਮਲ ਹਨ। ਇਸੇ ਤਰ੍ਹਾਂ ਸਾਲ 2023 ਤੋਂ ਹੁਣ ਤੱਕ ਨਸ਼ਾ ਤਸਕਰਾਂ ਦੀ 9 ਕਰੋੜ 71 ਲੱਖ ਦੇ ਕਰੀਬ ਜਾਇਦਾਦ ਫਰੀਜ਼ ਕੀਤੀ ਜਾ ਚੁੱਕੀ ਹੈ।

# ਲੁਧਿਆਣਾ ਜ਼ਿਮਨੀ ਚੋਣ 'ਚ ਕਾਂਗਰਸ ਸ਼ਾਨਦਾਰ ਜਿੱਤ ਹਾਸਲ ਕਰੇਗੀ- ਬਿਕਰਮ ਸਿੰਘ ਮੋਫਰ



ਸਰਦੂਲਗੜ੍ਹ, 16 ਜੂਨ ( ਲਛਮਣ ਸਿੱਧੂ):ਲੁਧਿਆਣਾ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਲਈ ਕਾਂਗਰਸ ਪਾਰਟੀ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਦੇ ਹੱਕ ਵਿੱਚ ਜ਼ਿਲ੍ਹਾ ਪ੍ਰੀਸ਼ਦ ਮਾਨਸਾ ਦੇ ਸਾਬਕਾ ਚੇਅਰਮੈਨ ਬਿਕਰਮ ਸਿੰਘ ਮੋਫਰ ਵੱਲੋਂ ਚੋਣ ਵਿੱਚ ਅਹਿਮ ਰੋਲ ਨਿਭਾਇਆ ਜਾ ਰਿਹਾ ਹੈ। ਚੋਣ ਪ੍ਰਚਾਰ ਦੌਰਾਨ ਡੋਰ ਟੂ ਡੋਰ ਕਰਦਿਆਂ ਉਹਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰਾਣਾ ਗੁਰਜੀਤ ਸਿੰਘ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ,ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ ਦੀ ਅਗਵਾਈ ਵਰਕਰਾਂ ਵਿੱਚ ਜੋਸ਼ ਭਰ ਰਹੀ ਹੈ। ਉਹਨਾਂ ਕਿਹਾ ਕਿ ਭਾਰਤ ਭੂਸ਼ਣ ਆਸ਼ੂ ਦੀ ਸਖਤ ਮਿਹਨਤ, ਤਜਰਬਾ, ਲਗਨ ਵੀ ਇਸ ਚੋਣ ਵਿਚ ਰੰਗ ਦਿਖਾਏਗਾ। ਉਨ੍ਹਾਂ ਕਿਹਾ ਕਿ ਜਿੱਥੇ ਉਹਨਾਂ ਨਾਲ ਹਲਕਾ ਸਰਦੂਲਗੜ੍ਹ ਤੋਂ ਉਹਨਾਂ ਦੀ ਪੂਰੀ ਟੀਮ ਭਾਰਤ ਭੂਸ਼ਣ ਆਸ਼ੂ ਨੂੰ ਜਿਤਾਉਣ ਲਈ ਦਿਨ ਰਾਤ ਮਿਹਨਤ ਕਰ ਰਹੀ ਹੈ। ਉਸੇ ਤਰ੍ਹਾਂ ਹੀ ਪੰਜਾਬ ਭਰ ਤੋਂ ਕਾਂਗਰਸੀ ਨੇਤਾ ਅਤੇ ਵਰਕਰਾਂ ਦੇ ਹੌਸਲੇ ਬੁਲੰਦ ਹਨ ਅਤੇ ਭਾਰਤ ਭੂਸ਼ਣ ਆਸ਼ੂ ਨੂੰ ਜਿੱਤਾਉਣ ਲਈ ਦਿਨ ਰਾਤ ਪ੍ਰਚਾਰ ਕਰ ਰਹੇ ਹਨ ਉਹਨਾਂ ਕਿਹਾ ਕਿ ਲੁਧਿਆਣਾ ਪੱਛਮੀ ਦੇ ਲੋਕਾਂ ਵੱਲੋਂ ਮਿਲ ਰਹੇ ਭਰਮੇ ਹੁੰਗਾਰੇ ਨੂੰ ਦੇਖਦਿਆਂ ਕਿਹਾ ਕਿ ਕਾਂਗਰਸ ਪਾਰਟੀ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰੇਗੀ। ਇਸ ਮੌਕੇ ਉਹਨਾਂ ਨਾਲ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ,ਸਾਬਕਾ ਵਿਧਾਇਕ ਪਰਮਿੰਦਰ ਸਿੰਘ ਪਿੰਕੀ,ਯੂਥ ਕਾਂਗਰਸ ਸਰਦੂਲਗੜ੍ਹ ਦੇ ਹਲਕਾ ਪ੍ਰਧਾਨ ਲਛਮਣ ਸਿੰਘ ਦਸੌਂਧੀਆਂ,ਗੁਰਪਾਲ ਸਿੰਘ ਜੈਲਦਾਰ ਜੌੜਕੀਆਂ ,ਗੋਬਿੰਦਰ ਸਿੰਘ ਰਾਜੂ ਸਰਪੰਚ ਅਕਾਂਵਾਲੀ ,ਯੂਥ ਆਗੂ ਜਸਵਿੰਦਰ ਸਿੰਘ ਮਾਨ ਕੌਰਵਾਲਾ ,ਚਰਨਜੀਤ ਸਿੰਘ ਬਰਾੜ ਸਰਸਾ ਸੁੱਖੀ ਸਰਪੰਚ ਭੰਮੇ ਖੁਰਦ,ਕੁਲਵਿੰਦਰ ਸਿੰਘ ਮੋਫਰ ਬਲਵੰਤ ਸਿੰਘ ਕੋਰਵਾਲਾ ਬਲਾਕ ਪ੍ਰਧਾਨ ਝੁਨੀਰ ,ਜੱਗਾ ਬੁਰਜ ,ਅਰਸੂ ਅੱਕਾਂਵਾਲੀ ਆਦਿ ਹਾਜ਼ਰ ਸਨ।

# ਲਹਿਰਾ ਪੁਲਿਸ ਨੇ ਤਿੰਨ ਮਹੀਨਿਆਂ 'ਚ ਐਨਡੀਪੀਐਸ ਐਕਟ ਅਧੀਨ 24 ਮੁਕਦਮੇ ਦਰਜ ਕਰਕੇ 28 ਸਮਗਲਰਾਂ ਨੂੰ ਭੇਜਿਆ ਜੇਲ੍ਹ 'ਚ : ਡੀਐਸਪੀ



ਲਹਿਰਾਗਾਗਾ, 16ਜੂਨ (ਰਾਮੇਸ਼ਵਰ ਸ਼ਰਮਾ /ਖੁਸਵਿੰਦਰ ਸ਼ਰਮਾ):ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀਜੀਪੀ ਪੰਜਾਬ ਗੌਰਵ ਯਾਦਵ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਚਲਾਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ, ਜ਼ਿਲ੍ਹਾ ਪੁਲਿਸ ਮੁਖੀ ਸਰਤਾਜ ਸਿੰਘ ਚਹਿਲ (ਆਈਪੀਐਸ ) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲਹਿਰਾਗਾਗਾ ਪੁਲਿਸ ਨੇ ਪਿਛਲੇ ਤਿੰਨ ਮਹੀਨਿਆਂ ਵਿੱਚ ਦਰਜਨਾਂ ਨਸ਼ਾ ਸਮਗਲਰਾਂ ਨੂੰ ਕਾਬੂ ਕਰਕੇ ਭਾਰੀ ਮਾਤਰਾ ਵਿੱਚ ਨਸ਼ਾ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਐਸਪੀ ਦਪਿੰਦਰਪਾਲ ਸਿੰਘ ਜੇਜੀ (ਪੀਪੀਐਸ) ਨੇ ਦੱਸਿਆ ਕਿ ਲਹਿਰਾ ਪੁਲਿਸ ਨੇ ਪਿਛਲੇ ਤਿੰਨ ਮਹੀਨਿਆਂ ਵਿੱਚ ਐਨਡੀਪੀਐਸ ਐਕਟ ਅਧੀਨ 24 ਮੁਕਦਮੇ ਦਰਜ ਰਜਿਸਟਰ ਕਰਕੇ 28 ਨਸ਼ਾ ਸਮਗਲਰਾਂ ਨੂੰ ਗਿਰਫਤਾਰ ਕਰਦਿਆਂ ਜੇਲ੍ਹ ਵਿੱਚ ਭੇਜਿਆ ਹੈ। ਇਹਨਾਂ ਵਿਅਕਤੀਆਂ ਕੋਲੋਂ 3061 ਨਸ਼ੀਲੀਆਂ ਗੋਲੀਆਂ , 63 ਨਸ਼ੀਲੀ ਦਵਾਈ ਦੀਆਂ ਸ਼ੀਸ਼ੀਆਂ,99.44 ਗ੍ਰਾਮ ਹੈਰੋਇਨ/ ਚਿੱਟਾ, 2 ਕਿਲੋ 104 ਗ੍ਰਾਮ ਸੁਲਫਾ ਬਰਾਮਦ ਕੀਤਾ ਗਿਆ ਹੈ। ਇਸ ਤੋਂ ਇਲਾਵਾ ਨਸ਼ਾ ਕਰਨ ਦੇ ਆਦੀ 32 ਵਿਅਕਤੀਆਂ ਨੂੰ ਯੋਗ ਕਾਰਵਾਈ ਤਹਿਤ ਰਜਿਸਟਰ ਕਰਵਾ ਕੇ ਨਸ਼ਾ ਛਡਾਊ ਕੇਂਦਰ ਤੋਂ ਦਵਾਈ ਦਵਾਈ ਗਈ ਹੈ। ਇਸਦੇ ਨਾਲ ਹੀ ਨਸ਼ੇ ਦੇ ਆਦੀ ਪੰਜ ਵਿਅਕਤੀਆਂ ਨੂੰ ਨਸ਼ਾ ਛਡਾਊ ਕੇਂਦਰਾਂ ਵਿੱਚ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ। ਐਕਸਾਈਜ਼ ਐਕਟ ਤਹਿਤ ਕਾਰਵਾਈ ਕਰਦੇ ਹੋਏ 32 ਮੁਕਦਮੇ ਦਰਜ ਕਰਕੇ 31 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਜਿਨ੍ਹਾਂ ਪਾਸੋਂ 2680 ਲੀਟਰ ਲਾਹਣ ,214 ਬੋਤਲਾਂ ਨਜਾਇਜ਼ ਸ਼ਰਾਬ, 293 ਬੋਤਲਾਂ ਸ਼ਰਾਬ ਠੇਕਾ ਦੇਸੀ, 96 ਬੋਤਲਾਂ ਸ਼ਰਾਬ ਠੇਕਾ ਦੇਸੀ (ਹਰਿਆਣਾ) ,ਤਿੰਨ ਬੋਤਲਾਂ ਅੰਗਰੇਜ਼ੀ ਸ਼ਰਾਬ ਬਰਾਮਦ ਕੀਤੀ ਗਈ ਹੈ। ਇਸ ਦੇ ਨਾਲ ਹੀ ਐਨਡੀਪੀਐਸ ਐਕਟ ਅਧੀਨ ਜੋ ਦੋਸ਼ੀ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਆਏ ਹਨ। ਉਹਨਾਂ ਦੀਆਂ ਗਤੀ ਵਿਧੀਆਂ 'ਤੇ 24 ਘੰਟੇ ਪੈਣੀ ਨਜ਼ਰ ਰੱਖੀ ਹੋਈ ਹੈ। ਜੇਕਰ ਕਿਸੇ ਵੀ ਜ਼ਮਾਨਤ 'ਤੇ ਆਏ ਦੋਸ਼ੀ ਵੱਲੋਂ ਨਸ਼ਾ ਵੇਚਣ ਸਬੰਧੀ ਜਾਣਕਾਰੀ ਨੋਟਿਸ ਵਿੱਚ ਆਉਂਦੀ ਹੈ ਤਾਂ ਉਹਨਾਂ ਦੀਆਂ ਜ਼ਮਾਨਤਾਂ ਤੁਰੰਤ ਰੱਦ ਕਰਵਾ ਕੇ ਯੋਗ ਕਾਰਵਾਈ ਕਰਦੇ ਹੋਏ ਉਹਨਾਂ ਨੂੰ ਦੁਬਾਰਾ ਜੇਲ੍ਹਾਂ ਵਿੱਚ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਲਾਕਾ ਹਰਿਆਣਾ ਦੇ ਨਾਲ ਲੱਗਦਾ ਹੋਣ ਦੇ ਚਲਦੇ ਸਮੇਂ ਸਮੇਂ 'ਤੇ ਇੰਟਰਸਟੇਟ ਨਾਕੇਬੰਦੀ ਕਰਕੇ ਸ਼ੱਕੀ ਵਹਨਾਂ ਤੇ ਨਸ਼ਾ ਸਮਗਲਰਾਂ 'ਤੇ ਪੈਨੀ ਨਜ਼ਰ ਰੱਖੀ ਜਾਂਦੀ ਹੈ।

# ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਹਾੜਾ ਮਨਾਇਆ



ਭਗਤਾ ਭਾਈ ਕਾ, 16 ਜੂਨ (ਸਵਰਨ ਸਿੰਘ ਭਗਤਾ):ਸਿੱਖ ਰਾਜ ਦੇ ਪਹਿਲੇ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਗੁਰਦਵਾਰਾ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਪਿੰਡ ਘੁਡਾਣੀ ਕਲਾਂ ਵਿਖੇ ਮੁੱਖ ਸੇਵਾਦਾਰ ਬਾਬਾ ਹਰਦੀਪ ਸਿੰਘ ਮਹਿਰਾਜ ਵੱਲੋਂ ਨਗਰ ਪੰਚਾਇਤ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਮਾਗਮ ਕਰਵਾਏ ਗਏ।ਇਹਨਾਂ ਸਮਾਗਮਾਂ ਦੌਰਾਨ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ । ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਾਇਆ, ਰਾਹਗੀਰ ਸੰਗਤਾਂ ਲਈ ਠੰਢੇ ਮਿੱਠੇ ਜਲ ਦੀ ਛਬੀਲ ਨਾਲ ਘੁੰਗਣੀਆਂ ਦਾ ਪ੍ਰਸ਼ਾਦਿ ਵਰਤਾਇਆ ਗਿਆ, ਜਿਸ ਵਿਚ ਨਗਰ ਦੀਆਂ ਸੰਗਤਾਂ, ਨੌਜਵਾਨਾਂ ਨੇ ਬੜੇ ਉਤਸ਼ਾਹ ਨਾਲ ਸੇਵਾਵਾਂ ਨਿਭਾਈਆਂ , ਇਸ ਸਮਾਗਮ 'ਚ ਬਾਬਾ ਹਰਦੀਪ ਸਿੰਘ ਮਹਿਰਾਜ, ਸਰਪੰਚ ਗੁਰਿੰਦਰ ਸਿੰਘ ਘੁਡਾਣੀ ਕਲਾਂ, ਦਰਸ਼ਨ ਸਿੰਘ ਬਾਬਾ, ਹਰਬੰਸ ਸਿੰਘ ਢੀਡਸਾ,ਮੇਜਰ ਸਿੰਘ, ਹਰਦੀਪ ਸਿੰਘ ਦੀਪਾ ਫੌਜੀ, ਨਾਜਰ ਸਿੰਘ,ਅਮਨਦੀਪ ਸਿੰਘ ਅਮਨਾ,ਸਾਹਿਬ ਸਿੰਘ, ਹਰਪ੍ਰੀਤ ਸਿੰਘ, ਦਰਸ਼ਨ ਸਿੰਘ ਗਿੱਦੜੀ, ਧਰਮਵੀਰ ਸਿੰਘ, ਅਮਰਪਾਲ ਸਿੰਘ, ਪਰਮਵੀਰ ਸਿੰਘ, ਤਰਨਪ੍ਰੀਤ ਸਿੰਘ,ਭਾਈ ਰਾਮ ਸਿੰਘ ਢਪਾਲੀ, ਬਲਵੀਰ ਸਿੰਘ, ਜੀਤ ਸਿੰਘ, ਹਰਪ੍ਰੀਤ ਸਿੰਘ ਬਿਲਾਸਪੁਰ,ਤੇਜਾ ਸਿੰਘ ਲਹਿਰਾ ਮੁਹੱਬਤ ਅਤੇ ਹੋਰ ਬੇਅੰਤ ਸੰਗਤਾਂ ਨੇ ਹਾਜ਼ਰੀ ਭਰੀ।

# ਕੇਂਦਰੀ ਮੰਤਰੀ ਬਿੱਟੂ ਵੱਲੋਂ ਬਠਿੰਡਾ ਨੂੰ ਰੇਲਵੇ ਰਾਹੀਂ ਚੰਡੀਗੜ੍ਹ ਨਾਲ ਜੋੜਨਾ ਅਤਿ ਸ਼ਲਾਘਾਯੋਗ ਕਦਮ : ਸਿੱਧੂ



ਬਰਨਾਲਾ, 16 ਜੂਨ (ਅਮਨਦੀਪ ਸਿੰਘ)- ਪੰਜਾਬ ਵਿੱਚ ਪਹਿਲੀਆਂ ਸਰਕਾਰਾਂ ਨੇ ਆਪਣੇ ਨਿੱਜੀ ਹਿਤਾ ਲਈ ਕਦੇ ਭੀ ਚੰਡੀਗੜ੍ਹ ਨੂੰ ਬਠਿੰਡਾ ਅੰਬਾਲਾ ਰੇਲ ਨਾਲ ਜੋੜਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਪ੍ਰੰਤੂ ਹੁਣ ਜਦੋਂ ਤੀਸਰੀ ਵਾਰ ਭਾਜਪਾ ਸਰਕਾਰ ਬਣੀ ਹੈ ਅਤੇ ਪੰਜਾਬ ਦੀ ਨੁਮਾਇੰਦਗੀ ਕੇਂਦਰੀ ਰੇਲ ਰਾਜ ਮੰਤਰੀ ਸ੍ ਰਵਨੀਤ ਸਿੰਘ ਬਿੱਟੂ ਕਰ ਰਹੇ ਹਨ ਤਾਂ ਭਾਜਪਾ ਦੇ ਸਾਬਕਾ ਸੈਨਿਕ ਵਿੰਗ ਵੱਲੋ ਇਹ ਮੁੱਦਾ ਉਹਨਾਂ ਨਾਲ ਉਠਾਇਆ ਗਿਆ ਸੀ ਜਿਸ ਨੂੰ ਉਹਨਾਂ ਦੇ ਯਤਨਾਂ ਸਦਕਾ ਮੋਦੀ ਸਰਕਾਰ ਨੇ ਪਰਵਾਨਗੀ ਦੇ ਦਿੱਤੀ ਹੈ ਇਹ ਜਾਣਕਾਰੀ ਪ੍ਰੈਸ ਦੇ ਨਾ ਜਾਰੀ ਕਰਦਿਆ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਭਾਜਪਾ ਹਲਕਾ ਇੰਚਾਰਜ ਭਦੌੜ ਨੇ ਇਕ ਪ੍ਰੈਸ ਨੋਟ ਜਾਰੀ ਕਰਦਿਆ ਦੱਸਿਆ ਇਹ ਰੇਲਵੇ ਲਾਈਨ ਦੇ ਪ੍ਰੋਜੈਕਟ ਤੇ 202.99 ਕਰੋੜ ਰੁਪਏ ਕੇਂਦਰ ਸਰਕਾਰ ਵੱਲੋਂ ਖਰਚ ਕੀਤੇ ਜਾਣਗੇ ਚੰਡੀਗੜ੍ਹ ਨਾਲ ਰੇਲ ਲਿੰਕ ਜੁੜ ਜਾਣ ਉਪਰੰਤ ਬਠਿੰਡਾ ਭੁੱਚੋ ਰਾਮਪੁਰਾ ਤਪਾ ਧੂਰੀ ਸੰਗਰੂਰ ਨਾਭਾ ਪਟਿਆਲਾ ਰਾਜਪੁਰਾ ਸ਼ਹਿਰਾਂ ਦੇ ਲੋਕਾ ਨੂੰ ਬਹੁਤ ਫਾਇਦਾ ਹੋਵੇਗਾ ਅਤੇ ਹਾਈਵੇਜ ਤੇ ਟMਰੈਫਿਕ ਭੀ ਘਟੇਗੀ ਸਮੁੱਚੇ ਭਾਜਪਾ ਸੈਨਿਕ ਵਿੰਗ ਨੇ ਕੇਂਦਰੀ ਮੰਤਰੀ ਸ੍ ਰਵਨੀਤ ਸਿੰਘ ਬਿੱਟੂ ਦਾ ਦਿਲ ਦੀਆ ਗਹਿਰਾਇਆ ਵਿੱਚੋ ਧੰਨਵਾਦ ਕੀਤਾ ਅਤੇ ਆਸ ਪ੍ਰਗਟ ਕੀਤੀ ਕੇ ਮਾਣਯੋਗ ਰਵਨੀਤ ਬਿੱਟੂ ਇਸ ਇਲਾਕੇ ਦੀਆ ਬਾਕੀ ਮੰਗਾ ਭੀ ਜਿਵੇਂ ਬਠਿੰਡਾ ਜਾ ਫਿਰੋਜ਼ਪੁਰ ਤੋਂ ਇਕ ਸਤਾਵਦੀ ਗੱਡੀ ਦਿੱਲੀ ਤੱਕ ਅਤੇ ਤਪਾ ਰੇਲਵੇ ਸਟੇਸ਼ਨ ਤੇ ਸਾਰਿਆਂ ਗੱਡੀਆਂ ਦਾ ਠਹਿਰਾਓ ਆਦਿ ਭੀ ਜਲਦੀ ਹੀ ਪੂਰੀਆ ਕਰਨਗੇ। ਸਿੱਧੂ ਨੇ ਦੱਸਿਆ ਕਿ ਰਵਨੀਤ ਬਿੱਟੂ ਪੰਜਾਬ ਦੀਆ ਸਾਰੀਆ ਮੰਗਾਂ ਜਿਹਨਾਂ ਨੂੰ ਉਹ ਭਲੀ ਭਾਤੀ ਜਾਣਦੇ ਹਨ ਨੂੰ ਕੇਂਦਰ ਸਰਕਾਰ ਤੋ ਕਰਵਾਉਣ ਲਈ ਹਮੇਸ਼ਾ ਹੀ ਯਤਨਸ਼ੀਲ ਹਨ ਉਹਨਾਂ ਪੰਜਾਬ ਦੇ ਬਹਾਦਰ ਲੋਕਾ ਨੂੰ ਅਪੀਲ ਕੀਤੀ ਕਿ ਪੰਜਾਬ ਦੀ ਬਿਹਤਰੀ ਲਈ 2027 ਵਿੱਚ ਭਾਜਪਾ ਦੀ ਸਰਕਾਰ ਬਣਾਉਣ ਤਾਕਿ ਸਹੀ ਅਰਥਾਂ ਵਿੱਚ ਪੰਜਾਬ ਅਤੇ ਪੰਜਾਬੀ ਲੋਕਾ ਦਾ ਵਿਕਾਸ ਹੋ ਸਕੇ ਇਸ ਮੌਕੇ ਵਿੱਕੀ ਪਰਜਾਪਤ ਗੁਰਦੇਵ ਸਿੰਘ ਮੱਕੜ ਸੂਬੇਦਾਰ ਅਵਤਾਰ ਸਿੰਘ ਆਦਿ ਆਗੂ ਹਾਜਰ ਸਨ।

## ਸੜਕ ਦਾ ਟੈਂਡਰ ਰੱਦ ਕਰਨ 'ਤੇ ਕਾਲੋਨੀ ਵਾਸੀਆਂ ਵੱਲੋਂ ਨਾਅਰੇਬਾਜ਼ੀ



ਬਰਨਾਲਾ, 15 ਜੂਨ (ਹਿਮਾਂਸ਼ੂ ਗਰਗ)- ਸਥਾਨਕ ਖੁੱਡੀ ਰੋਡ 'ਤੇ ਸਥਿਤ ਏਕਤਾ ਕਾਲੋਨੀ ਦੇ ਮੁੱਖ ਐਂਟਰੀ ਰਸਤੇ ਨੂੰ ਜਾਂਦੀ ਖ਼ਸਤਾਹਾਲ ਸੜਕ ਦੇ ਟੈਂਡਰ ਰੱਦ ਕਰਨ ਸਬੰਧੀ ਨਗਰ ਕੌਂਸਲ ਪ੍ਰਸ਼ਾਸਨ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਖ਼?ਲਾਫ਼ ਨਾਅਰੇਬਾਜੀ ਕੀਤੀ। ਇਸ ਮੌਕੇ ਬਾਰਾ ਸਿੰਘ, ਭੀਮ ਸਿੰਘ, ਸੁਖਜਿੰਦਰ ਸਿੰਘ, ਅਸ਼ੋਕ ਕੁਮਾਰ, ਪੰਕਜ ਜਿੰਦਲ, ਕਮਲ, ਰਮਜ਼ਾਨ ਖ਼ਾਨ, ਰਾਮ ਕੁਮਾਰ, ਤੁਸ਼ਾਰ ਸ਼ਰਮਾ ਰਵੀ, ਅਵਤਾਰ ਸਿੰਘ, ਕਮਲਜੀਤ ਸਿੰਘ, ਕਮਲਦੀਪ ਸਿੰਘ, ਗੁਰਮੀਤ ਸਿੰਘ ਗੀਤੂ, ਗੁਰਵਿੰਦਰ ਸਿੰਘ ਮੌੜ, ਗੁਰਜਿੰਦਰ ਸਿੰਘ ਆਦਿ ਨੇ ਕਿਹਾ ਕਿ ਕਲੋਨੀ ਦੀਆਂ ਸੜਕਾਂ ਖ਼ਸਤਾਹਾਲ ਹੋ ਚੁੱਕੀਆਂ ਹਨ ਤੇ ਥਾਂ-ਥਾਂ ਵੱਡੇ-ਵੱਡੇ ਟੋਏ ਪੈ ਚੁੱਕੇ ਹਨ, ਜਿਸ ਕਾਰਨ ਕਲੋਨੀ 'ਚ ਵੱਡੀ ਗਿਣਤੀ 'ਚ ਰਹਿ ਰਹੇ ਵਸਨੀਕਾਂ ਨੂੰ ਭਾਰੀ ਮੁਸ਼ਕਿਲਾਂ ਕਰਨਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅਪ੍ਰੈਲ ਮਹੀਨੇ ਵਿਚ ਨਗਰ ਕੌਂਸਲ ਬਰਨਾਲਾ ਵਲੋਂ ਸ਼ਹਿਰ ਦੇ ਵਿਕਾਸ ਕੰਮਾਂ ਲਈ ਕਰੀਬ 30 ਕਰੋੜ ਰੁਪਏ ਦੇ 139 ਕੰਮਾਂ ਦੇ ਟੈਂਡਰ ਲਗਾਏ ਗਏ ਸਨ, ਜਿਨ੍ਹਾਂ ਵਿਚ 98 ਨੰਬਰ 'ਤੇ ਏਕਤਾ ਕਲੋਨੀ ਵਿੱਚ ਇੰਟਰਲਾਕ ਟਾਈਲਾਂ ਅਤੇ ਸੜਕ ਦੇ ਨਿਰਮਾਣ ਲਈ 26.93 ਲੱਖ ਰੁਪਏ ਦਾ ਟੈਂਡਰ ਲਗਾਇਆ ਗਿਆ ਸੀ ਪਰ ਲੰਘੀ 22 ਮਈ ਨੂੰ ਨਗਰ ਕੌਂਸਲ ਬਰਨਾਲਾ ਵਲੋਂ 139 'ਚੋਂ 26 ਕੰਮਾਂ ਨੂੰ ਪ੍ਰਬੰਧਕੀ ਤੇ ਤਕਨੀਕੀ ਕਾਰਨਾਂ ਦਾ ਹਵਾਲਾ ਦੇ ਕੇ ਰੱਦ ਕਰ ਦਿੱਤਾ ਗਿਆ, ਜਿਨ੍ਹਾਂ ਵਿੱਚ ਏਕਤਾ ਕਲੋਨੀ ਦੀਆਂ ਸੜਕਾਂ ਦਾ ਕੰਮ ਵੀ ਸੀ।ਜਦੋਂ ਇਸ ਸਬੰਧੀ ਕਲੋਨੀ ਵਾਸੀਆਂ ਵਲੋਂ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨਾਲ ਮੁਲਾਕਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਕਾਲੋਨੀ ਦੇ ਕੰਮ ਦੇ ਰੱਦ ਹੋਏ ਟੈਂਡਰ ਸਬੰਧੀ ਉਹ ਦੁਬਾਰਾ ਰਿਪੋਰਟ ਮੰਗਵਾ ਕੇ ਜਾਂਚ ਕਰਵਾਉਣਗੇ ਤੇ ਜੇਕਰ ਇਸ ਕੰਮ ਵਿੱਚ ਕੋਈ ਅੜਚਣ ਹੈ ਤਾਂ ਉਸ ਨੂੰ ਦੂਰ ਕਰ ਜਲਦ ਹੀ ਕੰਮ ਕਰਵਾਇਆ ਜਾਵੇਗਾ।

# ਸਿਹਤ ਵਿਭਾਗ ਬਰਨਾਲਾ ਨੂੰ ਮਿਲੀ ਨਵੀਂ ਐਂਬੂਲੈਂਸ, ਐਮ.ਪੀ. ਮੀਤ ਹੇਅਰ ਨੇ ਦਿਖਾਈ ਹਰੀ ਝੰਡੀ



ਬਰਨਾਲਾ, 16 ਜੂਨ (ਕਪਿਲ)-ਪੰਜਾਬ ਸਰਕਾਰ ਸੂਬਾ ਵਾਸੀਆਂ ਨੂੰ ਮਿਆਰੀ ਅਤੇ ਸਮਾਂਬੱਧ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ। ਇਸੇ ਤਹਿਤ ਸਰਕਾਰ ਵਲੋਂ ਸੂਬਾ ਵਾਸੀਆਂ ਨੂੰ ਆਮ ਆਦਮੀ ਕਲੀਨਿਕਾਂ ਸਮੇਤ ਹੋਰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਹ ਪ੍ਰਗਟਾਵਾ ਲੋਕ ਸਭਾ ਮੈਂਬਰ ਸੰਗਰੂਰ ਗੁਰਮੀਤ ਸਿੰਘ ਮੀਤ ਹੇਅਰ ਨੇ ਅੱਜ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਬਰਨਾਲਾ ਤੋਂ ਐਂਬੂਲੈਂਸ ਨੂੰ ਹਰੀ ਝੰਡੀ ਦਿਖਾਉਣ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਡਿਪਟੀ ਕਮਿਸ਼ਨਰ ਸ੍ਰੀ ਟੀ ਬੈਨਿਥ ਦੀ ਹਾਜ਼ਰੀ ਵਿੱਚ ਐਂਬੂਲੈਂਸ ਦੀਆਂ ਚਾਬੀਆਂ ਸਿਵਲ ਸਰਜਨ ਡਾ. ਬਲਜੀਤ ਸਿੰਘ ਨੂੰ ਸੌਂਪੀਆਂ। ਇਸ ਮੌਕੇ ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰ ਵਲੋਂ ਸਿਹਤ ਸੇਵਾਵਾਂ ਦੇ ਖੇਤਰ ਵਿਚ ਉਪਰਾਲੇ ਅਤੇ ਸੁਧਾਰ ਕੀਤੇ ਜਾ ਰਹੇ ਹਨ, ਪਰ ਸਮਾਜ ਸੇਵੀਆਂ ਅਤੇ ਦਾਨੀ ਸੱਜਣਾਂ ਦਾ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਕਰੀਬ 16 ਲੱਖ ਦੀ ਐਂਬੂਲੈਂਸ ਦਾਨ ਕਰਨ ਲਈ ਦਾਨੀ ਸੱਜਣ ਬਲਤੇਜ ਸਿੰਘ ਭੁੱਲਰ (ਮੈਕ ਲਾਈਫ ਡੇਅਰੀ ਵਾਲੇ) ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਬਰਨਾਲਾ ਦਾਨੀ ਸੱਜਣਾਂ ਦੀ ਧਰਤੀ ਹੈ ਜੋ ਕਿ ਕਿਸੇ ਵੀ ਔਖੇ ਸਮੇਂ ਵਿੱਚ ਪ੍ਰਸ਼ਾਸਨ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੇ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰ ਵਲੋਂ ਜ਼ਿਲ੍ਹਾ ਬਰਨਾਲਾ ਦੇ ਹਸਪਤਾਲਾਂ ਵਿਚ ਸਿਹਤ ਸੇਵਾਵਾਂ ਅਤੇ ਸਹੂਲਤਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ ਪਰ ਐਮਰਜੈਂਸੀ ਸਹੂਲਤਾਂ ਜਿੰਨੀਆਂ ਜ਼ਿਆਦਾ ਹੋਣ, ਓਨਾ ਹੀ ਬਿਹਤਰ ਹੈ ਕਿਉਂਕਿ ਮਰੀਜ਼ ਲਈ ਪਹਿਲਾ ਇਕ ਘੰਟਾ ਗੋਲਡਨ ਆਵਰ ਹੁੰਦਾ ਹੈ, ਜਿਸ ਦੌਰਾਨ ਜੇਕਰ ਸਮੇਂ 'ਤੇ ਇਲਾਜ ਹੋਵੇ ਤਾਂ ਕੀਮਤੀ ਜਾਨਾਂ ਬਚ ਸਕਦੀਆਂ ਹਨ। ਇਸ ਮੌਕੇ ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਲੋਕਾਂ ਨੂੰ ਘਰਾਂ ਦੇ ਨੇੜੇ ਸਿਹਤ ਸਹੂਲਤਾਂ ਮੁਹਈਆ ਕਰਾਉਣ ਲਈ ਬਣਾਏ ਆਮ ਆਦਮੀ ਕਲੀਨਿਕਾਂ ਵਿੱਚ ਹੁਣ ਗਰਭਵਤੀ ਔਰਤਾਂ ਨੂੰ ਵੀ ਸਿਹਤ ਸੇਵਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਿਹਤ ਅਤੇ ਸਿੱਖਿਆ ਖੇਤਰ ਸਰਕਾਰ ਦੀ ਤਰਜੀਹ ਹੈ ਜਿਸ 'ਤੇ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਇਸ ਮੌਕੇ ਚੇਅਰਮੈਨ ਨਗਰ ਸੁਧਾਰ ਟਰੱਸਟ ਸ੍ਰੀ ਰਾਮ ਤੀਰਥ ਮੰਨਾ, ਮੈਂਬਰ ਐੱਸ ਸੀ ਕਮਿਸ਼ਨ ਰੁਪਿੰਦਰ ਸਿੰਘ ਸੀਤਲ, ਪ੍ਰਧਾਨ ਨਗਰ ਕੌਂਸਲ ਬਰਨਾਲਾ ਗੁਰਜੀਤ ਸਿੰਘ ਰਾਮਨਵਾਸੀਆ, ਮੈਕ ਲਾਈਫ ਡੇਅਰੀ ਤੋਂ ਸੁਖਮਿੰਦਰ ਸਿੰਘ, ਹਾਕਮ ਸਿੰਘ ਅਤੇ ਗੁਰਤੇਜ ਸਿੰਘ ਭੁੱਲਰ ਵੀ ਹਾਜ਼ਰ ਸਨ।

## ਨਗਰ ਕੌਂਸਲ ਲੌਂਗੋਵਾਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਮੀਤ ਪ੍ਰਧਾਨ ਦੀ ਸਰਬਸੰਮਤੀ ਨਾਲ ਚੋਣ



ਲੌਂਗੋਵਾਲ, 16 ਜੂਨ (ਭਗਵੰਤ) – ਨਗਰ ਕੌਂਸਲ ਲੌਂਗੋਵਾਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਮੀਤ ਪ੍ਰਧਾਨ ਦੀ ਚੋਣ ਅੱਜ ਸਰਬਸੰਮਤੀ ਨਾਲ ਦਫ਼ਤਰ ਵਿਖੇ ਹੋਈ, ਇਸ ਚੋਣ ਵਿੱਚ ਵਾਰਡ ਨੰਬਰ 5 ਤੋਂ ਜਸਪ੍ਰੀਤ ਕੌਰ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਵਾਰਡ ਨੰਬਰ 9 ਤੋਂ ਸੁਸ਼ਮਾ ਰਾਣੀ ਨੂੰ ਮੀਤ ਪ੍ਰਧਾਨ ਚੁਣਿਆ ਗਿਆ।ਇਸ ਚੋਣ ਮੌਕੇ ਸ੍ ਚਰਨਜੋਤ ਸਿੰਘ ਵਾਲੀਆ, ਡੀ ਐਮ ਸੰਗਰੂਰ, ਕਾਰਜ ਸਾਧਕ ਅਫਸਰ ਸ਼੍ਰੀ ਬਾਲ ਕ੍ਰਿਸ਼ਨ, ਡੀ ਐਸ ਪੀ ਸ੍ ਦਲਜੀਤ ਸਿੰਘ ਵਿਰਕ, ਨਗਰ ਕੌਂਸਲ ਪ੍ਰਧਾਨ ਸ਼੍ਰੀਮਤੀ ਪਰਮਿੰਦਰ ਕੌਰ, ਬਲਵਿੰਦਰ ਸਿੰਘ, ਰਿਤੂ ਰਾਣੀ, ਰਣਜੀਤ ਸਿੰਘ, ਰੀਨਾ ਰਾਣੀ, ਗੁਰਮੀਤ ਸਿੰਘ ਫ਼ੌਜੀ, ਮੇਲਾ ਸਿੰਘ, ਸੁਕਰ ਪਾਲ, ਨਸੀਬ ਕੌਰ, ਬਲਵਿੰਦਰ ਸਿੰਘ ਕਾਲਾ, ਗੁਰਮੀਤ ਸਿੰਘ ਲਾਲੀ, ਬਲਜਿੰਦਰ ਕੌਰ, ਜਗਜੀਤ ਸਿੰਘ ਕਾਲਾ (ਸਾਰੇ ਕੌਂਸਲਰ) ਵਿਸ਼ੇਸ਼ ਤੌਰ ਉਤੇ ਹਾਜ਼ਰ ਸਨ।ਇਸ ਤੋਂ ਇਲਾਵਾ ਸੰਜੀਵ ਕੁਮਾਰ ਪੀ ਏ ਸ਼੍ਰੀ ਅਮਨ ਅਰੋੜਾ, ਸਰਪੰਚ ਬਲਵਿੰਦਰ ਸਿੰਘ, ਰਾਜ ਸਿੰਘ, ਸੁਖਪਾਲ ਸਿੰਘ, ਵਿਕੀ ਵਸ਼ਿਸ਼ਟ ਬਲਾਕ ਪ੍ਰਧਾਨ, ਭੀਮ ਬਾਵਾ ਸਰਪੰਚ, ਜਗਰਾਜ ਸਿੰਘ ਸਰਪੰਚ, ਵਿਕੀ, ਬਲਵੰਤ ਸਿੰਘ ਐਸ ਐਚ ਓ ਲੌਂਗੋਵਾਲ, ਵਿਜੇ ਕੁਮਾਰ ਅਤੇ ਸੁਭਾਸ਼ ਸ਼ਰਮਾ ਵੀ ਹਾਜ਼ਰ ਸਨ।ਇਸ ਮੌਕੇ ਚੁਣੇ ਗਏ ਅਹੁਦੇਦਾਰਾਂ ਨੇ ਵਚਨਬੱਧਤਾ ਦੁਹਰਾਈ ਕਿ ਉਹ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੀ ਅਗਵਾਈ ਵਿੱਚ ਲੌਂਗੋਵਾਲ ਅਤੇ ਨਾਲ ਲੱਗਦੇ ਇਲਾਕਿਆਂ ਵਿੱਚ ਵਿਕਾਸ ਲਈ ਸਿਰ ਤੋੜ ਯਤਨ ਕਰਨਗੇ।

## ਖੇਤਰੀ ਟਰਾਂਸਪੋਰਟ ਅਫ਼ਸਰ ਵੱਲੋਂ ਵਾਹਨਾਂ ਦੀ ਚੈਕਿੰਗ

ਬਰਨਾਲਾ, 16 ਜੂਨ (ਕਪਿਲ)- ਖੇਤਰੀ ਟਰਾਂਸਪੋਰਟ ਅਫ਼ਸਰ ਸ਼੍ਰੀ ਹਰਪ੍ਰੀਤ ਸਿੰਘ ਅਟਵਾਲ ਨੇ ਵਾਹਨਾਂ ਦੀ ਚੈਕਿੰਗ ਕੀਤੀ ਜਿਸ ਦੌਰਾਨ ਵਾਹਨਾਂ ਦੇ ਦਸਤਾਵੇਜ਼ਾਂ ਅਤੇ ਲੋੜ ਨਾਲੋਂ ਵੱਧ ਭਾਰ ਚੋਣ ਵਾਲੇ ਵਾਹਨਾਂ ਦੇ ਚਲਾਨ ਕੱਟੇ । ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਕੁੱਲ 8 ਵਾਹਨ ਦਸਤਾਵੇਜ਼ ਪੂਰਾ ਨਾ ਹੋਣ ਕਰਕੇ ਜ਼ਬਤ ਕੀਤੇ ਗਏ ਅਤੇ ਉਨ੍ਹਾਂ ਦਾ ਕੁੱਲ 376000 ਰੁਪਏ ਦਾ ਚਲਾਨ ਕੱਟਿਆ ਗਿਆ।ਉਨ੍ਹਾਂ ਵਾਹਨਾਂ ਦੇ ਡਰਾਇਵਰਾਂ ਅਤੇ ਮਾਲਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਲਾਜ਼ਮੀ ਕਰਾਰ ਦਿੱਤੇ ਗਏ ਦਸਤਾਵੇਜ਼ ਆਪਣੇ ਕੋਲ ਅੱਪਡੇਟ ਰੱਖਣ । ਨਾਲ ਹੀ ਉਨ੍ਹਾਂ ਕਿਹਾ ਕਿ ਉਹ ਚੈਕਿੰਗ ਲੋਕਾਂ ਨੂੰ ਗੱਡੀਆਂ ਸਬੰਧੀ ਕਾਗਜ਼ਾਤ, ਗੱਡੀਆਂ ਦੇ ਸਾਂਭ ਸੰਭਾਲ ਅਤੇ ਸਰਕਾਰ ਦੇ ਨਿਰਦੇਸ਼ਾਂ ਬਾਰੇ ਜਾਗਰੂਕ ਕਰਨ ਲਈ ਨਿਰੰਤਰ ਕੀਤੀ ਜਾ ਰਹੀ ਹੈ।

# 21 ਸਾਲਾ ਸਾਜੀਆ ਦੀ ਖੂਹ 'ਚ ਡਿੱਗਣ ਨਾਲ ਮੌਤ



ਜੋਗਾ, 16 ਜੂਨ (ਵਿਰੋਦਰਪਾਲ ਮੰਤਰੋ) ਕਸਬਾ ਜੋਗਾ ਵਿਖੇ ਆਪਣੀ ਮਾਸੀ ਕੋਲ ਆਈ 21 ਸਾਲਾ ਲੜਕੀ ਸਾਜੀਆ ਦੀ ਖੂਹ ਵਿਚ ਡਿੱਗਣ ਨਾਲ ਮੌਤ ਹੋ ਗਈ।ਉਸ ਨੂੰ 6 ਘੰਟੇ ਦੀ ਮੁਸ਼ੱਕਤ ਤੋਂ ਬਾਅਦ ਐਨ.ਡੀ.ਆਰ.ਐਫ ਦੀਆਂ ਟੀਮਾਂ ਵੱਲੋਂ ਮੁਸ਼ਕਿਲ ਨਾਲ ਬਾਹਰ ਕੱਢਿਆ ਗਿਆ ਪਰ ਉਦੋਂ ਤੱਕ ਉਹ ਦਮ ਤੋੜ ਗਈ ਸੀ। ਇਸ ਘਟਨਾ ਨੂੰ ਲੈ ਕੇ ਨਗਰ ਅਤੇ ਇਲਾਕੇ ਵਿਚ ਅਫ਼ਸੋਸ ਛਾਇਆ ਹੋਇਆ ਹੈ। ਸਾਜੀਆ ਦੇ ਪਿਤਾ ਸ਼ਰੀਫ ਮੁਹਮਦ ਨੇ ਭਰੇ ਮਨ ਨਾਲ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਮੇਰੀ ਪੁੱਤਰੀ ਸਾਜੀਆ ਜਿਸ ਦੀ ਉਮਰ 21 ਸਾਲਾ ਸੀ ਉਹ ਆਪਣੀ ਮਾਸੀ ਕੋਲ ਜੋਗਾ ਵਿਖੇ ਆਈ ਹੋਈ ਸੀ। ਸਵੇਰ ਸਮੇਂ ਉਹ ਪਿੰਡ ਦੇ ਇਕ ਪੁਰਾਣੇ 120 ਫ਼ੁੱਟ ਡੂੰਘੇ ਖੂਹ ਵਿਚ ਡਿੱਗ ਗਈ। ਉਸ ਦੇ ਡਿੱਗਣ ਤੋਂ ਬਾਅਦ ਜਦੋਂ ਹੋਰਨਾਂ ਬੱਚਿਆਂ ਨੇ ਰੌਲਾ ਪਾਇਆ ਤਾਂ ਨਗਰ ਵਾਸੀ ਅਤੇ ਪੁਲਸ ਪ੍ਰਸ਼ਾਸ਼ਨ ਅਤੇ ਐਨ.ਡੀ.ਆਰ.ਐਫ ਦੀਆਂ ਟੀਮਾਂ ਪਹੁੰਚੀਆਂ। ਜਿਸ ਨੂੰ 6 ਘੰਟਿਆਂ ਬਾਅਦ ਬੜੀ ਮੁਸ਼ੱਕਤ ਨਾਲ ਖੂਹ ਵਿਚੋਂ ਬਾਹਰ ਕੱਢਿਆ ਗਿਆ। 120 ਫ਼ੁੱਟ ਡੂੰਘੇ ਪੁਰਾਣੇ ਖੂਹ ਵਿਚ 20 ਫ਼ੁੱਟ ਤੱਕ ਪਾਣੀ ਭਰਿਆ ਹੋਇਆ ਸੀ। ਪਾਣੀ ਵਿਚ ਡਿੱਗਣ ਅਤੇ ਆਕਸੀਜਨ ਨਾ ਮਿਲਣ ਕਾਰਨ ਉਸ ਦੀ ਮੌਤ ਹੋ ਗਈ। ਥਾਣਾ ਜੋਗਾ ਦੇ ਮੁਖੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਐਨ.ਡੀ.ਆਰ.ਆਫ ਦੀਆਂ ਟੀਮਾਂ ਨੇ ਲੜਕੀ ਸ਼ਾਜੀਆ ਨੂੰ ਬਾਹਰ ਕੱਢਿਆ ਤਾਂ ਉਸ ਦੀ ਮੌਤ ਹੋ ਚੁੱਕੀ ਸੀ। ਜਿਸ ਦੀ ਲਾਸ਼ ਨੂੰ ਪੋਸਟ ਮਾਰਟਮ ਲਈ ਸਿਵਲ ਹਸਪਤਾਲ ਮਾਨਸਾ ਭੇਜਿਆ ਗਿਆ।ਉਨ੍ਹਾਂ ਦੱਸਿਆ ਕਿ ਲੜਕੀ ਸ਼ਾਜੀਆ ਆਪਣੇ ਨਗਰ ਜੋਗਾ ਵਿਖੇ ਆਪਣੀ ਮਾਸੀ ਕੋਲ ਰਹਿਣ ਆਈ ਹੋਈ ਸੀ ਅਤੇ ਸੈਰ ਕਰਦੇ ਸਮੇਂ ਉਹ ਖੂਹ ਵਿਚ ਜਾ ਡਿੱਗੀ। ਉਨ੍ਹਾਂ ਦੱਸਿਆ ਕਿ ਬਾਕੀ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਮ੍ਰਿਤਕ ਲੜਕੀ ਦੇ ਮਾਸੜ ਬੂਟਾ ਸਿੰਘ ਨੇ ਦੱਸਿਆ ਕਿ ਇਹ ਘਟਨਾ ਕਿਵੇਂ ਵਾਪਰੀ ਸਮਝ ਤੋਂ ਬਾਹਰ ਹੈ। ਮਾਸੜ ਬੂਟਾ ਸਿੰਘ ਨੇ ਕਿਹਾ ਕਿ ਅਸੀਂ ਘਰ ਤੋਂ ਬਾਹਰ ਕੰਮ ਤੇ ਸੀ। ਇਸ ਨੂੰ ਲੈ ਕੇ ਪੀੜਤ ਲੜਕੀ ਦੇ ਪਰਿਵਾਰਾਂ ਅਤੇ ਪਿੰਡ ਵਿਚ ਮਾਤਮ ਛਾ ਗਿਆ।

## ਪੰਜ ਨਸ਼ਾ ਤਸਕਰਾਂ ਦੀ 64.62 ਲੱਖ ਰੁਪਏ ਦੀ ਜਾਇਦਾਦ ਜਬਤ : ਡੀ.ਐੱਸ.ਪੀ. ਦਮਨਬੀਰ ਸਿੰਘ



ਧੂਰੀ, 16 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ) - ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਸਬ ਡਵੀਜ਼ਨ ਧੂਰੀ ਦੀ ਪੁਲਿਸ ਵੱਲੋਂ ਨਸ਼ਾ ਵਿਰੁੱਧ ਸਖ਼ਤ ਕਾਰਵਾਈ ਜਾਰੀ ਹੈ।ਉਪ ਕਪਤਾਨ ਪੁਲਿਸ ਧੂਰੀ ਦਮਨਬੀਰ ਸਿੰਘ ਨੇ ਅੱਜ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ 9 ਤੋਂ 15 ਜੂਨ ਤੱਕ ਨਸ਼ਾ ਤਸਕਰਾਂ ਖ਼ਿਲਾਫ਼ 6 ਕੇਸ ਦਰਜ ਕਰਕੇ 6 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਕੋਲੋਂ 80.96 ਮਿਲੀਗ੍ਰਾਮ ਹੈਰੋਇਨ, 240 ਨਸ਼ੀਲੀਆਂ ਗੋਲੀਆਂ ਅਤੇ 2 ਕਿਲੋ ਭੁੱਕੀ ਚੂਰਾ ਪੋਸਤ ਬਰਾਮਦ ਹੋਈ।ਇਸ ਦੌਰਾਨ 15 ਨਸ਼ੇ ਦੇ ਆਦੀਆਂ ਦੀ ਪਛਾਣ ਕਰਕੇ ਉਨ੍ਹਾਂ ਦਾ ਇਲਾਜ ਵੀ ਸ਼ੁਰੂ ਕਰਵਾਇਆ ਗਿਆ, ਜਦਕਿ 3 ਹੋਰ ਕੇਸ 27-ਏ ਐਨ.ਡੀ.ਪੀ.ਐਸ ਐਕਟ ਅਧੀਨ ਦਰਜ ਕੀਤੇ ਗਏ ਹਨ। ਦਮਨਬੀਰ ਸਿੰਘ ਨੇ ਦੱਸਿਆ ਕਿ ਨਸ਼ੇ ਦੀ ਕਮਾਈ ਨਾਲ ਖਰੀਦੀ ਗਈ ਜਾਇਦਾਦਾਂ ਬਾਰੇ ਜਾਂਚ ਕੀਤੀ ਗਈ ਜਿਸ 'ਚ ਪੰਜ ਤਸਕਰਾਂ ਦੀ 64.62 ਲੱਖ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ। ਇਸ ਦੇ ਨਾਲ ਹੀ ਇੱਕ ਹੋਰ ਤਸਕਰ ਦੀ 22.34 ਲੱਖ ਦੀ ਜਾਇਦਾਦ ਫਰੀਜ਼ ਕਰਨ ਲਈ ਕੇਸ ਭੇਜਿਆ ਗਿਆ ਹੈ।ਡੀ.ਐੱਸ.ਪੀ. ਦਮਨਬੀਰ ਸਿੰਘ ਨੇ ਲੋਕਾਂ ਨੂੰ ਪੁਲਿਸ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਪੰਜਾਬ ਪੁਲਿਸ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਦਿਨ-ਰਾਤ ਮਿਹਨਤ ਕਰ ਰਹੀ ਹੈ।

## ਸਰਕਾਰੀ ਸਕੂਲਾਂ ਦੇ ਵਿਦਿਆਰਥੀ ਮਾਰ ਰਹੇ ਵੱਡੀਆਂ ਮੱਲਾਂ : ਰਾਏ



ਫ਼ਤਹਿਗੜ੍ਹ ਸਾਹਿਬ, 16 ਜੂਨ:(ਹਰਪ੍ਰੀਤ ਕੌਰ ਟਿਵਾਣਾ) :ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰ ਅੰਦੇਸ਼ੀ ਸੋਚ ਸਦਕਾ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦਾ ਬੁਨਿਆਦੀ ਢਾਂਚਾ ਮਜਬੂਤ ਕਰਨ ਅਤੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਵਿਸ਼ਵ-ਪੱਧਰੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਕੀਤੇ ਗਏ ਇਤਿਹਾਸਕ ਉਪਰਾਲਿਆਂ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ ਅਤੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਵੱਖ-ਵੱਖ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਵੱਡੀਆਂ ਮੱਲ੍ਹਾਂ ਮਾਰ ਕੇ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ 'ਤੇ ਸਫਲਤਾ ਦੀ ਮੋਹਰ ਲਗਾ ਰਹੇ ਹਨ। ਇਹ ਪ੍ਰਗਟਾਵਾ ਹਲਕਾ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਕਰਦਿਆਂ ਦੱਸਿਆ ਕਿ ਪਿਛਲੇ ਦਿਨੀਂ ਰਾਸ਼ਟਰੀ ਯੋਗਤਾ ਕਮ - ਦਾਖਲਾ ਪ੍ਰੀਖਿਆ (ਨੀਟ ਪ੍ਰੀਖਿਆ) ਦੇ ਨਤੀਜ਼ਿਆਂ ਵਿੱਚ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਦੇ 13 ਵਿਦਿਆਰਥੀਆਂ ਨੇ ਸਫਲਤਾ ਹਾਸਲ ਕਰਕੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ। ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਦੱਸਿਆ ਕਿ ਇਸ ਪ੍ਰੀਖਿਆ ਵਿੱਚ ਪੀ.ਐਮ. ਸ਼$ਰੀ ਸਰਹਿੰਦ ਮੰਡੀ ਦੀ ਵਿਦਿਆਰਥਣ ਭੂਮਿਕਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੁਪਾਲਹੇੜੀ ਦੀ ਗੁਰਲੀਨ ਕੌਰ, ਸਕੂਲ ਆਫ ਐਮੀਨੈਂਸ ਖਮਾਣੋਂ ਦੀ ਵਿਦਿਆਰਥਣ ਟਿਸ਼ਾ ਸੇਠੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਗਤਪੁਰ ਸੋਢੀਆਂ ਦਾ ਵਿਦਿਆਰਥੀ ਗੁਰਜੋਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚਨਾਰਥਲ ਕਲਾਂ ਦੀ ਵਿਦਿਆਰਥਣ ਗੁਰਸਿਮਰਨ ਕੌਰ, ਸਕੂਲ ਆਫ ਐਮੀਨੈਂਸ ਖਮਾਣੋਂ ਦੀ ਵਿਦਿਆਰਥਣ ਪਰਨੀਤ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਡਾਲੀ ਆਲਾ ਸਿੰਘ ਦੀ ਵਿਦਿਆਰਥਣ ਅਮਨਜੋਤ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਲੌੜ ਦੀ ਵਿਦਿਆਰਥਣ ਪ੍ਰਭਪ੍ਰੀਤ ਕੌਰ, ਪੀ.ਐਮ. ਸ਼$ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਮੰਡੀ ਗੋਬਿੰਦਗੜ੍ਹ ਦੇ ਵਿਦਿਆਰਥੀ ਸ਼ਿਵਮ, ਸਕੂਲ ਆਫ ਐਮੀਨੈਂਸ ਖਮਾਣੋਂ ਦੇ ਰਵਜੋਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਲਾਣਾ ਦੀ ਕੋਮਲਪ੍ਰੀਤ ਕੌਰ, ਦੀਪਕਿਰਨ ਕੌਰ ਅਤੇ ਤਨਿਸ਼ਾ ਨੇ ਸਫਲਤਾ ਹਾਸਲ ਕੀਤੀ ਹੈ ਜੋ ਕਿ ਸਾਡੇ ਲਈ ਮਾਣ ਦੀ ਗੱਲ ਹੈ।ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਕੋਈ ਸਮਾਂ ਸੀ ਜਦੋਂ ਮਾਪੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜ਼ੀਹ ਦਿੰਦੇ ਸਨ ਕਿਉਂਕਿ ਉਸ ਸਮੇਂ ਦੀਆਂ ਸਰਕਾਰਾਂ ਨੇ ਸਰਕਾਰੀ ਸਕੂਲਾਂ ਵੱਲੋਂ ਨਜ਼ਰਾਂ ਫੇਰ ਲਈਆਂ ਗਈਆਂ ਸਨ ਜਿਸ ਕਾਰਨ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀ ਨਾ ਮਾਤਰ ਗਿਣਤੀ ਵਿੱਚ ਹੀ ਰਹਿ ਗਏ ਸਨ।

## ਧਾਨਕ ਸਮਾਜ ਦੇ ਨੌਜਵਾਨਾਂ ਵੱਲੋਂ ਸੰਤ ਕਬੀਰ ਜੀ ਦਾ ਪ੍ਰਗਟ ਦਿਵਸ ਮਨਾਇਆ ਗਿਆ

ਤਪਾ ਮੰਡੀ, 16 ਜੂਨ (ਭੂਸ਼ਨ ਘੜੈਲਾ)- ਧਾਨਕ ਸਮਾਜ ਤਪਾ ਵੱਲੋਂ ਢਿੱਲਵਾਂ ਰੋਡ ਵਾਰਡ ਨੰਬਰ 3 ਵਿਖੇ ਸੰਤ ਕਬੀਰ ਜੀ ਦੇ ਪ੍ਰਗਟ ਦਿਵਸ ਮਨਾਇਆ ਗਿਆ। ਜਿੱਥੇ ਕਿ ਪ੍ਰਗਟ ਦਿਵਸ ਮੌਕੇ ਸੰਤ ਕਬੀਰ ਜੀ ਦੇ ਜੀਵਨ ਬਾਰੇ ਵਿਸਥਾਰ ਨਾਲ ਦੱਸਿਆ ਦੱਸਿਆਂ ਗਿਆ ਅਤੇ ਜੋਤੀ ਪ੍ਰਚੰਡ ਦੀ ਰਸਮ ਰਵੀ ਕੁਮਾਰ ਡਾਬਰਾ ਕੀਤੀ ਗਈ ਅਤੇ ਮਹਿਮਾਨ ਹਲਕਾ ਰਾਮਪੁਰਾ ਫੂਲ ਦੇ ਕੋਆਰਡੀਨੇਟਰ ਇੰਚਾਰਜ ਅਤੇ ਹਲਕਾ ਭਦੌੜ ਦੇ ਕਾਂਗਰਸੀ ਆਗੂ ਰਾਜਵਿੰਦਰ ਸਿੰਘ ਸੀਤਲ ਵਿਸ਼ੇਸ਼ ਤੌਰ ਪੁੱਜੇ ਅਤੇ ਧਾਨਕ ਸਮਾਜ ਦੇ ਨੌਜਵਾਨਾ ਵੱਲੋਂ ਸੀਤਲ ਨੂੰ ਸਨਮਾਨਿਤ ਕੀਤਾ ਗਿਆ। ਕੌਂਸਲਰ ਪ੍ਰਵੀਨ ਕੁਮਾਰੀ, ਸ਼ਹਿਰੀ ਕਾਂਗਰਸ ਦੇ ਪ੍ਰਧਾਨ ਡਾਕਟਰ ਹਰਿੰਦਰ ਗੋਗੀ, ਮੌਜੀ ਪੂਨੀਆ, ਮੋਹਿਤ ਕੁਮਾਰ ਮੇਸੀ,ਵਿਨੋਦ ਕੁਮਾਰ ਕਾਲਾ ਐਮ ਸੀ, ਜਗਦੇਵ ਜੱਗਾ ਰਾਮ, ਅਸ਼ੋਕ ਕੁਮਾਰ ਸੋਕੀ , ਓਮ ਪ੍ਰਕਾਸ਼ , ਛੱਜੂ ਰਾਮ,ਪਾਲਾ, ਵਿੱਕੀ, ਗੋਪਾਲ ਰਾਮ, ਮੋਹਿਤ, ਰੋਹਿਤ, ਸ਼ਨੀ, ਰਵੀ, ਕਾਕੂ, ਵਿਨੋਦ, ਪੰਕਜ, ਬੀਰੂ, ਲਛਮਣ,ਸਿਕੰਦਰ,ਮੰਗਤ ਰਾਮ , ਵਿਨੋਦ ਕਿਰਾੜ, ਸੰਧੂ ਰਾਮ ਆਦਿ ਸਨ।

# ਲਹਿਰਾ ਪੁਲਿਸ ਵੱਲੋਂ ਤਿੰਨ ਮਹੀਨਿਆਂ 'ਚ ਐਨ.ਡੀ.ਪੀ.ਐਸ. ਐਕਟ ਅਧੀਨ 24 ਮੁਕੱਦਮੇ ਦਰਜ



ਲਹਿਰਾਗਾਗਾ 16 ਜੂਨ (ਗੁਰਦੀਪ ਸਿੰਘ):—ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀਜੀਪੀ ਪੰਜਾਬ ਗੌਰਵ ਯਾਦਵ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਚਲਾਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ, ਜ਼ਿਲਾ ਪੁਲਿਸ ਮੁਖੀ ਸਰਤਾਜ ਸਿੰਘ ਚਹਿਲ (ਆਈਪੀਐਸ ) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲਹਿਰਾਗਾਗਾ ਪੁਲਿਸ ਨੇ ਪਿਛਲੇ ਤਿੰਨ ਮਹੀਨਿਆਂ ਵਿੱਚ ਦਰਜਨਾਂ ਨਸ਼ਾ ਸਮਗਲਰਾਂ ਨੂੰ ਕਾਬੂ ਕਰਕੇ ਭਾਰੀ ਮਾਤਰਾ ਵਿੱਚ ਨਸ਼ਾ ਬਰਾਮਦ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਐਸਪੀ ਦਪਿੰਦਰਪਾਲ ਸਿੰਘ ਜੇਜੀ (ਪੀਪੀਐਸ) ਨੇ ਦੱਸਿਆ ਕਿ ਲਹਿਰਾ ਪੁਲਿਸ ਨੇ ਪਿਛਲੇ ਤਿੰਨ ਮਹੀਨਿਆਂ ਵਿੱਚ ਐਨਡੀਪੀਐਸ ਐਕਟ ਅਧੀਨ 24 ਮੁਕਦਮੇ ਦਰਜ ਰਜਿਸਟਰ ਕਰਕੇ 28 ਨਸ਼ਾ ਸਮਗਲਰਾਂ ਨੂੰ ਗਿਰਫਤਾਰ ਕਰਦਿਆਂ ਜੇਲ੍ਹ ਵਿੱਚ ਭੇਜਿਆ ਹੈ। ਇਹਨਾਂ ਵਿਅਕਤੀਆਂ ਕੋਲੋਂ 3061 ਨਸ਼ੀਲੀਆਂ ਗੋਲੀਆਂ , 63 ਨਸ਼ੀਲੀ ਦਵਾਈ ਦੀਆਂ ਸ਼ੀਸ਼ੀਆਂ,99.44 ਗ੍ਰਾਮ ਹੈਰੋਇਨ/ ਚਿੱਟਾ, 2 ਕਿਲੋ 104 ਗ੍ਰਾਮ ਸੁਲਫਾ ਬਰਾਮਦ ਕੀਤਾ ਗਿਆ ਹੈ। ਇਸ ਤੋਂ ਇਲਾਵਾ ਨਸ਼ਾ ਕਰਨ ਦੇ ਆਦੀ 32 ਵਿਅਕਤੀਆਂ ਨੂੰ ਯੋਗ ਕਾਰਵਾਈ ਤਹਿਤ ਰਜਿਸਟਰ ਕਰਵਾ ਕੇ ਨਸ਼ਾ ਛਡਾਊ ਕੇਂਦਰ ਤੋਂ ਦਵਾਈ ਦਵਾਈ ਗਈ ਹੈ। ਇਸਦੇ ਨਾਲ ਹੀ ਨਸ਼ੇ ਦੇ ਆਦੀ ਪੰਜ ਵਿਅਕਤੀਆਂ ਨੂੰ ਨਸ਼ਾ ਛਡਾਊ ਕੇਂਦਰਾਂ ਵਿੱਚ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ।ਐਕਸਾਈਜ਼ ਐਕਟ ਤਹਿਤ ਕਾਰਵਾਈ ਕਰਦੇ ਹੋਏ 32 ਮੁਕਦਮੇ ਦਰਜ ਕਰਕੇ 31 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਜਿਨਾਂ ਪਾਸੋਂ 2680 ਲੀਟਰ ਲਾਹਣ ,214 ਬੋਤਲਾਂ ਨਜਾਇਜ਼ ਸ਼ਰਾਬ, 293 ਬੋਤਲਾਂ ਸ਼ਰਾਬ ਠੇਕਾ ਦੇਸੀ, 96 ਬੋਤਲਾਂ ਸ਼ਰਾਬ ਠੇਕਾ ਦੇਸੀ (ਹਰਿਆਣਾ) ,ਤਿੰਨ ਬੋਤਲਾਂ ਅੰਗਰੇਜ਼ੀ ਸ਼ਰਾਬ ਬਰਾਮਦ ਕੀਤੀ ਗਈ ਹੈ। ਇਸ ਦੇ ਨਾਲ ਹੀ ਐਨਡੀਪੀਐਸ ਐਕਟ ਅਧੀਨ ਜੋ ਦੋਸ਼ੀ ਜਮਾਨਤ ਤੇ ਜੇਲ ਤੋਂ ਬਾਹਰ ਆਏ ਹਨ ਉਹਨਾਂ ਦੀਆਂ ਗਤੀ ਵਿਧੀਆਂ ਤੇ 24 ਘੰਟੇ ਤਿੱਖੀ ਨਜ਼ਰ ਰੱਖੀ ਹੋਈ ਹੈ। ਜੇਕਰ ਕਿਸੇ ਵੀ ਜਮਾਨਤ ਤੇ ਆਏ ਦੋਸ਼ੀ ਵੱਲੋਂ ਨਸ਼ਾ ਵੇਚਣ ਸਬੰਧੀ ਜਾਣਕਾਰੀ ਨੋਟਿਸ ਵਿੱਚ ਆਉਂਦੀ ਹੈ ਤਾਂ ਉਹਨਾਂ ਦੀਆਂ ਜਮਾਨਤਾਂ ਤੁਰੰਤ ਰੱਦ ਕਰਵਾ ਕੇ ਯੋਗ ਕਾਰਵਾਈ ਕਰਦੇ ਹੋਏ ਉਹਨਾਂ ਨੂੰ ਦੁਬਾਰਾ ਜੇਲਾਂ ਵਿੱਚ ਭੇਜਿਆ ਜਾਵੇਗਾ।ਉਨ੍ਹਾਂ ਕਿਹਾ ਕਿ ਇਲਾਕਾ ਹਰਿਆਣਾ ਦੇ ਨਾਲ ਲੱਗਦਾ ਹੋਣ ਦੇ ਚਲਦੇ ਸਮੇਂ ਸਮੇਂ ਤੇ ਇੰਟਰਸਟੇਟ ਨਾਕੇਬੰਦੀ ਕਰਕੇ ਸ਼ੱਕੀ ਵਾਹਨਾ ਤੇ ਨਸ਼ਾ ਸਮਗਲਰਾਂ ਤੇ ਤਿੱਖੀ ਨਜ਼ਰ ਰੱਖੀ ਜਾਂਦੀ ਹੈ। ਤਾਂ ਜੋ ਇਲਾਕੇ ਨੂੰ ਨਸ਼ਾ ਮੁਕਤ ਬਣਾਇਆ ਜਾ ਸਕੇ, ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਾ ਸਮਗਲਰਾਂ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ ਜਾਵੇ, ਜਾਣਕਾਰੀ ਦੇਣ ਵਾਲੇ ਦਾ ਨਾਮ ਅਤੇ ਪਤਾ ਗੁਪਤ ਰੱਖਿਆ ਜਾਵੇਗਾ। ਇਸ ਮੌਕੇ ਉਹਨਾਂ ਨਾਲ ਥਾਣਾ ਸਦਰ ਦੇ ਇੰਚਾਰਜ ਕਰਮਜੀਤ ਸਿੰਘ ਅਤੇ ਸਬ ਇੰਸਪੈਕਟਰ ਸ਼ਗਨਪ੍ਰੀਤ ਸਿੰਘ ਵੀ ਹਾਜ਼ਰ ਸਨ। ਤਾਂ ਜੋ ਇਲਾਕੇ ਨੂੰ ਨਸ਼ਾ ਮੁਕਤ ਬਣਾਇਆ ਜਾ ਸਕੇ, ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਾ ਸਮਗਲਰਾਂ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ ਜਾਵੇ, ਜਾਣਕਾਰੀ ਦੇਣ ਵਾਲੇ ਦਾ ਨਾਮ ਅਤੇ ਪਤਾ ਗੁਪਤ ਰੱਖਿਆ ਜਾਵੇਗਾ। ਇਸ ਮੌਕੇ ਉਹਨਾਂ ਨਾਲ ਥਾਣਾ ਸਦਰ ਦੇ ਇੰਚਾਰਜ ਕਰਮਜੀਤ ਸਿੰਘ ਅਤੇ ਸਬ ਇੰਸਪੈਕਟਰ ਸ਼ਗਨਪ੍ਰੀਤ ਸਿੰਘ ਵੀ ਹਾਜ਼ਰ ਸਨ।

## ਨੌਜਵਾਨ ਨੇ ਕੀਤਾ ਨਾਬਾਲਿਗਾ ਨਾਲ ਜਬਰ ਜਨਾਹ ਪੁਲਿਸ ਵੱਲੋਂ ਕੇਸ ਦਰਜ

ਲਹਿਰਾਗਾਗਾ, 16 ਜੂਨ (ਗੁਰਦੀਪ ਸਿੰਘ)- ਨੇੜਲੇ ਪਿੰਡ ਭਾਈ ਕੀ ਪਿਸ਼ੌਰ ਵਿਖੇ ਆਪਣੀ ਭੈਣ ਦੇ ਘਰ ਆਏ ਇੱਕ ਨੌਜਵਾਨ ਵਲੋਂ ਇੱਕ ਗਰੀਬ ਪਰਿਵਾਰ ਦੀ 8 ਸਾਲਾ ਬੱਚੀ ਨਾਲ ਜਬਰ ਜਿਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਡੀ.ਐਸ.ਪੀ ਦੀਪਇੰਦਰ ਪਾਲ ਸਿੰਘ ਜੇਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਪੀੜਤ ਲੜਕੀ ਦੇ ਪਿਤਾ ਗੁਰਦਿੱਤ ਸਿੰਘ ਵਾਸੀ ਭਾਈ ਕੀ ਪਿਸ਼ੌਰ ਜੋ ਕਿ ਮਿਹਨਤ ਮਜਦੂਰੀ ਦਾ ਕੰਮ ਕਰਦਾ ਹੈ ,ਨੇ ਪੁਲਿਸ ਕੋਲ ਆਪਣੇ ਲਿਖਤੀ ਬਿਆਨ ਵਿੱਚ ਦੱਸਿਆ ਕਿ ਉਸ ਦੀਆਂ ਤਿੰਨ ਲੜਕੀਆਂ ਹਨ, ਵੱਡੀ ਲੜਕੀ ਦੀ ਉਮਰ ਕਰੀਬ 8 ਸਾਲ ਹੈ। ਉਹ ਹਰ ਰੋਜ਼ ਦੀ ਤਰ੍ਹਾਂ ਉਹ ਕੰਮ 'ਤੇ ਗਿਆ ਹੋਇਆ ਸੀ ਅਤੇ ਉਸ ਦੇ ਘਰ ਵਾਲੀ ਵੀ ਆਪਣੇ ਕੰਮਕਾਜ ਲਈ ਕਿਸੇ ਦੇ ਘਰ ਗਈ ਹੋਈ ਸੀ ਤੇ ਘਰ ਵਿੱਚ ਮੇਰੀਆਂ ਤਿੰਨੋ ਲੜਕੀਆਂ ਇਕੱਲੀਆਂ ਸਨ, ਜਦੋਂ ਮੈਂ ਕਰੀਬ 11 ਵਜੇ ਘਰ ਆਇਆ, ਤਾਂ ਦੇਖਿਆ ਕਿ ਵੱਡੀ ਲੜਕੀ ਘਰ ਨਹੀਂ ਸੀ। ਉਸ ਦੀ ਭਾਲ ਕਰਦਾ ਹੋਇਆ ਮੈਂ ਜਦੋਂ ਪਿੰਡ ਦੇ ਹੀ ਕਾਕਾ ਸਿੰਘ ਪੁੱਤਰ ਧੰਨਾ ਸਿੰਘ ਦੇ ਘਰ ਕੋਲ ਪਹੁੰਚਿਆ ਤਾਂ ਘਰ ਅੰਦਰੋਂ ਮੇਰੀ ਲੜਕੀ ਦੇ ਰੋਣ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ, ਜਦੋਂ ਮੈਂ ਘਰ ਅੰਦਰ ਦਾਖਲ ਹੋਇਆ ਤਾਂ ਦੇਖਿਆ ਕਿ ਕਾਕਾ ਸਿੰਘ ਦੇ ਘਰ ਉਸ ਦਾ ਸਾਲਾ ਹਰਪ੍ਰੀਤ ਸਿੰਘ ਉਰਫ ਹੈਪੀ ਵਾਸੀ ਪਿੰਡ ਰਿਉਂਦ ਕਲਾਂ ਜ਼ਿਲ੍ਹਾ ਮਾਨਸਾ ਮੇਰੀ ਲੜਕੀ ਨਾਲ ਗਲਤ ਹਰਕਤਾਂ ਕਰ ਰਿਹਾ ਸੀ, ਜੋ ਕਿ ਮੈਨੂੰ ਦੇਖ ਕੇ ਭੱਜ ਗਿਆ, ਮੈਂ ਆਪਣੀ ਰੋਂਦੀ ਕੁਰਲਾਂਦੀ ਲੜਕੀ ਨੂੰ ਘਰ ਲੈ ਆਇਆ ਤੇ ਸਾਰੀ ਕਹਾਣੀ ਪਿੰਡ ਦੇ ਸਰਪੰਚ ਨੂੰ ਦੱਸੀ, ਉਸ ਤੋਂ ਬਾਅਦ ਮੈਂ ਤੇ ਮੇਰੇ ਘਰ ਵਾਲੀ ਮੇਰੀ ਪੀੜਤ ਲੜਕੀ ਨੂੰ ਸਰਪੰਚ ਦੀ ਗੱਡੀ ਵਿੱਚ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ, ਉਨ੍ਹਾਂ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਦੀ ਮੰਗ ਕੀਤੀ ਹੈ, ਪੁਲਿਸ ਨੇ ਮੁਲਜ਼ਮ ਨੂੰ ਕਾਬੂ ਕਰ ਲਿਆ ਹੈ ਤੇ ਪੀੜਤ ਨਬਾਲਗ ਲੜਕੀ ਦੇ ਪਿਤਾ ਦੇ ਬਿਆਨਾਂ ਦੇ ਅਧਾਰ 'ਤੇ ਕਥਿਤ ਦੋਸ਼ੀ ਹਰਪ੍ਰੀਤ ਸਿੰਘ ਉਰਫ ਹੈਪੀ ਦੇ ਵਿਰੁੱਧ ਵੱਖ ਵੱਖ ਧਾਰਾਵਾਂ ਤਹਿਤ ਤੇ ਪਾਸਕੋ ਐਕਟ ਦੇ ਤਹਿਤ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਅਣਪਛਾਤੇ ਚੋਰਾਂ ਖ਼ਿਲਾਫ਼ ਮਾਮਲਾ ਦਰਜ

ਤਪਾ ਮੰਡੀ, 16 ਜੂਨ (ਭੂਸ਼ਨ ਘੜੈਲਾ)-ਪਿੰਡ ਤਾਜੋਕੇ ਪੀਰਖਾਨਾ ਵਿਖੇ ਹੋਈ ਚੋਰੀ 'ਚ ਅਣਪਛਾਤੇ ਚੋਰਾਂ ਖਿਲਾਫ ਮਾਮਲਾ ਦਰਜ ਕਰਕੇ ਇੱਕ ਚੋਰ ਦੀ ਪਹਿਚਾਣ ਹੋ ਗਈ ਹੈ,ਜੋ ਪੁਲਸ ਦੀ ਗਿMਰਫਤ ਤੋਂ ਦੂਰ ਦੱਸਿਆ ਜਾ ਰਿਹਾ ਹੈ।ਇਸ ਸੰਬੰਧੀ ਤਾਣਾ ਮੁੱਖੀ ਸਰੀਫ ਖਾਨ ਨੇ ਦੱਸਿਆ ਕਿ ਪੀਰਖਾਨਾ ਕਮੇਟੀ ਦੇ ਪ੍ਰਬੰਧਕ ਜਗਸੀਰ ਰਾਮ ਨੇ ਪੁਲਸ ਪਾਸ ਬਿਆਨ ਦਰਜ ਕਰਵਾਏ ਹਨ ਕਿ 12-13 ਜੂਨ ਦੀ ਮੱਧਰਾਤਰੀ ਨੂੰ ਤਿੰਨ ਅਣਪਛਾਤੇ ਚੋਰਾਂ ਨੇ ਪੀਰਖਾਨੇ ਵਿੱਚੋਂ 2 ਗੈਸ਼ ਸਿਲੰਡਰ,ਤਿੰਨ ਗੈਸ਼ ਵਾਲੀਆਂ ਭੱਠੀਆਂ,ਖਾਣਾ ਬਣਾਉਣ ਵਾਲਾ ਇੱਕ ਵੱਡਾ ਦੇਗਾ ,ਤਿੰਨ ਗੱਟੇ ਕਣਕ ਵਜਨ ਡੇਢ ਕੁਇੰਟਲ,1 ਐਲ.ਸੀ.ਡੀ ਅਤੇ 15 ਹਜਾਰ ਰੁਪਏ ਦੇ ਕਰੀਬ ਨਗਦੀ ਚੋਰੀ ਕਰਕੇ ਲੈ ਗਏ। ਪੁਲਸ ਨੇ ਵੱਖ-ਵੱਖ ਧਾਰਾਵਾਂ ਹੇਠ ਮਾਮਲਾ ਦਰਜ ਕਰਕੇ ,ਦੋਸ਼ੀਆਂ ਨੂੰ ਫੜਨ ਲਈ ਵੱਖ-ਵੱਖ ਟੀਮਾਂ ਬਣਾਕੇ ਦੋਸ਼ੀਆਂ ਨੂੰ ਫੜਨ ਲਈ ਛਾਪਾਮਾਰੀ ਕੀਤੀ ਜਾ ਰਹੀ ਹੈ। ਪੁਲਸ ਨੇ ਇੱਕ ਚੋਰ ਦੀ ਪਹਿਚਾਣ ਕਰ ਲਈ ਹੈ ਪਰ ਪੁਲਸ ਦੀ ਗਿMਰਫਤ ਤੋਂ ਬਾਹਰ ਦੱਸਿਆ ਜਾ ਰਿਹਾ ਹੈ।

## ਵਪਾਰ ਮੰਡਲ ਦੀ ਮੀਟਿੰਗ 'ਚ ਵਪਾਰੀਆਂ ਦੀਆਂ ਸਮੱਸਿਆਵਾਂ ਅਤੇ ਮੰਗਾਂ ਤੇ ਹੋਇਆ ਵਿਚਾਰ ਵਟਾਂਦਰਾ



ਬਰਨਾਲਾ, 16 ਜੂਨ (ਸੁਖਵਿੰਦਰ ਸਿੰਘ ਭੰਡਾਰੀ)- ਵਪਾਰ ਮੰਡਲ ਬਰਨਾਲਾ ਦੀ ਮੀਟਿੰਗ ਪ੍ਰਾਚੀਨ ਸ਼ਿਵ ਮੰਦਿਰ ਨੇੜੇ ਰੇਲਵੇ ਸਟੇਸ਼ਨ ਬਰਨਾਲਾ ਵਿਖੇ ਪ੍ਰਧਾਨ ਨਾਇਬ ਸਿੰਘ ਕਾਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਜਨਰਲ ਸਕੱਤਰ ਰਾਮ ਲਾਲ ਬਦਰਾ ਨੇ ਕਿਹਾ ਕਿ ਮੀਟਿੰਗ ਦੌਰਾਨ ਵਪਾਰੀਆਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ। ਉਨ੍ਹਾਂ ਕਿਹਾ ਕਿ ਵਪਾਰੀ ਵਰਗ ਸਰਕਾਰ ਨੂੰ ਸਭ ਤੋਂ ਵੱਧ ਟੈਕਸ ਦਿੰਦਾ ਹੈ ਪ੍ਰੰਤੂ ਕਿਸੇ ਵਪਾਰੀ ਤੇ ਮੁਸੀਬਤ ਆਉਣ ਤੇ ਸਰਕਾਰ ਵੱਲੋਂ ਕੋਈ ਰਾਹਤ ਨਹੀਂ ਦਿੱਤੀ ਜਾਂਦੀ। ਵਪਾਰੀਆਂ ਨੂੰ ਕੁਦਰਤੀ ਅਤੇ ਮਨੁੱਖੀ ਆਫ਼ਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਵੇਂ ਕਿ ਕਰੋਨਾ ਸਮੇਂ ਤੋਂ ਲੈ ਕੇ ਹੁਣ ਤੱਕ ਵਪਾਰੀ ਵਰਗ ਸੰਭਲ ਨਹੀਂ ਸਕਿਆ ਪ੍ਰੰਤੂ ਵਪਾਰੀਆਂ ਨੂੰ ਸਰਕਾਰ ਨੇ ਕੋਈ ਰਾਹਤ ਨਹੀਂ ਦਿੱਤੀ। ਇਸ ਤਰ੍ਹਾਂ ਪੰਜਾਬ ਅੰਦਰ ਹੋ ਰਹੀਆਂ ਚੋਰੀਆਂ ਨਾਲ ਵਪਾਰੀਆਂ ਨੂੰ ਬਹੁਤ ਨੁਕਸਾਨ ਝੱਲਣਾ ਪੈਂਦਾ ਹੈ। ਮੀਟਿੰਗ ਦੌਰਾਨ ਮੰਗ ਕੀਤੀ ਗਈ ਕਿ ਜੇਕਰ ਕਿਸੇ ਵਪਾਰੀ ਨੂੰ ਚੋਰੀ ਜਾਂ ਲੁੱਟ ਖੋਹ ਨਾਲ ਕੋਈ ਨੁਕਸਾਨ ਹੁੰਦਾ ਹੈ ਤਾਂ ਸਰਕਾਰ ਚੋਰਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੇ ਨਾਲ ਨਾਲ ਵਪਾਰੀਆਂ ਦੇ ਹੋਏ ਨੁਕਸਾਨ ਦੀ ਭਰਪਾਈ ਵੀ ਕਰੇ। ਇਸ ਦੌਰਾਨ ਵਪਾਰ ਮੰਡਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਨਲਾਈਨ ਜਾਂ ਵੱਡੇ ਅਦਾਰਿਆਂ ਤੋਂ ਸਮਾਨ ਖਰੀਦਣ ਦੀ ਬਜਾਏ ਬਾਜ਼ਾਰ ਚੋਂ ਹੀ ਛੋਟੇ ਵਪਾਰੀਆਂ ਤੋਂ ਹੀ ਸਮਾਨ ਖਰੀਦਣ। ਇਹ ਛੋਟਾ ਵਪਾਰੀ ਹੀ ਹੈ ਜਿਹੜਾ ਕਿ ਲੋੜ ਪੈਣ ਤੇ ਤੁਹਾਡੇ ਨਾਲ ਖੜ੍ਹਦਾ ਹੈ। ਸਾਂਝੇ ਸਮਾਜਿਕ ਅਤੇ ਧਾਰਮਿਕ ਪ੍ਰੋਗਰਾਮਾਂ ਲਈ ਜਦੋਂ ਦਾਨ ਦੀਆਂ ਪਰਚੀਆਂ ਆਮ ਵਪਾਰੀ ਹੀ ਕਟਵਾਉਂਦੇ ਹਨ ਤਾਂ ਸਮਾਨ ਆਨਲਾਈਨ ਕਿਉਂ ਮੰਗਵਾਇਆ ਜਾਂਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਜ਼ਰੂਰੀ ਸਮਾਨ ਆਨਲਾਈਨ ਦੀ ਬਜਾਏ ਬਾਜ਼ਾਰ ਚੋਂ ਹੀ ਖMਰੀਦਣ। ਇਸ ਮੌਕੇ ਹਰਪਾਲ ਬਾਲਾ, ਫ਼ਕੀਰ ਚੰਦ, ਸੁਖਦੀਪ ਕੁਮਾਰ, ਸੁਰਿੰਦਰ ਠੀਕਰੀਵਾਲ,ਧਰਮ ਪਾਲ ਹਮੀਦੀ ਵਾਲੇ, ਲਛਮਣ ਦਾਸ ਅਲਾਲ ਵਾਲੇ, ਬਲਵਿੰਦਰ ਕੁਮਾਰ,ਸਤ ਪ੍ਰਕਾਸ਼, ਵਿਜੇ ਕੁਮਾਰ ਆਦਿ ਹਾਜ਼ਰ ਸਨ।

## ਆਨਲਾਈਨ ਕਲਾਸ ਦੁਆਰਾ ਵਾਈਐਸ ਸਕੂਲ ਵਿੱਚ ਐਫ਼ ਜੀ ਐਮਯੂਐਨ 3.0 ਦੀਆਂ ਤਿਆਰੀਆਂ ਪੂਰੇ ਜ਼ੋਰਾਂ 'ਤੇ

ਬਰਨਾਲਾ, 16 ਜੂਨ (ਅਮਨਦੀਪ ਸਿੰਘ) – ਵਾਈਐਸ ਸਕੂਲ ਬਰਨਾਲਾ ਨੇ 26 ਅਤੇ 27 ਜੁਲਾਈ, 2025 ਨੂੰ ਹੋਣ ਵਾਲੀ ਆਉਣ ਵਾਲੀ ਐਫ਼ ਜੀ ਐਮਯੂਐਨ 3.0 ਕਾਨਫਰੰਸ ਲਈ ਆਪਣੇ ਵਿਦਿਆਰਥੀਆਂ ਨੂੰ ਪਹਿਲਾਂ ਹੀ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ। ਗਰਮੀਆਂ ਦੀਆਂ ਛੁੱਟੀਆਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ, ਸਕੂਲ ਵਿਦਿਆਰਥੀਆਂ ਨੂੰ ਸਿਖਲਾਈ ਦੇਣ ਅਤੇ ਉਹਨਾਂ ਨੂੰ ਵਧੀਆ ਅਨੁਭਵ ਦੇਣ ਲਈ ਵਿਸ਼ੇਸ਼ ਔਨਲਾਈਨ ਕਲਾਸਾਂ ਦਾ ਆਯੋਜਨ ਕਰ ਰਿਹਾ ਹੈ।ਇਹ ਕਲਾਸਾਂ ਵਿਦਿਆਰਥੀਆਂ ਦੀ ਇਹ ਸਮਝਣ ਵਿੱਚ ਮਦਦ ਕਰ ਰਹੀਆਂ ਹਨ ਕਿ ਐਮ ਯੂ ਐਨ ਵਿਚ ਕਿਵੇਂ ਕੰਮ ਕੀਤਾ ਜਾ ਸਕਦਾ ਹੈ, ਚੰਗੀ ਤਰ੍ਹਾਂ ਖੋਜ ਕਿਵੇਂ ਕਰਨੀ ਹੈ, ਅਤੇ ਦੂਜਿਆਂ ਦੇ ਸਾਹਮਣੇ ਭਰੋਸੇ ਨਾਲ ਕਿਵੇਂ ਗੱਲ ਕਰਨੀ ਹੈ। ਇਨ੍ਹਾਂ ਕਲਾਸਾਂ ਰਾਹੀਂ, ਉਹ ਵਿਸ਼ਵ ਮੁੱਦਿਆਂ, ਦੇਸ਼ ਦੀਆਂ ਨੀਤੀਆਂ ਅਤੇ ਅਸਲ ਰਾਜਨੇਤਾਵਾਂ ਵਾਂਗ ਸੋਚਣ ਬਾਰੇ ਵੀ ਸਿੱਖ ਰਹੇ ਹਨ। ਉਦੇਸ਼ ਵਿਦਿਆਰਥੀਆਂ ਨੂੰ ਜ਼ਿੰਮੇਵਾਰ, ਜਾਗਰੂਕ ਅਤੇ ਬੁੱਧੀਮਾਨ ਇਨਸਾਨ ਦੇ ਰੂਪ ਵਿੱਚ ਅੱਗੇਵਧਣ ਵਿੱਚ ਮਦਦ ਕਰਨਾ ਹੈ ਜੋ ਆਪਣੇ ਵਿਚਾਰਾਂ ਨੂੰ ਸਪਸ਼ਟ ਅਤੇ ਸਤਿਕਾਰ ਨਾਲ ਪੇਸ਼ ਕਰ ਸਕਦੇ ਹਨ।ਵਾਈਐਸ ਸਕੂਲ ਐਫ਼ ਜੀ ਐਮਯੂਐਨ 3.0 ਨੂੰ ਇੱਕ ਯਾਦਗਾਰੀ ਅਤੇ ਸਾਰਥਕ ਸਮਾਗਮ ਬਣਾਉਣ ਲਈ ਬਹੁਤ ਯਤਨ ਕਰ ਰਿਹਾ ਹੈ। ਇਹਨਾਂ ਔਨਲਾਈਨ ਸਿਖਲਾਈ ਕਲਾਸਾਂ ਵਿੱਚ ਵਿਦਿਆਰਥੀਆਂ ਦੁਆਰਾ ਦਿਖਾਈ ਗਈ ਊਰਜਾ ਅਤੇ ਉਤਸ਼ਾਹ ਦਰਸਾਉਂਦਾ ਹੈ ਕਿ ਉਹ ਭਾਗ ਲੈਣ ਅਤੇ ਮਾਣ ਨਾਲ ਵੱਖ-ਵੱਖ ਦੇਸ਼ਾਂ ਦੀ ਪ੍ਰਤੀਨਿਧਤਾ ਕਰਨ ਲਈ ਕਿੰਨੇ ਉਤਸ਼ਾਹਿਤ ਹਨ।

# ਗਰਮੀਆਂ ਦੀਆਂ ਛੁੱਟੀਆਂ 'ਚ ਬੱਚਿਆਂ ਦੇ ਜੀਵਨ ਹੁਨਰਾਂ ਨੂੰ ਵਧਾਉਣ ਦਾ ਇੱਕ ਸੁਨਹਿਰੀ ਮੌਕਾ



ਬਰਨਾਲਾ 16 ਜੂਨ (ਸੁਖਵਿੰਦਰ ਸਿੰਘ ਭੰਡਾਰੀ)- ਜਿਵੇਂ ਹੀ ਗਰਮੀਆਂ ਲਈ ਸਕੂਲ ਆਪਣੇ ਦਰਵਾਜ਼ੇ ਬੰਦ ਕਰ ਦਿੰਦੇ ਹਨ, ਦੇਸ਼ ਭਰ ਦੇ ਬੱਚੇ ਆਪਣੇ ਆਪ ਨੂੰ ਕੁਝ ਅਜਿਹਾ ਪਾਉਂਦੇ ਹਨ ਜੋ ਉਹਨਾਂ ਨੂੰ ਅਕਾਦਮਿਕ ਸਾਲ ਦੌਰਾਨ ਬਹੁਤ ਘੱਟ ਸਮਾਂ ਮਿਲਦਾ ਹੈ । ਇਹ ਅਸਲ ਵਿੱਚ ਜੀਵਨ ਹੁਨਰਾਂ ਦੇ ਵਿਕਾਸ 'ਤੇ ਧਿਆਨ ਕੇਂਦਰਿਤ ਕਰਨ ਦਾ ਇੱਕ ਸੁਨਹਿਰੀ ਮੌਕਾ ਹੈ।ਪ੍ਰੋਫੈਸਰ (ਡਾ.) ਮਨਦੀਪ ਘਈ, ਮੋਨਿਕਾ ਘਈ ਕੈਮਿਸਟਰੀ ਲੈਕਚਰਾਰ ਅਤੇ ਪ੍ਰਸਿੱਧ ਸਮਾਜਿਕ ਕਾਰਕੁੰਨ ਨੀਰਜ ਬਾਲਾ ਦਾਨੀਆ ਹਮੇਸ਼ਾ ਵਿਦਿਆਰਥੀਆਂ ਨੂੰ ਜੀਵਨ ਹੁਨਰ ਸਿੱਖਣ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ, ਜਿਵੇਂ ਕਿ ਸੰਚਾਰ, ਸਮੱਸਿਆ-ਹੱਲ, ਹਮਦਰਦੀ, ਸਮਾਂ ਪ੍ਰਬੰਧਨ, ਸਵੈ-ਅਨੁਸ਼ਾਸਨ, ਅਤੇ ਫ਼ੈਸਲਾ ਲੈਣਾ। ਹਰ ਵਿਦਿਆਰਥੀ ਦੇ ਵਿਕਾਸ ਲਈ ਜ਼ਰੂਰੀ ਹਨ। ਇਹ ਨਿੱਜੀ ਸਫਲਤਾ, ਭਾਵਨਾਤਮਕ ਤੰਦਰੁਸਤੀ ਅਤੇ ਭਵਿੱਖ ਦੀ ਪੇਸ਼ੇਵਰ ਯੋਗਤਾ ਦੀ ਨੀਂਹ ਰੱਖਦੇ ਹਨ। ਅਕਾਦਮਿਕ ਵਿਸ਼ਿਆਂ ਦੇ ਉਲਟ, ਜੀਵਨ ਹੁਨਰ ਅਸਲ-ਜੀਵਨ ਦੇ ਅਨੁਭਵ ਅਤੇ ਅਭਿਆਸ ਦੁਆਰਾ ਸਭ ਤੋਂ ਵਧੀਆ ਢੰਗ ਨਾਲ ਸਿੱਖੇ ਜਾਂਦੇ ਹਨ।ਬਿਨਾਂ ਕਿਸੇ ਪ੍ਰੀਖਿਆ ਦੇ ਦਬਾਅ ਅਤੇ ਘੱਟ ਸਖ਼ਤ ਰੁਟੀਨ ਦੇ, ਗਰਮੀਆਂ ਬੱਚਿਆਂ ਨੂੰ ਉਹਨਾਂ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਦਾ ਸੰਪੂਰਨ ਸਮਾਂ ਹੈ ਜੋ ਇਹਨਾਂ ਹੁਨਰਾਂ ਨੂੰ ਬਣਾਉਂਦੀਆਂ ਹਨ। ਬੱਚਿਆਂ ਨੂੰ ਖਾਣੇ ਦੀ ਯੋਜਨਾ ਬਣਾਉਣ, ਛੋਟੇ ਬਜਟ ਦਾ ਪ੍ਰਬੰਧਨ ਕਰਨ, ਪੌਦਿਆਂ ਦੀ ਦੇਖਭਾਲ ਕਰਨ, ਜਾਂ ਪਰਿਵਾਰਕ ਸੈਰ ਦਾ ਪ੍ਰਬੰਧ ਕਰਨ ਵਿੱਚ ਮਦਦ ਕਰਨ ਦਿਓ। ਇਹ ਸਧਾਰਨ ਲੱਗ ਸਕਦੇ ਹਨ, ਪਰ ਇਹ ਜ਼ਿੰਮੇਵਾਰੀ, ਯੋਜਨਾਬੰਦੀ ਅਤੇ ਪਹਿਲਕਦਮੀ ਸਿਖਾਉਂਦੇ ਹਨ। ਕਲਪਨਾ ਅਤੇ ਸੰਚਾਰ ਨੂੰ ਵਿਕਸਤ ਕਰਨ ਲਈ ਪੜ੍ਹਨ ਅਤੇ ਕਹਾਣੀ ਸੁਣਾਉਣ ਨੂੰ ਉਤਸ਼ਾਹਿਤ ਕਰੋ। ਛੋਟੇ ਕੰਮ ਸੌਂਪੋ ਅਤੇ ਉਹਨਾਂ ਨੂੰ ਅਸਫ਼ਲਤਾ ਦਾ ਅਨੁਭਵ ਕਰਨ ਦਿਓ।ਬੱਚਿਆਂ ਨੂੰ ਗਰਮੀਆਂ ਦੇ ਕੈਂਪਾਂ ਜਾਂ ਵਰਕਸ਼ਾਪਾਂ ਵਿੱਚ ਦਾਖਲ ਕਰਨਾ ਜੋ ਰਚਨਾਤਮਕਤਾ, ਟੀਮ ਵਰਕ, ਲੀਡਰਸ਼ਿਪ, ਜਾਂ ਜਨਤਕ ਭਾਸ਼ਣ 'ਤੇ ਕੇਂਦ੍ਰਤ ਕਰਦੇ ਹਨ, ਇੱਕ ਕ੍ਰੈਮ ਕੋਰਸ ਨਾਲੋਂ ਕਿਤੇ ਜ਼ਿਆਦਾ ਲਾਭਦਾਇਕ ਹੋ ਸਕਦਾ ਹੈ, ਉਹਨਾਂ ਦੀ ਆਲੋਚਨਾਤਮਕ ਸੋਚ ਅਤੇ ਭਾਵਨਾਤਮਕ ਬੁੱਧੀ ਨੂੰ ਆਕਾਰ ਦੇਣ ਵਿੱਚ ਮਦਦ ਕਰੇਗਾ।ਇੱਕ ਅਜਿਹੀ ਦੁਨੀਆਂ ਵਿੱਚ ਜੋ ਸਿਰਫ਼ ਅਕਾਦਮਿਕ ਉੱਤਮਤਾ ਤੋਂ ਵੱਧ ਦੀ ਮੰਗ ਕਰਦੀ ਹੈ, ਜੀਵਨ ਹੁਨਰ ਬਚਾਅ ਅਤੇ ਸਫਲਤਾ ਲਈ ਅਸਲ ਸਾਧਨ ਹਨ। ਮਾਪਿਆਂ ਅਤੇ ਸਰਪ੍ਰਸਤ ਹੋਣ ਦੇ ਨਾਤੇ, ਸਾਨੂੰ ਇਸ ਗਰਮੀਆਂ ਦੀ ਵਰਤੋਂ ਬੱਚਿਆਂ ਨੂੰ ਹੋਰ ਪਾਠ-ਪੁਸਤਕਾਂ ਨਾਲ ਬੋਝ ਪਾਉਣ ਲਈ ਨਹੀਂ ਕਰਨੀ ਚਾਹੀਦੀ, ਸਗੋਂ ਉਹਨਾਂ ਨੂੰ ਅਸਲ-ਸੰਸਾਰ ਦੇ ਹੁਨਰਾਂ ਨਾਲ ਸਸ਼ਕਤ ਬਣਾਉਣ ਲਈ ਕਰਨੀ ਚਾਹੀਦੀ ਹੈ ਜੋ ਕੋਈ ਵੀ ਸਕੂਲ ਸਿਰਫ਼ ਕਲਾਸਰੂਮ ਵਿੱਚ ਨਹੀਂ ਸਿਖਾ ਸਕਦਾ।



# ਪਟਿਆਲਾ-ਆਸ/ਪਾਸ



## ਨਰਵਾਨਾ ਬ੍ਰਾਂਚ ਰਾਹੀਂ ਘਨੌਰ ਹਲਕੇ ਦੇ 33 ਪਿੰਡਾਂ ਦੇ ਕਿਸਾਨਾਂ ਨੂੰ ਮਿਲੇਗਾ ਨਹਿਰੀ ਪਾਣੀ ਦਾ ਤੋਹਫ਼ਾ : ਵਿਧਾਇਕ ਗੁਰਲਾਲ ਘਨੌਰ

ਘਨੌਰ, 16 ਜੂਨ (ਮਦਨ ਲਾਲ) : ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਕਿਸਾਨਾਂ ਦੀ ਭਲਾਈ ਲਈ ਲਗਾਤਾਰ ਨਵੇਂ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਯਤਨਾਂ ਦੇ ਨਤੀਜੇ ਵਜੋਂ ਹੁਣ ਹਲਕਾ ਘਨੌਰ ਦੇ ਹੋਰ ਵੱਖ-ਵੱਖ 33 ਪਿੰਡਾਂ ਦੇ ਕਿਸਾਨਾਂ ਨੂੰ ਨਰਵਾਨਾ ਬ੍ਰਾਂਚ ਰਾਹੀਂ ਨਹਿਰੀ ਪਾਣੀ ਉਪਲੱਬਧ ਹੋਣ ਜਾ ਰਿਹਾ ਹੈ। ਇਹ ਯੋਜਨਾ ਤਹਿਤ ਤਕਰੀਬਨ 16,000 ਏਕੜ ਰਕਬੇ ਨੂੰ ਲਾਭ ਪਹੁੰਚਾਏਗੀ।ਇਸ ਮਹੱਤਵਪੂਰਨ ਵਿਕਾਸ ਕਾਰਜ ਦਾ ਸਿੱਧਾ ਸੇਹਰਾ ਹਲਕਾ ਘਨੌਰ ਦੇ ਵਿਧਾਇਕ ਸ. ਗੁਰਲਾਲ ਘਨੌਰ ਨੂੰ ਜਾਂਦਾ ਹੈ, ਜਿਨ੍ਹਾਂ ਨੇ ਇਸ ਯੋਜਨਾ ਦੇ ਨਵੀਨੀਕਰਨ ਅਤੇ ਕਾਰਗੁਜ਼ਾਰੀ ਦੀ ਨਿਗਰਾਨੀ ਖੁਦ ਕੀਤੀ। ਇਸੇ ਸਬੰਧੀ ਵਿਧਾਇਕ ਗੁਰਲਾਲ ਘਨੌਰ ਨੇ ਅੱਜ ਨਰਵਾਨਾ ਬ੍ਰਾਂਚ ਕੋਹਲੇ ਮਾਜਰਾ ਤੋਂ ਨਹਿਰੀ ਪਾਣੀ ਦੇ ਮੇਨ ਪੁਆਇੰਟ ਤੋਂ ਅੱਗੇ ਚੱਲ ਰਹੇ ਪਾਇਪ ਲਾਈਨ ਦੇ ਨਵੀਨੀਕਰਨ ਦੇ ਕੰਮ ਦਾ ਜਾਇਜ਼ਾ ਲਿਆ ਅਤੇ ਸਬੰਧਤ



ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਦੌਰਾਨ ਨਹਿਰੀ ਪਾਣੀ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਕੰਮਾ ਨੂੰ ਸਮਾਂਬੱਧ ਨੇਪਰੇ ਚਾੜ੍ਹਿਆ ਜਾਵੇ। ਉਨ੍ਹਾਂ ਦੱਸਿਆ ਕਿ ਉਕਤ ਸੂਏ ਅਤੇ ਪਾਇਪ ਲਾਈਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ ਅਤੇ ਕਿਸਾਨਾਂ ਨੂੰ ਜਲਦੀ ਹੀ ਲਾਭ ਮਿਲਣ ਦੀ ਪੂਰੀ ਸੰਭਾਵਨਾ ਹੈ। ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਇਸ ਪ੍ਰਾਜੈਕਟ ਰਾਹੀਂ ਹਲਕੇ ਦੇ ਕਿਸਾਨਾਂ ਨੂੰ ਵੱਡਾ ਤੋਹਫਾ ਮਿਲਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਕਿਸਾਨ-ਦੋਸਤ ਨੀਤੀ ਦਾ ਇਹ ਸਿੱਧਾ ਨਤੀਜਾ ਹੈ। ਉਨ੍ਹਾਂ ਦੱਸਿਆ ਕਿ ਨਰਵਾਨਾ ਬ੍ਰਾਂਚ ਵਿੱਚੋਂ ਪਿੰਡ ਕੋਹਲੇ ਮਾਜਰਾ ਤੋਂ ਸ਼ੁਰੂ ਮੇਨ ਪੁਆਇੰਟ ਰਾਹੀਂ ਇਕ ਲਾਇਨ ਹਰਪਾਲਪੁਰ, ਸੋਨੋਲੀਆ ਆਦਿ ਪਿੰਡਾਂ ਨੂੰ ਇਕ ਲਾਇਨ ਮਹਿਮਾਂ, ਸੂਹਰੋ ਖਾਨਪੁਰ, ਅਲਾਲਮਾਜਰਾ ਆਦਿ ਪਿੰਡਾਂ ਨੂੰ ਜਦਕਿ ਮੇਨ ਪੁਆਇੰਟ ਤੀਜੀ ਲਾਇਨ ਮਹਿਮੂਦਪੁਰ, ਖੇਰਪੁਰ, ਸੈਦਖੇੜੀ, ਗੰਡਾ ਖੇੜੀ, ਗਾਜੀਪੁਰ ਆਦਿ ਹੋਰਨਾਂ 33 ਪਿੰਡਾਂ ਤਕ ਨਹਿਰੀ ਪਾਣੀ ਦੀ ਸੁਚੱਜੀ ਵਿਵਸਥਾ ਕੀਤੀ ਜਾ ਰਹੀ ਹੈ। ਇਸ ਨਾਲ ਨਾ ਸਿਰਫ਼ ਉਤਪਾਦਨ ਵਧੇਗਾ, ਸਗੋਂ ਧਰਤੀ ਹੇਠਲੇ ਪਾਣੀ ਦੀ ਬਚਤ ਵੀ ਹੋਵੇਗੀ। ਵਿਧਾਇਕ ਗੁਰਲਾਲ ਘਨੌਰ ਨੇ ਦੱਸਿਆ ਕਿ ਬਨੂੰੜ ਕਨਾਲ ਰਾਹੀ ਪਹਿਲਾਂ ਹੀ ਹਲਕਾ ਘਨੌਰ ਦੇ ਦਰਜ਼ਨਾਂ ਪਿੰਡਾਂ ਭੂਰੀਮਾਜਰਾ, ਖੈਰਪੁਰ, ਹਸਨਪੁਰ, ਬੀਪੁਰ, ਚਤਰਨਗਰ, ਨੌਗਾਵਾ, ਬਠੋਣੀਆ, ਸੂਹਰੋ ਤੱਕ ਪਿੰਡਾਂ ਨੂੰ ਨਹਿਰੀ ਪਾਣੀ ਉਪਲੱਬਧ ਹੋ ਚੁੱਕਾ ਹੈ। ਇਸ ਸਬੰਧੀ ਹਲਕਾ ਘਨੌਰ ਦੇ ਵੱਖ-ਵੱਖ ਪਿੰਡਾਂ ਦੇ ਕਿਸਾਨ ਭਾਈਚਾਰੇ ਨੇ ਮੁੱਖ ਮੰਤਰੀ ਸ. ਭਗਵੰਤ ਮਾਨ ਅਤੇ ਵਿਧਾਇਕ ਗੁਰਲਾਲ ਘਨੌਰ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਉਹਨਾਂ ਲਈ ਇੱਕ ਸੁਪਨਾ ਸੀ ਜੋ ਹੁਣ ਹਕੀਕਤ ਬਣ ਰਿਹਾ ਹੈ। ਇਸ ਮੌਕੇ ਸਰਪੰਚ ਦਵਿੰਦਰ ਸਿੰਘ ਭੰਗੂ, ਸਰਪੰਚ ਇੰਦਰਜੀਤ ਸਿੰਘ ਸਿਆਲੂ,ਪੀਏ ਗੁਰਤਾਜ ਸਿੰਘ ਸੰਧੂ,ਕੋਹਲੇ ਮਾਜਰਾ ਸਰਪੰਚ ਗੁਰਪਾਲ ਸਿੰਘ, ਗੁਰਪ੍ਰੀਤ ਸਿੰਘ ਢੰਡਾ ਰੁੜਕਾ,ਖੈਰਪੁਰ ਸਰਪੰਚ ਬਲਬੀਰ ਸਿੰਘ, ਗੁਰਵਿੰਦਰ ਸਿੰਘ ਖੈਰਪੁਰ ਜੱਟਾਂ, ਗੁਰਪ੍ਰੀਤ ਸਿੰਘ ਮਹਿਮੂਦਪੁਰ ਸਮੇਤ ਹੋਰਨਾਂ ਪਿੰਡਾਂ ਦੇ ਪੰਚ ਸਰਪੰਚ ਅਤੇ ਮੋਹਤਬਰ ਵਿਅਕਤੀ ਮੌਜੂਦ ਸਨ।

## ਖੇਡ ਵਿਭਾਗ ਦੇ ਸਵੀਮਿੰਗ ਪੂਲ ਦੀ ਮੁਰੰਮਤ ਲਈ 15 ਲੱਖ ਜਾਰੀ

**☛ਡੀ.ਸੀ. ਨੇ ਜਿਮਨੇਜ਼ੀਅਮ ਹਾਲ ਦੀ ਛੱਤ ਦੀ ਮੁਰੰਮਤ ਦੇ ਕੰਮ 'ਚ ਊਣਤਾਈਆਂ ਦਾ ਲਿਆ ਗੰਭੀਰ ਨੋਟਿਸ**

**☛ਖਿਡਾਰੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ 'ਚ ਕੁਤਾਹੀ ਬਰਦਾਸ਼ਤ ਨਹੀਂ ਹੋਵੇਗੀ : ਡਾ. ਪ੍ਰੀਤੀ ਯਾਦਵ**

ਪਟਿਆਲਾ, 16 ਜੂਨ (ਰੁਪਾਣਾ) : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪੋਲੋ ਗਰਾਊਂਡ ਦੇ ਜਿਮਨੇਜ਼ੀਅਮ ਹਾਲ ਦੀ ਛੱਤ ਦੀ ਮੁਰੰਮਤ ਦੇ ਕੰਮ 'ਚ ਊਣਤਾਈਆਂ ਪਾਏ ਜਾਣ ਦਾ ਗੰਭੀਰ ਨੋਟਿਸ ਲੈਂਦਿਆਂ ਸਬੰਧਤ ਅਧਿਕਾਰੀਆਂ ਪਾਸੋਂ ਇਸ ਦਾ ਜਵਾਬ ਮੰਗਿਆ ਹੈ। ਅੱਜ ਇੱਥੇ ਉਨ੍ਹਾਂ ਜ਼ਿਲ੍ਹਾ ਸਪੋਰਟਸ ਕਾਉਂਸਲ ਦੀ ਬੈਠਕ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਖਿਡਾਰੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ 'ਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੀਟਿੰਗ 'ਚ ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ ਤੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ ਵੀ ਹਾਜ਼ਰ ਸਨ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਖੇਡ ਵਿਭਾਗ ਦੇ ਸਵਿਮਿੰਗ ਪੂਲ ਦੀ ਮੁਰੰਮਤ ਦੇ ਕੰਮ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਸਵਿਮਿੰਗ ਪੂਲ ਵਿੱਚ ਬਾਥਰੂਮ ਤੇ ਚੈਂਜਿੰਗ ਰੂਮ ਦੀ ਰੇਨੋਵੇਸ਼ਨ ਲਈ 15 ਲੱਖ ਰੁਪਏ ਜਾਰੀ ਕਰ ਦਿੱਤੇ ਗਏ ਹਨ ਤੇ ਹੁਣ ਜਲਦ ਹੀ ਟੈਂਡਰ ਕਰਕੇ ਕੰਮ



ਮੁਕੰਮਲ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਖਿਡਾਰੀਆਂ ਨੂੰ ਕੌਮੀ ਤੇ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਦੇ ਕਾਬਲ ਬਣਾਉਣ ਲਈ ਜ਼ਰੂਰੀ ਹੈ ਕਿ ਖਿਡਾਰੀਆਂ ਨੂੰ ਸਹੂਲਤਾਂ ਵੀ ਕੌਮਾਂਤਰੀ ਪੱਧਰ ਦੀਆਂ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਖੇਡ ਵਿਭਾਗ ਦੀ ਇਹ ਡਿਊਟੀ ਹੈ ਕਿ ਉਹ ਖਿਡਾਰੀਆਂ ਨੂੰ ਖੇਡ ਲਈ ਸਾਜ਼ਗਾਰ ਮਾਹੌਲ ਪ੍ਰਦਾਨ ਕਰੇ। ਡਾ. ਪ੍ਰੀਤੀ ਯਾਦਵ ਨੇ ਰਾਜਾ ਭਲਿੰਦਰ ਸਿੰਘ ਸਪੋਰਟਸ ਕੰਪਲੈਕਸ (ਪੋਲੋ ਗਰਾਊਂਡ) ਦੀ ਸਾਫ਼ ਸਫ਼ਾਈ ਤੁਰੰਤ ਕਰਵਾਉਣ ਦੀ ਸਖ਼ਤ ਹਦਾਇਤ ਕਰਦਿਆਂ ਕਿਹਾ ਕਿ ਇੱਥੇ ਖਿਡਾਰੀਆਂ ਤੋਂ ਇਲਾਵਾ ਵੱਡੀ ਗਿਣਤੀ ਸ਼ਹਿਰ ਵਾਸੀ ਸਵੇਰੇ ਤੇ ਸ਼ਾਮ ਸਮੇਂ ਸੈਰ ਅਤੇ ਕਸਰਤ ਲਈ ਆਉਂਦੇ ਹਨ। ਉਨ੍ਹਾਂ ਕਿਹਾ ਕਿ ਇੱਥੇ ਬਣੇ ਬਾਥਰੂਮਾਂ ਵਿੱਚ ਸਫ਼ਾਈ ਦੇ ਨਾਲ ਨਾਲ ਪੀਣ ਵਾਲੇ ਪਾਣੀ ਦਾ ਵੀ ਢੁਕਵਾਂ ਪ੍ਰਬੰਧ ਯਕੀਨੀ ਬਣਾਇਆ ਜਾਵੇ। ਡਿਪਟੀ ਕਮਿਸ਼ਨਰ ਨੇ ਮੀਟਿੰਗ ਵਿੱਚ ਹਾਜ਼ਰ ਵੱਖ-ਵੱਖ ਖੇਡਾਂ ਦੇ ਕੋਚਾਂ ਨੂੰ ਖਿਡਾਰੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਦਾ ਵਿਸ਼ੇਸ਼ ਧਿਆਨ ਦੇਣ ਦੀ ਹਦਾਇਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖਿਡਾਰੀਆਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਸਬੰਧੀ ਖਿਡਾਰੀਆਂ ਨੂੰ ਜਾਣੂੰ ਕਰਵਾਇਆ ਜਾਵੇ। ਉਨ੍ਹਾਂ ਆਨਲਾਈਨ ਮੀਟਿੰਗ ਨਾਲ ਜੁੜੇ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮਜ਼ ਪਾਸੋਂ ਪਿੰਡਾਂ ਵਿੱਚ ਖੇਡ ਮੈਦਾਨ ਬਣਾਉਣ ਦੇ ਕੰਮ ਦਾ ਜਾਇਜ਼ਾ ਵੀ ਲਿਆ। ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹੇ ਦੇ ਸਾਰੇ ਖੇਡ ਸਟੇਡੀਅਮਜ਼ ਦੀ ਸਾਫ ਸਫਾਈ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਾਫ ਸਫਾਈ 'ਚ ਖਾਮੀ ਖਿਡਾਰੀਆਂ ਦੀ ਸਿਹਤ ਉਪਰ ਹੀ ਨਹੀਂ ਸਗੋਂ ਉਨ੍ਹਾਂ ਦੀ ਕਾਰਗੁਜ਼ਾਰੀ 'ਤੇ ਵੀ ਪ੍ਰਭਾਵ ਪਾਉਂਦੀ ਹੈ। ਉਹਨਾਂ ਸਖ਼ਤੀ ਨਾਲ ਕਿਹਾ ਕਿ ਖੇਡ ਮੈਦਾਨਾਂ ਅਤੇ ਸਟੇਡੀਅਮਜ਼ ਵਿੱਚ ਸਫਾਈ ਵਿੱਚ ਕੋਈ ਕਮੀ ਨਾ ਰਹਿ ਜਾਵੇ ਤੇ ਜੇਕਰ ਕੋਈ ਖਾਮੀ ਸਾਹਮਣੇ ਆਈ ਤਾਂ ਸਬੰਧਤ ਅਧਿਕਾਰੀ ਇਸ ਲਈ ਖ਼ੁਦ ਜ਼ਿੰਮੇਵਾਰ ਹੋਣਗੇ। ਇਸ ਮੌਕੇ ਏ.ਈ.ਓ ਦਲਜੀਤ ਸਿੰਘ, ਕੋਚ ਰਾਜਪਾਲ ਸਿੰਘ, ਹਰਮਨਪ੍ਰੀਤ ਸਿੰਘ ਤੇ ਅਜੇ ਕੁਮਾਰ ਵੀ ਮੌਜੂਦ ਸਨ।

## ਚਾਰ ਵੱਖ-ਵੱਖ ਮਾਮਲਿਆਂ 'ਚ ਔਰਤ ਸਮੇਤ ਚਾਰ ਨਸ਼ਾ ਤਸਕਰ ਕਾਬੂ

**873 ਨਸ਼ੀਲੀਆਂ ਗੋਲ਼ੀਆਂ ਅਤੇ ਹਰਿਆਣਾ ਮਾਰਕਾ ਦੇਸੀ ਸ਼ਰਾਬ ਬ੍ਰਾਮਦ**

ਸਮਾਣਾ, 16 ਜੂਨ (ਵਿਜੇ ਕੁਮਾਰ) : ਸਮਾਣਾ ਪੁਲਸ ਨੇ ਚਾਰ ਵੱਖ-ਵੱਖ ਮਾਮਲਿਆਂ 'ਚ ਇੱਕ ਔਰਤ ਸਣੇ ਚਾਰ ਨਸ਼ਾ ਤਸਕਰਾਂ ਨੂੰ 873 ਨਸ਼ੀਲੀਆਂ ਗੋਲੀਆਂ ਅਤੇ ਹਰਿਆਣਾ ਮਾਰਕਾ ਦੇਸੀ ਸ਼ਰਾਬ ਦੀਆਂ 24 ਬੋਤਲਾਂ ਸਣੇ ਕਾਬੂ ਕਰਕੇ ਉਨ੍ਹਾਂ ਖਿਲਾਫ ਵੱਖ-ਵੱਖ ਧਰਾਵਾਂ ਤਹਿਤ ਮਾਮਲੇ ਦਰਜ ਕੀਤੇ ਹਨ। ਮੁਲਜ਼ਮਾਂ ਦੀ ਪਹਿਚਾਣ ਕ੍ਰਿਸ਼ਨਾ ਦੇਵੀ ਉਰਫ ਗੁੱਡੀ ਪਤਨੀ ਸਤਪਾਲ ਸਿੰਘ ਨਿਵਾਸੀ ਪਿੰਡ ਗਾਜੇਵਾਸ, ਭੀਮ ਸਿੰਘ ਪੁੱਤਰ ਪਿਆਰਾ ਸਿੰਘ ਨਿਵਾਸੀ ਪਿੰਡ ਮੁਰਾਦਪੁਰਾ, ਗੁਰਵਿੰਦਰ ਸਿੰਘ ਪੁੱਤਰ ਕਾਕਾ ਸਿੰਘ ਨਿਵਾਸੀ ਪਿੰਡ ਤੁਲੇਵਾਲ ਅਤੇ ਕੁਲਦੀਪ ਸਿੰਘ ਪੁੱਤਰ ਅਮਰ ਸਿੰਘ ਵਾਸੀ ਪਿੰਡ ਮੁਰਾਦਪੁਰਾ ਵੱਜੋਂ ਹੋਈ। ਡੀ.ਐਸ.ਪੀ. ਸਮਾਣਾ ਫਤਿਹ ਸਿੰਘ ਬਰਾੜ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਗਾਜੇਵਾਸ ਪੁਲਸ ਮੁੱਖੀ ਏ.ਐਸ.ਆਈ ਬਲਦੇਵ ਸਿੰਘ ਨੇ ਪੁਲਸ ਪਾਰਟੀ ਸਣੇ ਪਿੰਡ ਨਮਾਦਾ ਨੇੜੇ ਗਸ਼ਤ ਦੌਰਾਨ ਮੁਲਜ਼ਮ ਔਰਤ ਕ੍ਰਿਸ਼ਨਾ ਦੇਵੀ ਉਰਫ ਗੁਡੀ ਨੂੰ ਸ਼ੱਕ ਦੇ ਅਧਾਰ ਤੇ ਰੋਕਿਆ ਅਤੇ ਚੈੱਕ ਕਰਨ ਤੇ 400 ਨਸ਼ੀਲੀਆਂ ਗੋਲੀਆਂ ਬਰਾਮਦ ਹੋਣ ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਮੁਲਜ਼ਮ ਔਰਤ ਤੇ ਪਹਿਲਾਂ ਵੀ ਨਸ਼ਾ ਵਿਰੋਧੀ ਐਕਟ ਦੀਆਂ ਧਰਾਵਾਂ ਤਹਿਤ ਮਾਮਲੇ ਦਰਜ ਹਨ। ਇਸੇ ਤਰਾਂ ਸਿਟੀ ਪੁਲਿਸ ਦੇ ਸਬ ਇੰਸਪੈਕਟਰ ਰਾਜਬੀਰ ਸਿੰਘ ਨੇ ਪੁਲਸ ਪਾਰਟੀ ਸਣੇ ਵੜੈਚਾ ਮੋੜ ਤੇ ਗਸ਼ਤ ਦੌਰਾਨ ਮੁਲਜ਼ਮ ਭੀਮ ਸਿੰਘ ਨਿਵਾਸੀ ਪਿੰਡ ਮੁਰਾਦਪੁਰਾ ਨੂੰ ਸ਼ੱਕ ਦੇ ਅਧਾਰ ਤੇ ਰੋਕਿਆ ਅਤੇ ਚੈੱਕ ਕਰਨ ਤੇ ਉਸ ਕੋਲੋਂ 370 ਨਸ਼ੀਲੀਆਂ ਗੋਲੀਆਂ ਬਰਾਮਦ ਹੋਣ ਤੇ ਹਿਰਾਸਤ ਵਿੱਚ ਲੈ ਲਿਆ। ਇੱਕ ਹੋਰ ਮਾਮਲੇ 'ਚ ਮਵੀਕਲਾਂ ਪੁਲਸ ਮੁੱਖੀ ਏ.ਐਸ.ਆਈ ਬਲਕਾਰ ਸਿੰਘ ਨੇ ਪੁਲਸ ਪਾਰਟੀ ਸਣੇ ਗਸ਼ਤ ਦੌਰਾਨ ਪਿੰਡ ਮਰੌੜੀ ਨੇੜੇ ਮੁਲਜ਼ਮ ਗੁਰਵਿੰਦਰ ਸਿੰਘ ਨੂੰ ਸ਼ੱਕ ਦੇ ਅਧਾਰ ਤੇ ਰੋਕਿਆ ਅਤੇ ਚੈੱਕ ਕਰਨ ਤੇ ਹਰਿਆਣਾ ਮਾਰਕਾ ਦੇਸੀ ਸ਼ਰਾਬ ਦੀਆਂ 24 ਬੋਤਲਾਂ ਬਰਾਮਦ ਹੋਣ ਤੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ। ਇਸੇ ਤਰ੍ਹਾਂ ਸਿਟੀ ਪੁਲਿਸ ਦੀ ਰਾਜਵਿੰਦਰ ਕੌਰ ਪੁਲਸ ਪਾਰਟੀ ਸਣੇ ਅਗਰਸੈਨ ਚੌਕ ਨੇੜੇ ਮੌਜੂਦ ਸੀ ਕਿ ਮੁਲਜ਼ਮ ਕੁਲਦੀਪ ਸਿੰਘ ਨੂੰ ਸ਼ੱਕ ਦੇ ਅਧਾਰ ਤੇ ਰੋਕਿਆ ਅਤੇ ਚੈੱਕ ਕਰਨ ਤੇ ਉਸ ਕੋਲੋਂ 103 ਨਸ਼ੀਲੀਆਂ ਖੁੱਲੀਆਂ ਗੋਲੀਆਂ ਬਰਾਮਦ ਹੋਣ ਤੇ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮਾਂ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰ ਪੁੱਛਗਿੱਛ ਲਈ ਪੁਲਸ ਰਿਮਾਂਡ ਤੇ ਲਿਆ ਜਾਵੇਗਾ।

## ਅੱਧਾ ਕਿੱਲੋ ਅਫ਼ੀਮ ਸਮੇਤ ਚਾਰ ਕਾਬੂ

ਨਾਭਾ, 16 ਜੂਨ (ਬਲਜਿੰਦਰ ਮਾਨ) : ਥਾਣਾ ਕੋਤਵਾਲੀ ਨਾਭਾ ਪੁਲਿਸ ਨੇ ਕਥਿਤ ਦੋਸ਼ੀਆਂ ਯਾਦਵਿੰਦਰ



ਸਿੰਘ ਵਾਸੀ ਇਸਮਾਈਲਪੁਰ ਥਾਣਾ ਬਿਸਹਾਰਤਗੰਜ ਜ਼ਿਲ੍ਹਾ ਬਰੇਲੀ ਯੂ.ਪੀ, ਰਵੀ ਸਿੰਘ ਵਾਸੀ ਪਿੰਡ ਗੈਣੀ ਥਾਣਾ ਅਲੀਗੰਜ ਜ਼ਿਲ੍ਹਾ ਬਰੇਲੀ ਯੂ.ਪੀ, ਰਾਜੀਵ ਸ਼ਰਮਾ ਵਾਸੀ ਪਿੰਡ ਗੈਣੀ ਥਾਣਾ ਅਲੀਗੰਜ ਜ਼ਿਲ੍ਹਾ ਬਰੇਲੀ ਯੂ.ਪੀ, ਅਸ਼ੋਕ ਕੁਮਾਰ ਵਾਸੀ ਰਘਬੀਰਪੁਰ ਥਾਣਾ ਬਿਸਹਾਰਤਗੰਜ ਜ਼ਿਲ੍ਹਾ ਬਰੇਲੀ ਯੂ.ਪੀ. ਵਿਰੁੱਧ ਧਾਰਾ 18, 61, 85 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਥਾਣਾ ਕੋਤਵਾਲੀ ਨਾਭਾ ਦੇ ਇੰਚਾਰਜ ਸਰਬਜੀਤ ਸਿੰਘ ਚੀਮਾ ਦੀ ਅਗਵਾਈ ਹੇਠ ਏ.ਐਸ.ਆਈ. ਗੁਰਪ੍ਰੀਤ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਸਰਪ੍ਰੀਆ ਹੋਟਲ ਨਾਭਾ ਪਾਸ ਮੌਜੂਦ ਸੀ, ਜੋ ਦੋਸ਼ੀਆਨ ਦੀ ਗੱਡੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ 'ਤੇ 500 ਗ੍ਰਾਮ ਅਫੀਮ ਬ੍ਰਾਮਦ ਹੋਈ। ਚੀਮਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਵਰਤੀ ਗਈ ਚਿੱਟੇ ਰੰਗ ਦੀ ਬਰਿਜਾ ਕਾਰ ਵੀ ਜ਼ਬਤ ਕਰ ਲਈ ਗਈ ਹੈ।

## ਅਨਿਲ ਕੁਮਾਰ ਭਾਰਤੀ ਨੂੰ ਨੇਪਾਲ 'ਚ ਸੋਨੇ ਦੇ ਤਮ.ਗੇ ਅਤੇ ਪ੍ਰਸ਼ੰਸਾ ਪੱਤਰ ਨਾਲ ਕੀਤਾ ਸਨਮਾਨਤ

ਪਟਿਆਲਾ, 16 ਜੂਨ (ਚ.ਨ.ਸ.) : ਪੰਜਾਬੀ ਸਭਾ ਮਾਸਕੋ ਨੇ ਵਾਲਮੀਕਿ ਵਿਦਿਆਪੀਠ ਸੰਸਕ੍ਰਿਤ ਯੂਨੀਵਰਸਿਟੀ ਅਤੇ ਚਾਰੂ ਸਾਹਿਤ ਪ੍ਰਤਿਸ਼ਠਾਨ, ਨੇਪਾਲ ਦੇ ਸਹਿਯੋਗ ਨਾਲ ਕਾਠਮੰਡੂ ਨੇਪਾਲ ਵਿੱਚ ਭਾਰਤੀ ਗਿਆਨ ਪਰੰਪਰਾ 'ਤੇ ਇੱਕ ਅੰਤਰਰਾਸ਼ਟਰੀ ਸਾਹਿਤਕ ਸੈਮੀਨਾਰ ਅਤੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ। ਇਸ ਦੇ ਉਦਘਾਟਨੀ ਸਮਾਰੋਹ ਵਿੱਚ, ਮੁੱਖ ਮਹਿਮਾਨ ਪ੍ਰੋ. ਘਨੇਸ਼ਵਰ - ਨੇਪਾਲ ਸੰਸਕ੍ਰਿਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅਤੇ ਵਿਸ਼ਵ ਪ੍ਰਸਿੱਧ ਜਿਗਰ ਮਾਹਿਰ ਡਾ. ਅਰੁਣ ਕੁਮਾਰ ਸਿੰਘ ਨੇ ਸਾਂਝੇ ਤੌਰ 'ਤੇ ਕੀਤਾ। ਵਾਈਸ ਚਾਂਸਲਰ ਨੇ ਅੰਤਰਰਾਸ਼ਟਰੀ ਲੇਖਕ ਅਤੇ ਸਿੱਖਿਆ ਸ਼ਾਸਤਰੀ ਅਨਿਲ ਕੁਮਾਰ ਭਾਰਤੀ ਦੇ ਤਿੰਨਭਾਸ਼ੀ ਅਤੇ ਬਹੁਭਾਸ਼ਾਈ ਤੁਲਨਾਤਮਕ ਗਿਆਨ ਵਿਕਾਸ ਪੱਧਤੀ ਦੀ ਪ੍ਰਸ਼ੰਸਾ ਕੀਤੀ ਅਤੇ ਇਸਨੂੰ ਭਾਸ਼ਾਈ ਇਕਸਾਰਤਾ ਦੇ ਖੇਤਰ ਵਿੱਚ ਇੱਕ ਕ੍ਰਾਂਤੀਕਾਰੀ ਖੋਜ ਕਿਹਾ। ਸੰਸਕ੍ਰਿਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਘਨੇਸ਼ਵਰ ਨੇ ਉਨ੍ਹਾਂ ਨੂੰ ਸੋਨੇ ਦਾ ਤਗਮਾ, ਸਰਟੀਫਿਕੇਟ ਅਤੇ ਪਵਿੱਤਰ ਰੁਦਰਾਕਸ਼ ਦੀ ਮਾਲਾ ਦੇ ਕੇ



ਸਨਮਾਨਿਤ ਕੀਤਾ। ਇਸ ਕਾਨਫਰੰਸ ਵਿੱਚ ਭਾਰਤ ਅਤੇ ਵਿਦੇਸ਼ਾਂ ਤੋਂ ਬਹੁਤ ਸਾਰੀਆਂ ਵਿਦਵਾਨ ਔਰਤਾਂ ਅਤੇ ਵਿਦਵਾਨਾਂ ਦੇ ਨਾਲ-ਨਾਲ ਡਾਕਟਰੇਟ ਕਰ ਰਹੇ ਖੋਜ ਵਿਦਿਆਰਥੀਆਂ ਨੇ ਹਿੱਸਾ ਲਿਆ। ਆਪਣੇ ਸੰਬੋਧਨ ਵਿੱਚ, ਡਾ. ਅਰੁਣ ਕੁਮਾਰ ਸਿੰਘ ਨੇ ਸਨਾਤਨ ਸ਼ਿਸ਼ਟਾਚਾਰ ਦੀਆਂ ਪੌਰਾਣਿਕ ਕਹਾਣੀਆਂ ਦੇ ਵਿਗਿਆਨਕ ਸੁਭਾਅ ਬਾਰੇ ਆਪਣੇ ਸੁਝਾਵਨ ਵਿਚਾਰ ਪੇਸ਼ ਕੀਤੇ। ਇਸ ਔਖੇ ਯਤਨ ਵਿੱਚ, ਭਾਰਤੀ ਨੂੰ ਅੰਤਰਰਾਸ਼ਟਰੀ ਲੇਖਕ ਅਤੇ ਸਿੱਖਿਆ ਸ਼ਾਸਤਰੀ ਸੁਸ਼ੀਲ ਕੁਮਾਰ ਆਜ਼ਾਦ, ਪੰਜਾਬੀ ਸਭਾ ਮਾਸਕੋ ਦੇ ਪ੍ਰਧਾਨ ਪ੍ਰਮੋਦ ਕੁਮਾਰ ਧੀਮਾਨ, ਰੂਸ ਤੋਂ ਦਿਸ਼ਾ ਮਾਸਕੋ ਦੇ ਪ੍ਰਧਾਨ ਡਾ. ਰਾਮੇਸ਼ਵਰ ਸਿੰਘ ਅਤੇ ਆਸਟ੍ਰੇਲੀਆ ਤੋਂ ਸੁਰੇਸ਼ ਬਾਂਸਲ, ਅਜੇ ਬਾਂਸਲ ਅਤੇ ਅਰੁਣ ਬਾਂਸਲ (ਬਾਂਸਲ ਇਮੀਗ੍ਰੇਸ਼ਨ) ਦਾ ਸ਼ਲਾਘਾਯੋਗ ਸਮਰਥਨ ਮਿਲ ਰਿਹਾ ਹੈ। ਇਸ ਸ਼ੁਭ ਮੌਕੇ 'ਤੇ ਪ੍ਰੋਗਰਾਮ ਸੰਯੋਜਕ ਡਾ ਮੀਨਾਕਸ਼ੀ ਸ਼ਰਮਾ, ਕੇਂਦਰੀ ਵਿਦਿਆਲਿਆ, ਭਾਰਤੀ ਅੰਗ੍ਰੇਜ਼ੀ ਕਾਨਵੈਂਟ ਦੇ ਪ੍ਰਿੰਸੀਪਲ ਸ਼੍ਰੀ ਏ. ਜੈਰਾਲਡ, ਡਾ. ਆਨੰਦ ਕੁਮਾਰ ਤ੍ਰਿਪਾਠੀ, ਨਰਪਤ ਚੌਹਾਨ, ਪ੍ਰਿੰਸੀਪਲ ਸੰਸਕ੍ਰਿਤ ਵਿਦਿਆਪੀਠ, ਸ਼੍ਰੀ ਅਚਯੁਤਾ ਪ੍ਰਸਾਦ, ਦੇਵੀ ਪੰਥੀ, ਨੀਨਾ ਸ਼ਰਮਾ, ਨੀਲਮ ਅਰੋੜਾ, ਘਨਸ਼ਿਆਮ ਨਿਓਪਾਨੇ ਆਦਿ ਵੀ ਹਾਜ਼ਰ ਸਨ।

## ਅਸ਼ੋਕ ਕੁਮਾਰ ਪ੍ਰੈਸ ਕਲੱਬ ਸਮਾਣਾ ਦੇ ਪ੍ਰਧਾਨ ਬਣੇ



ਸਮਾਣਾ, 16 ਜੂਨ (ਜਵੰਦਾ) : ਪ੍ਰੈਸ ਕਲੱਬ ਸਮਾਣਾ ਦੀ ਇੱਕ ਵਿਸ਼ੇਸ਼ ਮੀਟਿੰਗ ਸਥਾਨਕ ਅਗਰਵਾਲ ਧਰਮਸ਼ਾਲਾ ਵਿਖੇ ਹੋਈ, ਜਿੱਥੇ ਪ੍ਰਿੰਟ ਅਤੇ ਇਲੈਕਟ੍ਰੋਨਿਕਸ ਮੀਡੀਆ ਦੇ ਸਮੂਹ ਮੈਬਰਾਂ ਨੇ ਹਿੱਸਾ ਲਿਆ। ਚੋਣ ਕਮੇਟੀ ਦੇ ਚੇਅਰਮੈਨ ਪਵਨ ਸਾਸ਼ਤਰੀ ਅਤੇ ਵਿਜੇ ਵਰਮਾ ਦੀ ਨਿਗਰਾਨੀ ਹੇਠ ਨਵੇਂ ਪ੍ਰਧਾਨ ਦੀ ਚੋਣ ਪ੍ਰਕ੍ਰਿਆ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ। ਇਸ ਚੋਣ ਦੌਰਾਨ ਅਸ਼ੋਕ ਕੁਮਾਰ ਨੂੰ ਕਲੱਬ ਦਾ ਨਵਾਂ ਪ੍ਰਧਾਨ ਚੁਣਿਆ ਗਿਆ। ਨਵ-ਨਿਯੁਕਤ ਪ੍ਰਧਾਨ ਅਸ਼ੋਕ ਕੁਮਾਰ ਨੇ ਸਮੂਹ ਪੱਤਰਕਾਰ ਭਾਈਚਾਰੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੱਤਰਕਾਰਾਂ ਦੀ ਭਲਾਈ ਅਤੇ ਪ੍ਰੈਸ ਦਾ ਰੁੱਤਬਾ ਉੱਚਾ ਚੁੱਕਣ ਲਈ ਅਤੇ ਮੀਡੀਆ ਦੀ ਅਜ਼ਾਦੀ ਲਈ ਇਮਾਨਦਾਰੀ ਨਾਲ ਕੰਮ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ। ਇਸ ਮੌਕੇ ਕਲੱਬ ਮੈਂਬਰ ਸਸ਼ੀਪਲ ਜੈਨ, ਗੁਰਦੀਪ ਸ਼ਰਮਾ,ਕੋਮਲ ਸਿੰਗਲਾ, ਹਰਵਿੰਦਰ ਸਿੰਘ ਟੋਨੀ, ਰਜਿੰਦਰ ਸਿੰਘ ਫਤਿਹਪੁਰ, ਹਰਜਿੰਦਰ ਸਿੰਘ ਜਵੰਦਾ, ਪ੍ਰਸੋਤਮ ਕੌਸ਼ਿਕ, ਦਲਜੀਤ ਸਿੰਘ ਪੱਪੀ, ਰਮਨ ਗੁਪਤਾ,ਬੋਨੀ ਬਾਂਸਲ, ਜਤਿੰਦਰ ਗੋਇਲ, ਹਰਦਿਆਲ ਸਿੰਘ ਨਾਗੀ, ਸੁਭਾਸ਼ ਚੰਦਰ, ਵਿਜੇ ਗਰਗ, ਸਚਿਨ ਟੂਲਾਨੀ ਅਤੇ ਜਿੰਮੀ ਕੁਮਾਰ ਵੀ ਮੌਜੂਦ ਸਨ।

## ਸਮਾਣਾ ਪੁਲਿਸ ਨਸ਼ਿਆਂ ਦੇ ਖ਼ਾਤਮੇ ਲਈ ਵਚਨਬੱਧ : ਡੀ. ਐੱਸ.ਪੀ. ਫਤਿਹ ਸਿੰਘ ਬਰਾੜ

ਸਮਾਣਾ, 16 ਜੂਨ (ਸੁਖਜਿੰਦਰ ਸਿੰਘ ਕੁਲਾਰਾਂ/ਜਵੰਦਾ/ਅਮਿਤ) : ਪੰਜਾਬ ਅਤੇ ਪਟਿਆਲਾ ਦੀਆਂ ਸਮਾਜ ਸੇਵੀ ਸੰਸਥਾਵਾਂ ਜੋ ਕਿ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਹਨ,ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵਲੋਂ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਤੇ 'ਸੰਪਰਕ ਪ੍ਰੋਜੈਕਟ' ਅਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਵਿਸ਼ਵ ਦੀ ਸਭ ਉੱਚੀ ਚੋਟੀ ਮਾਉਂਟ ਐਵਰੇਸਟ ਵਿਜੇਤਾ ਵਿਸ਼ਵ ਰਿਕਾਰਡ ਹੋਲਡਰ ਡੀ.ਐੱਸ.ਪੀ ਸਮਾਣਾ ਫਤਿਹ ਸਿੰਘ ਬਰਾੜ ਨਾਲ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ,ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਅਤੇ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨਸ਼ਾ ਮੁਕਤ ਭਾਰਤ ਅਭਿਆਨ ਨੇ ਮੁਲਾਕਾਤ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਵਿਨੇ



ਸ਼ਰਮਾ ਰਿਟਾਇਰ ਐਸ ਡੀ ਓ,ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਹਰਮਨਜੀਤ ਸਿੰਘ ਰੰਧਾਵਾ,ਲੱਕੀ ਹਰਦਾਸਪਰ ਵੀ ਹਾਜ਼ਰ ਸਨ। ਇਸ ਮੌਕੇ ਡੀ ਐੱਸ ਪੀ ਫਤਿਹ ਸਿੰਘ ਬਰਾੜ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੋਰਵ ਯਾਦਵ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਡੀ ਆਈ ਜੀ ਪਟਿਆਲਾ ਰੇਂਜ ਡਾ. ਨਾਨਕ ਸਿੰਘ, ਐਸ.ਐਸ.ਪੀ. ਵਰੁਣ ਸ਼ਰਮਾ ਦੀ ਅਗਵਾਈ ਹੇਠ ਸਮਾਣਾ ਪੁਲਿਸ ਨਸ਼ਿਆਂ ਦੇ ਖਾਤਮੇ ਲਈ ਵਚਨਬੱਧ ਹੈ ਅਤੇ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਨਹੀਂ ਬਖਸ਼ਿਆ ਜਾਵੇਗਾ। ਉਹਨਾਂ ਕਿਹਾ ਕਿ ਸਕੂਲ ਪੱਧਰ 'ਤੇ ਬੱਚਿਆਂ, ਸਕੂਲ ਦੇ ਸਟਾਫ ਅਤੇ ਮਾਪਿਆਂ ਨਾਲ ਮੀਟਿੰਗਾਂ ਕੀਤੀਆਂ ਜਾਣਗੀਆਂ ਤਾ ਜੋ ਉਹਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਸਕੇ। ਉਹਨਾਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਦੀ ਟੀਮ ਦੀ ਸ਼ਲਾਘਾ ਕੀਤੀ।

## 36 ਬੋਤਲਾਂ ਸ਼ਰਾਬ ਬ੍ਰਾਮਦ

ਨਾਭਾ, 16 ਜੂਨ (ਚੌਧਰੀਮਾਜਰਾ) : ਥਾਣਾ ਸਦਰ ਨਾਭਾ ਪੁਲਿਸ ਨੇ ਕਥਿਤ ਦੋਸ਼ੀ ਸੱਜਣ ਕੁਮਾਰ ਵਾਸੀ ਮੰਡੋੜ, ਉੱਤਮ ਵਾਸੀ ਪਿੰਡ ਕੌਲਾ ਖੇੜੀ ਜ਼ਿਲ੍ਹਾ ਸਹਾਰਨਪੁਰ ਯੂ.ਪੀ ਹਾਲ ਬਾਂਸਲ ਦਾ ਭੱਠਾ ਪਿੰਡ ਮੰਡੋੜ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਵੇਦ ਪ੍ਰਕਾਸ਼ ਸਮੇਤ ਪੁਲਿਸ ਪਾਰਟੀ ਪਿੰਡ ਮੰਡੋੜ ਪਾਸ ਮੌਜੂਦ ਸੀ, ਜੋ ਦੋਸ਼ੀਆਂ ਦੇ ਮੋਟਰਸਾਈਕਲ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 24 ਬੋਤਲਾਂ ਸ਼ਰਾਬ ਠੇਕਾ ਦੇਸੀ ਹਰਿਆਣਾ ਦੀਆ ਬ੍ਰਾਮਦ ਹੋਈਆਂ। ਇਸੇ ਤਰ੍ਹਾਂ ਥਾਣਾ ਖੇੜੀ ਗੰਡਿਆ ਪੁਲਿਸ ਨੇ ਕਥਿਤ ਦੋਸ਼ੀ ਅਮਿਤ ਕੁਮਾਰ ਪਵਾਸੀ ਪਿੰਡ ਅਜਰੋਰ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਰਾਮ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਟੀ-ਪੁਆਇੰਟ ਪਿੰਡ ਅਜਰੋਰ ਪਾਸ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 12 ਬੋਤਲਾਂ ਸ਼ਰਾਬ ਚੰਡੀਗੜ੍ਹ ਦੀਆ ਬ੍ਰਾਮਦ ਕੀਤੀਆਂ।

## ਪੂਰਨ ਸਵਾਮੀ ਜੀ ਦੇ ਜਨਮਦਿਨ 'ਤੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ




ਪਟਿਆਲਾ, 16 ਜੂਨ (ਚ.ਨ.ਸ.) : ਵਿਸ਼ਵ ਲਾਫਿੰਗ ਗੁਰੂ ਪੂਰਨ ਸਵਾਮੀ ਜੀ ਦੇ ਜਨਮ ਦਿਨ ਦੀ ਖ਼ੁਸ਼ੀ ਵਿਚ ਠੰਡੇ-ਮਿੱਠੇ ਜਲ ਦੀ ਛਬੀਲ ਆਰੀਆ ਸਮਾਜ ਵਿਖੇ ਲਗਾਈ ਗਈ। ਉਨ੍ਹਾਂ ਦਾ ਜਨਮ ਦਿਨ ਬਾਰਾਂਦਰੀ ਗਾਰਡਨ ਵਿੱਚ ਫਿਟਨਸ ਕਲੱਬ ਪਟਿਆਲਾ, ਹੈਲਥ ਅਵੇਅਰਨੈਸ ਸੁਸਾਇਟੀ, ਯੋਗਾ ਪਰਿਵਾਰ, ਫਿਟਨੈਸ ਕਲੱਬ, ਜੱਗੀ ਵਾਕ ਗਰੁੱਪ, ਰਾਜੂ ਵਾਕ ਗਰੁੱਪ ਅਤੇ ਹੋਰ ਕਈ ਗਰੁੱਪਾਂ ਨੇ ਉਨ੍ਹਾਂ ਦਾ ਜਨਮ ਦਿਨ ਮਨਾਇਆ। ਇਸ ਤੋਂ ਇਲਾਵਾ ਨਹਿਰੂ ਪਾਰਕ ਵਿਚ ਵੀ ਬੰਮ-ਬੰਮ ਭੋਲੇ ਗਰੁੱਪ ਅਤੇ ਮੋਰਨਿੰਗ ਵਾਕ ਗਰੁੱਪ ਨੇ ਜਨਮ ਦਿਨ ਮਨਾਇਆ।

## ਵਪਾਰ ਮੰਡਲ ਐਸੋਸੀਏਸ਼ਨਾਂ ਵੱਲੋਂ ਨਵ-ਨਿਯੁਕਤ ਥਾਣਾ ਕੋਤਵਾਲੀ ਨਾਭਾ ਦੇ ਮੁਖੀ ਇੰਸਪੈਕਟਰ ਸਰਬਜੀਤ ਸਿੰਘ ਚੀਮਾ ਦਾ ਸਨਮਾਨ



ਨਾਭਾ, 16 ਜੂਨ (ਗੁਰਚਰਨ ਸਿੰਘ ਚੌਧਰੀਮਾਜਰਾ) : ਵਪਾਰ ਮੰਡਲ ਨਾਭਾ ਦੀਆਂ ਵੱਖ-ਵੱਖ ਐਸੋਸੀਏਸ਼ਨਾਂ ਦੇ ਪ੍ਰਧਾਨਾ ਨੇ ਥਾਣਾ ਕੋਤਵਾਲੀ ਦੇ ਨਵ ਨਿਯੁਕਤ ਇੰਸਪੈਕਟਰ ਸਰਬਜੀਤ ਸਿੰਘ ਚੀਮਾ ਦਾ ਕੀਤਾ ਸਨਮਾਨ। ਇਸ ਮੌਕੇ ਮਾਰਕੀਟ ਐਸੋਸੀਏਸ਼ਨ ਪਟਿਆਲਾ ਗੇਟ ਦੇ ਪ੍ਰਧਾਨ ਅਵਤਾਰ ਸਿੰਘ ਸ਼ੇਰਗਿਲ ਨੇ ਕਿਹਾ ਕਿ ਇੰਸਪੈਕਟਰ ਸਰਬਜੀਤ ਸਿੰਘ ਚੀਮਾ ਨੂੰ ਵੱਖ- ਵੱਖ ਐਸੋਸੀਏਸ਼ਨਾਂ ਦੇ ਪ੍ਰਧਾਨਾਂ ਨੇ ਨਾਭੇ ਦੇ ਵਪਾਰੀਆਂ ਦੀਆਂ ਮੁਸ਼ਕਿਲਾਂ ਬਾਰੇ ਜਾਣੂੰ ਕਰਾਇਆ, ਜਿਸ ਸਬੰਧੀ ਚੀਮਾ ਨੇ ਵਿਸ਼ਵਾਸ ਦਵਾਇਆ ਕਿ ਮੇਰਾ ਫੋਨ 24 ਘੰਟੇ ਖੁੱਲ੍ਹਾ ਹੈ ਕਿਸੇ ਵੀ ਵਪਾਰੀ ਭਰਾ ਨੂੰ ਕੋਈ ਵੀ ਮੁਸ਼ਕਿਲ ਪੇਸ਼ ਆਉਂਦੀ ਹੈ, ਤਾਂ ਮੇਰੇ ਨਾਲ ਸਿੱਧਾ ਸੰਪਰਕ ਕੀਤਾ ਜਾ ਸਕਦਾ ਹੈ। ਇਸ ਸਮੇਂ ਵਪਾਰੀਆਂ ਨੇ ਇੰਸਪੈਕਟਰ ਚੀਮਾ ਨੂੰ ਵਿਸ਼ਵਾਸ ਦਿਵਾਇਆ ਕਿ ਅਸੀਂ ਤੁਹਾਡੇ ਨਾਲ ਹਮੇਸ਼ਾ ਖੜੇ ਹਾਂ। ਇਸ ਮੌਕੇ ਕੈਮਿਸਟ ਐਸੋਸਿਏਸ਼ਨ ਦੇ ਚੇਅਰਮੈਨ ਸਲੀਮ ਮੁੰਹਮਦ, ਕੰਬਾਇਨ ਸਪੇਅਰ ਪਾਰਟ ਐਸੋਸੀਏਸ਼ਨ ਦੇ ਪ੍ਰਧਾਨ ਨਰੇਸ਼ ਕੁਮਾਰ ਗਰਗ, ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਵੀਨ ਕੁਮਾਰ, ਸਰਪਰਸਤ ਮਨਜੀਤ ਸਿੰਘ, ਹੋਲਸੇਲ ਕੈਮੀਸਟ ਐਸੋਸੀਏਸ਼ਨ ਪ੍ਰਧਾਨ ਪੁਨੀਤ ਅਰੋੜਾ, ਰਾਜ ਕੁਮਾਰ, ਸੈਨ ਤੁਲੀ, ਕੱਪੜਾ ਐਸੋਸੀਏਸ਼ਨ ਵੱਲੋਂ ਮਨਦੀਪ ਸਿੰਘ ਯੋਗੀ ਦਿੱਲੀ ਕਲਾਥ ਹਾਊਸ , ਇਲੈਕਟ੍ਰੋਨਿਕਸ ਐਸੋਸੀਏਸ਼ਨ ਪ੍ਰਧਾਨ ਅਮਰ ਗਰਗ ਆਦਿ ਵਪਾਰੀ ਹਾਜ਼ਰ ਸਨ।

## ਵਿਸ਼ਵ ਖ਼ੂਨਦਾਨੀ ਦਿਵਸ ਮੌਕੇ ਕੈਂਪ ਲਗਾਇਆ

ਸਮਾਣਾ, 16 ਜੂਨ (ਵਿਜੇ ਕੁਮਾਰ) : ਵਿਸ਼ਵ ਖ਼ੂਨਦਾਨੀ ਦਿਵਸ ਮੌਕੇ ਡਾ. ਮੋਨਿਕਾ ਹੈਡ ਔਫ ਡਿਪਾਰਮੈਂਟ ਬਲੱਡ




ਬੈਂਕ ਰਾਜਿੰਦਰਾ ਹਸਪਤਾਲ, ਪਟਿਆਲਾ ਦੇ ਸਹਿਯੋਗ ਨਾਲ ਥੈਲੇਸੀਮਿਕ ਚਿਲਡਰਨ ਵੈਲਫੇਅਰ ਐਸੋਸੀਏਸ਼ਨ ਨੇ ਬਲੱਡ ਬੈਂਕ ਰਾਜਿੰਦਰਾ ਹਸਪਤਾਲ ਵਿਖੇ ਥੈਲੇਸੀਮੀਆ ਤੋਂ ਪੀੜਤ ਬੱਚਿਆਂ ਲਈ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ। ਇਸ ਕੈਂਪ ਵਿੱਚ 96 ਲੋਕਾਂ ਨੇ ਖ਼ੂਨਦਾਨ ਕੀਤਾ। ਐਸੋਸੀਏਸ਼ਨ ਦੇ ਪ੍ਰਧਾਨ ਵਿਜੇ ਪਾਹਵਾ ਨੇ ਕਿਹਾ ਕਿ ਵਿਸ਼ਵ ਖ਼ੂਨਦਾਨੀ ਦਿਵਸ ਨੂੰ ਸਮਰਪਿਤ ਇਸ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਖ਼ੂਨਦਾਨ ਕੀਤਾ। ਸਾਰਿਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਸਾਰੇ ਖ਼ੂਨਦਾਨੀਆਂ ਨੂੰ ਖ਼ੂਨਦਾਨ ਸੰਬੰਧੀ ਸਹੁੰ ਵੀ ਚੁਕਾਈ ਗਈ, ਜਿਸ ਵਿੱਚ ਡਾਕਟਰ ਮਰਿਆਦਾ ਅਤੇ ਜਸਪ੍ਰੀਤ ਕੌਰ ਨੇ ਸਾਰਿਆਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਮੈਡਮ ਸੁਨੀਤਾ ਅਤੇ ਬਲੱਡ ਬੈਂਕ ਦਾ ਸਟਾਫ ਇਸ ਮੌਕੇ ਮੌਜੂਦ ਸੀ।

## ਮਾਸੂਮ ਬੱਚਿਆਂ ਦੀ ਯਾਦ 'ਚ ਪੰਜਾਬ ਸਰਕਾਰ ਨੇ ਸੱਤ ਐਂਬੂਲੈਂਸਾਂ ਸਿਵਲ ਹਸਪਤਾਲ ਭੇਜੀਆਂ

ਸਮਾਣਾ, 16 ਜੂਨ (ਵਿਜੇ ਕੁਮਾਰ/ ਜਵੰਦਾ) : 7 ਮਈ ਨੂੰ ਸਮਾਣਾ-ਪਟਿਆਲਾ ਸੜਕ ਤੇ ਪਿੰਡ ਨਸੂਪੁਰ ਨੇੜੇ ਵਾਪਰੇ ਇੱਕ ਦਰਦਨਾਕ ਹਾਦਸੇ 'ਚ ਚਾਲਕ ਤੇ ਸੱਤ ਮਾਸੂਮ ਬੱਚਿਆਂ ਦੀ ਹੋਈ ਮੌਤ ਤੋਂ ਬਾਅਦ ਦੁੱਖ ਵੰਡਾਉਣ ਆਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰੀਵਾਰਕ ਮੈਂਬਰਾਂ ਨਾਲ ਹਸਪਤਾਲ ਨੂੰ ਅਪਗ੍ਰੇਡ ਕਰਨ ਤੇ ਬੱਚਿਆਂ ਦੀ ਯਾਦ ਵਿੱਚ ਸੱਤ ਐਂਬੂਲੈਂਸਾਂ ਭੇਜਣ ਦਾ ਵਾਅਦਾ ਕੀਤਾ ਸੀ ਤਾਂ ਕਿ ਇਲਾਕੇ ਵਿੱਚ ਅੱਗੇ ਤੋਂ ਅਜਿਹੀ ਕੋਈ ਦੁਰਘਟਨਾ ਨਾ ਵਾਪਰੇ। ਅੱਜ ਸਵੇਰੇ ਸੱਤ ਐਂਬੂਲੈਂਸਾਂ ਸ੍ਰੀ ਅਗਰਵਾਲ ਗਊਸ਼ਾਲਾ ਵਿਖੇ ਪੰਜਾਬ ਸਰਕਾਰ ਵੱਲੋਂ ਭੇਜੀਆਂ ਗਈਆਂ। ਜਿਨ੍ਹਾਂ ਨੂੰ ਬੱਚਿਆਂ




ਦੇ ਮਾਪਿਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਸਿਵਲ ਹਸਪਤਾਲ ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਐਸ.ਡੀ.ਐਮ ਰਿਚਾ ਗੋਇਲ ਨੇ ਦੱਸਿਆ ਕਿ 50 ਕਿਲੋਮੀਟਰ ਦੇ ਏਰੀਏ ਨੂੰ ਸਮਾਣਾ ਦਾ ਸਿਵਲ ਹਸਪਤਾਲ ਹੀ ਪੈਂਦਾ ਹੈ। ਸਿਵਲ ਸਰਜਨ ਜਗਇੰਦਰਪਾਲ ਸਿੰਘ ਨੇ ਦੱਸਿਆ ਕਿ ਸਿਵਲ ਹਸਪਤਾਲ ਨੂੰ ਐਂਬੂਲੈਂਸਾਂ ਮਿਲਣ ਨਾਲ ਘਟਨਾ ਵਾਲੀ ਥਾਂ 'ਤੇ ਪਹੁੰਚਣ ਦਾ ਸਮਾਂ ਘੱਟ ਜਾਵੇਗਾ। ਉਹਨਾਂ ਦੱਸਿਆ ਕਿ ਹਸਪਤਾਲ ਵਿੱਚ ਪਹਿਲਾਂ ਹੀ ਬਲੱਡ ਬੈਂਕ, ਐਕਸਰੇ ਮਸ਼ੀਨ ਤੇ ਹੋਰ ਆਧੁਨਿਕ ਮਸ਼ੀਨਾਂ ਉਪਲੱਬਧ ਹਨ। ਸਿਰਫ ਐਂਥੀਸੀਆ ਡਾਕਟਰ ਤੇ ਨਰਸਾਂ ਦੀ ਘਾਟ ਹੈ, ਜਿਸ ਨੂੰ ਪੂਰਾ ਕਰਨ ਲਈ ਉਹ ਸਮੇਂ- ਸਮੇਂ ਤੇ ਉਪਰਾਲੇ ਕਰਦੇ ਰਹਿੰਦੇ ਹਨ। ਇਸ ਸਬੰਧੀ ਪੀੜਿਤ ਬੱਚਿਆਂ ਦੇ ਮਾਪਿਆਂ ਨੇ ਦੱਸਿਆ ਕਿ ਹਸਪਤਾਲ ਵਿੱਚ ਨਰਸਾਂ, ਡਾਕਟਰਾਂ ਤੇ ਹੋਰ ਪੈਰਾ ਮੈਡੀਕਲ ਸਟਾਫ ਦੀ ਘਾਟ ਦੇ ਨਾਲ-ਨਾਲ ਡਾਕਟਰਾਂ ਦੀ ਰਿਹਾਇਸ਼ ਦਾ ਕੋਈ ਪ੍ਰਬੰਧ ਨਹੀਂ, ਜਿਸ ਕਾਰਨ ਕੰਮ ਵਾਲੇ ਦਿਨਾਂ 'ਚ ਦੋ ਵਜੇ ਤੋਂ ਬਾਅਦ ਹਸਪਤਾਲ ਵਿੱਚ ਕਾਂ ਹੀ ਬੋਲਦੇ ਹਨ। ਜੇ ਕੋਈ ਮਰੀਜ਼ ਨੂੰ ਐਮਰਜੈਂਸੀ ਪੈ ਜਾਵੇ ਤਾਂ ਉਸ ਨੂੰ ਸਿਰਫ ਐਮਰਜੈਂਸੀ 'ਚ ਤੈਨਾਤ ਡਾਕਟਰ ਤੇ ਫਾਰਮਾਸਿਸਟ ਹੀ ਮਿਲਦਾ ਹੈ, ਜਿਸ ਨਾਲ ਐਮਰਜੈਂਸੀ 'ਚ ਆਇਆ ਮਰੀਜ਼ ਮੁਢਲੀ ਸਹਾਇਤਾ ਲੈ ਕੇ ਰੈਫਰ ਹੋਣ ਤੱਕ ਹੀ ਸੀਮਤ ਰਹਿ ਜਾਂਦਾ ਹੈ। ਸ਼ਹਿਰ ਵਾਸੀਆਂ ਦੀ ਮੰਗ ਹੈ ਕਿ ਸਿਵਲ ਸਰਜਨ ਵੱਲੋਂ ਜੋ ਹਸਪਤਾਲ ਨੂੰ ਅਪਗ੍ਰੇਡ ਕਰਨ 'ਚ ਅਣਦੇਖਿਆ ਕੀਤਾ ਜਾ ਰਿਹਾ ਹੈ। ਉਸ ਨੂੰ ਜਨਤਾ ਦੀ ਅੱਖ ਨਾਲ ਵੇਖ ਕੇ ਅਪਗ੍ਰੇਡ ਕੀਤਾ ਜਾਵੇ। ਇਸ ਮੌਕੇ ਐਸ.ਐਮ.ਓ ਡਾ. ਸੰਜੀਵ ਅਰੋੜਾ, ਕਪੂਰ ਚੰਦ ਬਾਂਸਲ, ਜੀਵਨ ਗਰਗ, ਜਤਿੰਦਰ ਸ਼ਰਮਾ, ਨੀਰਜ ਗੁਪਤਾ, ਅਮਰਜੀਤ ਪੰਜਰਥ, ਰਾਣਾ ਸੇਖੋਂ, ਅਮਰਜੀਤ ਗੁਰਾਇਆ, ਪ੍ਰਵੀਨ ਸ਼ਰਮਾ, ਸ਼ਿਵ ਨਰਾਇਣ ਤੋਂ ਇਲਾਵਾ ਹੋਰ ਹਾਜ਼ਰ ਸਨ।

## ਸੇਵਾ ਕੇਂਦਰਾਂ 'ਚ ਮਾਲ ਵਿਭਾਗ ਅਤੇ ਟਰਾਂਸਪੋਰਟ ਵਿਭਾਗ ਦੀਆਂ ਨਵੀਂਆਂ ਸੇਵਾਵਾਂ ਸ਼ੁਰੂ

**☛ਪਟਿਆਲਾ ਵਾਸੀ ਮਾਲ ਤੇ ਟਰਾਂਸਪੋਰਟ ਵਿਭਾਗ ਦੀਆਂ 34 ਸੇਵਾਵਾਂ ਹੁਣ ਘਰ ਬੈਠੇ ਜਾਂ ਜ਼ਿਲ੍ਹੇ ਦੇ 42 ਸੇਵਾ ਕੇਂਦਰਾਂ ਤੋਂ ਪ੍ਰਾਪਤ ਕਰ ਸਕਣਗੇ : ਡੀ.ਸੀ.**

ਪਟਿਆਲਾ, 16 ਜੂਨ (ਰੁਪਾਣਾ/ ਵਿਨੋਦ ਸ਼ਰਮਾ) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਸਹੂਲਤ ਲਈ ਇੱਕ ਹੋਰ ਵੱਡੀ ਪੁਲਾਂਘ ਪੁੱਟਦਿਆਂ ਤਹਿਸੀਲ ਦਫ਼ਤਰਾਂ ਨਾਲ ਸਬੰਧਤ ਮਾਲ ਵਿਭਾਗ ਦੀਆਂ 6 ਅਤੇ ਟਰਾਂਸਪੋਰਟ ਵਿਭਾਗ ਦੀਆਂ 28 ਸੇਵਾਵਾਂ ਹੁਣ ਸਿੱਧੇ ਤੌਰ 'ਤੇ ਘਰ ਬੈਠੇ 1076 ਰਾਹੀਂ ਜਾਂ ਫੇਰ ਸੇਵਾ ਕੇਂਦਰਾਂ ਰਾਹੀਂ ਉਪਲੱਬਧ ਕਰਵਾ ਦਿੱਤੀਆਂ ਹਨ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਈ-ਗਵਰਨੈਂਸ ਵਿੱਚ ਲਗਾਤਾਰ ਤੇਜ਼ੀ ਨਾਲ ਕੰਮ ਕਰਦੇ ਹੋਏ ਸੇਵਾ ਕੇਂਦਰਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਮਾਲ ਵਿਭਾਗ ਸਬੰਧੀ ਸੇਵਾਵਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਲ ਵਿਭਾਗ ਦੀਆਂ 6 ਨਵੀਂਆਂ ਸੇਵਾਵਾਂ ਸੇਵਾ ਕੇਂਦਰ ਰਾਹੀਂ ਲਈਆਂ ਜਾ ਸਕਦੀਆਂ ਹਨ। ਉਹਨਾਂ ਦੱਸਿਆ ਕਿ ਹੁਣ ਵਿਰਾਸਤ ਜਾਂ ਰਜਿਸਟਰੀ ਇੰਤਕਾਲ, ਜਮ੍ਹਾਬੰਦੀ 'ਚ ਦਰੁਸਤੀ ਜਾਂ ਰਪਟ ਦਰਜ, ਸਕ੍ਰਿਪਸ਼ਨ ਬੇਨਤੀ (ਤਬਦੀਲੀ ਮੈਸੇਜ ਰਾਹੀਂ ਜਾਣੂੰ ਹੋਣ ਲਈ), ਡਿਜੀਟਲ ਫ਼ਰਦ ਜਮ੍ਹਾਬੰਦੀ ਲੈਣ ਲਈ ਲੋਕਾਂ ਨੂੰ ਤਹਿਸੀਲ ਦਫ਼ਤਰ ਜਾਂ ਪਟਵਾਰੀ ਕੋਲ ਜਾਣ ਦੀ ਲੋੜ ਨਹੀਂ ਰਹੀ। ਇਹ ਸਾਰੀਆਂ 34 ਸੇਵਾਵਾਂ ਪਟਿਆਲਾ ਵਾਸੀ ਜ਼ਿਲ੍ਹੇ ਦੇ 42 ਨੇੜਲੇ ਸੇਵਾ ਕੇਂਦਰ 'ਚ ਜਾਂ ਫੇਰ ਘਰ ਬੈਠੇ 1076 ਰਾਹੀ ਆਸਾਨੀ ਨਾਲ ਉਪਲੱਬਧ ਹਨ। ਇਨ੍ਹਾਂ ਸੇਵਾਵਾਂ ਨਾਲ ਲੋਕਾਂ ਦਾ ਕੀਮਤੀ ਸਮਾਂ ਬਚੇਗਾ ਅਤੇ ਕੰਮ ਵੀ ਪੂਰੀ ਪਾਰਦਰਸ਼ਤਾ ਨਾਲ ਹੋਣਗੇ। ਉਨ੍ਹਾਂ ਦੱਸਿਆ ਕਿ ਡਰਾਈਵਿੰਗ ਲਾਇਸੰਸ ਨਾਲ ਸਬੰਧਿਤ ਸੇਵਾਵਾਂ ਲਰਨਰ ਲਾਇਸੰਸ ਲਈ ਅਰਜ਼ੀ, ਲਰਨਰ ਲਾਇਸੰਸ ਵਿੱਚ ਪਤਾ ਬਦਲਣਾ, ਲਰਨਰ ਲਾਇਸੰਸ ਵਿੱਚ ਨਾਂ ਬਦਲਣਾ, ਲਰਨਰ ਲਾਇਸੰਸ ਦੀ ਨਕਲ ਜਾਰੀ, ਡਰਾਈਵਿੰਗ ਲਾਇਸੰਸ ਦੀ ਨਕਲ ਜਾਰੀ, ਡਰਾਈਵਿੰਗ ਲਾਇਸੰਸ ਨਵਿਆਉਣਾ (ਟੈਸਟ ਦੀ ਲੋੜ ਨਹੀਂ), ਡਰਾਈਵਿੰਗ ਲਾਇਸੰਸ ਦੀ ਬਦਲੀ, ਡਰਾਈਵਿੰਗ ਲਾਇਸੰਸ ਵਿੱਚ ਪਤਾ ਬਦਲਣਾ, ਡਰਾਈਵਿੰਗ ਲਾਇਸੰਸ ਵਿੱਚ ਨਾਂ ਬਦਲਣਾ, ਡਰਾਈਵਿੰਗ ਲਾਇਸੰਸ ਵਿੱਚ ਜਨਮ ਮਿਤੀ ਬਦਲਣਾ, ਲਾਇਸੰਸ ਦੀ ਡਿਟੇਲ ਪ੍ਰਾਪਤੀ, ਲਾਇਸੰਸ ਵਿੱਚ ਵਾਹਨ ਸ਼੍ਰੇਣੀ ਛੱਡਣੀ, ਡਰਾਈਵਰ ਲਈ ਪਬਲਿਕ ਸਰਵਿਸ ਵਾਹਨ ਬੈਜ, ਕੰਡਕਟਰ ਲਾਇਸੰਸ ਨਵਿਆਉਣਾ, ਲਰਨਰ ਲਾਇਸੰਸ ਦੀ ਮਿਆਦ ਵਧਾਉਣਾ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਆਰ.ਸੀ ਨਾਲ ਸਬੰਧਿਤ ਸੇਵਾਵਾਂ ਜਿਸ ਵਿੱਚ ਰਜਿਸਟ੍ਰੇਸ਼ਨ ਸਰਟੀਫਿਕੇਟ ਦੀ ਨਕਲ ਲਈ ਅਰਜ਼ੀ, ਆਰ.ਸੀ ਲਈ ਐਨ.ਓ.ਸੀ. ਦੀ ਅਰਜ਼ੀ, ਆਰ.ਸੀ. ਵਿੱਚ ਪਤਾ ਬਦਲਣਾ, ਫ਼ੀਸ ਦੇ ਕੇ ਆਰ.ਸੀ. ਡੀਟੇਲ ਵੇਖਣਾ, ਵਾਹਨ ਦੀ ਟਰਾਂਸਫ਼ਰ ਆਫ਼ ਆਨਰਸ਼ਿਪ (ਨਾਨ ਟਰਾਂਸਪੋਰਟ), ਮਾਲਕੀ ਤਬਦੀਲੀ ਮਾਮਲੇ ਵਿੱਚ ਲਾਈਫ਼ ਟਾਈਮ ਟੈਕਸ ਦੀ ਅਦਾਇਗੀ, ਹਾਇਰ ਪਰਚੇਜ ਐਗਰੀਮੈਂਟ ਦੀ ਐਂਡੋਰਸਮੈਂਟ, ਮੋਬਾਈਲ ਨੰਬਰ ਅੱਪਡੇਟ ਕਰਵਾਉਣਾ, ਫਿਟਨੈੱਸ ਸਰਟੀਫਿਕੇਟ ਦੀ ਨਕਲ, ਕਮਰਸ਼ੀਅਲ ਵਾਹਨਾਂ ਲਈ ਫਿਟਨੈੱਸ ਸਰਟੀਫਿਕੇਟ ਆਦਿ ਸੇਵਾਵਾਂ ਉਪਲੱਬਧ ਹਨ।





# ਪਟਿਆਲਾ-ਆਸ/ਪਾਸ



## ਓਪਨ ਯੂਨੀਵਰਸਿਟੀ ਦੇ ਨਵੇਂ ਵੀ.ਸੀ. ਪ੍ਰੋ. ਰਤਨ ਸਿੰਘ ਨੇ ਗੁਲਾਬ ਚੰਦ ਕਟਾਰੀਆ ਦਾ ਕੀਤਾ ਧੰਨਵਾਦ



ਪਟਿਆਲਾ, 16 ਜੂਨ (ਚ.ਨ.ਸ.) : ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਨਵ-ਨਿਯੁਕਤ ਵਾਈਸ-ਚਾਂਸਲਰ ਪ੍ਰੋ. ਰਤਨ ਸਿੰਘ ਨੇ ਯੂਨੀਵਰਸਿਟੀ ਦੇ ਚਾਂਸਲਰ ਅਤੇ ਪੰਜਾਬ ਦੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਦਾ ਉਨ੍ਹਾਂ ਦੀਆਂ ਯੋਗਤਾਵਾਂ ਵਿੱਚ ਵਿਸ਼ਵਾਸ ਰੱਖਣ ਅਤੇ ਉਨ੍ਹਾਂ ਨੂੰ ਇਹ ਮਾਣਮੱਤਾ ਜ਼ਿੰਮੇਵਾਰੀ ਸੌਂਪਣ ਲਈ ਦਿਲੋਂ ਧੰਨਵਾਦ ਕੀਤਾ ਹੈ। ਪ੍ਰੋ. ਰਤਨ ਸਿੰਘ ਨੇ ਕਿਹਾ ਕਿ ਉਹ ਓਪਨ ਅਤੇ ਡਿਸਟੈਂਸ ਲਰਨਿੰਗ ਰਾਹੀਂ ਸਮਾਵੇਸ਼ੀ ਅਤੇ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਦੇ ਯੂਨੀਵਰਸਿਟੀ ਦੇ ਮਿਸ਼ਨ ਨੂੰ ਮਜ਼ਬੂਤ ਕਰਨ ਲਈ ਪੂਰੀ ਲਗਨ ਨਾਲ ਕੰਮ ਕਰਨ ਲਈ ਵਚਨਬੱਧ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਿੱਖਿਆ ਨੂੰ ਸਮਾਜ ਦੇ ਸਾਰੇ ਵਰਗਾਂ ਦੇ ਵਿਦਿਆਰਥੀਆਂ ਲਈ ਪਹੁੰਚਯੋਗ ਬਣਾਇਆ ਜਾਣਾ ਚਾਹੀਦਾ ਹੈ ਅਤੇ ਭਰੋਸਾ ਦਿੱਤਾ ਕਿ ਯੂਨੀਵਰਸਿਟੀ ਦੁਆਰਾ ਕਲਪਿਤ ਆਦਰਸ਼ਾਂ ਨੂੰ ਕਾਇਮ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਜਿਕਰਯੋਗ ਹੈ ਕਿ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਦੇ ਅਧਿਆਪਨ ਅਤੇ ਖੋਜ ਕਰੀਅਰ ਦੇ ਨਾਲ, ਪ੍ਰੋ. ਰਤਨ ਸਿੰਘ ਵਿਆਪਕ ਅਕਾਦਮਿਕ ਅਤੇ ਪ੍ਰਸ਼ਾਸਕੀ ਤਜਰਬਾ ਰੱਖਦੇ ਹਨ। 16 ਅਗਸਤ, 1994 ਤੋਂ, ਉਨ੍ਹਾਂ ਨੇ ਲੈਕਚਰਾਰ, ਸੀਨੀਅਰ ਲੈਕਚਰਾਰ, ਰੀਡਰ, ਐਸੋਸੀਏਟ ਪ੍ਰੋਫੈਸਰ ਅਤੇ ਪ੍ਰੋਫੈਸਰ ਸਮੇਤ ਵੱਖ-ਵੱਖ ਅਹੁਦਿਆਂ 'ਤੇ ਸੇਵਾ ਨਿਭਾਈ ਹੈ। ਉਹ ਇੱਕ ਨਿਪੁੰਨ ਵਿਦਵਾਨ ਤੇ ਛੇ ਮਹੱਤਵਪੂਰਨ ਕਿਤਾਬਾਂ, ਕਾਨੂੰਨੀ ਖੋਜ ਵਿਧੀ, ਭਾਰਤ ਵਿੱਚ ਸਮਾਜਿਕ-ਆਰਥਿਕ ਅਪਰਾਧ, ਵਿਗਿਆਨਕ ਸਬੂਤਾਂ ਦੀ ਪ੍ਰਵਾਨਗੀ, ਕਾਨੂੰਨ ਅਤੇ ਮੀਡੀਆ, ਚੋਣ ਪ੍ਰਣਾਲੀ: ਲੋਕਤੰਤਰ, ਕਾਨੂੰਨ ਅਤੇ ਮੁੱਦੇ ਅਤੇ ਭਾਰਤੀ ਸੰਵਿਧਾਨ ਦੇ ਰੋਡ ਮੈਪ 'ਤੇ ਡਾ. ਬੀ.ਆਰ. ਅੰਬੇਡਕਰ ਦੇ ਮੀਲ ਪੱਥਰ ਦੇ ਲੇਖਕ ਹਨ। ਪ੍ਰੋ. ਰਤਨ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਾਬਕਾ ਵਿਦਿਆਰਥੀ ਪਹਿਲਾਂ ਜੀ.ਐਨ.ਡੀ.ਯੂ. ਵਿਖੇ ਕਾਨੂੰਨ ਵਿਭਾਗ ਦੇ ਮੁਖੀ ਅਤੇ ਯੂਨੀਵਰਸਿਟੀ ਇੰਸਟੀਚਿਊਟ ਆਫ਼ ਲੀਗਲ ਸਟੱਡੀਜ਼, ਚੰਡੀਗੜ੍ਹ ਦੇ ਡਾਇਰੈਕਟਰ ਵਜੋਂ ਸੇਵਾ ਨਿਭਾ ਚੁੱਕੇ ਹਨ। ਪ੍ਰੋ. ਰਤਨ ਸਿੰਘ ਦੇ ਵਿਸ਼ਾਲ ਤਜਰਬੇ ਅਤੇ ਡੂੰਘੀ ਅਕਾਦਮਿਕ ਸੂਝ ਤੋਂ ਆਉਣ ਵਾਲੇ ਸਾਲਾਂ ਵਿੱਚ ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ ਦੇ ਵਿਕਾਸ ਅਤੇ ਦ੍ਰਿਸ਼ਟੀਕੋਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਦੀ ਉਮੀਦ ਹੈ।

## ਇੱਕੋ ਦਿਨ 'ਚ ਦੋ ਸੜਕਾਂ ਦਾ ਉਦਘਾਟਨ ਕਰਕੇ ਕਰਵਾਇਆ ਕੰਮ ਸ਼ੁਰੂ

### ☛ਸਾਡੀ ਸਰਕਾਰ ਲੋਕ ਕਲਿਆਣ ਲਈ ਪ੍ਰਤੀਬੱਧ: ਡਾ ਬਲਬੀਰ ਸਿੰਘ

☛ਪੁਰਾਣੀਆਂ ਸਰਕਾਰਾਂ ਦੀ ਤਰ੍ਹਾਂ ਬਿਨਾਂ ਮਤਲਬ ਸਿਰਫ ਸੜਕਾਂ ਪੁੱਟਣ ਦਾ ਨਹੀਂ, ਬਨਾਉਣ ਦਾ ਹੁੰਦਾ ਹੈ ਅਸਲ ਟੀਚਾ : ਵਿਧਾਇਕ ਕੋਹਲੀ

☛24 ਘੰਟੇ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਪ੍ਰੋਜੈਕਟ ਪਟਿਆਲਾ ਤੋਂ ਹੀ ਹੋਵੇਗਾ ਸ਼ੁਰੂ : ਮੇਅਰ ਕੁੰਦਨ ਗੋਗੀਆ, ਕਮਿਸ਼ਨਰ ਪਰਮਵੀਰ ਸਿੰਘ





ਪਟਿਆਲਾ, 16 ਜੂਨ (ਰੁਪਾਣਾ) : ਨਗਰ ਨਿਗਮ ਨੇ ਸ਼ਹਿਰ ਦੀਆਂ ਖਰਾਬ ਹਾਲਤ ਵਾਲੀਆਂ ਸੜਕਾਂ ਦੀ ਮੁਰੰਮਤ ਅਤੇ ਨਵੇਂ ਸਿਰਿਓਂ ਬਣਾਉਣ ਲਈ ਇੱਕ ਵੱਡੀ ਮੁਹਿੰਮ ਸ਼ੁਰੂ ਕੀਤੀ ਹੈ। ਦੱਸਣਯੋਗ ਹੈ ਕਿ ਇਸ ਪ੍ਰੋਜੈਕਟ ਅਧੀਨ ਜੋ ਵੀ ਐਲ.ਐਨ.ਟੀ. ਨੇ ਨਹਿਰੀ ਪਾਣੀ ਦੀ ਸਪਲਾਈ ਲਈ ਸੜਕਾਂ ਪੁੱਟੀਆਂ ਸਨ, ਅਤੇ ਉਨ੍ਹਾਂ ਸੜਕਾਂ ਨੂੰ ਬਣਾਉਣ ਲਈ ਬਹਾਨੇ ਬਣਾ ਰਹੀ ਸੀ, ਨੂੰ ਨਵੇਂ ਸਿਰਿਓਂ ਨਗਰ ਨਿਗਮ ਵੱਲੋਂ ਖੁਦ ਬਣਵਾਇਆ ਜਾ ਰਿਹਾ ਹੈ। ਇਸੇ ਤਹਿਤ ਅਨੰਦ ਨਗਰ ਐਕਸਟੈਨਸ਼ਨ ਏ ਅਤੇ ਮੋਦੀ ਕਾਲਜ ਦੇ ਨਜ਼ਦੀਕ ਬਣਨ ਵਾਲੀ ਸੜਕ ਦਾ ਉਦਘਾਟਨ ਕਰਨ ਮੌਕੇ ਡਾ.ਬਲਬੀਰ ਸਿੰਘ ਸਿਹਤ ਮੰਤਰੀ, ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਮੇਅਰ ਕੁੰਦਨ ਗੋਗੀਆ, ਨਿਗਮ ਕਮਿਸ਼ਨਰ ਪਰਮਵੀਰ ਸਿੰਘ, ਕੌਂਸਲਰ ਜਸਬੀਰ ਗਾਂਧੀ, ਕੌਂਸਲਰ ਰਮਨਪ੍ਰੀਤ ਕੋਹਲੀ ਨੇ ਪੰਜਾਬ ਸਰਕਾਰ ਅਤੇ ਲੋਕਾਂ ਦਾ ਧੰਨਵਾਦ ਕਰਦਿਆਂ ਕੀਤਾ । ਆਨੰਦ ਨਗਰ ਐਕਸਟੈਂਸ਼ਨ ਵਿਖੇ ਸੜਕ ਬਣਾਉਣ ਦਾ ਕੰਮ ਸ਼ੁਰੂ ਕਰਵਾਉਣ ਖਾਸ ਤੌਰ 'ਤੇ ਪੁੱਜੇ ਕੈਬਨਿਟ ਸਿਹਤ ਮੰਤਰੀ ਡਾ.ਬਲਬੀਰ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਵੱਲੋਂ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੀ ਸੋਚ ਨਾਲ ਸ਼ਹਿਰ ਦੇ ਹਰ ਕੋਨੇ ਵਿਚਲੀਆਂ ਸੜਕਾਂ ਦੀ ਨੁਹਾਰ ਦਰੁਸਤ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਜਿਸ ਤਹਿਤ ਚੰਗੀ ਨੁਹਾਰ ਬਣਨ ਵਿੱਚ ਪਟਿਆਲਾ ਮੋਹਰੀ ਰਹਿਣ ਵਿੱਚ ਕੋਈ ਕਸਰ ਨਹੀਂ ਛੱਡ ਰਿਹਾ। ਸਾਡੀ ਸਰਕਾਰ ਲੋਕ ਕਲਿਆਣ ਲਈ ਪ੍ਰਤੀਬੱਧ ਹੈ ਅਤੇ ਅਸੀਂ ਹੋਰ ਵੀ ਅਜਿਹੇ ਪ੍ਰੋਜੈਕਟਾਂ ਲਈ ਨਿਰੰਤਰ ਕੰਮ ਕਰ ਰਹੇ ਹਾਂ। ਮੋਦੀ ਕਾਲਜ ਦੇ ਨਜ਼ਦੀਕ ਬਣਨ ਵਾਲੀ ਸੜਕ ਦਾ ਉਦਘਾਟਨ ਕਰਨ ਮਗਰੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਗੱਲਬਾਤ ਦੌਰਾਨ ਕਿਹਾ ਕਿ ਆਪ ਸਰਕਾਰ ਪੁਰਾਣੀਆਂ ਸਰਕਾਰਾਂ ਦੀ ਤਰ੍ਹਾਂ ਬਿਨਾਂ ਮਤਲਬ ਸਿਰਫ ਸੜਕਾਂ ਪੁੱਟਣ ਦਾ ਨਹੀ, ਬਣਾਉਣ ਦਾ ਵੀ ਟੀਚਾ ਮਿੱਥ ਕੇ ਚਲਦੀ ਹੈ। ਇਸ ਸਬੰਧੀ ਮੇਅਰ ਕੁੰਦਨ ਗੋਗੀਆ ਅਤੇ ਨਿਗਮ ਕਮਿਸ਼ਨਰ ਪਰਮਵੀਰ ਸਿੰਘ ਨੇ ਖਾਸ ਗੱਲਬਾਤ ਦੌਰਾਨ ਕਿਹਾ ਕਿ ਸਾਡੇ ਵੱਲੋਂ ਦਫ਼ਤਰਾਂ ਵਿੱਚ ਨਹੀਂ ਲੋਕਾਂ ਵਿੱਚ ਜਾ ਕੇ ਹੋਣ ਵਾਲੇ ਕੰਮਾਂ ਦੀ ਸਾਰ ਲਈ ਜਾਵੇਗੀ। ਪਟਿਆਲੇ ਵਿੱਚ ਸ਼ੁਰੂ ਹੋਣ ਵਾਲਾ ਪੀਣ ਵਾਲੇ ਪਾਣੀ ਦਾ ਪ੍ਰੋਜੈਕਟ ਬਹੁਤ ਅਹਿਮ ਹੈ। ਪੰਜਾਬ ਸਰਕਾਰ ਵਲੋਂ 24 ਘੰਟੇ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਪ੍ਰੋਜੈਕਟ ਸਭ ਤੋਂ ਪਹਿਲਾ ਪਟਿਆਲਾ ਤੋਂ ਹੀ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ ਇਸ ਤੋਂ ਬਾਅਦ ਹੀ ਪੰਜਾਬ ਦੇ ਬਾਕੀ ਸ਼ਹਿਰਾਂ ਵਿੱਚ ਇਸ ਦੀ ਸ਼ੁਰੂਆਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਹਿਲਾ ਪ੍ਰਾਈਵੇਟ ਏਜੰਸੀਆਂ ਪੂਰੇ ਪੈਸੇ ਲੈ ਕੇ ਕੰਮ ਨਾ ਮਾਤਰ ਕਰਦੀਆਂ ਸਨ, ਪਰ ਹੁਣ ਨਗਰ ਨਿਗਮ ਟੀਮ ਆਪ ਮੁਹਾਰੇ ਅਤੇ ਆਪਣੇ ਅਧਿਕਾਰੀਆਂ ਦੀ ਦੇਖ-ਰੇਖ ਵਿੱਚ ਪਟਿਆਲਾ ਨੂੰ ਕੂੜਾ ਮੁਕਤ ਕਰਨ ਲਈ ਨਵੀ ਤਜਵੀਜ਼ ਨਾਲ ਕੰਮ ਕਰ ਰਹੀ ਹੈ। ਸਾਡੀਆਂ ਨਿਵੇਕਲੀਆਂ ਕੋਸ਼ਿਸ਼ਾਂ ਰਾਹੀ ਕੂੜਾ ਚੁੱਕਣ ਵਾਲੇ ਵਰਕਰਾਂ ਨੂੰ ਵੀ ਵੱਡਾ ਫਾਇਦਾ ਹੋਏਗਾ। ਇਸ ਮੌਕੇ ਨਿਗਮ ਦੇ ਅਧਿਕਾਰੀਆਂ ਤੋਂ ਇਲਾਵਾ ਲਾਲ ਸਿੰਘ ਬਲਾਕ ਪ੍ਰਧਾਨ, ਰਵਿੰਦਰਪਾਲ ਸਿੰਘ ਜੋਨੀ ਕੋਹਲੀ, ਬਲਵਿੰਦਰ ਸੈਣੀ, ਪ੍ਰਿੰਸੀਪਲ ਡਾ.ਨੀਰਜ ਗੋਇਲ, ਹਰਮੀਤ ਸਿੰਘ, ਹਰਜੋਤ ਸਿੰਘ, ਰਮਨ ਕੋਹਲੀ, ਭਵਖੰਡਨ ਸਿੰਘ, ਸੁੱਖਜੋਤ ਸਿੰਘ, ਅਮਰਿੰਦਰ ਸਿੰਘ, ਸਿਮਰ ਸਰਨਾ, ਗੌਰਵ ਕਥੂਰੀਆ, ਇੰਦਰਪਾਲ ਕੋਹਲੀ, ਮਲਕੀਤ ਖੱਟੜਾ, ਅਮਰਜੀਤ ਸਿੰਘ ਨੰਬਰਦਾਰ, ਸੁਰਜੀਤ ਸਿੰਘ, ਹਰੀਸ਼ ਕੁਮਾਰ ਅਤੇ ਹੋਰ ਇਲਾਕਾ ਨਿਵਾਸੀ ਵੀ ਮੌਜੂਦ ਸਨ।

### ਪਤੀ ਵੱਲੋਂ ਪਤਨੀ ਦੀ ਕੁੱਟਮਾਰ ਸਬੰਧੀ ਮਾਮਲਾ ਦਰਜ

ਪਟਿਆਲਾ, 16 ਜੂਨ (ਵਿਨੋਦ ਸ਼ਰਮਾ) : ਕੁੱਟਮਾਰ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਸਬੰਧੀ ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਕੋਲ ਪੂਜਾ ਸ਼ਰਮਾ ਪਤਨੀ ਦੀਪਕ ਵਾਸੀ ਨੇੜੇ ਦਸ਼ਮੇਸ਼ ਖਾਲਸਾ ਸਕੂਲ ਸਾਹਮਣੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕਥਿਤ ਦੋਸ਼ੀ ਦੀਪਕ ਵਾਸੀ ਨੇੜੇ ਦਸ਼ਮੇਸ਼ ਖਾਲਸਾ ਸਕੂਲ ਸਾਹਮਣੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਥਿਤ ਦੋਸ਼ੀ, ਉਸ ਦਾ ਪਤੀ ਹੈ। ਕਥਿਤ ਦੋਸ਼ੀ ਨੇ ਉਸ ਦੀ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆ ਧਮਕੀਆ ਵੀ ਦਿੱਤੀਆਂ। ਪੁਲਿਸ ਨੇ ਧਾਰਾ 115(2), 126(2), 351(2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਡੀ.ਸੀ. ਵੱਲੋਂ ਛੋਟੀ ਤੇ ਵੱਡੀ ਨਦੀ ਦੀ ਸਫਾਈ, ਰਾਜਿੰਦਰਾ ਲੇਕ, 24 ਘੰਟੇ ਨਹਿਰੀ ਪਾਣੀ ਦੀ ਸਪਲਾਈ ਤੇ ਐਨਕੈਪ ਦਾ ਜਾਇਜ਼ਾ

### ਬਾਰਾਂਦਰੀ, ਫ਼ੁਹਾਰਾ ਚੌਂਕ ਤੇ ਮਾਲ ਰੋਡ ਦੇ ਨਵੀਨੀਕਰਨ ਲਈ ਵੀ ਹਦਾਇਤਾਂ



ਪਟਿਆਲਾ, 16 ਜੂਨ (ਰੁਪਾਣਾ) : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਛੋਟੀ ਨਦੀ ਤੇ ਵੱਡੀ ਨਦੀ ਦੀ ਸਫ਼ਾਈ ਸਮੇਤ ਰਾਜਿੰਦਰਾ ਲੇਕ, 24 ਘੰਟੇ ਨਹਿਰੀ ਪਾਣੀ ਸਪਲਾਈ ਸਮੇਤ ਨੈਸ਼ਨਲ ਕਲੀਨ ਏਅਰ ਪ੍ਰੋਗਰਾਮ ਤਹਿਤ ਸ਼ਹਿਰ 'ਚ ਹਵਾ ਪ੍ਰਦੂਸ਼ਣ ਘੱਟ ਕਰਨ ਦੇ ਕੰਮਾਂ ਦਾ ਜਾਇਜ਼ਾ ਲਿਆ। ਡਿਪਟੀ ਕਮਿਸ਼ਨਰ ਨੇ ਲੋਕ ਨਿਰਮਾਣ ਵਿਭਾਗ, ਨਗਰ ਨਿਗਮ ਤੇ ਐਲ ਐਂਡ ਟੀ ਕੰਪਨੀ ਨੂੰ ਹਦਾਇਤ ਕੀਤੀ ਕਿ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਅਤੇ ਲੀਲਾ ਭਵਨ ਚੌਂਕ ਨੇੜੇ 24 ਘੰਟੇ ਨਹਿਰੀ ਪਾਣੀ ਦੀ ਪੈਣ ਵਾਲੀ ਪਾਇਪਲਾਈਨ ਲਈ ਅਗੇਤੇ ਪੁਖ਼ਤਾ ਪ੍ਰਬੰਧ ਕੀਤੇ ਜਾਣ ਤਾਂਕਿ ਸੜਕ ਪੁੱਟਣ ਸਮੇਂ ਆਵਾਜਾਈ ਪ੍ਰਭਾਵਤ ਨਾ ਹੋਵੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪਾਇਪਲਾਈਨ ਪਾਉਣ ਸਮੇਂ ਸੜਕ ਨੂੰ ਤੁਰੰਤ ਚੱਲਣਯੋਗ ਬਣਾਇਆ ਜਾਵੇ ਤੇ ਇਸ 'ਚ ਕੋਈ ਦੇਰੀ ਨਾ ਹੋਵੇ। ਇਸੇ ਦੌਰਾਨ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਛੋਟੀ ਤੇ ਵੱਡੀ ਨਦੀ ਦੀ ਸਫ਼ਾਈ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਨੇ ਡਰੇਨੇਜ ਵਿਭਾਗ ਵੱਲੋਂ ਛੋਟੀ ਨਦੀ ਦੀ ਗੌਰੀ ਸ਼ੰਕਰ ਮੰਦਿਰ ਦੀ ਡਾਊਨ ਸਟ੍ਰੀਮ ਤੋਂ 4000 ਫੁਟ ਦੀ ਕਰੀਬ ਲੰਬਾਈ ਦੀ ਜਿੱਥੇ-ਜਿੱਥੇ ਲੋੜ ਹੈ, ਉਥੇ ਪੋਕਲੇਨ ਮਸ਼ੀਨ ਨਾਲ ਕੀਤੀ ਜਾ ਰਹੀ ਸਫ਼ਾਈ ਦਾ ਮੁਲੰਕਣ ਕੀਤਾ। ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਪਟਿਆਲਾ ਕੀ ਰਾਓ ਨਦੀ ਦੀ ਕਾਲਵਾ ਤੱਕ ਸਫ਼ਾਈ ਤੇ ਬੰਨ੍ਹ ਮਜ਼ਬੂਤ ਕਰਨ ਦਾ ਕੰਮ ਚੱਲ ਰਿਹਾ ਹੈ ਅਤੇ ਪਿੰਡ ਦੌਲਤਪੁਰ, ਜਿੱਥੋਂ ਇਹ ਵੱਡੀ ਨਦੀ ਦਾ ਰੂਪ ਅਖ਼ਤਿਆਰ ਕਰ ਲੈਂਦੀ ਹੈ, ਤੋਂ ਅੱਗੇ ਨਗਰ ਨਿਗਮ ਦੀ ਲਿਮਟ ਦੇ ਅੰਦਰ-ਅੰਦਰ ਬੂਟੀ ਦੀ ਸਫ਼ਾਈ ਕਰਨ ਦਾ ਕੰਮ ਕਰਨ ਲਈ ਨਗਰ ਨਿਗਮ ਵੱਲੋਂ ਟੈਂਡਰ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ 'ਤੇ ਪਟਿਆਲਾ ਸ਼ਹਿਰ ਨੂੰ ਹਰ ਪੱਖੋਂ ਵਿਕਸਤ ਕੀਤਾ ਜਾ ਰਿਹਾ ਹੈ ਤੇ ਇਸੇ ਤਹਿਤ ਹੀ ਸ਼ਹਿਰ ਵਿੱਚ ਹਵਾ ਦੀ ਗੁਣਵੱਤਾ ਸੁਧਾਰਨ ਲਈ ਬਾਰਾਂਦਰੀ ਬਾਗ ਵਿੱਚ ਹੋਰ ਸੁਧਾਰ ਕੀਤੇ ਜਾਣ ਦੀ ਤਜਵੀਜ਼ ਹੈ। ਉਨ੍ਹਾਂ ਕਿਹਾ ਕਿ ਫ਼ੁਹਾਰਾ ਚੌਂਕ ਸਮੇਤ ਕਾਲੀ ਦੇਵੀ ਮੰਦਿਰ ਤੋਂ ਫ਼ੁਹਾਰ ਚੌਂਕ ਤੱਕ ਮਾਲ ਰੋਡ ਦੀ ਸੁੰਦਰਤਾ ਲਈ ਵੀ ਤਜਵੀਜ਼ ਬਣਾਈ ਗਈ ਹੈ। ਡਿਪਟੀ ਕਮਿਸ਼ਨਰ ਨੇ ਬੈਠਕ ਦੌਰਾਨ ਦੱਸਿਆ ਕਿ ਰਾਜਿੰਦਰਾ ਲੇਕ 'ਚ ਪਾਈਪਲਾਈਨ ਪਾ ਕੇ ਪਾਣੀ ਪੱਕੇ ਤੌਰ 'ਤੇ ਭਰਨ ਲਈ ਵੀ ਕੰਮ ਚੱਲ ਰਿਹਾ ਹੈ ਟੈਂਡਰ ਪ੍ਰਕ੍ਰਿਆ ਜਾਰੀ ਹੈ। ਇਸ ਮੌਕੇ ਏ.ਡੀ.ਸੀ ਸ਼ਹਿਰੀ ਵਿਕਾਸ ਨਵਰੀਤ ਕੌਰ ਸੇਖੋਂ ਸਮੇਤ ਡਰੇਨੇਜ, ਲੋਕ ਨਿਰਮਾਣ, ਪ੍ਰਦੂਸ਼ਣ ਰੋਕਥਾਮ ਬੋਰਡ, ਨਗਰ ਨਿਗਮ, ਬਾਗਬਾਨੀ, ਜੰਗਲਾਤ ਵਿਭਾਗ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਦਹਾਕਿਆਂ ਬਾਅਦ ਨਹਿਰ ਦਾ ਪਾਣੀ ਖੇਤਾਂ 'ਚ ਪਹੁੰਚਿਆ, ਕਿਸਾਨਾਂ ਵੱਲੋਂ ਪੰਜਾਬ ਸਰਕਾਰ ਦਾ ਧੰਨਵਾਦ



ਪਾਤੜਾਂ, 16 ਜੂਨ (ਹਰਮਿੰਦਰ ਕਰਤਾਰਪੁਰ) : ਪੰਜਾਬ ਸਰਕਾਰ ਵੱਲੋਂ ਨਹਿਰੀ ਰਜਬਾਹਿਆਂ ਦੀ ਸਫਾਈ ਅਤੇ ਉਸਾਰੀ ਕਾਰਜਾਂ ਤੋਂ ਬਾਅਦ ਹੁਣ ਰਜਬਾਹਿਆਂ ਤੇ ਖਾਲਿਆ ਵਿੱਚ ਨਹਿਰੀ ਪਾਣੀ ਛੱਡ ਦਿੱਤਾ ਗਿਆ ਹੈ, ਜਿਸ ਨਾਲ ਲੰਬੇ ਸਮੇਂ ਤੋਂ ਸੋਕੇ ਦੀ ਮਾਰ ਝੱਲ ਰਹੇ ਕਿਸਾਨਾਂ ਨੂੰ ਵੱਡੀ ਰਾਹਤ ਮਿਲੀ ਹੈ। ਸੋਮਵਾਰ ਨੂੰ ਜਦੋਂ ਪਾਤੜਾਂ ਦੇ ਪਿੰਡ ਹਮਝੇੜੀ (ਕਰਮਗੜ੍ਹ 2) ਵਿੱਚ ਕਈ ਸਾਲਾਂ ਬਾਅਦ ਨਹਿਰ ਦਾ ਪਾਣੀ ਖੇਤਾਂ ਵਿੱਚ ਪਹੁੰਚਿਆ ਤਾਂ ਕਿਸਾਨਾਂ ਨੇ ਮਠਿਆਈਆਂ ਵੰਡ ਕੇ ਜਸ਼ਨ ਮਨਾਇਆ ਅਤੇ ਸਰਕਾਰ ਦਾ ਧੰਨਵਾਦ ਕੀਤਾ। ਪਿੰਡ ਦੇ ਕਿਸਾਨ ਇੰਦਰਜੀਤ ਸਿੰਘ (ਸਰਪੰਚ, ਦਿਆਲ ਨਗਰ ਹਮਝੇੜੀ) ਅਤੇ ਕਿਸਾਨ ਮੱਖਣ ਸਿੰਘ ਨੇ ਕਿਹਾ ਕਿ ਪਿਛਲੇ 40 ਸਾਲਾਂ ਤੋਂ ਪਿੰਡ ਦੀ ਨਹਿਰੀ ਖਾਲ ਵਿੱਚ ਪਾਣੀ ਨਹੀਂ ਸੀ। ਇਸ ਕਾਰਨ ਕਿਸਾਨਾਂ ਨੂੰ ਸਿੰਚਾਈ ਲਈ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਰਹਿਣਾ ਪੈਂਦਾ ਸੀ, ਜਿਸ ਨਾਲ ਨਾ ਸਿਰਫ਼ ਖਰਚੇ ਵਧਦੇ ਸਨ, ਸਗੋਂ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਲਗਾਤਾਰ ਹੇਠਾਂ ਜਾ ਰਿਹਾ ਸੀ। ਅਨੁਸੂਚਿਤ ਜਾਤੀ ਭਾਈਚਾਰੇ ਦੇ ਖੇਤਾਂ ਨੂੰ ਨਹਿਰੀ ਪਾਣੀ ਦੀ ਉਪਲਬਧਤਾ 'ਤੇ ਖੁਸ਼ੀ ਪ੍ਰਗਟ ਕਰਦੇ ਹੋਏ ਆਮ ਆਦਮੀ ਪਾਰਟੀ ਨੇ ਕਿਹਾ ਕਿ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਹੋਏ ਹਨ। ਇਸ ਮੌਕੇ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਹਲਕੇ ਅੰਦਰ ਟੇਲਾਂ ਤੱਕ ਨਹਿਰੀ ਪਾਣੀ ਪਹੁੰਚਾਇਆ ਗਿਆ ਹੈ, ਜਿਸ ਕਾਰਨ ਕਿਸਾਨਾਂ ਨੂੰ ਵੱਡੀ ਰਾਹਤ ਮਿਲੀ ਹੈ, ਜਿਸ ਲਈ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਧਾਈ ਦੇ ਪਾਤਰ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ।

## ਕੇਂਦਰ ਜਲਦੀ ਤੋਂ ਜਲਦੀ ਐਸ.ਜੀ.ਪੀ.ਸੀ. ਦੀਆਂ ਚੋਣਾਂ ਦਾ ਐਲਾਨ ਕਰੇ : ਪ੍ਰੋ. ਚੰਦੂਮਾਜਰਾ

### ☛ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਥਾਪੀ 5 ਮੈਂਬਰੀ ਭਰਤੀ ਕਮੇਟੀ ਵੱਲੋਂ ਸ਼ੁਰੂ ਕੀਤੀ ਭਰਤੀ ਮੁਕੰਮਲ ਹੋਣ ਦੇ ਨੇੜੇ



ਪਟਿਆਲਾ/ਦੇਵੀਗੜ੍ਹ, 16 ਜੂਨ (ਅਮਰਜੀਤ ਸਿੰਘ/ਗੁਰਜੀਤ ਢੋਟ) : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦਾ ਜਲਦੀ ਤੋਂ ਜਲਦੀ ਐਲਾਨ ਕਰਨ। ਪ੍ਰੋ. ਚੰਦੂਮਾਜਰਾ ਨੇ ਇਹ ਵੀ ਐਲਾਨ ਕੀਤਾ ਕਿ ਇਸ ਮਾਮਲੇ ਵਿਚ ਜਲਦੀ ਹੀ ਪੰਥਕ ਧਿਰਾਂ ਦਾ ਇਕ ਸਾਂਝਾ ਡੈਲੀਗੇਸ਼ਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲੇਗਾ ਅਤੇ ਸਿੱਖ ਲੀਡਰਸ਼ਿਪ ਕੇਵਲ ਤੇ ਕੇਵਲ ਐਸ.ਜੀ.ਪੀ.ਸੀ. ਦੀਆਂ ਜਨਰਲ ਚੋਣਾਂ ਦੀ ਅਪੀਲ ਕਰੇਗਾ। ਉਨ੍ਹਾਂ ਕਿਹਾ ਕਿ ਅੱਜ ਪੰਥ ਪੂਰੀ ਤਰ੍ਹਾਂ ਦੁਵਿਧਾ ਵਿਚ ਹੈ ਅਤੇ ਜਥੇ. ਸਾਹਿਬਾਨਾਂ ਨਾਲ ਕੀਤੇ ਗਏ ਵਿਵਹਾਰ ਨੂੰ ਲੈ ਕੇ ਸਿੱਖ ਜਗਤ ਵਿਚ ਕਾਫੀ ਜ਼ਿਆਦਾ ਰੋਸ ਪੈਦਾ ਹੋਇਆ ਹੈ। ਸਿੱਖ ਪੰਥ ਅੱਜ ਆਪਣੇ ਆਪ ਨੂੰ ਖਿਲਰਿਆ ਹੋਇਆ ਮਹਿਸੂਸ ਕਰ ਰਿਹਾ ਹੈ ਅਤੇ ਸਿੱਖ ਸ਼ਕਤੀ ਨੂੰ ਇਕ ਮੰਚ 'ਤੇ ਲਿਆਉਣਾ ਸਮੇਂ ਦੀ ਸਭ ਤੋਂ ਵੱਡ ਜ਼ਰੂਰਤ ਬਣ ਗਈ ਹੈ, ਜਿਸ ਲਈ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਸੁਰਜੀਤ ਕਰਨ ਲਈ ਥਾਪੀ ਗਈ 5 ਮੈਂਬਰੀ ਕਮੇਟੀ ਕਾਫੀ ਵੱਡੇ ਪੱਧਰ 'ਤੇ ਯਤਨ ਕਰ ਰਹੀ ਹੈ ਅਤੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਥਾਪੀ ਗਈ ਭਰਤੀ ਕਮੇਟੀ ਵੱਲੋਂ ਭਰਤੀ ਪ੍ਰਕਿਰਿਆ ਮੁਕੰਮਲ ਕਰਨ ਉਪਰੰਤ ਜਲਦੀ ਹੀ ਪੰਥ ਪਰਵਾਨਤ ਲੀਡਰਸ਼ਿਪ ਸਿੱਖ ਕੌਮ ਨੂੰ ਦਿੱਤੀ ਜਾਵੇਗੀ। ਪ੍ਰੋ. ਚੰਦੂਮਾਜਰਾ ਨੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਟੀਮ ਨੂੰ ਵੀ ਅਪੀਲ ਕੀਤੀ ਕਿ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਥਾਪੀ ਗਈ ਪੰਜ ਮੈਂਬਰੀ ਭਰਤੀ ਕਮੇਟੀ ਦੀ ਪ੍ਰਕਿਰਿਆ ਦਾ ਹਿੱਸਾ ਬਣਨ ਅਤੇ ਇਸ ਕਮੇਟੀ ਰਾਹੀਂ ਜਿਹੜੀ ਭਰਤੀ ਹੋ ਰਹੀ ਹੈ, ਉਸ ਦੀ ਮੈਂਬਰਸ਼ਿਪ ਹਾਸਲ ਕਰਕੇ ਪੰਥ ਸ਼ਕਤੀ ਨੂੰ ਮਜਬੂਤ ਕਰਨ। ਇਸ ਮੌਕੇ ਭੁਪਿੰਦਰ ਸਿੰਘ ਸ਼ੇਖੂਪੁਰ ਹਲਕਾ ਇੰਚਾਰਜ ਘਨੌਰ, ਜਗਜੀਤ ਸਿੰਘ ਕੋਹਲੀ ਸਿਆਸੀ ਸਲਾਹਕਾਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸਤਨਾਮ ਸਿੰਘ ਸੱਤਾ ਜ਼ਿਲ੍ਹਾ ਪ੍ਰਧਾਨ, ਸੁਖਬੀਰ ਸਿੰਘ ਅਬਲੋਵਾਲ ਕੌਂਸਲਰ, ਗੁਰਚਰਨ ਸਿੰਘ ਕੌਲੀ, ਸੂਬਾ ਪ੍ਰਧਾਨ ਬਲਵਿੰਦਰ ਸਿੰਘ ਰਿੰਕੂ, ਕੈ. ਖੁਸ਼ਵੰਤ ਸਿੰਘ ਢਿੱਲੋਂ ਆਦਿ ਵੀ ਹਾਜ਼ਰ ਸਨ।

## ਚੋਰੀ ਕਰਨ ਆਏ ਨਕਾਬਪੋਸ਼ ਚੋਰ ਚੋਰੀ ਕੀਤਾ ਸਮਾਨ ਛੱਡ ਕੇ ਭੱਜੇ

ਸਮਾਣਾ, 16 ਜੂਨ (ਵਿਜੇ ਕੁਮਾਰ) : ਸਰਾਂਪਤੀ ਬਸਤੀ ਸਮਾਣਾ ਦੇ ਇੱਕ ਘਰ 'ਚ ਸੋਮਵਾਰ ਤੜਕਸਾਰ ਚੋਰੀ ਕਰਨ ਆਏ ਨਕਾਬਪੋਸ਼ ਚੋਰ ਬਸਤੀ ਦੇ ਲੋਕਾਂ ਦੇ ਜਾਗ ਜਾਣ 'ਤੇ ਪਹਿਲਾਂ ਤੋਂ ਚੋਰੀ ਕਰਕੇ ਲਿਆਂਦਾ ਸੋਨਾ, ਚਾਂਦੀ ਦੇ ਗਹਿਣੇ, ਨਗਦੀ, ਮੋਟਰਸਾਈਕਲ ਸਣੇ ਆਪਣਾ ਸਮਾਨ ਵੀ ਛੱਡ ਕੇ ਭੱਜ ਗਏ। ਸੂਚਨਾ ਦਿੱਤੇ ਜਾਣ 'ਤੇ ਪਹੁੰਚੀ ਸਿਟੀ ਪੁਲਿਸ ਨੇ ਜਾਂਚ ਪੜਤਾਲ ਉਪਰਾਂਤ ਚੋਰਾਂ ਵੱਲੋਂ ਛੱਡਿਆ ਗਿਆ ਚੋਰੀ ਦਾ ਸਮਾਨ ਲੋਕਾਂ ਤੋਂ ਆਪਣੇ ਕਬਜ਼ੇ ਵਿੱਚ ਲੈ ਲਿਆ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਏ.ਐਸ.ਆਈ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਬਸਤੀ ਦੇ ਲੋਕਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਮੂੰਹ ਬੰਨ੍ਹੇ ਚੋਰਾਂ ਦੀ ਇੱਕ ਟੋਲੀ ਮੋਟਰਸਾਈਕਲ 'ਤੇ ਸਵਾਰ ਹੋ ਕੇ ਸਰਾਂਪਤੀ ਪਹੁੰਚ ਕੇ ਇੱਕ ਘਰ 'ਚ ਚੋਰੀ ਕਰਨ ਲਈ ਦੀਵਾਰ ਟੱਪਣ ਲੱਗੇ, ਤਾਂ ਬਸਤੀ ਦੇ ਲੋਕਾਂ ਦੀ ਨਜ਼ਰ ਉਹਨਾਂ 'ਤੇ ਹੀ ਪੈ ਗਈ। ਰੌਲਾ ਪਾਉਣ 'ਤੇ ਹੋਰ ਵਿਅਕਤੀਆਂ ਦੇ ਪਹੁੰਚਣ 'ਤੇ ਚੋਰ ਪਹਿਲਾਂ ਤੋਂ ਚੋਰੀ ਕਰਕੇ ਲਿਆਂਦਾ ਸਮਾਨ ਸਣੇ ਮੋਟਰਸਾਈਕਲ ਛੱਡ ਕੇ ਫਰਾਰ ਹੋ ਗਏ। ਅਧਿਕਾਰੀ ਅਨੁਸਾਰ ਚੋਰਾਂ ਵੱਲੋਂ ਛੱਡੇ ਗਏ ਸਮਾਨ 'ਚ 15 ਗ੍ਰਾਮ ਸੋਨੇ ਦੇ ਗਹਿਣੇ, 21 ਤੋਲੇ ਚਾਂਦੀ, 24 ਹਜਾਰ ਨਗਦੀ ਅਤੇ ਇੱਕ ਮੋਟਰਸਾਈਕਲ ਪੁਲਿਸ ਵੱਲੋਂ ਬਰਾਮਦ ਕਰ ਕੰਟਰੋਲ ਰੂਮ ਨੂੰ ਸੂਚਨਾ ਦੇ ਦਿੱਤੀ ਹੈ।

### 19-20 ਨੂੰ ਲਗਾਇਆ ਜਾਵੇਗਾ ਯੋਗਾ ਕੈਂਪ

ਸਮਾਣਾ, 16 ਜੂਨ (ਵਿਜੇ ਕੁਮਾਰ) : ਰੋਟਰੀ ਕਲੱਬ ਸਮਾਣਾ ਸੈਂਟਰਲ ਦੇ ਸਹਿਯੋਗ ਨਾਲ ਸ਼੍ਰੀ ਵਿਦਿਆ ਸਾਗਰ ਅਨੰਦ ਆਸ਼ਰਮ ,ਰਾਜਲਾ ਰੋਡ ਸਮਾਣਾ ਵਿਖੇ ਦੋ ਦਿਨਾ ਮੁਫਤ ਯੋਗਾ ਕੈਂਪ 19 ਅਤੇ 20 ਜੂਨ ਨੂੰ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਯੋਗਾਚਾਰੀਆ ਟੋਨੀ ਸੈਮੀ ਯੋਗ ਕਿਰਿਆਵਾਂ ਰਾਹੀਂ ਸਰੀਰ ਅਤੇ ਮਨ ਨੂੰ ਤੰਦਰੁਸਤ ਰੱਖਣ ਦੀ ਤਾਕਤ ਬਾਰੇ ਜਾਣੂੰ ਕਰਵਾਉਣਗੇ। ਓਹਨਾ ਅਪੀਲ ਕੀਤੀ ਕਿ 19 ਅਤੇ 20 ਜੂਨ ਨੂੰ ਪ੍ਰਦੂਸ਼ਣ ਰਹਿਤ ਅਤਿ ਸੁੰਦਰ ਸਥਾਨ ਸ਼੍ਰੀ ਵਿੱਦਿਆ ਸਾਗਰ ਅਨੰਦ ਆਸ਼ਰਮ ਵਿਖੇ ਸਵੇਰੇ 5.30 ਤੇ ਪਹੁੰਚ ਕੇ ਆਪਣੀ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਨੂੰ ਕਾਇਮ ਰੱਖਣ ਦੇ ਤਰੀਕੇ ਸਿੱਖੋ।

## ਪਿੱਛਲੇ ਸਾਲ ਨਾਲੋਂ ਝੋਨੇ ਦੀ ਸਿੱਧੀ ਬਿਜਾਈ 'ਚ ਹੋਇਆ ਤਿੰਨ ਗੁਣਾਂ ਵਾਧਾ : ਸਤੀਸ਼ ਚੌਧਰੀ

ਸਮਾਣਾ, 16 ਜੂਨ (ਵਿਜੇ ਕੁਮਾਰ) ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਲਾਕ ਸਮਾਣਾ ਵੱਲੋਂ ਪਿੰਡ ਦੇਧਨਾ ਵਿੱਚ ਮੁੱਖ ਖੇਤੀਬਾੜੀ ਅਫਸਰ ਜਸਵਿੰਦਰ ਸਿੰਘ ਦੀ ਅਗਵਾਈ ਹੇਠ ਅਤੇ ਬਲਾਕ ਖੇਤੀਬਾੜੀ ਅਫਸਰ ਸਤੀਸ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਨ੍ਹਾਂ ਕਿਸਾਨਾਂ ਵੱਲੋ ਝੋਨੇ ਦੀ ਸਿੱਧੀ ਬਿਜਾਈ ਕੀਤੀ ਗਈ ਸੀ। ਉਸਦੀ ਖੇਤੀਬਾੜੀ ਵਿਭਾਗ ਦੇ ਅਧਿਕਾਰੀ/ਕਰਮਚਾਰੀਆਂ ਵੱਲੋਂ ਕੈਂਪ ਲਗਾ ਕੇ ਆਨਲਾਈਨ ਰਜਿਸਟ੍ਰੇਸ਼ਨ ਕੀਤੀ ਗਈ । ਕਿਸਾਨਾਂ ਨਾਲ ਗੱਲਬਾਤ ਕਰਦਿਆਂ ਬਲਾਕ ਖੇਤੀਬਾੜੀ ਅਫਸਰ ਸਤੀਸ਼ ਕੁਮਾਰ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਕਰਨ ਦਾ ਸਭ ਤੋਂ ਵੱਧ ਫਾਇਦਾ ਪਾਣੀ ਦੀ ਬਚਤ ਹੈ, ਪੰਜਾਬ ਦੇ ਪਾਣੀ ਦਾ ਪੱਧਰ ਦਿਨ ਪ੍ਰਤੀ ਦਿਨ ਬਹੁਤ ਹੇਠਾ ਜਾ ਰਿਹਾ ਹੈ। ਇਸ ਲਈ ਸਾਨੂੰ ਸਭ ਰਲ ਮਿਲ ਕੇ ਹੀ ਬਚਾਉਣਾ ਪਊਗਾ। ਕਿਸਾਨਾਂ ਨੂੰ ਕੀਟਨਾਸ਼ਕ ਦਵਾਈਆਂ ਸਬੰਧੀ ਵੀ ਜਾਣਕਾਰੀ ਦਿੱਤੀ ਗਈ। ਇਸ ਸਮੇਂ ਗੱਲਬਾਤ ਕਰਦਿਆ ਸਤੀਸ ਕੁਮਾਰ ਨੇ ਦੱਸਿਆ ਕਿ ਪਿੰਡ ਦੇਧਨਾ ਵਿੱਚ ਖੇਤਬਾੜੀ ਵਿਭਾਗ ਦੇ ਸਮੂਹ ਸਟਾਫ ਦੇ ਜਨਤਾ ਦੇ ਸਹਿਯੋਗ ਸਦਕਾ ਪਿਛਲੇ ਸਾਲ ਨਾਲੋ ਝੋਨੇ ਦੀ ਸਿੱਧੀ ਬਿਜਾਈ ਵਿੱਚ 3 ਗੁਣਾ ਵਾਧਾ ਹੋਇਆ ਹੈ । ਇਸ ਤੋਂ ਇਲਾਵਾ ਕਿਸਾਨਾਂ ਪੀ.ਐਮ ਕਿਸਾਨ ਨਿਧੀ ਯੋਜਨਾ ਸਬੰਧੀ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ । ਇਸ ਮੌਕੇ ਹਾਜ਼ਰ ਕਿਸਾਨ ਗੁਰਨੈਬ ਸਿੰਘ,ਹਰਜੀਤ ਸਿੰਘ,ਮੱਖਣ ਸਿੰਘ, ਭੁਪਿੰਦਰ ਸਿੰਘ, ਗਿਆਨ ਸਿੰਘ ਅਤੇ ਕੁਲਭੂਸ਼ਨ ਸੈਕਟਰੀ ਆਦਿ ਹਾਜ਼ਰ ਸਨ ।

## ਡੀ.ਸੀ. ਨੇ ਬੈਕਾਂ ਦੀ ਸੁਰੱਖਿਆ ਤੇ ਕਾਰਜਪ੍ਰਣਾਲੀ ਦਾ ਲਿਆ ਜਾਇਜ਼ਾ





ਪਟਿਆਲਾ, 16 ਜੂਨ (ਰੁਪਾਣਾ) : ਸਟੇਟ ਬੈਂਕ ਆਫ ਇੰਡੀਆ ਦੀ ਅਗਵਾਈ ਹੇਠ ਲੀਡ ਬੈਂਕ ਵੱਲੋਂ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ ਆਯੋਜਿਤ ਕੀਤੀ ਗਈ , ਜਿਸ ਦੀ ਪ੍ਰਧਾਨਗੀ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਨੇ ਕੀਤੀ। ਇਸ ਮੀਟਿੰਗ ਵਿੱਚ ਜ਼ਿਲ੍ਹੇ ਦੇ ਸਮੂਹ ਬੈਂਕਾਂ ਦੀ ਤਿਮਾਹੀ ਕਾਰਗੁਜ਼ਾਰੀ ਦੀ ਸਮੀਖਿਆ ਕੀਤੀ ਗਈ। ਉਹਨਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ ਅਮਰਿੰਦਰ ਸਿੰਘ ਟਿਵਾਣਾ ਵੀ ਹਾਜ਼ਰ ਸਨ। ਡਾ: ਪ੍ਰੀਤੀ ਯਾਦਵ ਨੇ ਜ਼ਿਲ੍ਹੇ ਅੰਦਰ ਬੈਂਕਿੰਗ ਸੇਵਾਵਾਂ ਪ੍ਰਦਾਨ ਕਰ ਰਹੇ ਸਮੁੱਚੇ ਬੈਂਕਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਬੈਂਕਾਂ ਵਿੱਚ ਕਰਜ਼ੇ ਨਾਲ ਸਬੰਧਤ ਲੰਬਿਤ ਚੱਲੇ ਆ ਰਹੇ ਮਾਮਲਿਆਂ ਦਾ ਤੁਰੰਤ ਨਿਪਟਾਰਾ ਕਰਨ। ਉਹਨਾਂ ਬੈਂਕਾਂ ਸਮੇਤ ਕਰੰਸੀ ਚੈਸਟ, ਏ.ਟੀ.ਐਮਜ਼ ਅਤੇ ਨਗਦੀ ਵਾਲੇ ਵਾਹਨਾਂ ਦੀ ਸੁਰੱਖਿਆ ਲਈ ਰਿਜ਼ਰਵ ਬੈਂਕ ਆਫ ਇੰਡੀਆ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦਾ ਪਾਲਣਾ ਸਖ਼ਤੀ ਨਾਲ ਕਰਨ ਦੀ ਹਦਾਇਤ ਵੀ ਕੀਤੀ। ਉਹਨਾਂ ਬੈਂਕਿੰਗ ਮਾਮਲਿਆਂ ਨੂੰ ਲੰਬਿਤ ਰੱਖਣ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਜੇਕਰ ਕਿਸੇ ਕੇਸ ਵਿੱਚ ਕੁੱਝ ਨੁਕਸ ਸਾਹਮਣੇ ਆਉਂਦਾ ਹੈ ਤਾਂ ਇਸ ਸਬੰਧੀ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਕਰਜ਼ਿਆਂ ਸਬੰਧੀ ਬੈਂਕਾਂ ਵਿੱਚ ਲੰਬਿਤ ਪਏ ਕੇਸਾਂ ਦਾ ਤੁਰੰਤ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ। ਡਾ: ਪ੍ਰੀਤੀ ਯਾਦਵ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੇਂਦਰ ਅਤੇ ਰਾਜ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਅਧੀਨ ਦਿੱਤੇ ਜਾਣ ਵਾਲੇ ਕਰਜ਼ਿਆਂ ਦੀ ਪ੍ਰਕ੍ਰਿਆ ਹੋਰ ਤੇਜ ਕੀਤੀ ਜਾਵੇ, ਤਾਂ ਜੋ ਖੇਤੀਬਾੜੀ, ਸਵੈ-ਰੁਜ਼ਗਾਰ ਅਤੇ ਛੋਟੇ ਪੱਧਰ ਦੇ ਕਾਰੋਬਾਰਾਂ ਨੂੰ ਮਜ਼ਬੂਤੀ ਮਿਲੇ। ਉਹਨਾਂ ਕਿਹਾ ਕਿ ਬੇਰੁਜ਼ਗਾਰੀ ਦੇ ਮੁੱਦੇ ਨੂੰ ਹੱਲ ਕਰਨ ਵਿੱਚ ਬੈਂਕਾਂ ਦੀ ਅਹਿਮ ਭੂਮਿਕਾ ਹੁੰਦੀ ਹੈ , ਇਸ ਲਈ ਅਧਿਕਾਰੀ ਲੋਕਾਂ ਦੇ ਭਵਿੱਖ ਨੂੰ ਸੰਵਾਰਣ ਲਈ ਅੱਗੇ ਆਉਣ । ਲੀਡ ਬੈਂਕ ਮੈਨੇਜਰ ਜਗਦੀਪ ਸਿੰਘ ਨੇ ਇਸ ਮੀਟਿੰਗ ਦੀ ਕਾਰਵਾਈ ਚਲਾਉਂਦਿਆਂ ਬੈਂਕਾਂ ਦੀ ਸੁਰੱਖਿਆ ਲਈ ਇੰਸਪੈਕਟਰ ਆਲਮਜੀਤ ਸਿੰਘ ਵੱਲੋਂ ਵੱਖ-ਵੱਖ ਖੇਤਰਾਂ ' ਚ ਬੈਂਕਾਂ ਦੀ ਕਾਰਗੁਜ਼ਾਰੀ ਦੀ ਵਿਸਥਾਰਤ ਸਮੀਖਿਆ ਕੀਤੀ। ਉਹਨਾਂ ਸਮੂਹ ਏ.ਟੀ.ਐਮਜ਼ ਦੀ ਸਾਫ ਸਫ਼ਾਈ ਅਤੇ ਵਧੀਆ ਗੁਣਵੱਤਾ ਵਾਲੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਵਰਤੋਂ ਕਰਨ ਦੀ ਗੱਲ ਕੀਤੀ। ਮੀਟਿੰਗ ਵਿੱਚ ਆਰ.ਬੀ.ਆਈ. ਦੇ ਪ੍ਰਾਚੀ ਸਿੰਘ ਸਮੇਤ ਨਬਾਰਡ ਦੇ ਡੀ.ਡੀ.ਐਮ. ਪਰਮਿੰਦਰ ਨਾਗਰਾ ਨੇ ਵੀ ਭਾਗ ਲਿਆ ਅਤੇ ਆਰ.ਬੀ.ਆਈ. ਵੱਲੋਂ ਵਿੱਤੀ ਸਮਾਵੇਸ਼ਨ ਲਈ ਰਾਸ਼ਟਰੀ ਰਣਨਤੀ ਸਮੇਤ ਨਬਾਰਡ ਦੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਵੱਖ-ਵੱਖ ਬੈਕਾਂ ਅਤੇ ਵਿਭਾਗਾਂ ਦੇ ਅਧਿਕਾਰੀ ਸ਼ਾਮਲ ਸਨ ।

## ਵਿੱਤੀ ਸੰਕਟਾਂ ਨਾਲ ਘਿਰੀ ਪੰਜਾਬੀ ਯੂਨੀਵਰਸਿਟੀ 'ਤੇ ਇੱਕ ਹੋਰ ਵਿੱਤੀ ਬੋਝ

☛ਅਦਾਲਤੀ ਕਾਰਵਾਈ 'ਚ ਢਿੱਲ ਨੇ ਵਿਗਾੜਿਆ ਵਿੱਤੀ ਗਣਿਤ

☛ਅਦਾਲਤੀ ਫ਼ੈਸਲੇ ਨੂੰ ਉੱਚ ਅਦਾਲਤ 'ਚ ਚੈਲੰਜ ਕਰਨਾ ਇੱਕ ਹੱਲ



ਪਟਿਆਲਾ, 16 ਜੂਨ (ਗੁਰਮੁੱਖ ਰੁਪਾਣਾ) : ਪਹਿਲਾਂ ਹੀ ਵਿੱਤੀ ਸੰਕਟਾਂ ਨਾਲ ਘਿਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਇਕ ਹੋਰ ਵਿੱਤੀ ਸੰਕਟ ਦਾ ਸਾਹਮਣਾ ਕਰਨਾ ਪੈ ਜਾਵੇਗਾ। ਪੰਜਾਬੀ ਯੂਨੀਵਰਸਿਟੀ ਵਿੱਚ ਕੰਮ ਕਰਦੇ ਲਾਇਬਰੇਰੀ ਸਹਾਇਕਾਂ ਨੂੰ ਸਿੱਧਾ ਹੀ 1900 ਗ੍ਰੇਡ ਪੇ ਤੋਂ 5000 ਗ੍ਰੇਡ ਪੇ ਦੇਣ ਜਾ ਰਹੀ ਹੈ। ਭਰਸੋਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਨਾ ਤਾਂ ਪੰਜਾਬ ਸਰਕਾਰ ਦੇ ਕਿਸੇ ਵਿਭਾਗ ਵਿੱਚ ਅਜਿਹਾ ਕੋਈ ਫੈਸਲਾ ਅੱਜ ਤੱਕ ਹੋਇਆ ਹੈ ਅਤੇ ਨਾ ਹੀ ਪੰਜਾਬ ਦੀਆਂ ਕਿਸੇ ਹੋਰ ਯੂਨੀਵਰਸਿਟੀ ਵਿੱਚ ਅਜਿਹਾ ਲਾਭ ਲਾਇਬ੍ਰੇਰੀ ਸਹਾਇਕ ਵਰਗ ਨੂੰ ਦਿੱਤਾ ਗਿਆ ਹੋਵੇ। ਦਰਅਸਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਕੰਮ ਕਰਦੇ ਪ੍ਰੋਫੈਸ਼ਨਲ ਸਹਾਇਕਾਂ ਨੂੰ ਲਾਇਬ੍ਰੇਰੀ ਸਹਾਇਕਾਂ (ਬੀ) ਵਿੱਚ ਮਰਜ ਕੀਤਾ ਗਿਆ ਸੀ। ਮਰਜ ਹੋ ਕੇ ਲਾਇਬਰੇਰੀ ਸਹਾਇਕ (ਬੀ) ਬਣੇ ਕਰਮਚਾਰੀ ਅਦਾਲਤ ਵਿੱਚ ਚਲੇ ਗਏ ਕਿ ਸਾਨੂੰ ਲਾਇਬ੍ਰੇਰੀ ਸਹਾਇਕ ਬੀ ਵਿੱਚੋਂ ਮਰਜ ਕਰਕੇ ਲਾਇਬਰੇਰੀ ਸਹਾਇਕ ਏ ਜਿੰਨਾ ਗ੍ਰੇਡ ਦਿੱਤਾ ਜਾਵੇ। ਜਦਕਿ ਪ੍ਰੋਫੈਸ਼ਨਲ ਸਹਾਇਕ ਤੋਂ ਲਾਇਬਰੇਰੀ ਸਹਾਇਕ ਬੀ ਬਣੇ ਕਰਮਚਾਰੀਆਂ ਨੂੰ ਇਸ ਸ਼ਰਤ 'ਤੇ ਮਰਜ ਕੀਤਾ ਗਿਆ ਸੀ ਕਿ ਉਹ ਇਸ ਤੋਂ ਬਾਅਦ ਹੋਰ ਤਰੱਕੀ ਜਾਂ ਗ੍ਰੇਡ ਨਹੀਂ ਮੰਗਣਗੇ। ਜਿਸ ਨੂੰ ਸਿੰਡੀਕੇਟ ਵਿੱਚ ਪ੍ਰਵਾਨ ਕੀਤਾ ਗਿਆ ਸੀ। ਇਸ ਸਭ ਦੀ ਪੈਰਵਾਈ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਆਲਾ ਅਧਿਕਾਰੀਆਂ ਦੀ ਵਰਤੀ ਗਈ ਢਿੱਲ ਕਾਰਨ ਲਾਇਬਰੇਰੀ ਸਹਾਇਕਾਂ ਅਤੇ ਪ੍ਰੋਫੈਸ਼ਨਲ ਸਹਾਇਕਾਂ ਦੀ ਯੋਗਤਾ ਵੱਖੋ-ਵੱਖਰੀ ਹੋਣ, 10 ਸਾਲਾਂ ਦੇ ਤਜਰਬੇ ਦੀ ਯੋਗਤਾ ਹੋਣ ਵਰਗੀਆਂ ਦਲੀਲਾਂ ਅਦਾਲਤ ਵਿੱਚ ਨਾ ਦੇਣ ਕਰਕੇ ਅਦਾਲਤ ਵਲੋਂ ਪ੍ਰੋਫੈਸ਼ਨਲ ਸਹਾਇਕਾਂ ਦੇ ਹੱਕ ਵਿੱਚ ਫੈਸਲਾ ਹੋ ਗਿਆ। ਹੁਣ ਪੰਜਾਬੀ ਯੂਨੀਵਰਸਿਟੀ ਦੇ ਰਜਿਸਟਰਾਰ ਵੱਲੋਂ ਆਪਣੀ ਸਕਿਨ ਬਚਾਉਣ ਖਾਤਿਰ ਅਜਿਹਾ ਫੈਸਲਾ ਲਾਗੂ ਕੀਤਾ ਜਾਵੇਗਾ ਜਿਸ ਨਾਲ ਯੂਨੀਵਰਸਿਟੀ ਨੂੰ ਕਰੋੜਾਂ ਰੁਪਏ ਵਿੱਤੀ ਬੋਝ ਪਵੇਗਾ। ਇਹ ਬੋਝ ਹੋਰ ਵਧੇਗਾ ਜਦੋਂ ਹੋਰ ਵਰਗ ਦੇ ਕਰਮਚਾਰੀ ਇਸ ਫੈਸਲੇ ਨੂੰ ਅਧਾਰ ਬਣਾ ਕੇ ਆਪਣੇ ਗ੍ਰੇਡ ਵਧਾਉਣ ਲਈ ਮੰਗ ਕਰਨਗੇ। ਪੰਜਾਬੀ ਯੂਨੀਵਰਸਿਟੀ ਪਾਸ ਏਨਾ ਵੱਡਾ ਲੀਗਲ ਵਿਭਾਗ ਹੋਣ ਦੇ ਬਾਵਜੂਦ ਆਪਣੇ ਵਕੀਲ ਹੋਣ ਦੇ ਬਾਵਜੂਦ ਆਖਿਰ ਅਜਿਹੇ ਬੇਹੁਦਰੇ ਫੈਸਲਿਆਂ ਖਿਲਾਫ ਅਦਾਲਤ ਵਿੱਚ ਆਪਣਾ ਜੋਰਦਾਰ ਪੱਖ ਕਿਉਂ ਨਹੀਂ ਰੱਖਿਆ ਜਾਂਦਾ। ਯੂਨੀਵਰਸਿਟੀ ਇਸ ਵਿੱਤੀ ਸੰਕਟ ਤੋਂ ਬਚ ਸਕਦੀ ਹੈ। ਜੇਕਰ ਹੁਣ ਵੀ ਯੂਨੀਵਰਸਿਟੀ ਡਬਲ ਬੈਂਚ 'ਤੇ ਸਿੰਗਲ ਬੈਂਚ ਦੇ ਫੈਸਲੇ ਨੂੰ ਚੈਲੰਜ ਕਰੇ।

### ਜਨ ਹਿੱਤ ਸੰਮਤੀ ਵੱਲੋਂ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਦੇਣਾ ਸ਼ਲਾਘਾਯੋਗ ਉਪਰਾਲਾ : ਮੈਹਸਮਪੁਰੀ

ਪਟਿਆਲਾ, 16 ਜੂਨ (ਚ.ਨ.ਸ.) : ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨ ਹਿੱਤ ਸੰਮਤੀ ਵੱਲੋਂ ਪ੍ਰਧਾਨ ਐਸ ਕੇ ਗੋਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਜੀ ਦੀ ਅਗਵਾਈ ਹੇਠ ਲੋੜਵੰਦ ਛੇ ਪਰਿਵਾਰਾਂ ਨੂੰ ਰਾਸ਼ਨ ਦੇਣ ਲਈ ਪ੍ਰਭਾਤ ਪ੍ਰਵਾਨਾ ਹਾਲ ਵਿਖੇ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਮੁੱਖ ਮਹਿਮਾਨ ਸੀਨੀਅਰ ਐਡਵੋਕੇਟ ਐਚ.ਐਨ. ਮੈਹਸਮਪੁਰੀ ਨੇ ਸ਼ਿਰਕਤ ਕੀਤੀ, ਵਿਸ਼ੇਸ਼ ਤੌਰ 'ਤੇ ਮੀਤ ਪ੍ਰਧਾਨ ਚਮਨ ਲਾਲ,ਮੀਤ ਪ੍ਰਧਾਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਪ੍ਰੈਸ ਸਕੱਤਰ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਵਿਨੇ ਸ਼ਰਮਾ, ਸਤੀਸ਼ ਜੋਸ਼ੀ, ਸਤਪਾਲ ਪਰਾਸ਼ਰ, ਨਿਖਿਲ ਗੋਇਲ, ਡੀ ਪੀ ਸਿੰਘ, ਪੱਪੂ ਅਰੋੜਾ,ਰੁਦਰਪ੍ਰਤਾਪ ਸਿੰਘ, ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆ ਸੀਨੀਅਰ ਐਡਵੋਕੇਟ ਐਚ ਐਨ ਮੈਹਸਮਪੁਰੀ ਨੇ ਕਿਹਾ ਕਿ ਜਨ ਹਿੱਤ ਸੰਮਤੀ ਵੱਲੋਂ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਦੇਣਾ ਬਹੁਤ ਹੀ ਮਹੱਤਵਪੂਰਨ ਉਪਰਾਲਾ ਹੈ। ਉਹਨਾਂ ਕਿਹਾ ਕਿ ਜਨ ਹਿੱਤ ਸੰਮਤੀ ਵਰਗੀ ਸਮਾਜ ਸੇਵੀ ਸੰਸਥਾ ਤੋਂ ਸੇਧ ਲੈ ਕੇ ਹੋਰਨਾਂ ਸੰਸਥਾਵਾਂ ਨੂੰ ਵੀ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।

## ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਪੰਚਾਇਤੀ ਰਿਜ਼ਰਵ ਜ਼ਮੀਨ ਕਕਰਾਲਾ 'ਚ ਲੱਗੇ ਪੱਕੇ ਮੋਰਚੇ ਨੂੰ 15ਵੇਂ ਦਿਨ ਪਿਆ ਬੂਰ

ਨਾਭਾ, 16 ਜੂਨ (ਗੁਰਚਰਨ ਸਿੰਘ ਚੌਧਰੀਮਾਜਰਾ): ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਸਕੱਤਰ ਗੁਰਵਿੰਦਰ ਬੌੜਾਂ ਅਤੇ ਜਗਜੀਤ ਸਿੰਘ ਜੱਗੀ ,ਰਣਧੀਰ ਸਿੰਘ ਧੀਰਾ , ਸੁਰਜੀਤ ਸਿੰਘ ਸੀਤਾ, ਬਲਵੀਰ ਸਿੰਘ ਬੀਰਾ ,ਚਰਨਜੀਤ ਕੌਰ, ਕਿਰਨ ਕੌਰ ਅਤੇ ਸੁਖਪਾਲ ਕੌਰ ਨੇ ਪ੍ਰੈਸ ਨੂੰ ਦੱਸਿਆ ਕਿ ਪੰਚਾਇਤੀ ਰਿਜ਼ਰਵ ਜ਼ਮੀਨ ਦਾ ਹਿੱਸਾ ਪੂਰਾ ਕਰਨ ਅਤੇ ਡੰਮੀ ਬੋਲੀਆਂ ਰੱਦ ਕਰਵਾਉਣ ਦੀ ਮੰਗ ਨੂੰ ਲੈ ਕੇ ਪੱਕਾ ਮੋਰਚਾ 15ਵੇਂ ਦਿਨ ਵੀ ਜਾਰੀ ਹੈ। ਮੋਰਚੇ ਦੌਰਾਨ ਡੀਸੀ ਪਟਿਆਲਾ ਵੱਲੋਂ ਕਰਵਾਈ ਡੀ.ਡੀ.ਪੀ.ਓ. ਨਾਲ ਮੀਟਿੰਗ ਵਿੱਚੋਂ 13 ਏਕੜ ਦੀ ਬੋਲੀ ਰੱਦ ਕਰਕੇ ਅੱਜ ਪੁਲਿਸ ਲਗਾ ਕੇ ਬੋਲੀ ਕਰਵਾਈ ਗਈ, ਜਿਸ ਵਿੱਚ ਪਿਛਲੇ ਕਈ ਦਿਨਾਂ ਤੋਂ ਚੱਲ ਰਹੇ ਪੱਕੇ ਮੋਰਚੇ ਦੇ ਸੰਘਰਸ਼ ਨੂੰ ਬੂਰ ਪਿਆ ਪਿੰਡ ਕਕਰਾਲਾ ਦੇ ਸੰਘਰਸ਼ੀ ਲੋਕ 13 ਏਕੜ ਜ਼ਮੀਨ ਘੱਟ ਰੇਟ 'ਤੇ ਲੈਣ ਵਿੱਚ ਕਾਮਯਾਬ ਹੋਏ। ਇਸ ਤੋਂ ਇਲਾਵਾ ਪਿਛਲੇ 10 ਸਾਲਾਂ ਤੋਂ ਪ੍ਰਸ਼ਾਸਨ ਵੱਲੋਂ 7 ਏਕੜ ਬਕਾਇਆ ਜ਼ਮੀਨ ਦੇਣ ਦੇ ਲਾਰੇ ਲਾਏ ਜਾ ਰਹੇ ਸਨ। ਇਸ ਸਾਲ ਡੀ ਡੀ ਪੀ ਓ ਵੱਲੋਂ 7 ਏਕੜ ਬਕਾਇਆ ਰਿਜ਼ਰਵ ਜ਼ਮੀਨ ਕੱਢ ਦਿੱਤੀ ਸੀ ਪਰ ਉਸ ਜ਼ਮੀਨ ਨੂੰ ਪੰਚਾਇਤ ਸੈਕਟਰੀ ਨਾਲ ਮਿਲੀ ਕਰਕੇ ਕੁਝ ਪੰਚਾਇਤ ਮੈਂਬਰਾਂ ਵੱਲੋਂ ਖੁਰਦ ਬੁਰਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਹੜਾ ਕਿ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪੰਚਾਇਤੀ ਰਿਜ਼ਰਵ ਜ਼ਮੀਨ ਬਕਾਇਆ 7 ਏਕੜ ਲੈਣ ਅਤੇ ਇੱਕ ਰਿਜ਼ਰਵ ਪਲਾਟ ਜੋ ਕਿ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਬੋਲੀ ਤੇ ਪੰਚਾਇਤ ਵੱਲੋਂ ਦਿੱਤਾ ਗਿਆ ਹੈ। ਉਸਦੀ ਬੋਲੀ ਰੱਦ ਕਰਵਾਉਣ ਲਈ ਪੱਕਾ ਮੋਰਚਾ ਜਾਰੀ ਰਹੇਗਾ। ਉਪਰੋਕਤ ਤੋਂ ਇਲਾਵਾ ਬੋਲੀ ਵਿੱਚ ਜਸਵੀਰ ਕੌਰ ਕਰਮਜੀਤ ਕੌਰ ਅਤੇ ਸੈਂਕੜੇ ਐਸਸੀ ਭਾਈਚਾਰੇ ਦੇ ਲੋਕ ਸ਼ਾਮਲ ਸਨ।

